# ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਇਤਿਹਾਸਿਕ ਸਰਵੇਖਣ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ

ਫ਼ੈਕਲਟੀ ਆਫ਼ ਆਰਟਸ ਐਂਡ ਕਲਚਰ ਅਧੀਨ

ਪੀਐੱਚ.ਡੀ. (ਗੁਰਮਤਿ ਸੰਗੀਤ)

ਦੀ ਡਿਗਰੀ ਲਈ ਪ੍ਰਸਤੁਤ

ਖੋਜ ਪ੍ਰਬੰਧ

2018


ਨਿਗਰਾਨ

ਡਾ. ਵਰਿੰਦਰ ਕੌਰ

ਖੋਜਾਰਥੀ

ਮਨਜੀਤ ਸਿੰਘ

**ਗੁਰਮਤਿ ਸੰਗੀਤ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਪ੍ਰਮਾਣ-ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ ਖੋਜ ਵਿਦਿਆਰਥੀ **ਮਨਜੀਤ ਸਿੰਘ** ਨੇ **ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਇਤਿਹਾਸਿਕ ਸਰਵੇਖਣ** ਦੇ ਵਿਸ਼ੇ ਉੱਤੇ ਪੀਐੱਚ.ਡੀ. ਲਈ ਖੋਜ ਪ੍ਰਬੰਧ ਮੇਰੀ ਨਿਗਰਾਨੀ ਅਧੀਨ ਮੁਕੰਮਲ ਕੀਤਾ ਹੈ। ਇਹ ਖੋਜ ਪ੍ਰਬੰਧ ਵਿਦਿਆਰਥੀ ਦੀ ਮੌਲਿਕ ਖੋਜ ਹੈ। ਮੇਰੇ ਵਲੋਂ ਇਸ ਖੋਜ ਪ੍ਰਬੰਧ ਨੂੰ ਪੰਜਾਬੀ ਯੂਨੀਵਰਸਿਟੀ ਦੀ ਫ਼ੈਕਲਟੀ ਆਫ਼ ਆਰਟਸ ਐਂਡ ਕਲਚਰ ਵਿਚ ਪੀਐੱਚ. ਡੀ. ਦੀ ਡਿਗਰੀ ਲਈ ਮੁਲਾਂਕਣ ਲਈ ਪੇਸ਼ ਕਰਨ ਦੀ ਸਿਫ਼ਾਰਸ਼ ਹੈ।

UKaur

ਮਿਤੀ : ੨੨.੨.੨੦18

ਡਾ. ਵਰਿੰਦਰ ਕੌਰ
ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਘੋਸ਼ਣਾ-ਪੱਤਰ

ਮੈਂ ਇਹ ਬਿਆਨ ਕਰਦਾ ਹਾਂ ਕਿ ਮੈਂ **ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਇਤਿਹਾਸਿਕ ਸਰਵੇਖਣ** ਦੇ ਵਿਸ਼ੇ ਉੱਤੇ ਪੀਐੱਚ.ਡੀ. ਦੀ ਡਿਗਰੀ ਦੀ ਪੂਰਤੀ ਹਿਤ ਖੋਜ ਕਾਰਜ ਕੀਤਾ ਹੈ। ਇਹ ਮੇਰਾ ਮੌਲਿਕ ਕਾਰਜ ਹੈ ਅਤੇ ਇਸ ਤੋਂ ਪਹਿਲਾਂ ਇਸ ਜਾਂ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਿਚ ਕਿਸੇ ਵੀ ਡਿਗਰੀ ਜਾਂ ਡਿਪਲੋਮੇ ਲਈ ਪੇਸ਼ ਨਹੀਂ ਕੀਤਾ ਗਿਆ।

ਨਿਗਰਾਨ

VKaur

ਡਾ. ਵਰਿੰਦਰ ਕੌਰ

ਅਸਿਸਟੈਂਟ ਪ੍ਰੋਫ਼ੈਸਰ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਖੋਜਾਰਥੀ

MSingh

ਮਨਜੀਤ ਸਿੰਘ

# ਆਦਿਕਾ

ਗੁਰਮਤਿ ਸੰਗੀਤ ਦੇ ਇਤਿਹਾਸਕ ਵਿਕਾਸ ਵਿਚ ਟਕਸਾਲ ਪਰੰਪਰਾ ਦਾ ਮਹੱਤਵਪੂਰਨ ਯੋਗਦਾਨ ਹੈ। ਗੁਰੂ ਕਾਲ ਤੋਂ ਹੀ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਦੇ ਅੰਤਰਗਤ ਸਿਖਲਾਈ ਦੀਆਂ ਕੁਝ ਵਿਧੀਆਂ ਪ੍ਰਤੱਖ ਰੂਪ ਵਿਚ ਸਾਹਮਣੇ ਆਉਂਦੀਆਂ ਹਨ। ਸਿੱਖ ਧਰਮ ਵਿਚ ਗੁਰੂ ਸਾਹਿਬਾਨ ਦੇ ਸਮੇਂ ਸਾਧ ਸੰਗਤ ਵਿਚ ਜਿੱਥੇ ਧਰਮ ਅਤੇ ਸੰਗੀਤ ਦੀ ਸਿੱਖਿਆ ਸ਼ਬਦ ਕੀਰਤਨ ਦੇ ਰੂਪ ਵਿਚ ਸੰਸਥਾਗਤ ਪੱਧਰ ਤੇ ਦਿੱਤੀ ਜਾਂਦੀ ਸੀ ਉਸ ਸਥਾਨ ਨੂੰ ਧਰਮਸਾਲ ਕਿਹਾ ਜਾਂਦਾ ਸੀ। ਇਸ ਪ੍ਰਕਾਰ ਸਿੱਖ ਧਰਮ ਵਿਚ ਸੰਗੀਤ ਅਤੇ ਧਰਮ ਦੀ ਸਿੱਖਿਆ ਦਾ ਪ੍ਰਬੰਧ ਧਰਮਸਾਲ ਦੇ ਰੂਪ ਵਿਚ ਆਰੰਭ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਜਿੱਥੇ ਵੀ ਗਏ ਉੱਥੇ ਧਰਮਸਾਲ ਕਾਇਮ ਕੀਤੀ ਅਤੇ ਇਨ੍ਹਾਂ ਸਥਾਨਾਂ 'ਤੇ ਰੋਜ਼ਾਨਾ ਕੀਰਤਨ ਕਰਨ ਦਾ ਉਪਦੇਸ਼ ਦਿੱਤਾ। ਵਰਤਮਾਨ ਸਮੇਂ ਇਨ੍ਹਾਂ ਕੀਰਤਨ ਦੇ ਸਥਾਨਾਂ ਨੂੰ ਧਾਰਮਿਕ ਸਥਾਨਾਂ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਗੁਰੂ ਸਾਹਿਬਾਂ ਦੇ ਸਮੇਂ ਸਥਾਪਿਤ ਹੋਏ ਧਾਰਮਿਕ ਸਥਾਨਾਂ ਨੂੰ ਅਸੀਂ ਕੀਰਤਨ ਕੇਂਦਰਾਂ ਵਜੋਂ ਜਾਣ ਸਕਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਧਾਰਿਤ ਸ਼ਬਦ ਕੀਰਤਨ ਦੀ ਪ੍ਰਸਤੁਤੀ ਅਤੇ ਸਿਖਲਾਈ ਦਾ ਪ੍ਰਬੰਧ ਹੁੰਦਾ ਸੀ। ਇਨ੍ਹਾਂ ਕੀਰਤਨ ਕੇਂਦਰਾਂ ਤੇ ਜਿੱਥੇ ਕੀਰਤਨ ਕਰਨ ਵਾਲੇ ਰਬਾਬੀਆਂ ਦੀ ਘਰਾਣੇਦਾਰ ਪਰੰਪਰਾ ਪ੍ਰਚੱਲਿਤ ਰਹੀ ਹੈ ਉੱਥੇ ਸਿੱਖ ਸੰਗਤ ਦੇ ਰੂਪ ਵਿਚ ਕੀਰਤਨ ਕਰਨ ਦੀ ਪਰੰਪਰਾ ਵੀ ਪ੍ਰਚਲਿਤ ਰਹੀ ਹੈ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ ਅਤੇ ਗੁਰਬਾਣੀ ਦੇ ਅਰਥ ਸਿੱਖਾਂ ਨੂੰ ਪੜ੍ਹਾਏ ਤਾਂ ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਦੀਪ ਸਿੰਘ ਜੀ ਨੂੰ ਦਮਦਮਾ ਸਾਹਿਬ ਵਿਖੇ ਟਕਸਾਲ ਸਥਾਪਿਤ ਕਰਕੇ ਸੰਗਤਾਂ ਨੂੰ ਗੁਰਬਾਣੀ ਦਾ ਅਰਥ ਬੋਧ ਕਰਵਾਉਣ ਲਈ ਟਕਸਾਲ ਦੀ ਆਰੰਭਤਾ ਦਾ ਹੁਕਮ ਦਿੱਤਾ ਜਿਸ ਨਾਲ ਸਿੱਖ ਧਰਮ ਵਿਚ ਟਕਸਾਲ ਪਰੰਪਰਾ ਦਾ ਆਰੰਭ ਹੋਇਆ। ਟਕਸਾਲ ਦੇ ਕੋਸ਼ਗਤ ਸ਼ਾਬਦਿਕ ਅਰਥਾਂ ਅਨੁਸਾਰ ਟਕਸਾਲ ਸੰਸਕ੍ਰਿਤ ਦੇ ਟੰਕ ਸਾਲ ਸ਼ਬਦ ਤੋਂ ਬਣਿਆ ਹੈ ਜਿਸ ਦੇ ਅੰਤਰਗਤ ਟਕਸਾਲ ਸਿੱਕੇ ਜਾਂ ਟਕੇ ਘੜਨ ਦਾ ਸਥਾਨ ਹੈ ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਅਨੁਸਾਰ ਟਕਸਾਲ ਉਸ ਸਥਾਨ ਨੂੰ ਕਿਹਾ ਗਿਆ ਹੈ ਜਿੱਥੇ ਮਨ ਨੂੰ ਸਤਿਸੰਗਤ ਵਿਚ ਸ਼ਬਦ ਦੁਆਰਾ ਘੜਿਆ ਜਾ ਸਕੇ।

ਗੁਰਮਤਿ ਸੰਗੀਤ ਦੇ ਵਿਦਵਾਨਾਂ ਅਨੁਸਾਰ 'ਗੁਰਮਤਿ ਸੰਗੀਤ' ਦੇ ਵਿਕਾਸ ਵਿਚ ਯੋਗਦਾਨ ਪਾ ਰਹੇ ਗੁਰਮਤਿ ਦੇ ਧਾਰਨੀ ਕੀਰਤਨਕਾਰਾਂ ਜਾਂ ਰਬਾਬੀਆਂ ਦੇ ਤਿੰਨ ਪੀੜ੍ਹੀਆਂ ਤੋਂ ਮੌਲਿਕ ਤੇ ਸੁਤੰਤਰ ਰੂਪ ਵਿਚ ਪ੍ਰਚਲਿਤ ਅਜਿਹੇ ਕੀਰਤਨ ਕੇਂਦਰਾਂ ਨੂੰ ਜਿਨ੍ਹਾਂ ਵਿਚ ਗੁਰੂ ਸ਼ਬਦ ਦੀ ਗੁਰਮਤਿ ਅਨੁਸਾਰੀ ਘਾੜਤ ਅਤੇ ਸੰਗੀਤਕਾਰ ਦੀ ਸ਼ਖ਼ਸੀਅਤ ਉਸਾਰੀ ਲਈ ਗੁਰਮਤਿ ਅਤੇ ਸੰਗੀਤ ਦੋਵਾਂ ਦੀ ਘਾੜਤ ਨੂੰ ਸਰੂਪਿੱਤ ਕੀਤਾ ਜਾਵੇ ਗੁਰਮਤਿ ਸੰਗੀਤ ਵਿਧਾਨ ਅਨੁਸਾਰ ਅਜਿਹੇ ਕੀਰਤਨ ਕੇਂਦਰਾਂ ਨੂੰ 'ਟਕਸਾਲ' ਕਿਹਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਟਕਸਾਲ ਉਸ ਸਥਾਨ ਨੂੰ ਕਿਹਾ ਜਾਂਦਾ ਹੈ ਜਿੱਥੇ ਗੁਰਸਿੱਖਾਂ ਨੂੰ ਉਨ੍ਹਾਂ ਦੀ ਸਭਿਅਤਾ, ਭਾਸ਼ਾ, ਰੀਤੀ-ਰਿਵਾਜ਼ਾਂ, ਰਹਿਣ ਸਹਿਣ, ਇਤਿਹਾਸ ਸਬੰਧੀ ਪੂਰਨ ਤੌਰ ਤੇ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ। ਇਤਿਹਾਸਕ ਹਵਾਲਿਆਂ ਅਨੁਸਾਰ, ਗੁਰਬਾਣੀ ਗਾਇਨ ਦੇ ਮਹਾਨ ਗਿਆਤਾ ਇਨ੍ਹਾਂ ਟਕਸਾਲਾਂ ਵਿਚ ਵਿਦਿਆਰਥੀਆਂ ਨੂੰ ਗੁਰਬਾਣੀ ਗਾਇਨ ਦੀ ਸਿੱਖਿਆ ਦਿੰਦੇ ਰਹੇ ਹਨ। ਟਕਸਾਲਾਂ ਵਿਚ ਜਿੱਥੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸ਼ਬਦ ਕੀਰਤਨ ਕਰਨ ਦੀ ਮਰਿਆਦਾ, ਨਿਰਧਾਰਿਤ ਰਾਗਾਂ ਦੀ ਸਿਖਲਾਈ ਅਤੇ ਸਮੇਂ ਅਨੁਸਾਰ ਸ਼ਬਦ ਕੀਰਤਨ ਕਰਨ ਦੀ ਸਿਖਲਾਈ ਦਿੱਤੀ ਜਾਂਦੀ ਹੈ, ਉੱਥੇ ਤੰਤੀ ਸਾਜ਼ ਵਜਾਉਣ ਦੀ ਵਿਧੀਵਤ ਸਿਖਲਾਈ ਵੀ ਦਿੱਤੀ ਜਾਂਦੀ ਰਹੀ ਹੈ। ਸੰਗੀਤ ਦੇ ਖੇਤਰ ਵਿਚ ਸਿਧਾਂਤਿਕ ਤੇ ਕਿਰਿਆਤਮਿਕ ਤਾਲੀਮ ਦੋਨੋਂ ਹੀ ਮਹੱਤਵਪੂਰਨ ਹਨ ਤੇ ਟਕਸਾਲਾਂ ਵਿਚ ਉਸਤਾਦ ਕਿਰਿਆਤਮਿਕ ਸਿੱਖਿਆ ਦੇ ਨਾਲ ਸਿਧਾਂਤਕ ਸਿੱਖਿਆ ਵੀ ਦਿੰਦੇ ਰਹੇ ਹਨ। ਕੁਝ ਖ਼ਾਸ ਟਕਸਾਲਾਂ ਦੀਆਂ ਆਪਣੀਆਂ ਬੰਦਿਸ਼ਾਂ ਹੁੰਦੀਆਂ ਹਨ ਤੇ ਟਕਸਾਲੀ ਸ਼ਬਦ ਕੀਰਤਨਕਾਰ ਉਨ੍ਹਾਂ ਨੂੰ ਹੀ ਗਾਉਂਦੇ ਹਨ ਜੋ ਆਪਣੀ ਟਕਸਾਲ ਦੀ ਗਾਇਕੀ ਦੀ ਵਿਲੱਖਣਤਾ ਦਰਸਾਉਂਦੀਆਂ ਹਨ। ਅੱਜ ਵੀ ਟਕਸਾਲੀ ਸ਼ਬਦ ਕੀਰਤਨਕਾਰਾਂ ਕੋਲ ਪੁਰਾਤਨ ਟਕਸਾਲੀ ਬੰਦਿਸ਼ਾਂ ਦਾ ਭੰਡਾਰ ਮੌਜੂਦ ਹੈ ਜੋ ਉਨ੍ਹਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਨ੍ਹਾਂ ਗੁਰਮਤਿ ਦੀਆਂ ਧਾਰਨੀ ਟਕਸਾਲਾਂ ਨੇ ਸਿੱਖ ਧਰਮ ਦੀ ਸ਼ਬਦ ਕੀਰਤਨ ਪਰੰਪਰਾ ਨੂੰ ਜੀਵਤ ਰੱਖਣ ਅਤੇ ਪ੍ਰਫੁੱਲਿਤ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਸ਼ਬਦ ਕੀਰਤਨ ਪਰੰਪਰਾ ਦਾ ਜੋ ਰੂਪ ਸਾਨੂੰ ਵਰਤਮਾਨ ਸਮੇਂ ਪ੍ਰਾਪਤ ਹੁੰਦਾ ਹੈ ਉਸ ਵਿਚ ਟਕਸਾਲਾਂ ਦਾ ਵਡਮੁੱਲਾ ਯੋਗਦਾਨ ਹੈ। ਗੁਰੂ ਕਾਲ ਤੋਂ ਬਾਅਦ ਟਕਸਾਲਾਂ ਦੇ ਵਿਚ ਹੀ ਗੁਰਮਤਿ ਸੰਗੀਤ ਦੀ ਸਿਖਲਾਈ ਆਰੰਭ ਰਹੀ ਅਤੇ ਸੀਨਾ-ਬ-ਸੀਨਾ ਇਹ ਸਿਖਲਾਈ ਸਿੱਖ ਸ਼ਬਦ ਕੀਰਤਨਕਾਰਾਂ ਵਿਚ ਪ੍ਰਚਲਿਤ ਰਹੀ ਅਤੇ ਇਹ ਸਿੱਖਿਆ ਪ੍ਰਣਾਲੀ ਦਾ ਰੂਪ ਧਾਰਨ ਕਰ ਗਈ। ਗੁਰਮਤਿ ਸੰਗੀਤ ਦੇ ਵਿਕਾਸ ਵਿਚ ਗੁਰੂ ਕਾਲ ਤੋਂ ਵਰਤਮਾਨ ਸਮੇਂ

ਤਕ ਬਹੁਤ ਪਰਿਵਰਤਨ ਆਏ। ਇਨ੍ਹਾਂ ਪਰਿਵਰਤਨਾਂ ਦੇ ਬਾਵਜੂਦ ਗੁਰਮਤਿ ਸੰਗੀਤ ਦਾ ਪੁਰਾਤਨ ਸਰੂਪ ਸਾਡੇ ਤਕ ਪਹੁੰਚਾਉਣ ਵਿਚ ਟਕਸਾਲ ਪਰੰਪਰਾ ਦਾ ਮਹੱਤਵਪੂਰਨ ਯੋਗਦਾਨ ਹੈ। ਗੁਰਮਤਿ ਸੰਗੀਤ ਦੇ ਵਿਕਾਸ ਦੇ ਨਾਲ ਹੀ ਟਕਸਾਲ ਪਰੰਪਰਾ ਨੇ ਵੀ ਆਪਣੇ ਵਿਲੱਖਣ ਕਾਰਜਾਂ ਰਾਹੀਂ ਸਿੱਖ ਪਰੰਪਰਾ ਦੇ ਇਕ ਵਿਲੱਖਣ ਅੰਗ ਵਜੋਂ ਨਿਰੰਤਰ ਵਿਕਾਸ ਕੀਤਾ। ਇਨ੍ਹਾਂ ਟਕਸਾਲਾਂ ਨੇ ਗੁਰਮਤਿ ਦੀ ਗੁਰਮੁਖੀ ਵਿੱਦਿਆ ਨੂੰ ਜਿੱਥੇ ਜੀਵੰਤ ਪਰੰਪਰਾ ਵਜੋਂ ਸੰਭਾਲਿਆ ਉੱਥੇ ਨਵੀਆਂ ਪੀੜ੍ਹੀਆਂ ਵਿਚ ਇਸ ਦਾ ਸੰਚਾਰ ਵੀ ਕੀਤਾ। ਪੰਜਾਬੀ ਕੋਸ਼ ਅਤੇ ਗ੍ਰੰਥਾਂ ਵਿਚੋਂ ਮਿਲਦੇ ਹਵਾਲਿਆਂ ਤੋਂ ਇਹ ਪ੍ਰਤੱਖ ਹੁੰਦਾ ਹੈ ਕਿ ਇਨ੍ਹਾਂ ਟਕਸਾਲਾਂ ਵਿਚੋਂ ਸਿੱਖਿਆ ਪ੍ਰਾਪਤ ਕਰਨ ਵਾਲੇ ਰਾਗੀ ਤੇ ਪਾਠੀ ਵਧੇਰੇ ਪ੍ਰਮਾਣਿਕ ਅਤੇ ਖਰੇ ਮੰਨੇ ਜਾਂਦੇ ਹਨ। ਇਨ੍ਹਾਂ ਟਕਸਾਲਾਂ ਵਿਚ ਪੜ੍ਹੇ ਰਾਗੀ, ਪਾਠੀ, ਗਿਆਨੀ ਨੂੰ ਟਕਸਾਲੀ ਰਾਗੀ ਜਾਂ ਪਾਠੀ ਕਿਹਾ ਜਾਣ ਲੱਗ ਪਿਆ। ਗੁਰਮਤਿ ਸੰਗੀਤ ਦੇ ਸ਼ਬਦ ਕੀਰਤਨ ਕੇਂਦਰਾਂ ਵਜੋਂ ਸ਼ੁਰੂ ਹੋਈ ਟਕਸਾਲ ਪਰੰਪਰਾ ਗੁਰਮਤਿ ਅਤੇ ਸ਼ਬਦ ਕੀਰਤਨ ਦੇ ਮੁੱਢਲੇ ਸਿਖਲਾਈ ਸਰੋਤ ਵਜੋਂ ਨਿਰੰਤਰ ਕਾਰਜਸ਼ੀਲ ਰਹੀ ਹੈ।

ਗੁਰਮਤਿ ਸੰਗੀਤ ਦੇ ਵਿਕਾਸ ਵਿਚ ਟਕਸਾਲਾਂ ਦੀ ਹੋਂਦ ਅਤੇ ਪਰਿਵਰਤਿਤ ਰੂਪ ਸਬੰਧੀ ਸੁਤੰਤਰ ਖੋਜ ਦੀ ਲੋੜ ਮਹਿਸੂਸ ਕਰਦਿਆਂ ਅਸੀਂ "ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਇਤਿਹਾਸਕ ਸਰਵੇਖਣ" ਨੂੰ ਆਪਣੇ ਖੋਜ ਕਾਰਜ ਦਾ ਵਿਸ਼ਾ ਬਣਾਇਆ ਹੈ। ਇਸ ਖੋਜ ਅਧੀਨ ਅਸੀਂ ਆਪਣੇ ਖੋਜ ਕਾਰਜ ਨੂੰ ਹੇਠ ਲਿਖੇ ਪੰਜ ਅਧਿਆਇ ਵਿਚ ਵਿਭਾਜਿਤ ਕੀਤਾ ਹੈ।

ਅਧਿਆਇ ਪਹਿਲਾ **ਗੁਰਮਤਿ ਸੰਗੀਤ ਵਿਚ ਟਕਸਾਲ ਪਰੰਪਰਾ : ਸਰੂਪਗਤ ਅਧਿਐਨ** ਦੇ ਅੰਤਰਗਤ ਇਤਿਹਾਸਕ ਸਰੋਤਾਂ ਅਤੇ ਗ੍ਰੰਥਾਂ ਤੋਂ ਟਕਸਾਲ ਪਰੰਪਰਾ ਦੀ ਸਥਾਪਨਾ ਅਤੇ ਪਰਿਭਾਸ਼ਾ ਸਬੰਧੀ ਅਧਿਐਨ ਪ੍ਰਸਤੁਤ ਕੀਤਾ ਜਾਵੇਗਾ। ਇਸ ਅਧਿਆਇ ਵਿਚ ਵੱਖ ਵੱਖ ਇਤਿਹਾਸਕ ਸਰੋਤਾਂ, ਗ੍ਰੰਥਾਂ ਅਤੇ ਗੁਰਮਤਿ ਸੰਗੀਤ ਦੇ ਵਿਦਵਾਨਾਂ ਤੋਂ ਟਕਸਾਲ ਦੀਆਂ ਮਿਲੀਆਂ ਪਰਿਭਾਸ਼ਾਵਾਂ ਨੂੰ ਦਰਜ ਕਰਕੇ ਟਕਸਾਲਾਂ ਦੇ ਸ਼ਾਬਦਿਕ ਅਰਥ ਦਾ ਅਧਿਐਨ ਕੀਤਾ ਜਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚ ਕਈ ਥਾਂ ਤੇ ਟਕਸਾਲ ਸ਼ਬਦ ਦੀ ਵਰਤੋਂ 'ਸਤਿਸੰਗਤ' ਲਈ ਵੀ ਕੀਤੀ ਗਈ ਹੈ। ਪੰਜਾਬੀ ਕੋਸ਼ ਅਤੇ ਗ੍ਰੰਥਾਂ ਵਿਚੋਂ ਮਿਲਦੇ ਹਵਾਲਿਆਂ ਅਨੁਸਾਰ ਉਹ ਸਥਾਨ ਜਿੱਥੇ ਸਿੱਕੇ ਢਲੇ ਜਾਂਦੇ ਹੋਣ, ਟਕੇ ਬਣਾਉਣ ਦਾ ਘਰ ਅਤੇ ਜਿੱਥੇ ਖੋਟੇ ਖਰੇ ਸਿੱਕਿਆਂ ਦੀ ਪਰਖ ਕੀਤੀ ਜਾਵੇ ਉਸ ਸਥਾਨ ਨੂੰ ਟਕਸਾਲ ਕਿਹਾ ਜਾਂਦਾ ਹੈ। ਦੂਜੇ ਅਰਥਾਂ

ਵਿਚ ਉੱਤਮ ਸਿੱਖਿਆ ਦੇਣ ਵਾਲੀ ਪਾਠਸ਼ਾਲਾ ਲਈ ਵੀ ਟਕਸਾਲ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ। Gurmat Saṅgīt Terminology ਅਨੁਸਾਰ ਸਿੱਖ ਸੰਗੀਤ ਵਿਚ ਗੁਰਮਤਿ ਪਰੰਪਰਾ ਅਨੁਸਾਰ ਸ਼ਬਦ ਕੀਰਤਨ ਦੀ ਸਿਖਲਾਈ ਲਈ ਪ੍ਰਮਾਣਿਕ ਤੇ ਪ੍ਰਵਾਨਿਤ ਕੇਂਦਰ ਜਾਂ ਸੰਸਥਾ ਨੂੰ ਟਕਸਾਲ ਕਿਹਾ ਜਾਂਦਾ ਹੈ। ਆਪਣੇ ਖੋਜ ਕਾਰਜ ਦੇ ਇਸ ਅਧਿਆਇ ਵਿਚ ਅਸੀਂ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਪਾ ਰਹੇ ਗੁਰੂ ਕਾਲ ਦੇ ਸਮੇਂ ਤੋਂ ਸਥਾਪਿਤ ਕੀਰਤਨ ਕੇਂਦਰ ਕਰਤਾਰਪੁਰ ਸਾਹਿਬ ਤੋਂ ਆਰੰਭ ਹੋ ਕੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਤੱਕ ਦੇ ਇਤਿਹਾਸਕ ਵਿਕਾਸ ਦਾ ਵੀ ਅਧਿਐਨ ਕੀਤਾ ਗਿਆ ਹੈ।

ਖੋਜ ਕਾਰਜ ਦੇ ਦੂਜੇ ਅਧਿਆਇ **ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਵਿਕਾਸਾਤਮਕ ਅਧਿਐਨ** ਦੇ ਅੰਤਰਗਤ ਗੁਰੂ ਕਾਲ ਤੋਂ ਬਾਅਦ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਪਾ ਰਹੇ ਗੁਰਮਤਿ ਸੰਗੀਤ ਦੇ ਧਾਰਨੀ ਅਜਿਹੇ ਕੀਰਤਨ ਕੇਂਦਰ ਜਿਹੜੇ ਤਿੰਨ ਪੀੜ੍ਹੀਆਂ ਤੋਂ ਮੌਲਿਕ ਤੇ ਸੁਤੰਤਰ ਰੂਪ ਵਿਚ ਪ੍ਰਚਲਿਤ ਗੁਰ ਸ਼ਬਦ ਦੀ ਗੁਰਮਤਿ ਅਨੁਸਾਰ ਘਾੜਤ ਅਤੇ ਸੰਗੀਤਕਾਰ ਦੀ ਸ਼ਖ਼ਸੀਅਤ ਉਸਾਰੀ ਲਈ ਕਾਰਜ ਕਰ ਰਹੇ ਹਨ, ਨੂੰ ਸ਼ਾਮਿਲ ਕੀਤਾ ਹੈ। ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰ ਅਜਿਹੇ ਕੀਰਤਨ ਕੇਂਦਰਾਂ ਨੂੰ 'ਟਕਸਾਲ' ਕਿਹਾ ਜਾਂਦਾ ਹੈ। ਜਿਹੜੀਆਂ ਟਕਸਾਲਾਂ ਦਾ ਅਸੀਂ ਆਪਣੇ ਖੋਜ ਕਾਰਜ ਵਿਚ ਵਰਣਨ ਕੀਤਾ ਹੈ, ਉਨ੍ਹਾਂ ਵਿਚ ਦਮਦਮੀ ਟਕਸਾਲ, ਸੇਵਾਪੰਥੀ ਟਕਸਾਲ, ਤਰਨਤਾਰਨ ਟਕਸਾਲ, ਦੌਧਰ ਟਕਸਾਲ, ਠੱਠਾ ਟਿੱਬਾ ਟਕਸਾਲ, ਮਸਤੂਆਣਾ ਟਕਸਾਲ, ਹਰਗੁਨਾ ਟਕਸਾਲ, ਸਿੰਘਾਂਵਾਲੀ ਟਕਸਾਲ, ਡੂਮੇਲੀ ਟਕਸਾਲ ਅਤੇ ਜਵੱਦੀ ਟਕਸਾਲ ਵਿਸ਼ੇਸ਼ ਹਨ। ਇਸ ਅਧਿਆਇ ਵਿਚ ਇਨ੍ਹਾਂ ਟਕਸਾਲਾਂ ਦੇ ਇਤਿਹਾਸਕ ਸੰਗੀਤਕ ਸਮਗਰੀ ਅਤੇ ਕੀਰਤਨਕਾਰਾਂ 'ਤੇ ਅਧਿਐਨ ਕਰਕੇ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਇਨ੍ਹਾਂ ਦੇ ਯੋਗਦਾਨ ਦੀ ਜਾਣਕਾਰੀ ਨੂੰ ਇਕੱਤਰਿਤ ਕਰਦਿਆਂ ਸਰਵੇਖਣ ਦਾ ਹਿੱਸਾ ਬਣਾਇਆ ਗਿਆ।

ਖੋਜ ਕਾਰਜ ਦੇ ਤੀਜੇ ਅਧਿਆਇ **ਟਕਸਾਲ ਪਰੰਪਰਾ ਦੀ ਸੰਗੀਤਕ ਸਮਗਰੀ : ਸਰੂਪਗਤ ਵਿਸ਼ਲੇਸ਼ਣ** ਵਿਚ ਗਾਇਨ ਪੱਖੋਂ ਟਕਸਾਲਾਂ ਤੋਂ ਇਕੱਠੀ ਕੀਤੀ ਸੰਗੀਤਕ ਸਮਗਰੀ ਦਾ ਸੁਰਲਿਪੀਬੱਧ ਸੰਗ੍ਰਹਿ ਕੀਤਾ ਗਿਆ ਹੈ। ਸੰਗੀਤਕ ਸਮਗਰੀ ਤੋਂ ਭਾਵ ਸੰਗੀਤ ਨਾਲ ਸਬੰਧਿਤ ਪਾਠ ਪੁਸਤਕਾਂ, ਗਾਇਨ, ਵਾਦਨ ਰਚਨਾਵਾਂ ਦਾ ਲਿਖਤੀ ਰੂਪ ਅਤੇ ਆਡੀਓ ਵੀਡੀਓ ਸਮਗਰੀ ਆਦਿ ਆਉਂਦੇ ਹਨ। ਇਨ੍ਹਾਂ ਟਕਸਾਲੀ ਰਚਨਾਵਾਂ ਤੋਂ ਸਾਨੂੰ ਗੁਰਮਤਿ ਸੰਗੀਤ ਦੇ ਮੌਲਿਕ ਤੇ

ਨਿਰਧਾਰਿਤ ਰਾਗ ਅਤੇ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਰਾਗਾਂ ਦੇ ਵੱਖ-ਵੱਖ ਸਰੂਪ ਪ੍ਰਾਪਤ ਹੁੰਦੇ ਹਨ ਅਤੇ ਇਨ੍ਹਾਂ ਰਾਗ ਸਰੂਪਾਂ ਤੋਂ ਬਿਨਾਂ ਟਕਸਾਲੀ ਰਚਨਾਵਾਂ ਵਿਚ ਧਰੁਪਦ, ਧਮਾਰ, ਖਿਆਲ, ਰਾਗਾਂ ਦੇ ਗੁਲਦਸਤੇ, ਪੜਤਾਲ, ਅਲਾਹੁਣੀਆਂ, ਵਾਰਾਂ, ਰਾਗਮਾਲਾ, ਛੰਤ, ਪਉੜੀ ਆਦਿ ਗਾਇਨ ਸ਼ੈਲੀਆਂ ਵੀ ਪ੍ਰਚਾਰ ਵਿਚ ਰਹੀਆਂ ਹਨ ਜਿਨ੍ਹਾਂ ਦਾ ਸੁਰਲਿਪੀਬੱਧ ਸੰਗ੍ਰਹਿ ਕੀਤਾ ਗਿਆ ਹੈ। ਟਕਸਾਲੀ ਰਚਨਾਵਾਂ ਤੋਂ ਸਾਨੂੰ  ਗੁਰਮਤਿ ਸੰਗੀਤ ਦੇ ਮੌਲਿਕ ਤੇ ਨਿਰਧਾਰਿਤ ਰਾਗਾਂ ਤੋਂ ਇਲਾਵਾ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਰਾਗਾਂ ਦੇ ਵੱਖ-ਵੱਖ ਸਰੂਪ ਪ੍ਰਾਪਤ ਹੁੰਦੇ ਹਨ ਪ੍ਰੰਤੂ ਅਸੀਂ ਆਪਣੇ ਖੋਜ ਕਾਰਜ ਦੇ ਦਾਇਰੇ ਨੂੰ ਸੀਮਤ ਕਰਦਿਆਂ ਸਿਰਫ਼ ਉਨ੍ਹਾਂ ਰਾਗਾਂ ਦੀਆਂ ਸ਼ਬਦ ਰਚਨਾਵਾਂ ਨੂੰ ਹੀ ਆਪਣੇ ਖੋਜ ਕਾਰਜ ਵਿਚ ਸ਼ਾਮਿਲ ਕੀਤਾ ਹੈ ਜਿਨ੍ਹਾਂ 31 ਮੁੱਖ ਰਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਰਜ ਹੈ।

ਖੋਜ ਕਾਰਜ ਦੇ ਚੌਥੇ ਅਧਿਆਇ **ਟਕਸਾਲ ਪਰੰਪਰਾ ਦੀ ਸੰਗੀਤਕ ਸਮਗਰੀ : ਤੁਲਨਾਤਮਕ ਸਰਵੇਖਣ** ਵਿਚ ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਰਾਗ, ਤਾਲ ਅਤੇ ਗਾਇਨ ਸ਼ੈਲੀਆਂ ਦਾ ਤੁਲਨਾਤਮਕ ਦ੍ਰਿਸ਼ਟੀ ਤੋਂ ਸਰਵੇਖਣ ਕੀਤਾ ਗਿਆ ਹੈ। ਟਕਸਾਲੀ ਤੋਂ ਪ੍ਰਾਪਤ ਸੰਗੀਤ ਸਮਗਰੀ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਟਕਸਾਲੀ ਰਾਗੀ, ਰਬਾਬੀ ਕੀਰਤਨਕਾਰਾਂ ਵਿਚ 31 ਮੁੱਖ ਰਾਗਾਂ ਦੇ ਕਈ ਅਲੱਗ-ਅਲੱਗ ਸਰੂਪ ਪ੍ਰਚਾਰ ਵਿਚ ਰਹੇ ਹਨ। ਇਸ ਅਧਿਆਇ ਵਿਚ ਅਸੀਂ ਸਭ ਤੋਂ ਪਹਿਲਾ ਰਾਗ ਨਿਰਣਾਇਕ ਕਮੇਟੀ ਦੁਆਰਾ ਨਿਸ਼ਚਿਤ ਕੀਤੇ ਗਏ ਰਾਗ ਸਰੂਪ ਜੋ ਵਰਤਮਾਨ ਸਮੇਂ ਪ੍ਰਚਾਰ ਵਿਚ ਹਨ ਨੂੰ ਆਧਾਰ ਬਣਾਉਂਦੇ ਹੋਏ ਵੱਖ-ਵੱਖ ਟਕਸਾਲਾਂ ਤੋਂ ਪ੍ਰਾਪਤ ਸੰਗੀਤਕ ਸਮਗਰੀ ਵਿਚੋਂ ਸਰਵੇਖਣ ਦੇ ਆਧਾਰ ਤੇ ਰਾਗਾਂ ਦੇ ਸਰੂਪਾਂ ਨੂੰ ਇਕੱਤਰ ਕੀਤਾ ਗਿਆ ਹੈ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਪ੍ਰਮੁੱਖ ਰਾਗਾਂ ਦੇ ਨਾਂ ਤਾਂ ਟਕਸਾਲਾਂ ਵਿਚ ਇਕ ਸਮਾਨ ਰਹੇ ਪ੍ਰੰਤੂ ਸੁਰਾਂ, ਥਾਟ ਤੇ ਵਾਦੀ, ਸੰਵਾਦੀ ਦੀਆਂ ਭਿੰਨਤਾਵਾਂ ਕਰਕੇ ਰਾਗ ਦੇ ਅਲੱਗ-ਅਲੱਗ ਸਰੂਪ ਟਕਸਾਲੀ ਪਰੰਪਰਾ ਵਿਚ ਪ੍ਰਵਾਹਿਤ ਹੁੰਦੇ ਰਹੇ ਜਿਸ ਕਾਰਨ ਇਹ ਆਪਣੀ ਇਸ ਵਿਸ਼ੇਸ਼ ਭਿੰਨਤਾ ਦੇ ਆਧਾਰ ਤੇ ਟਕਸਾਲਾਂ ਦੀ ਪਹਿਚਾਣ ਬਣ ਗਏ। ਟਕਸਾਲ ਪਰੰਪਰਾ ਵਿਚੋਂ ਪ੍ਰਾਪਤ ਸੰਗੀਤ ਸਮਗਰੀ ਦਾ ਅਧਿਐਨ ਕਰਨ ਤੋਂ ਬਹੁਤ ਸਾਰੇ ਪ੍ਰਚਲਿਤ ਤੇ ਅਪ੍ਰਚਲਿਤ ਤਾਲਾਂ ਦਾ ਵਰਣਨ ਪ੍ਰਾਪਤ ਹੁੰਦਾ ਹੈ। ਇਨ੍ਹਾਂ ਤਾਲਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਟਕਸਾਲੀ ਕੀਰਤਨਕਾਰਾਂ ਨੇ ਆਪਣੀਆਂ ਸ਼ਬਦ ਰਚਨਾਵਾਂ ਵਿਚ ਗਾਇਨ ਸ਼ੈਲੀਆਂ ਅਨੁਸਾਰ ਤਾਲ ਦਾ ਪ੍ਰਯੋਗ ਕੀਤਾ ਹੈ। ਸਰਵੇਖਣ ਦੇ ਅਧਾਰ ਤੇ ਇਨ੍ਹਾਂ ਰਚਨਾਵਾਂ ਵਿਚ ਕਈ

ਅਜਿਹੇ ਤਾਲਾਂ ਦਾ ਪ੍ਰਯੋਗ ਵੀ ਪ੍ਰਾਪਤ ਹੁੰਦਾ ਹੈ ਜਿਹੜੇ ਵਰਤਮਾਨ ਸਮੇਂ ਪ੍ਰਚਾਰ ਵਿਚ ਨਹੀਂ ਹਨ ਪ੍ਰੰਤੂ ਟਕਸਾਲੀ ਸ਼ਬਦ ਰਚਨਾਵਾਂ ਵਿਚ ਇਨ੍ਹਾਂ ਤਾਲਾਂ ਦਾ ਪ੍ਰਯੋਗ ਪ੍ਰਚਾਰ ਵਿਚ ਰਿਹਾ ਹੈ। ਟਕਸਾਲਾਂ ਤੋਂ ਪ੍ਰਾਪਤ ਅਜਿਹੇ ਤਾਲਾਂ ਦਾ ਤੁਲਨਾਤਮਿਕ ਸਰਵੇਖਣ ਕੀਤਾ ਗਿਆ ਹੈ ਜਿਨ੍ਹਾਂ ਦੇ ਬੋਲਾਂ ਵਿਚ ਭਿੰਨਤਾ ਪਾਈ ਗਈ ਹੈ। ਇਨ੍ਹਾਂ ਬੋਲਾਂ ਨੂੰ ਵੀ ਖੋਜ ਪ੍ਰਬੰਧ ਦਾ ਹਿੱਸਾ ਬਣਾਇਆ ਗਿਆ ਹੈ।

ਖੋਜ ਕਾਰਜ ਦੇ ਪੰਜਵੇਂ ਅਧਿਆਇ **ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਵਰਤਮਾਨ ਸਾਰਥਿਕਤਾ** ਵਿਚ ਗੁਰਮਤਿ ਸੰਗੀਤ ਦੀਆਂ ਵਰਤਮਾਨ ਟਕਸਾਲਾਂ ਦੀ ਸਾਰਥਿਕਤਾ ਅਤੇ ਪਰਿਵਰਤਿਤ ਰੂਪਾਂ ਦਾ ਅਧਿਐਨ ਕੀਤਾ ਗਿਆ। ਇਸ ਇਤਿਹਾਸਿਕ ਸਰਵੇਖਣ ਤੋਂ ਵਰਤਮਾਨ ਸੰਦਰਭ ਵਿਚ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਗੁਰੂ ਕਾਲ ਤੋਂ ਬਾਅਦ ਕਈ ਟਕਸਾਲਾ ਹੋਂਦ ਵਿਚ ਆਈਆਂ ਜਿਨ੍ਹਾਂ ਵਿਚ ਦਮਦਮੀ ਟਕਸਾਲ, ਸੇਵਾਪੰਥੀ ਟਕਸਾਲ ਤਰਨਤਾਰਨ ਟਕਸਾਲ, ਸੈਦਪੁਰ ਠੱਠਾ ਟਿੱਬਾ ਟਕਸਾਲ, ਦੌਧਰ ਟਕਸਾਲ, ਮਸਤੂਆਣਾ ਟਕਸਾਲ, ਹਰਗੁਨਾ ਟਕਸਾਲ, ਸਿੰਘਾਂਵਾਲੀ ਟਕਸਾਲ, ਡੁਮੇਲੀ ਟਕਸਾਲ ਅਤੇ ਜਵੱਦੀ ਟਕਸਾਲ ਵਿਸ਼ੇਸ਼ ਹਨ। ਇਤਿਹਾਸਿਕ ਪੱਖੋਂ ਇਨ੍ਹਾਂ ਟਕਸਾਲਾਂ ਤੇ ਨਿੱਜੀ ਤੌਰ 'ਤੇ ਜਾ ਕੇ ਇਨ੍ਹਾਂ ਦਾ ਸਰਵੇਖਣ ਕੀਤਾ ਗਿਆ ਤਾਂ ਜਿਸ ਤੋਂ ਸਾਡੇ ਸਾਹਮਣੇ ਇਨ੍ਹਾਂ ਟਕਸਾਲਾਂ ਆਰੰਭਤਾ ਅਤੇ ਵਰਤਮਾਨ ਸਥਿਤੀ ਦੀ ਜਾਣਕਾਰੀ ਪ੍ਰਤੱਖ ਹੋਈ ਹੈ। 1904 ਤੋਂ ਬਾਅਦ ਗੁਰਮਤਿ ਸੰਗੀਤ ਦੇ ਵਿਕਾਸ ਲਈ ਕਈ ਸੰਸਥਾਵਾਂ ਹੋਂਦ ਵਿਚ ਆਈਆਂ ਜੋ ਕਿ ਇਕ ਸੰਸਥਾ ਦੇ ਰੂਪ ਵਿਚ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਵਰਤਮਾਨ ਸਮੇਂ ਯੋਗਦਾਨ ਪਾ ਰਹੀਆਂ ਹਨ। ਜਿਨ੍ਹਾਂ ਦਾ ਅਧਿਐਨ ਖੋਜ ਕਾਰਜ ਦੇ ਪੰਜਵੇਂ ਅਧਿਆਇ ਵਿਚ ਕੀਤਾ ਗਿਆ ਹੈ ਅਤੇ ਉਪਲਬਧ ਵੇਰਵੇ ਦਰਜ ਕੀਤੇ ਗਏ ਹਨ।

ਉਪਰੋਕਤ ਵਰਣਨ ਦੇ ਆਧਾਰਿਤ ਦੇਖਿਆ ਜਾਵੇ ਤਾਂ ਟਕਸਾਲ ਉਸ ਸਥਾਨ ਨੂੰ ਮੰਨਿਆ ਗਿਆ ਹੈ ਜਿੱਥੇ ਗੁਰਮਤਿ ਅਨੁਸਾਰ ਸਿੱਖਾਂ ਦੀ ਰਹਿਣੀ ਬਹਿਣੀ ਅਤੇ ਕੀਰਤਨ ਬੋਧ ਦੀ ਵਿਧੀ ਵੱਧ ਸਿਖਲਾਈ ਦਿੱਤੀ ਜਾਂਦੀ ਸੀ। ਖੋਜ ਕਾਰਜ ਵਿਚ ਟਕਸਾਲ ਪਰੰਪਰਾ ਦਾ ਇਤਿਹਾਸਕ ਸਰਵੇਖਣ ਕੇਵਲ ਸ਼ਬਦ ਕੀਰਤਨ ਦੇ ਸੰਦਰਭ ਵਿਚ ਕੀਤਾ ਗਿਆ ਹੈ ਕਿਉਂਕਿ ਗੁਰਮਤਿ ਸੰਗੀਤ ਪਰੰਪਰਾ ਦਾ ਜੋ ਸਰੂਪ ਸਾਨੂੰ ਵਰਤਮਾਨ ਸਮੇਂ ਪ੍ਰਾਪਤ ਹੁੰਦਾ ਹੈ ਉਸ ਵਿਚ ਟਕਸਾਲਾਂ ਦਾ ਵਡਮੁੱਲਾ ਯੋਗਦਾਨ ਹੈ। ਗੁਰੂ ਕਾਲ ਤੋਂ ਬਾਅਦ ਟਕਸਾਲਾਂ ਦੇ ਵਿਚ ਹੀ ਗੁਰਮਤਿ ਸੰਗੀਤ ਦੀ ਸਿਖਲਾਈ ਆਰੰਭ ਰਹੀ

ਅਤੇ ਇਹ ਸਿੱਖਿਆ ਪ੍ਰਣਾਲੀ ਦਾ ਰੂਪ ਧਾਰਨ ਕਰ ਗਈ। ਗੁਰਮਤਿ ਸੰਗੀਤ ਦੇ ਵਿਕਾਸ ਵਿਚ ਗੁਰੂ ਕਾਲ ਤੋਂ ਵਰਤਮਾਨ ਸਮੇਂ ਤਕ ਬਹੁਤ ਪਰਿਵਰਤਨ ਆਏ। ਇਨ੍ਹਾਂ ਪਰਿਵਰਤਨਾਂ ਦੇ ਬਾਵਜੂਦ ਗੁਰਮਤਿ ਸੰਗੀਤ ਦਾ ਪੁਰਾਤਨ ਸਵਰੂਪ ਸਾਡੇ ਤਕ ਪਹੁੰਚਾਉਣ ਵਿਚ ਟਕਸਾਲ ਪਰੰਪਰਾ ਦਾ ਮਹੱਤਵਪੂਰਨ ਯੋਗਦਾਨ ਹੈ।

ਉਕਤ ਪੰਜ ਅਧਿਆਇਆ ਵਿਚ ਕੀਤੇ ਗਏ ਸਰਵੇਖਣ ਤੋਂ ਉਪਲਬਧ ਸਿੱਟਿਆਂ ਨੂੰ ਅਸੀਂ ਉਪਸੰਹਾਰ ਦੇ ਰੂਪ ਵਿਚ ਪੇਸ਼ ਕੀਤਾ ਹੈ ਤਾਂ ਜੋ ਟਕਸਾਲ ਪਰੰਪਰਾ ਦਾ ਗੁਰਮਤਿ ਸੰਗੀਤ ਪ੍ਰਤੀ ਯੋਗਦਾਨ ਸਪੱਸ਼ਟ ਹੋ ਸਕੇ। ਸਾਡਾ ਇਹ ਅਧਿਐਨ ਗੁਰਮਤਿ ਸੰਗੀਤ ਪਰੰਪਰਾ ਦੇ ਸੰਦਰਭ ਵਿਚ ਰਿਹਾ ਹੈ। ਇਨ੍ਹਾਂ ਟਕਸਾਲਾਂ ਵਿਚੋਂ ਪ੍ਰਾਪਤ ਸੰਗੀਤਕ ਸਮਗਰੀ ਨੂੰ ਵਰਗੀਕ੍ਰਿਤ ਕਰਦਿਆਂ ਗੁਰੂ ਗ੍ਰੰਥ ਸਾਹਿਬ ਦੇ 31 ਮੁੱਖ ਰਾਗਾਂ ਅਧੀਨ ਰੱਖਿਆ ਹੈ। ਇਨ੍ਹਾਂ ਟਕਸਾਲਾਂ ਦੀਆਂ ਪ੍ਰਾਪਤ ਸ਼ਬਦ ਕੀਰਤਨ ਰਚਨਾਵਾਂ ਵਿਚ ਪ੍ਰਯੁਕਤ ਰਾਗਾਂ ਦੇ ਸਰੂਪਾਂ ਤੋਂ ਪ੍ਰਤੇਕ ਰਾਗ ਦੇ ਵਿਭਿੰਨ ਸਰੂਪ ਵੀ ਦਰਜ ਕੀਤੇ ਗਏ ਹਨ। ਸਾਨੂੰ ਇਸ ਸਰਵੇਖਣ ਤੋਂ ਹਰ ਇਕ ਰਾਗ ਦੇ ਵਿਭਿੰਨ ਸਰੂਪ ਪ੍ਰਾਪਤ ਹੋਏ ਹਨ ਜਿਨ੍ਹਾਂ ਨੂੰ ਅਸੀਂ ਅੰਤਿਕਾ ਦੇ ਰੂਪ ਵਿਚ ਦਿੱਤਾ ਹੈ। ਇਸ ਤੋਂ ਇਲਾਵਾ ਹਰ ਇਕ ਰਾਗ ਦੇ ਵੱਖ-ਵੱਖ ਸਰੂਪਾਂ ਦੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਤੀਜੇ ਅਧਿਆਇ ਦਾ ਹਿੱਸਾ ਬਣਾਇਆ ਗਿਆ ਹੈ। ਸਾਡੇ ਖੋਜ ਕਾਰਜ ਦਾ ਵਿਸ਼ਾ ਟਕਸਾਲਾਂ ਦੇ ਇਤਿਹਾਸਿਕ ਸਰਵੇਖਣ ਦੇ ਪਰਿਪੇਖ ਵਿਚ ਸੀ, ਇਸ ਲਈ ਇਹ ਇਸ ਦਿਸ਼ਾ ਵਿਚ ਆਰੰਭਿਕ ਅਧਿਐਨ ਹੈ। ਇਸ ਤੋਂ ਇਲਾਵਾ ਗੁਰਮਤਿ ਸੰਗੀਤ ਟਕਸਾਲ ਪਰੰਪਰਾ ਦਾ ਵਿਭਿੰਨ ਪਰਿਪੇਖਾਂ ਵਿਚ ਖੋਜ ਦੀਆਂ ਹੋਰ ਸੰਭਾਵਨਾਵਾਂ ਵੀ ਮੌਜੂਦ ਹਨ।

ਅਜਿਹੇ ਕਾਰਜ ਲਈ ਜਿੱਥੇ ਇਕੱਲ ਵਿਅਕਤੀ ਦੀ ਮਿਹਨਤ ਜ਼ਰੂਰੀ ਹੈ ਉੱਥੇ ਬਿਨਾਂ ਕਿਸੇ ਦੇ ਸਹਿਯੋਗ ਤੋਂ ਅਜਿਹੇ ਕਾਰਜ ਕਰਨੇ ਅਸੰਭਵ ਹਨ। ਇਸ ਕਾਰਜ ਨੂੰ ਪੂਰਾ ਕਰਨ ਹਿਤ ਖੋਜਾਰਥੀ ਉਨ੍ਹਾਂ ਸਾਰਿਆਂ ਦਾ ਅਤਿ-ਧੰਨਵਾਦੀ ਤੇ ਰਿਣੀ ਹੈ ਜਿਨ੍ਹਾਂ ਨੇ ਇਸ ਖੋਜ ਕਾਰਜ ਵਿਚ ਦਿਲੋਂ ਸਹਿਯੋਗ ਕੀਤਾ। ਸਭ ਤੋਂ ਪਹਿਲਾਂ ਮੈਂ ਪਰਮ ਪਿਤਾ ਪਰਮਾਤਮਾ ਅਕਾਲ ਪੁਰਖ ਵਾਹਿਗੁਰੂ ਦਾ ਤਹਿ ਦਿਲੋਂ ਨਿਮਨ ਕਰਦਾ ਹਾਂ, ਉਨ੍ਹਾਂ ਦੀ ਅਪਾਰ ਬਖਸ਼ਿਸ਼ ਸਦਕਾ ਹੀ ਖੋਜਾਰਥੀ ਇਸ ਕਾਰਜ ਨੂੰ ਨੇਪਰੇ ਚਾੜ੍ਹ ਸਕਿਆ ਹੈ। ਮੈਂ ਆਪਣੇ ਨਿਗਰਾਨ ਡਾ. ਵਰਿੰਦਰ ਕੌਰ ਦਾ ਦਿਲੋਂ ਰਿਣੀ ਹਾਂ ਜਿਨ੍ਹਾਂ ਨੇ ਖੋਜਾਰਥੀ ਦਾ ਸਮੇਂ-ਸਮੇਂ 'ਤੇ ਮਾਰਗ ਦਰਸ਼ਨ ਕੀਤਾ ਅਤੇ ਆਪਣਾ ਕੀਮਤੀ ਸਮਾਂ ਨਾ ਵਿਚਾਰਦੇ ਹੋਏ ਹਰ ਵਖਤ ਮੇਰੇ ਇਸ ਕਾਰਜ ਲਈ ਤਤਪਰ ਰਹੇ। ਗੁਰਮਤਿ ਸੰਗੀਤ ਅਚਾਰੀਆ ਡਾ. ਗੁਰਨਾਮ ਸਿੰਘ ਜੀ ਦਾ ਮੈਂ ਅਤਿ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਮੈਨੂੰ

ਗੁਰਮਤਿ ਸੰਗੀਤ ਨਾਲ ਜੋੜਿਆ ਅਤੇ ਪੀਐੱਚ.ਡੀ. ਦੇ ਖੋਜ ਕਾਰਜ ਲਈ ਉਤਸ਼ਾਹਿਤ ਕੀਤਾ। ਇਸ ਤੋਂ ਇਲਾਵਾ ਮੈਂ ਮੇਰੇ ਪਿਆਰੇ ਦੋਸਤ ਡਾ. ਗੁਰਦੇਵ ਸਿੰਘ ਦਾ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਖੋਜ ਕਾਰਜ ਨੂੰ ਸੰਪੂਰਨ ਕਰਵਾਉਣ ਵਿਚ ਵਿਸ਼ੇਸ਼ ਯੋਗਦਾਨ ਨਿਭਾਇਆ। ਮੈਂ ਅਸਿਸਟੈਂਟ ਪ੍ਰੋਫ਼ੈਸਰ ਹਰਪ੍ਰੀਤ ਸਿੰਘ, ਸ੍ਰ. ਮਨਮੋਹਨ ਸਿੰਘ ਅਤੇ ਸ੍ਰ. ਹਰਪ੍ਰੀਤ ਸਿੰਘ ਨਾਜ਼ ਦਾ ਵੀ ਧੰਨਵਾਦੀ ਹਾਂ ਜੋ ਮੈਨੂੰ ਹਮੇਸ਼ਾਂ ਹੀ ਇਸ ਕਾਰਜ ਲਈ ਉਤਸ਼ਾਹਤ ਕਰਦੇ ਰਹੇ।

ਮੈਂ ਆਪਣੇ ਅਤਿ-ਸਤਿਕਾਰਯੋਗ ਪਿਤਾ ਜੀ ਸ੍ਰ. ਕਿਰਪਾਲ ਸਿੰਘ ਅਤੇ ਮਾਤਾ ਜੋਗਿੰਦਰ ਕੌਰ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਇਸ ਖੋਜ ਕਾਰਜ ਦੇ ਸ਼ੁਰੂ ਤੋਂ ਲੈ ਕੇ ਹੁਣ ਤਕ ਦੇ ਲੰਮੇ ਸਫ਼ਰ ਵਿਚ ਮੇਰਾ ਹੌਂਸਲਾ ਬਣਾਈ ਰੱਖਿਆ। ਉਨ੍ਹਾਂ ਦੀ ਅਸੀਸ ਤੋਂ ਬਿਨਾਂ ਇਹ ਕਾਰਜ ਅਸੰਭਵ ਸੀ। ਮੈਂ ਆਪਣੇ ਜੀਵਨ ਸਾਥੀ ਅਮਨਦੀਪ ਕੌਰ ਦਾ ਵਿਸ਼ੇਸ਼ ਤੌਰ 'ਤੇ ਰਿਣੀ ਹਾਂ ਜਿਨ੍ਹਾਂ ਨੇ ਕਦੀ ਵੀ ਮੇਰੇ ਵੱਲੋਂ ਸਮਾਂ ਨਾ ਦੇਣ ਦੀ ਸ਼ਿਕਾਇਤ ਨਹੀਂ ਕੀਤੀ।

ਗੁਰਮਤਿ ਸੰਗੀਤ ਵਿਭਾਗ ਦੇ ਸ੍ਰ. ਮਨਪ੍ਰੀਤ ਸਿੰਘ ਲਾਂਬਾ, ਸ੍ਰ. ਰਣਬੀਰ ਸਿੰਘ ਟਿਵਾਣਾ ਅਤੇ ਸਮੂਹ ਸਟਾਫ਼ ਦਾ ਮੈਂ ਅਤਿ-ਧੰਨਵਾਦੀ ਹਾਂ ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਮੇਰੀ ਦਿਲੋਂ ਮਦਦ ਕੀਤੀ। ਅੰਤ ਵਿਚ ਮੈਂ ਉਨ੍ਹਾਂ ਸਾਰੀਆਂ ਸੰਸਥਾਵਾਂ ਅਤੇ ਲਾਇਬ੍ਰੇਰੀਆਂ ਦੇ ਮੁਖੀ ਸਾਹਿਬਾਨ, ਅਧਿਆਪਕ ਸਾਹਿਬਾਨ ਅਤੇ ਸਮੂਹ ਸਟਾਫ਼ ਦਾ ਵੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਇਸ ਕਾਰਜ ਨੂੰ ਸੰਪੂਰਨ ਕਰਨ ਵਿਚ ਆਪਣਾ ਸਹਿਯੋਗ ਦਿੱਤਾ।

# ਅਧਿਆਇ ਵੰਡ


ਆਦਿਕਾ (i)-(viii)

**ਅਧਿਆਇ ਪਹਿਲਾ : ਗੁਰਮਤਿ ਸੰਗੀਤ ਵਿਚ ਟਕਸਾਲ ਪਰੰਪਰਾ : ਸਰੂਪਗਤ ਅਧਿਐਨ** 1-27

1. ਗੁਰਮਤਿ ਸੰਗੀਤ ਪਰੰਪਰਾ
2. ਵੱਖ-ਵੱਖ ਗੁਰੂ ਸਾਹਿਬਾਨ ਦੁਆਰਾ ਸਥਾਪਿਤ : ਸ਼ਬਦ ਕੀਰਤਨ ਕੇਂਦਰ
   - 2.1 ਕਰਤਾਰਪੁਰ ਸਾਹਿਬ ਸ਼ਬਦ ਕੀਰਤਨ ਕੇਂਦਰ ਵਜੋਂ
   - 2.2 ਖਡੂਰ ਸਾਹਿਬ ਸ਼ਬਦ ਕੀਰਤਨ ਕੇਂਦਰ ਵਜੋਂ
   - 2.3 ਗੋਇੰਦਵਾਲ ਸਾਹਿਬ ਸ਼ਬਦ ਕੀਰਤਨ ਕੇਂਦਰ ਵਜੋਂ
   - 2.4 ਅੰਮ੍ਰਿਤਸਰ ਸਾਹਿਬ ਸ਼ਬਦ ਕੀਰਤਨ ਕੇਂਦਰ ਵਜੋਂ
   - 2.5 ਤਰਨਤਾਰਨ ਸਾਹਿਬ ਸ਼ਬਦ ਕੀਰਤਨ ਕੇਂਦਰ ਵਜੋ
   - 2.6 ਕੀਰਤਪੁਰ ਸਾਹਿਬ ਸ਼ਬਦ ਕੀਰਤਨ ਕੇਂਦਰ ਵਜੋਂ
   - 2.7 ਅਨੰਦਪੁਰ ਸਾਹਿਬ ਸ਼ਬਦ ਕੀਰਤਨ ਕੇਂਦਰ ਵਜੋਂ
   - 2.8 ਦਮਦਮਾ ਸਾਹਿਬ ਸ਼ਬਦ ਕੀਰਤਨ ਕੇਂਦਰ / ਟਕਸਾਲ ਵਜੋਂ
3. ਟਕਸਾਲ ਦੇ ਕੋਸ਼ਗਤ ਸ਼ਾਬਦਿਕ ਅਰਥ
4. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਅਨੁਸਾਰ ਟਕਸਾਲ ਦਾ ਸ਼ਾਬਦਿਕ ਅਰਥ
5. ਟਕਸਾਲ ਦੀ ਪਰਿਭਾਸ਼ਾ

**ਅਧਿਆਇ ਦੂਜਾ : ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਵਿਕਾਸਾਤਮਕ ਅਧਿਐਨ** 28-91

1. ਟਕਸਾਲ ਪਰੰਪਰਾ
   - 1.1 ਦਮਦਮੀ ਟਕਸਾਲ
   - 1.2 ਸੇਵਾਪੰਥੀ ਟਕਸਾਲ
   - 1.3 ਤਰਨਤਾਰਨ ਟਕਸਾਲ
   - 1.4 ਸੈਦਪੁਰ ਠੱਠਾ ਟਿੱਬਾ ਟਕਸਾਲ
   - 1.5 ਦੌਧਰ ਟਕਸਾਲ
   - 1.6 ਮਸਤੂਆਣਾ ਟਕਸਾਲ
   - 1.7 ਹਰਗੁਨਾ ਟਕਸਾਲ
   - 1.8 ਸਿੰਘਾਂ ਵਾਲੀ ਟਕਸਾਲ

1.9 ਡੂਮੇਲੀ ਟਕਸਾਲ

1.10 ਜਵੱਦੀ ਟਕਸਾਲ

**ਅਧਿਆਇ ਤੀਜਾ : ਟਕਸਾਲ ਪਰੰਪਰਾ ਦੀ ਸੰਗੀਤਕ ਸਮਗਰੀ : ਸਰੂਪਗਤ ਵਿਸ਼ਲੇਸ਼ਣ** 92-235

1. ਟਕਸਾਲਾਂ ਤੋਂ ਪ੍ਰਾਪਤ ਗੁਰਮਤਿ ਸੰਗੀਤ ਪਰੰਪਰਾ ਦੇ ਪ੍ਰਚਲਿਤ ਤੇ ਅਪ੍ਰਚਲਿਤ ਰਾਗ
2. ਟਕਸਾਲਾਂ ਤੋਂ ਪ੍ਰਾਪਤ ਹਿੰਦੁਸਤਾਨੀ ਸੰਗੀਤ ਪੱਧਰੀ ਦੇ ਪ੍ਰਚਲਿਤ ਅਤੇ ਅਪ੍ਰਚਲਿਤ ਰਾਗ

2.1 ਪ੍ਰਚਲਿਤ ਰਾਗਾਂ ਦੇ ਨਾਮ

2.2 ਅਪ੍ਰਚਲਿਤ ਰਾਗਾਂ ਦੇ ਨਾਮ

3. ਟਕਸਾਲਾਂ ਵਿਚੋਂ ਪ੍ਰਾਪਤ ਪ੍ਰਚਲਿਤ ਤੇ ਅਪ੍ਰਚਲਿਤ ਤਾਲਾਂ ਦਾ ਵਰਣਨ

3.1 ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਪ੍ਰਚਲਿਤ ਤਾਲ

3.2 ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਅਪ੍ਰਚਲਿਤ ਤਾਲ

3.3 ਸ਼ਬਦ ਰਚਨਾਵਾਂ ਵਿਚੋਂ ਪ੍ਰਾਪਤ ਤਾਲਾਂ ਦੇ ਠੇਕੇ

4. ਟਕਸਾਲਾਂ ਤੋਂ ਪ੍ਰਾਪਤ ਗਾਇਨ ਸ਼ੈਲੀਆਂ ਦਾ ਵਰਣਨ
5. ਟਕਸਾਲ ਪਰੰਪਰਾ ਵਿਚ ਪ੍ਰਚਲਿਤ ਸਾਜ਼ ਦਾ ਵਰਣਨ

**ਅਧਿਆਇ ਚੌਥਾ : ਟਕਸਾਲ ਪਰੰਪਰਾ ਦੀ ਸੰਗੀਤਕ ਸਮਗਰੀ : ਤੁਲਨਾਤਮਕ ਸਰਵੇਖਣ** 236–281

1. ਟਕਸਾਲਾਂ ਤੋਂ ਪ੍ਰਾਪਤ ਰਾਗਾਂ ਦਾ ਤੁਲਨਾਤਮਕ ਸਰਵੇਖਣ

1.1 ਸਿਰੀ ਰਾਗ

1.2 ਮਾਝ

1.3 ਗਉੜੀ

1.4 ਆਸਾ

1.5. ਗੁਜਰੀ

1.6. ਦੇਵਗੰਧਾਰੀ

1.7. ਬਿਹਾਗੜਾ

1.8. ਵਡਹੰਸ

1.9. ਸੋਰਠਿ

1.10. ਧਨਾਸਰੀ

1.11. ਜੈਤਸਰੀ

1.12. ਟੋਡੀ

1.13. ਬੈਰਾੜੀ

1.14. ਤਿਲੰਗ

1.15. ਸੂਹੀ

1.16. ਬਿਲਾਵਲ

1.17. ਗੋਂਡ

1.18. ਰਾਮਕਲੀ

1.19. ਨਟ-ਨਰਾਇਣ

1.20. ਮਾਲੀ ਗਉੜਾ

1.21. ਮਾਰੂ

1.22. ਤੁਖਾਰੀ

1.23. ਕੇਦਾਰਾ

1.24. ਭੈਰਉ

1.25. ਬਸੰਤ
1.26. ਸਾਰੰਗ
1.27. ਮਲਾਰ
1.28. ਕਾਨੜਾ
1.29. ਕਲਿਆਣ
1.30. ਪ੍ਰਭਾਤੀ
1.31. ਜੈਜਾਵੰਤੀ

2. ਟਕਸਾਲਾਂ ਤੋਂ ਪ੍ਰਾਪਤ ਤਾਲਾਂ ਦਾ ਤੁਲਨਾਤਮਕ ਸਰਵੇਖਣ

2.1 ਮੱਤ ਤਾਲ

2.2 ਧਮਾਰ ਤਾਲ

2.3 ਫਰੋਦਸਤ ਤਾਲ

2.4 ਸੂਲ ਤਾਲ

2.5 ਰੂਪਕ ਤਾਲ

2.6 ਝੱਪਤਾਲ

2.7 ਗਜਝੱਪਾ ਤਾਲ

3. ਟਕਸਾਲਾਂ ਤੋਂ ਪ੍ਰਾਪਤ ਗਾਇਨ ਸੈਲੀਆਂ ਦਾ ਤੁਲਨਾਤਮਕ ਸਰਵੇਖਣ :

**ਅਧਿਆਇ ਪੰਜਵਾਂ : ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਵਰਤਮਾਨ ਸਾਰਥਿਕਤਾ** 282–298

1. ਟਕਸਾਲਾਂ ਦੀ ਵਰਤਮਾਨ ਸਥਿਤੀ

2. ਟਕਸਾਲਾਂ ਦੇ ਸਮਾਨੰਤਰ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਪਾ ਰਹੀਆਂ ਸੰਸਥਾਵਾਂ

3. ਗੁਰਮਤਿ ਸੰਗੀਤ ਦੀ ਵਿਸ਼ੇ ਵਜੋਂ ਆਰੰਭਤਾ

4. ਗੁਰਮਤਿ ਸੰਗੀਤ ਦਾ ਅਕਾਦਮਿਕ ਵਿਕਾਸ

**ਉਪਸੰਹਾਰ** 299–308

**ਪੁਸਤਕ ਸੂਚੀ** 309–316

**ਅੰਤਿਕਾ**–1 **317-358**

ਅਧਿਆਇ ਪਹਿਲਾ

# ਗੁਰਮਤਿ ਸੰਗੀਤ ਵਿਚ ਟਕਸਾਲ ਪਰੰਪਰਾ : ਸਰੂਪਗਤ ਅਧਿਐਨ

ਮਨੁੱਖੀ ਜੀਵਨ ਨੂੰ ਸਦਾਚਾਰੀ ਬਣਾਉਣ ਅਤੇ ਇਸ ਦਿਸ਼ਾ ਵਿਚ ਸੇਧ ਦੇਣ ਲਈ ਅਜਿਹੇ ਸਥਾਨ ਹੋਂਦ ਵਿਚ ਰਹੇ ਜਿੱਥੇ ਮਨੁੱਖ ਦੇ ਮਨ ਨੂੰ ਸੰਗੀਤ ਦੇ ਮਾਧਿਅਮ ਰਾਹੀਂ ਵਿਸ਼ੇ ਵਿਕਾਰਾਂ ਤੋਂ ਹਟਾ ਕੇ ਪਰਮਾਤਮਾ ਦੀ ਉਸਤਤ ਵਿਚ ਲਾਇਆ ਜਾ ਸਕੇ। ਵੈਦਿਕ ਕਾਲ (3000-1000 ਈਸਵੀ ਪੂਰਵ) ਵਿਚ ਵੇਦ ਮੰਤਰਾਂ ਦੇ ਉਚਾਰਨ ਸਮੇਂ ਇਕ ਨਿਸ਼ਚਿਤ ਸਥਾਨ ’ਤੇ ਇਕੱਠੇ ਹੋਣਾ ਇਸ ਦੀ ਇਕ ਪ੍ਰਤੱਖ ਉਦਾਹਰਨ ਹੈ। ਭਾਰਤੀ ਪਰੰਪਰਾ ਦੇ ਹਵਾਲੇ ਨਾਲ ਵੇਦਾਂ ਦਾ ਗਿਆਨ, ਮੰਤਰਾਂ ਦਾ ਉਚਾਰਨ ਅਤੇ ਗਾਇਨ ਵਿਧੀ ਦੀ ਸਿੱਖਿਆ ਪ੍ਰਾਪਤ ਕਰਨ ਹਿਤ ਇਕ ਵਿਸ਼ੇਸ਼ ਸਥਾਨ ਨਿਰਧਾਰਿਤ ਹੁੰਦਾ ਸੀ ਜਿਸ ਨੂੰ ਗੁਰੂਕੁਲ ਜਾਂ ਆਸ਼ਰਮ ਆਖਿਆ ਜਾਂਦਾ ਸੀ। ਗੁਰੂਕੁਲ ਤੇ ਆਸ਼ਰਮ ਦੇ ਹਵਾਲੇ ਸਾਨੂੰ ਰਮਾਇਣ ਕਾਲ ਅਤੇ ਮਹਾਂਭਾਰਤ ਕਾਲ ਵਿਚ ਸਪਸ਼ਟ ਮਿਲਦੇ ਹਨ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਪ੍ਰਾਚੀਨ ਕਾਲ ਤੋਂ ਹੀ ਅਜਿਹੇ ਸਥਾਨ ਹੋਂਦ ਵਿਚ ਰਹੇ ਹਨ। ਗੁਰਮਤਿ ਸੰਗੀਤ ਦੇ ਪ੍ਰਸੰਗ ਵਿਚ ਗੁਰੂਕੁਲ ਜਾਂ ਆਸ਼ਰਮ ਦੇ ਸਮਾਨੰਤਰ ਸਿੱਖ ਧਰਮ ਵਿਚ ਪਹਿਲਾ ਧਰਮਸਾਲ ਅਤੇ ਬਾਅਦ ਵਿਚ ਟਕਸਾਲ ਦੇ ਰੂਪ ਵਿਚ ਸਿੱਖਿਆ ਪ੍ਰਣਾਲੀ ਦਾ ਪ੍ਰਚਲਣ ਰਿਹਾ।

ਭਾਰਤ ਵਿਚ ਸੰਗੀਤ ਸਿੱਖਿਆ ਦੀ ਪਰੰਪਰਾ ਸੀਨਾ-ਬ-ਸੀਨਾ ਚਲਦੀ ਆ ਰਹੀ ਹੈ ਅਤੇ ਇਸ ਪਰੰਪਰਾ ਵਿਚ ਗੁਰੂ ਸ਼ਿਸ਼ ਦਾ ਰਿਸ਼ਤਾ ਵਿਸ਼ੇਸ਼ ਮਹੱਤਵ ਦਾ ਧਾਰਨੀ ਰਿਹਾ ਹੈ ਜਿਸ ਵਿਚ ਵਿਦਿਆਰਥੀ ਨੂੰ ਹਰ ਪ੍ਰਕਾਰ ਦੀ ਸ਼ਸਤਰ ਵਿੱਦਿਆ,ਸੰਗੀਤ ਵਿੱਦਿਆ,ਧਾਰਮਿਕ ਵਿੱਦਿਆ ਅਤੇ ਭਾਸ਼ਾ ਦਾ ਗਿਆਨ ਸਿਧਾਂਤਕ ਤੇ ਵਿਹਾਰਿਕ ਪੱਖੋਂ ਦਿੱਤਾ ਜਾਂਦਾ ਸੀ। ਸਮੇਂ ਦੇ ਨਾਲ ਨਾਲ ਅਤੇ ਬਦਲਦੇ ਹਾਲਾਤ ਦੇ ਅਨੁਸਾਰ ਇਨ੍ਹਾਂ ਕਲਾਵਾਂ ਦੇ ਅਲੱਗ ਅਲੱਗ ਵਰਗ ਬਣਨ ਨਾਲ ਇਨ੍ਹਾਂ ਕਲਾਵਾਂ ਦੀ ਸਿੱਖਿਆ ਦਾ ਵੀ ਅਲੱਗ ਅਲੱਗ ਪ੍ਰਬੰਧ ਕੀਤਾ ਜਾਣ ਲੱਗ ਪਿਆ ਜਿਸ ਦੇ ਅੰਤਰਗਤ ਧਰਮ ਅਤੇ ਸੰਗੀਤ ਦੀ ਸਿੱਖਿਆ ਦਾ ਪ੍ਰਬੰਧ ਧਰਮਸਾਲ ਵਿਚ

ਕੀਤਾ ਜਾਣ ਲੱਗ ਪਿਆ। ਧਰਮਸਾਲ ਦਾ ਮੂਲ ਅਰਥ ਤਾਂ ਨਿਆਂ ਦੀ ਕਚਹਿਰੀ ਜਾਂ ਅਰਾਮਗਾਹ ਅਥਵਾ ਸਰਾਂ ਸੀ ਪ੍ਰੰਤੂ ਗੁਰੂ ਨਾਨਕ ਦੇਵ ਜੀ ਅਨੁਸਾਰ ਨਾਮ ਮਾਰਗ ਤੇ ਚਲਦੇ ਸਿੱਖਾਂ ਲਈ ਧਰਮਸਾਲ ਉਹ ਜਗਾ ਸੀ ਜਿਸ ਵਿਚ ਉਹ ਸੰਗਤ ਵਿਚ ਜੁੜ ਕੇ ਪਰਮਾਤਮਾ ਦੀ ਉਸਤਤਿ ਵਿਚ ਕੀਰਤਨ ਕਰਦੇ ਸਨ ਤਾਂ ਹੀ ਭਾਈ ਗੁਰਦਾਸ ਜੀ ਨੇ ਲਿਖਿਆ ਹੈ।

ਘਰੁ ਘਰੁ ਅੰਦਰ ਧਰਮਸਾਲੁ ਹੋਵੈ ਕੀਰਤਨ ਸਦਾ ਵਸੋਆ॥

(ਵਾਰਾਂ ਭਾਈ ਗੁਰਦਾਸ, ਵਾਰ ੧ ਪਉੜੀ ੨੭)

ਧਰਮਸਾਲ ਦੇ ਉਪਰੋਕਤ ਹਵਾਲੇ ਇਸ ਕਥਨ ਦੀ ਪੁਸ਼ਟੀ ਕਰਦੇ ਹਨ ਕਿ ਸਿੱਖ ਧਰਮ ਵਿਚ ਗੁਰੂ ਸਾਹਿਬਾਨਾਂ ਦੇ ਸਮੇਂ ਸਾਧ ਸੰਗਤ ਵਿਚ ਜਿੱਥੇ ਧਰਮ ਅਤੇ ਸੰਗੀਤ ਦੀ ਸਿੱਖਿਆ ਸ਼ਬਦ ਕੀਰਤਨ ਦੇ ਰੂਪ ਵਿਚ ਸੰਸਥਾਗਤ ਪੱਧਰ ਤੇ ਦਿੱਤੀ ਜਾਂਦੀ ਸੀ ਉਸ ਸਥਾਨ ਨੂੰ ਧਰਮਸਾਲ ਕਿਹਾ ਜਾਂਦਾ ਸੀ। ਇਨ੍ਹਾਂ ਧਰਮਸਾਲ ਵਿਚ ਸਿਧਾਂਤਕ ਅਤੇ ਵਿਹਾਰਿਕ ਗਿਆਨ ਸੰਗਤਾਂ ਨੂੰ ਦਿੱਤਾ ਜਾਂਦਾ ਸੀ। ਇਸ ਪ੍ਰਕਾਰ ਸਿੱਖ ਧਰਮ ਵਿਚ ਗੁਰਬਾਣੀ ਦਾ ਸੰਦੇਸ਼ ਸੰਗੀਤ ਦੁਆਰਾ ਸੰਚਾਲਿਤ ਹੁੰਦਾ ਹੋਇਆ ਇਕ ਨਿਸ਼ਚਿਤ ਕੀਰਤਨ ਪਰੰਪਰਾ ਦਾ ਰੂਪ ਧਾਰਨ ਕਰ ਗਿਆ ਅਤੇ ਜਿਸ ਦਾ ਪ੍ਰਵਾਹ ਸਿੱਖ ਸੰਗਤ ਵਿਚ ਵਿਹਾਰਿਕ ਪੱਧਰ ਉੱਤੇ ਹੋਣ ਲੱਗ ਪਿਆ। ਸਿੱਖ ਗੁਰੂ ਸਾਹਿਬਾਨਾਂ ਨੇ ਬਾਣੀ ਦਾ ਸੰਚਾਰ ਸਧਾਰਨ ਲੋਕਾਈ ਤੱਕ ਕਰਨ ਲਈ ਸੰਗੀਤ ਨੂੰ ਉੱਤਮ ਮੰਨਦਿਆਂ ਇਸ ਦੀ ਗਾਇਨ ਅਤੇ ਵਾਦਨ ਵਿਧੀ ਨੂੰ ਅਪਣਾਇਆ। ਗੁਰੂ ਸਾਹਿਬ ਨੇ ਕੀਰਤਨ ਦੁਆਰਾ ਪ੍ਰਭੂ ਭਗਤੀ ਦੇ ਸੰਦੇਸ਼ ਨੂੰ ਸੰਗਤਾਂ ਤੱਕ ਪ੍ਰਸਤੁਤ ਕਰਨ ਲਈ ਬਾਣੀ ਨੂੰ ਸਹਿਜ ਰੂਪ ਵਿੱਚ ਇਸ ਦੇ ਅਨੁਕੂਲ ਬਣਾਇਆ। ਗੁਰੂ ਸਾਹਿਬ ਨੇ ਕੀਰਤਨ ਦੀ ਪ੍ਰਸਤੁਤੀ ਲਈ ਨਿਸ਼ਚਿਤ ਸੰਗੀਤ ਵਿਧਾਨ, ਰਾਗ, ਗਾਇਨ ਸ਼ੈਲੀਆਂ, ਰਹਾਉ, ਅੰਕ ਅਤੇ ਘਰੁ ਵਰਗੇ ਸੰਗੀਤਕ ਸੰਕੇਤਾਂ ਦਾ ਪ੍ਰਯੋਗ ਕੀਤਾ। ਇਸ ਕੀਰਤਨ ਪਰੰਪਰਾ ਨੂੰ ਬਾਕੀ ਬਾਣੀ ਕਾਰਾਂ ਅਤੇ ਭਗਤਾਂ ਨੇ ਵੀ ਅਪਣਾਇਆ ਅਤੇ ਸਿੱਖ ਸੰਗਤ ਵਿੱਚ ਇਸ ਦੀ ਵਿਹਾਰਕ ਪੱਧਰ ਉੱਤੇ ਪ੍ਰਸਤੁਤੀ ਵੀ ਕੀਤੀ। ਕੀਰਤਨ ਜਿਸ ਦਾ ਭਾਵ ਪ੍ਰਭੂ ਦੀ ਉਸਤਤੀ ਕਰਨਾ, ਗੁਣ ਗਾਉਣਾ ਆਦਿ ਹੈ, ਸਿੱਖ ਧਰਮ ਦਾ ਇਕ ਅਨਿੱਖੜਵਾਂ ਅੰਗ ਹੈ। ਗੁਰਬਾਣੀ ਦੇ ਅੰਤਰਗਤ ਅਨੇਕਾਂ ਫੁਰਮਾਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਜਿਨ੍ਹਾਂ ਵਿਚ ਸ਼ਬਦ ਕੀਰਤਨ ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ :

- ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ॥ ਤਿਸੁ ਜਨ ਦੁਖੁ ਨਿਕਟਿ ਨਹੀ ਆਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੯੦)

- ਕਲਿ ਕੀਰਤਿ ਸਬਦੁ ਪਛਾਨੁ॥ ਏਹਾ ਭਗਤਿ ਚੂਕੈ ਅਭਿਮਾਨੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੨੪)

- ਕੀਰਤਨੁ ਨਿਰਮੋਲਕੁ ਹੀਰਾ॥ ਆਨੰਦ ਗੁਣੀ ਗਹੀਰਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੬੩)

- ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੭੫)

- ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੧੪)

- ਹਰਿ ਕੀਰਤਨ ਮਹਿ ਊਤਮ ਧੁਨਾ॥ ਨਾਨਕ ਗੁਰ ਮਿਲਿ ਗਾਇ ਗੁਨਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੮੨)

- ਗ੍ਰਿਹਿ ਤਾ ਕੇ ਬਸੰਤੁ ਗਨੀ॥ ਜਾ ਕੈ ਕੀਰਤਨੁ ਹਰਿ ਧੁਨੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੮੦)

- ਐਸਾ ਕੀਰਤਨੁ ਕਰਿ ਮਨ ਮੇਰੇ॥ ਈਹਾ ਊਹਾ ਜੋ ਕਾਮਿ ਤੇਰੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੩੬)

- ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੧੪)

- ਸਾਧਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੯੮)

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, *ਸ਼ਬਦ ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਉਚਾਰਨ ਨੂੰ ਕਹਿੰਦੇ ਹਨ।*[1] ਵਰਤਮਾਨ ਸਮੇਂ ਗੁਰਮਤਿ ਸੰਗੀਤ ਦੇ ਵਿਦਵਾਨ ਸ਼ਬਦ ਕੀਰਤਨ ਤੋਂ ਭਾਵ ਸਿੱਖ ਧਰਮ ਦੀ ਮਰਿਆਦਾ ਅਨੁਸਾਰ ਬਾਣੀ ਦੀਆਂ ਸ਼ਬਦ ਰਚਨਾਵਾਂ ਦਾ ਰਾਗਾਂ ਵਿਚ ਗਾਇਨ ਕਰਨ ਤੋਂ ਲੈਂਦੇ ਹਨ।[2] ਸ਼ਬਦ ਕੀਰਤਨ ਸਿੱਖ ਧਰਮ ਦਾ ਮਹੱਤਵਪੂਰਨ ਅੰਗ ਹੈ। ਵੱਖ ਵੱਖ ਗੁਰੂ ਸਾਹਿਬਾਨ ਅਤੇ ਰਾਗੀ, ਰਬਾਬੀ ਕੀਰਤਨਕਾਰ ਗੁਰ ਦਰਬਾਰ ਵਿਚ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਦੇ ਰਹੇ ਹਨ। ਸਿੱਖ ਧਰਮ ਵਿਚ ਸ਼ਬਦ ਕੀਰਤਨ ਪਰੰਪਰਾ ਗੁਰਸਿੱਖਾਂ ਦੇ ਜਨਮ ਤੋਂ ਲੈ ਕੇ ਮੌਤ ਤਕ ਦੇ ਹਰ ਕਾਰਜਾਂ ਦੀ ਮਰਿਆਦਾ ਦਾ ਅਨਿੱਖੜਵਾਂ ਹਿੱਸਾ ਹੈ। ਅਜੋਕੇ ਸਮੇਂ ਸ਼ਬਦ ਕੀਰਤਨ ਪਰੰਪਰਾ ਦੇ ਇਸ ਸਮੁੱਚੇ ਵਿਧੀ ਵਿਧਾਨ ਨੂੰ *ਗੁਰਮਤਿ ਸੰਗੀਤ* ਵਜੋਂ ਜਾਣਿਆ ਜਾਂਦਾ ਹੈ।

## 1. ਗੁਰਮਤਿ ਸੰਗੀਤ ਪਰੰਪਰਾ

ਸਿੱਖ ਧਰਮ ਵਿਚ ਗੁਰਮਤਿ ਸੰਗੀਤ ਪਰੰਪਰਾ ਦੀ ਸਿਰਜਨਾ ਸ਼ਬਦ ਅਤੇ ਸੰਗੀਤ ਦੇ ਸੰਯੋਗ ਤੋਂ ਹੋਈ ਹੈ। ਸ਼ਬਦ ਅਤੇ ਸੰਗੀਤ ਦਾ ਇਹ ਪ੍ਰਸਤੁਤੀ ਵਿਧਾਨ ਸਾਨੂੰ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਦਰਜ਼ ਬਾਣੀ ਦੇ ਸਰੂਪ ਤੋਂ ਪ੍ਰਾਪਤ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਾਗਾਤਮਿਕ ਸੰਗੀਤਕ ਸੰਕਲਨ ਗੁਰਮਤਿ ਸੰਗੀਤ ਦੇ ਸਿਧਾਂਤਕ ਪਰਿਪੇਖ ਵਜੋਂ ਦ੍ਰਿਸ਼ਟੀਗੋਚਰ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਵੱਖ-ਵੱਖ ਰਾਗਾਂ, ਗਾਇਨ ਸ਼ੈਲੀਆਂ, ਸੰਗੀਤਕ ਸੰਕੇਤਾਂ ਅਤੇ ਸਿਰਲੇਖਾਂ ਅਧੀਨ ਨਿਬੰਧ ਕਰਕੇ ਵਿਸ਼ੇਸ਼ ਸੰਗੀਤਕ ਪ੍ਰਬੰਧ ਸਿਰਜਿਆ ਗਿਆ ਹੈ ਜਿਸ ਨੂੰ ਗੁਰਮਤਿ ਸੰਗੀਤ ਦਾ ਸਿਧਾਂਤ ਕਿਹਾ ਜਾਂਦਾ ਹੈ।[3] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਮੁੱਖ ਰਾਗ ਅਤੇ 31 ਰਾਗ ਪ੍ਰਕਾਰਾਂ ਵਿਚ ਬਾਣੀ ਦਰਜ ਕੀਤੀ ਗਈ ਹੈ। ਇਨ੍ਹਾਂ ਰਾਗਾਂ ਵਿਚ ਬਹੁਤ ਸਾਰੇ ਰਾਗ ਮੌਲਿਕ ਤੇ ਸਰੂਪ ਪੱਖੋਂ ਵਿਲੱਖਣ ਹਨ। ਇਨ੍ਹਾਂ ਦਾ ਪ੍ਰਯੋਗ ਹਿੰਦੁਸਤਾਨੀ ਸੰਗੀਤ ਵਿਚ ਵੀ ਨਹੀਂ ਮਿਲਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਗੁਰੂ ਸਾਹਿਬਾਨਾਂ ਅਤੇ ਭਗਤਾਂ ਦੀ ਬਾਣੀ ਵਿਚ *ਅਸ਼ਟਪਦੀਆਂ, ਪਦੇ, ਪੜਤਾਲ* ਆਦਿ ਸਨਾਤਨੀ ਗਾਇਨ ਸ਼ੈਲੀਆਂ ਅਤੇ *ਵਾਰਾਂ, ਛੰਤ, ਸਲੋਕ* ਆਦਿ ਲੋਕ ਗਾਇਨ ਸ਼ੈਲੀਆਂ ਦਾ ਪ੍ਰਯੋਗ ਬਾਣੀ ਰੂਪ ਵਜੋਂ ਕੀਤਾ ਗਿਆ ਹੈ। ਬਾਣੀ ਵਿਚ ਅੰਕਿਤ *ਰਹਾਉ* ਦੇ ਸੰਕੇਤ ਦਾ ਵਿਧੀ ਬੱਧ ਪ੍ਰਯੋਗ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। *ਰਹਾਉ* ਵਿਚ ਸ਼ਬਦ ਦਾ ਕੇਂਦਰੀ

ਭਾਵ ਵਿਦਮਾਨ ਹੁੰਦਾ ਹੈ ਅਤੇ ਬਾਣੀ ਦੇ ਗਾਇਨ ਸਮੇਂ ਰਹਾਉ ਵਾਲੀ ਪੰਕਤੀ ਨੂੰ ਸਥਾਈ ਦੇ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ।[5] ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਾਗਾਤਮਿਕ ਸੰਗੀਤਕ ਸੰਕਲਨ ਗੁਰਮਤਿ ਸੰਗੀਤ ਪਰੰਪਰਾ ਨੂੰ ਦੂਜੀਆਂ ਸੰਗੀਤਕ ਪਰੰਪਰਾਵਾਂ ਤੋਂ ਵੱਖਰਾ ਕਰਦਾ ਹੈ। ਇਹ ਗੁਰਮਤਿ ਸੰਗੀਤ ਦੇ ਮੌਲਿਕ ਸੰਗੀਤ ਸਿਧਾਂਤ ਨੂੰ ਨਿਖੇੜਨ ਵਿਚ ਸਹਾਈ ਹੁੰਦਾ ਹੈ। ਗੁਰੂ ਸਾਹਿਬ ਨੇ ਸੰਗੀਤ ਨੂੰ ਕੇਵਲ ਬਾਣੀ ਵਿਚ ਹੀ ਨਹੀਂ ਪ੍ਰਚਾਰਿਆ ਸਗੋਂ ਸੰਸਥਾਗਤ ਪੱਧਰ ਉੱਤੇ ਵੀ ਇਸ ਲਈ ਯਤਨ ਕੀਤੇ।

## 2. ਵੱਖ-ਵੱਖ ਗੁਰੂ ਸਾਹਿਬਾਨ ਦੁਆਰਾ ਸਥਾਪਿਤ : ਸ਼ਬਦ ਕੀਰਤਨ ਕੇਂਦਰ

ਗੁਰਮਤਿ ਸੰਗੀਤ ਪਰੰਪਰਾ ਦੀ ਵਿਹਾਰਿਕ ਸਥਾਪਤੀ ਲਈ ਵੱਖ-ਵੱਖ ਗੁਰੂ ਸਾਹਿਬਾਨ ਦੇ ਸਮੇਂ ਕੀਰਤਨ ਦੇ ਕਈ ਸਥਾਨ ਹੋਂਦ ਵਿਚ ਆਏ। ਵਰਤਮਾਨ ਸਮੇਂ ਇਨ੍ਹਾਂ ਕੀਰਤਨ ਦੇ ਸਥਾਨਾਂ ਨੂੰ ਧਾਰਮਿਕ ਸਥਾਨਾਂ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਸਿੱਖ ਧਰਮ ਅਨੁਸਾਰ ਅਜਿਹੇ ਇਤਿਹਾਸਕ ਧਾਰਮਿਕ ਸਥਾਨ ਜਿਨ੍ਹਾਂ ਨੂੰ ਗੁਰੂ ਸਾਹਿਬਾਨਾਂ ਦੀ ਚਰਨ ਛੋਹ ਪ੍ਰਾਪਤ ਹੈ, ਉਨ੍ਹਾਂ ਦਾ ਸਿੱਖ ਧਰਮ ਵਿਚ ਵਿਸ਼ੇਸ਼ ਮਹੱਤਵ ਹੈ। ਵੱਖ-ਵੱਖ ਗੁਰੂ ਸਾਹਿਬਾਨ ਨਾਲ ਸਬੰਧਿਤ ਹੋਣ ਕਰਕੇ ਇਨ੍ਹਾਂ ਸਥਾਨਾਂ ਦੀ ਆਪਣੀ ਇੱਕ ਵਿਸ਼ੇਸ਼ ਤੇ ਸਥਾਪਤ ਕੀਰਤਨ ਮਰਿਆਦਾ ਗੁਰੂ ਕਾਲ ਸਮੇਂ ਤੋਂ ਹੀ ਪ੍ਰਚੱਲਿਤ ਰਹੀ ਹੈ। ਇਨ੍ਹਾਂ ਕੀਰਤਨ ਦੇ ਸਥਾਨਾਂ ਦੀ ਵਿਹਾਰਿਕ ਮਰਿਆਦਾ ਵਿੱਚੋਂ ਗੁਰਮਤਿ ਸੰਗੀਤ ਦੇ ਕਿਰਿਆਤਮਿਕ ਸਰੂਪ ਦੀ ਪ੍ਰਾਪਤੀ ਹੁੰਦੀ ਹੈ। ਸਿੱਖ ਧਰਮ ਦੇ ਆਰੰਭ ਤੋਂ ਹੀ ਕੀਰਤਨ, ਬਾਣੀ ਦੇ ਸੰਚਾਰ ਦਾ ਮੁੱਖ ਮਾਧਿਅਮ ਰਿਹਾ ਹੈ। ਸਿੱਖ ਧਰਮ ਵਿੱਚ ਕੀਰਤਨ ਦਾ ਸਿਧਾਂਤਕ ਰੂਪ ਸਾਨੂੰ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਹੁੰਦਾ ਹੈ, ਉੱਥੇ ਇਸ ਦੇ ਵਿਹਾਰਿਕ ਸਰੂਪ ਦੀ ਸਿਰਜਣਾ ਇਨ੍ਹਾਂ ਕੀਰਤਨ ਸਥਾਨਾਂ ਤੇ ਪੂਰਨ ਸਥਾਪਿਤ ਹੋਈ ਜੋ ਕਿ ਇਨ੍ਹਾਂ ਸਥਾਨਾਂ ਦੀ ਮਰਿਆਦਾ ਦਾ ਮਰਯਾਦਾ ਹਿੱਸਾ ਬਣ ਗਈ। ਵਰਤਮਾਨ ਅਧਿਐਨ ਦੀ ਦ੍ਰਿਸ਼ਟੀ ਤੋ ਵੱਖ ਵੱਖ ਗੁਰੂ ਸਾਹਿਬਾਨਾਂ ਦੇ ਸਮੇਂ ਸਥਾਪਿਤ ਹੋਏ ਇਨ੍ਹਾਂ ਕੀਰਤਨ ਸਥਾਨਾਂ ਜਾਂ ਧਾਰਮਿਕ ਸਥਾਨਾਂ ਨੂੰ ਅਸੀਂ ਕੀਰਤਨ ਕੇਂਦਰ ਵਜੋਂ ਵੀ ਜਾਣ ਸਕਦੇ ਹਾਂ। ਇਹ ਧਾਰਮਿਕ ਸਥਾਨ ਗੁਰੂ ਸਾਹਿਬਾਨਾਂ ਦੇ ਸਮੇਂ ਕਾਰਜਸ਼ੀਲ ਰਹੇ ਜਿਨ੍ਹਾਂ ਵਿਚ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਸ਼ਬਦ ਕੀਰਤਨ ਦੁਆਰਾ ਸੁਰਤ ਨੂੰ ਘੜਿਆ ਜਾਂਦਾ ਸੀ ਅਤੇ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਾਰਿਤ ਸ਼ਬਦ ਕੀਰਤਨ ਦੀ ਪ੍ਰਸਤੁਤੀ ਅਤੇ ਸਿਖਲਾਈ ਦਾ ਪ੍ਰਬੰਧ ਹੁੰਦਾ ਸੀ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਭਾਰਤੀ ਪਰੰਪਰਾ ਦੇ ਅਨੁਸਾਰ ਸਿੱਖਿਆ ਦਾ ਪ੍ਰਬੰਧ ਗੁਰੂ ਕਾਲ ਜਾਂ ਆਸ਼ਰਮ ਵਿਚ ਹੁੰਦਾ ਹੋਇਆ ਸਿੱਖ ਧਰਮ ਵਿਚ ਗੁਰਮਤਿ ਸੰਗੀਤ ਦੇ ਹਵਾਲੇ ਅਨੁਸਾਰ ਧਰਮਸਾਲਾ ਤੱਕ ਪਹੁੰਚਿਆ ਪ੍ਰੰਤੂ ਵਰਤਮਾਨ ਸੰਦਰਭ ਵਿਚ ਧਰਮਸਾਲਾ ਦੇ ਅਰਥ ਸ਼ਰਨਾਰਥੀਆਂ ਦੀਆਂ ਸਰਾਂਵਾਂ ਤੱਕ ਸੀਮਤ ਰਹਿ ਗਏ ਹਨ।ਇਸ ਲਈ ਗੁਰੂ ਸਾਹਿਬਾਨਾਂ ਦੇ ਸਮੇਂ ਸਥਾਪਿਤ ਹੋਇਆ ਇਨ੍ਹਾਂ ਧਰਮਸ਼ਾਲਾ, ਧਾਰਮਿਕ ਸਥਾਨਾਂ ਜਾਂ ਕੀਰਤਨ ਸਥਾਨਾਂ ਨੂੰ ਅਸੀਂ ਕੀਰਤਨ ਕੇਂਦਰਾਂ ਵਜੋਂ ਜਾਣ ਸਕਦੇ ਹਾਂ। ਗੁਰਮਤਿ ਸੰਗੀਤ ਦੀ ਦ੍ਰਿਸ਼ਟੀ ਤੋਂ ਵੱਖ-ਵੱਖ ਗੁਰੂ ਸਾਹਿਬਾਨ ਦੇ ਸਮੇਂ ਸਥਾਪਿਤ ਹੋਏ ਕੀਰਤਨ ਕੇਂਦਰ ਇਸ ਪ੍ਰਕਾਰ ਹਨ।

**2.1 ਕਰਤਾਰਪੁਰ ਸਾਹਿਬ ਸ਼ਬਦ ਕੀਰਤਨ ਕੇਂਦਰ ਵਜੋਂ :** ਕਰਤਾਰਪੁਰ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਸਮੇਂ ਮੁੱਢਲੇ ਕੀਰਤਨ ਕੇਂਦਰਾਂ ਵਜੋਂ ਪ੍ਰਤੱਖ ਹੁੰਦਾ ਹੈ। ਸਿੱਖ ਧਰਮ ਵਿਚ ਸੰਸਥਾਗਤ ਰੂਪ ਵਿਚ ਸ਼ਬਦ ਕੀਰਤਨ ਪਰੰਪਰਾ ਦਾ ਪ੍ਰਚਾਰ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਜਿੱਥੇ ਵੀ ਗਏ ਉਨ੍ਹਾਂ ਨੇ ਉੱਥੇ ਧਰਮਸ਼ਾਲਾ ਕਾਇਮ ਕਰਨ ਦਾ ਉਪਦੇਸ਼ ਦਿੱਤਾ। ਕਰਤਾਰਪੁਰ ਨਗਰ ਦਾ ਨੀਂਹ ਪੱਥਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਰੱਖਿਆ, ਜਿਸ ਦਾ ਵਰਣਨ *ਸ੍ਰੀ ਗੁਰੂ ਪੰਥ ਪ੍ਰਕਾਸ਼* ਵਿਚ ਇਸ ਪ੍ਰਕਾਰ ਦਰਜ ਹੈ :

ਤਿਨੇ ਕੀ ਸਲਾਹਿ ਔ ਉਛਾਹਿ ਸੈ ਨਿਹਾਰ ਧਰਾ

ਤਹਾਂ ਇਕ ਗਾਉਂ ਕੀ ਬੁਨਯਾਦ ਡਾਰਤੇ ਭਏ।

ਸ੍ਰੀ ਕਰਤਾਰਪੁਰ ਜਪਿ, ਕਰਤਾਰ ਬਪੁ ਗੁਰ।

ਨਾਮ ਕਰਤਾਰਪੁਰ ਥਾਪਿ ਮੁਦ ਭਰ ਕੇ।

(ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਪੂਰਵਾਰਧ ਵਿਸ਼ਰਾਮ, ੧੨)

ਦੂਜੀ ਉਦਾਸੀ ਸਮੇਂ ਕਰਤਾਰਪੁਰ ਨਗਰ ਦੀ ਸਥਾਪਨਾ ਅਤੇ ਸਿੱਖਾਂ ਦੇ ਸ਼ਬਦ ਕੀਰਤਨ ਕੇਂਦਰ ਵਜੋਂ ਇਸ ਦੀ ਸਥਾਪਨਾ ਕਰਨ ਸਬੰਧੀ ਭਾਈ ਵੀਰ ਸਿੰਘ ਲਿਖਦੇ ਹਨ :*ਇਕ ਵੰਨਗੀ ਦੀ ਟਕਸਾਲ' ਕਰਤਾਰਪੁਰ ਬੰਨ੍ਹ ਕੇ ਸਤਿਗੁਰੂ ਜੀ ਫੇਰ ਉਦਾਸੀਆਂ ਦੀ ਤਿਆਰੀ ਕਰਨ ਲੱਗੇ। ਭਾਈ ਮਰਦਾਨਾ ਸ਼ਬਦ ਕੀਰਤਨ ਲਈ ਪਿੱਛੇ ਛੋਹਿਆ।*[5]

ਇਤਿਹਾਸਕ ਹਵਾਲਿਆਂ ਅਨੁਸਾਰ ਗੁਰੂ ਸਾਹਿਬ ਨੇ ਉਦਾਸੀਆਂ ਤੋਂ ਬਾਅਦ ਸਭ ਤੋਂ ਪਹਿਲਾਂ ਕਰਤਾਰਪੁਰ ਵਿਖੇ ਰਹਿ ਕੇ ਨਾਮ ਸਿਮਰਨ ਅਤੇ ਸ਼ਬਦ ਕੀਰਤਨ ਕਰਨ ਦੀ ਪ੍ਰਥਾ ਨੂੰ ਨਿਤਕ੍ਰਿਆ ਦਾ ਹਿੱਸਾ ਬਣਾਇਆ।[6] ਇਸ ਦੇ ਨਾਲ ਸ਼ਬਦ ਕੀਰਤਨ ਨੂੰ ਸਿੱਖ ਧਰਮ ਵਿਚ ਵਿਹਾਰਿਕ ਰੂਪ ਵਿਚ ਕਿਰਿਆਸ਼ੀਲ ਕਰਨ ਲਈ ਕਰਤਾਰਪੁਰ ਨਗਰ ਸਭ ਤੋਂ ਪਹਿਲੇ ਸ਼ਬਦ ਕੀਰਤਨ ਕੇਂਦਰ ਵਜੋਂ ਸਥਾਪਿਤ ਹੋਇਆ। ਪੁਰਾਤਨ ਇਤਿਹਾਸਕ ਸਰੋਤਾਂ ਅਤੇ ਗ੍ਰੰਥਾਂ ਵਿਚ ਭਾਵੇਂ ਕਰਤਾਰਪੁਰ ਨਾਲ ਟਕਸਾਲ ਸ਼ਬਦ ਦਾ ਪ੍ਰਯੋਗ ਨਹੀਂ ਮਿਲਦਾ ਪਰੰਤੂ ਇਹ ਸਥਾਨ ਸਿੱਖ ਧਰਮ ਦੇ ਪਹਿਲੇ ਸ਼ਬਦ ਕੀਰਤਨ ਕੇਂਦਰ ਵਜੋਂ ਜ਼ਰੂਰ ਸਰੂ ਪਿੱਤ ਹੁੰਦਾ ਹੈ। ਇਤਿਹਾਸਕ ਹਵਾਲਿਆਂ ਅਨੁਸਾਰ ਗੁਰਦੁਆਰਿਆਂ ਦਾ ਪਹਿਲਾ ਨਾਉਂ 'ਧਰਮਸਾਲਾ' ਪ੍ਰਚਲਿਤ ਰਿਹਾ ਹੈ।

ਭਾਈ ਕਾਨ੍ਹ ਸਿੰਘ ਨਾਭਾ *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼* ਵਿਚ ਧਰਮਸ਼ਾਲਾ ਦਾ ਅਰਥ ਇਸ ਤਰਾਂ ਕਰਦੇ ਹਨ ਕਿ *ਸਿੱਖਾਂ ਦਾ ਧਰਮ ਅਸਥਾਨ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ, ਅਤਿਥੀ ਨੂੰ ਨਿਵਾਸ ਮਿਲੇ, ਅਰੁ ਵਿਦਿਯਾ ਸਿਖਾਈ ਜਾਵੇ।*[7] ਇਸ ਹਵਾਲੇ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਨੇ ਜਿੱਥੇ ਕਰਤਾਰਪੁਰ ਨਗਰ ਨੂੰ ਧਾਰਮਿਕ ਕੇਂਦਰ ਵਜੋਂ ਸਥਾਪਿਤ ਕੀਤਾ ਉੱਥੇ ਨਾਲ ਹੀ ਇਹ ਸ਼ਬਦ ਕੀਰਤਨ ਅਤੇ ਗੁਰਮਤਿ ਸਿਖਲਾਈ ਦਾ ਵੀ ਕੇਂਦਰ ਸੀ। ਕਰਤਾਰਪੁਰ ਸਾਹਿਬ ਦੇ ਸਥਾਨ ਤੋਂ ਹੀ ਗੁਰੂ ਅੰਗਦ ਦੇਵ ਨੇ ਗੁਰੂ ਨਾਨਕ ਦੇਵ ਦੇ ਆਦੇਸ਼ ਅਤੇ ਆਗਿਆ ਨਾਲ *ਆਸਾ ਦੀ ਵਾਰ* ਦਾ ਸ਼ਬਦ ਕੀਰਤਨ ਹਰ ਰੋਜ਼ ਸਵੇਰੇ ਅੰਮ੍ਰਿਤ ਵੇਲੇ ਕਰਨ ਦੀ ਪਰੰਪਰਾ ਦਾ ਆਰੰਭ ਕੀਤਾ। ਸੰਗਤਾਂ ਵਿਚ ਕੀਰਤਨ ਦੀ ਪ੍ਰਥਾ ਨੂੰ ਸਦਾ ਲਈ ਜਾਰੀ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਗੱਦੀ ਦਿੱਤੀ ਤਾਂ ਬਾਣੀ ਦੀਆਂ ਪੋਥੀਆਂ ਦੇ ਨਾਲ-ਨਾਲ ਬਾਣੀ ਦਾ ਗਾਇਨ ਕਰਨ ਲਈ ਭਾਈ ਬਲਵੰਡ ਰਬਾਬੀ ਵੀ ਖਡੂਰ ਸਾਹਿਬ ਭੇਜਿਆ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, *ਅੰਮ੍ਰਿਤ ਵੇਲੇ ਆਸਾ ਦੀ ਵਾਰ ਗਾਉਣ ਦੀ ਰੀਤੀ ਭਾਈ ਲਹਿਣਾ (ਗੁਰੂ ਅੰਗਦ ਦੇਵ) ਨੇ ਗੁਰੂ ਨਾਨਕ ਦੇਵ ਦੀ ਆਗਿਆ ਅਨੁਸਾਰ ਕਰਤਾਰਪੁਰ ਵਿਖੇ ਸਥਾਪਤ ਕੀਤੀ। ਆਸਾ ਦੀ ਵਾਰ ਦਾ ਭੋਗ ਸੂਰਜ ਨਿਕਲਣ ਸਮੇਂ ਪਾਇਆ ਜਾਣਾ ਪੁਰਾਣੀ ਧਾਰਨਾ ਹੈ।*[8]

ਗੁਰੂ ਨਾਨਕ ਦੇਵ ਦੁਆਰਾ ਵੱਖ ਵੱਖ ਰਾਗਾਂ ਵਿਚ 976 ਸ਼ਬਦਾਂ ਦੀ ਰਚਨਾ ਕੀਤੀ ਗਈ, ਜੋ ਕਿ ਸੰਗੀਤ ਜਗਤ ਅਤੇ ਆਮ ਲੋਕਾਈ ਨੂੰ ਇਕ ਵਡਮੁੱਲੀ ਦੇਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਦੁਆਰਾ ਰਚਿਤ ਬਾਣੀ ਵਿਭਿੰਨ ਮੁੱਖ ਰਾਗਾਂ ਅਤੇ ਰਾਗ ਪ੍ਰਕਾਰਾਂ ਦੇ ਅੰਤਰਗਤ ਉਪਲਬਧ ਹੁੰਦੀ ਹੈ। ਇਨ੍ਹਾਂ ਰਾਗਾਂ ਅਤੇ ਰਾਗ ਪ੍ਰਕਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਮੁੱਖ ਰਾਗ : ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ।

ਰਾਗ ਪ੍ਰਕਾਰ : ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਦੀਪਕੀ, ਆਸਾ ਕਾਫੀ, ਵਡਹੰਸ ਦੱਖਣੀ, ਸੂਹੀ ਕਾਫੀ, ਬਿਲਾਵਲ ਦੱਖਣੀ, ਰਾਮਕਲੀ ਦੱਖਣੀ, ਮਾਰੂ ਕਾਫੀ, ਮਾਰੂ ਦੱਖਣੀ, ਪ੍ਰਭਾਤੀ ਬਿਭਾਸ, ਪ੍ਰਭਾਤੀ ਦੱਖਣੀ।[9]

**2.2 ਖਡੂਰ ਸਾਹਿਬ ਸ਼ਬਦ ਕੀਰਤਨ ਕੇਂਦਰ ਵਜੋਂ :** ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਸ਼ਬਦ ਕੀਰਤਨ ਪਰੰਪਰਾ ਨੂੰ ਵਿਹਾਰਿਕ ਰੂਪ ਵਿਚ ਅੱਗੇ ਵਿਕਸਿਤ ਕਰਨ ਲਈ ਖਡੂਰ ਸਾਹਿਬ ਨੂੰ ਦੂਜੇ ਸ਼ਬਦ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ, ਜਿਸ ਦਾ ਉੱਲੇਖ ਬਾਣੀ ਵਿਚ ਇਸ ਪ੍ਰਕਾਰ ਆਉਂਦਾ ਹੈ :

ਫੇਰ ਵਸਾਇਆ ਫੇਰੁ ਆਣਿ ਸਤਿਗੁਰਿ ਖਾਡੂਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 967)

ਗੁਰੂ ਅੰਗਦ ਦੇਵ ਨੂੰ ਜਦੋਂ ਗੁਰਗੱਦੀ ਦੀ ਪ੍ਰਾਪਤੀ ਹੋਈ ਤਾਂ ਆਪ ਨੇ ਗੁਰੂ ਨਾਨਕ ਦੇਵ ਦੇ ਸਿਧਾਂਤ ਅਨੁਸਾਰ ਹੀ ਸ਼ਬਦ ਕੀਰਤਨ ਪਰੰਪਰਾ ਨੂੰ ਵਿਹਾਰਿਕ ਰੂਪ ਵਿਚ ਅੱਗੇ ਵਿਕਸਿਤ ਕੀਤਾ। ਸ਼ਬਦ ਗਾਇਨ ਦੇ ਪ੍ਰਚਾਰ ਹਿਤ ਆਪ ਦੇ ਦਰਬਾਰ ਖਡੂਰ ਸਾਹਿਬ ਵਿਖੇ ਭਾਈ ਮਰਦਾਨਾ ਦੇ ਪੁੱਤਰ ਭਾਈ ਸਜ਼ਾਦਾ ਅਤੇ ਭਾਈ ਸਾਦੂ, ਭਾਈ ਬਾਦੂ, ਭਾਈ ਰਜ਼ਾਦਾ, ਭਾਈ ਬਲਵੰਡ ਆਦਿ ਰਬਾਬੀ ਕੀਰਤਨਕਾਰ ਸਨ ਜੋ ਸਵੇਰੇ ਸ਼ਾਮ ਗੁਰੂ ਦਰਬਾਰ ਵਿਚ ਸ਼ਬਦ ਕੀਰਤਨ ਦਾ ਗਾਇਨ ਕਰਦੇ ਸਨ।[10] ਖਡੂਰ ਸਾਹਿਬ ਗੁਰੂ ਅੰਗਦ ਦੇਵ ਦੇ ਸਮੇਂ

ਸਿੱਖਾਂ ਦਾ ਪ੍ਰਮੁੱਖ ਧਾਰਮਿਕ ਸ਼ਬਦ ਕੀਰਤਨ ਕੇਂਦਰ ਸੀ। ਇਸ ਦਾ ਵਰਣਨ ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਇਸ ਪ੍ਰਕਾਰ ਕਰਦੇ ਹਨ:

ਗੁਰ ਨਾਨਕ ਹੋਦੀ ਮੁਹਰ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ॥

ਦਿਤਾ ਛੋੜਿ ਕਰਤਾਰਪੁਰ ਬੈਠਿ ਖਡੂਰੇ ਜੋਤਿ ਜਗਾਈ॥

(ਵਾਰਾਂ ਭਾਈ ਗੁਰਦਾਸ, ਵਾਰ ੧, ਪਉੜੀ ੪੬)

ਗੁਰੂ ਘਰ ਦੇ ਪ੍ਰਸਿੱਧ ਰਬਾਬੀ ਭਾਈ ਬਲਵੰਡ ਗੁਰੂ ਅੰਗਦ ਦੇਵ ਦੇ ਦਰਬਾਰ ਵਿਚ ਕੀਰਤਨ ਕਰਦੇ ਸਨ। ਇਸ ਦਾ ਉੱਲੇਖ ਮਹਿਮਾ ਪ੍ਰਕਾਸ਼ ਵਿਚ ਇਸ ਪ੍ਰਕਾਰ ਦਰਜ ਹੈ।

ਬਲਵੰਡ ਰਬਾਬੀ ਤੁਮ ਸੰਗ ਜਾਵੈ, ਸਮੇ ਸਮੇ ਹਰਿ ਸ਼ਬਦ ਕੀਰਤਨ ਗਾਵੈ॥

(ਮਹਿਮਾ ਪ੍ਰਕਾਸ਼, ਪੰਨਾ ੧੬੪)

ਭਾਈ ਬਲਵੰਡ ਤੇ ਭਾਈ ਸੱਤਾ ਗੁਰੂ ਦਰਬਾਰ (ਖਡੂਰ ਸਾਹਿਬ) ਵਿਚ ਸਵੇਰੇ ਸ਼ਾਮ ਕੀਰਤਨ ਕਰਦੇ ਸਨ। ਇਸੇ ਕਰਕੇ ਉਨ੍ਹਾਂ ਦੀ ਵੰਸ਼ ਪਰੰਪਰਾ ਨੂੰ 'ਖਡੂਰੀਏ ਰਬਾਬੀ' ਕਿਹਾ ਜਾਣ ਲੱਗ ਪਿਆ।[11] ਸ੍ਰੀ ਗੁਰੂ ਅੰਗਦ ਦੇਵ ਦੁਆਰਾ ਰਚਿਤ ਬਾਣੀ 63 ਸਲੋਕਾਂ ਦੇ ਰੂਪ ਵਿਚ *ਸਿਰੀ, ਮਾਝ, ਆਸਾ, ਸੋਰਠਿ, ਸੂਹੀ, ਰਾਮਕਲੀ, ਮਾਰੂ, ਸਾਰੰਗ, ਮਲਾਰ* ਰਾਗਾਂ ਅਧੀਨ ਦਰਜ ਹੈ। ਆਪਣੀਆਂ ਰਚਨਾਵਾਂ ਵਿਚ ਆਪਣੇ ਨਾਮ ਦਾ ਪ੍ਰਯੋਗ ਕਰਨ ਦੀ ਬਜਾਏ ਆਪ ਨੇ *ਨਾਨਕ* ਸ਼ਬਦ ਦਾ ਹੀ ਪ੍ਰਯੋਗ ਕੀਤਾ। ਇਸ ਲਈ ਜਿਹੜੀ ਵੀ ਬਾਣੀ ਗੁਰੂ ਅੰਗਦ ਦੇਵ ਦੀ ਪ੍ਰਾਪਤ ਹੁੰਦੀ ਹੈ ਉਸ ਵਿਚ *ਨਾਨਕ* ਸ਼ਬਦ ਦਾ ਹੀ ਪ੍ਰਯੋਗ ਮਿਲਦਾ ਹੈ। ਗੁਰੂ ਅੰਗਦ ਦੇਵ ਦੇ ਸਮੇਂ ਦਰਬਾਰ ਵਿਚ ਰਬਾਬੀ ਕੀਰਤਨੀਆਂ ਵੱਲੋਂ ਅੰਮ੍ਰਿਤ ਵੇਲੇ, ਜਿੱਥੇ *ਆਸਾ ਦੀ ਵਾਰ* ਦੇ ਕੀਰਤਨ ਦੀ ਪਰੰਪਰਾ ਪ੍ਰਚਲਿਤ ਸੀ ਉੱਥੇ ਸ਼ਾਮ ਵੇਲੇ *ਸੋਦਰ* ਦੇ ਪਾਠ ਦੀ ਪਰੰਪਰਾ ਵੀ ਪ੍ਰਚਲਿਤ ਹੋਈ।

**2.3 ਗੋਇੰਦਵਾਲ ਸਾਹਿਬ ਸ਼ਬਦ ਕੀਰਤਨ ਕੇਂਦਰ ਵਜੋਂ** : ਪੂਰਵਲੇ ਗੁਰੂ ਸਾਹਿਬਾਨ ਵੱਲੋਂ ਚਲਾਈ ਸ਼ਬਦ ਕੀਰਤਨ ਪਰੰਪਰਾ ਦੀ ਨਿਰੰਤਰਤਾ ਨੂੰ ਕਾਇਮ ਰੱਖਣ ਹਿਤ ਅਤੇ ਸਿੱਖ ਧਰਮ ਦੇ ਸਿਧਾਂਤ ਨੂੰ ਦ੍ਰਿੜ੍ਹ ਕਰਵਾਉਣ ਲਈ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਤ ਕੀਤਾ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੋਇੰਦਵਾਲ ਦੇ ਵਸਾਉਣ ਹਿਤ ਜ਼ਿਕਰ ਇਸ ਤਰ੍ਹਾਂ ਦਰਜ ਹੈ :

ਫੇਰਿ ਵਸਾਇਆ ਗੋਇੰਦਵਾਲ ਅਚਰਜੁ ਖੇਲੁ ਨ ਲਖਿਆ ਜਾਈ॥

(ਵਾਰਾਂ ਭਾਈ ਗੁਰਦਾਸ, ਵਾਰ ੧, ਪਉੜੀ ੪੬)

ਸ੍ਰੀ ਗੁਰੂ ਅਮਰਦਾਸ ਨੇ ਸ਼ਬਦ ਕੀਰਤਨ ਪਰੰਪਰਾ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਅੱਗੇ ਵਧਾਉਂਦੇ ਹੋਏ ਮੰਜੀ ਪ੍ਰਥਾ ਦਾ ਆਰੰਭ ਕੀਤਾ। ਆਪ ਨੇ ਸ਼ਬਦ ਕੀਰਤਨ ਅਤੇ ਗੁਰਬਾਣੀ ਦਾ ਪ੍ਰਚਾਰ ਕਰਨ ਲਈ ਵਿਦਵਾਨ ਅਤੇ ਉੱਚੇ ਸੁੱਚੇ ਜੀਵਨ ਵਾਲੇ ਗੁਰਸਿੱਖਾਂ ਦੀ ਨਿਯੁਕਤੀ ਕਰਕੇ ਉਨ੍ਹਾਂ ਨੂੰ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਵੱਖ ਵੱਖ ਸਥਾਨਾਂ ਤੇ ਭੇਜਿਆ। ਆਪ ਨੇ 22 ਮੰਜੀਆਂ ਦੀ ਸਥਾਪਨਾ ਕੀਤੀ। ਇਹ 22 ਮੰਜੀਆਂ ਪੰਜਾਬ ਦੇ ਅੱਡ-ਅੱਡ ਖੇਤਰਾਂ ਵਿਚ ਸਥਾਪਿਤ ਕੀਤੀਆਂ ਗਈਆਂ। ਗੁਰੂ ਸਾਹਿਬ ਨੇ ਇਨ੍ਹਾਂ ਪ੍ਰਚਾਰਕਾਂ ਨੂੰ ਨਿਰਧਾਰਿਤ ਰਾਗਾਂ ਅਨੁਸਾਰ ਸੰਗੀਤ ਦੀ ਸਿੱਖਿਆ ਦਿੱਤੀ। ਗੁਰੂ ਸਾਹਿਬ ਨੇ ਗੋਇੰਦਵਾਲ ਸਾਹਿਬ ਰਹਿੰਦਿਆਂ ਗੁਰੂ ਨਾਨਕ ਦੇਵ ਜੀ ਦੇ ਦਿੱਤੇ ਸਿਧਾਂਤ ਨੂੰ ਦ੍ਰਿੜ੍ਹ ਕਰਵਾਉਂਦਿਆਂ ਗੁਰਮਤਿ ਸੰਗੀਤ ਦੀ ਪ੍ਰਫੁੱਲਤਾ ਹਿਤ ਵਿਸ਼ੇਸ਼ ਕਾਰਜ ਕੀਤੇ। ਆਪ ਵੱਲੋਂ ਆਪਣੇ ਪੂਰਵਲੇ ਗੁਰੂ ਸਾਹਿਬਾਨਾਂ ਦੀ ਤਰਜ਼ 'ਤੇ ਰਾਗਾਤਮਿਕ ਬਾਣੀ ਰਚੀ। ਗੁਰੂ ਅਮਰਦਾਸ ਦੇ ਸਮੇਂ ਸਿੱਖ ਸ਼ਬਦ ਕੀਰਤਨ ਪਰੰਪਰਾ ਵਿਚ ਸਿਰਫ਼ ਰਬਾਬ ਸਾਜ਼ ਦਾ ਹੀ ਪ੍ਰਯੋਗ ਕੀਤਾ ਜਾਂਦਾ ਸੀ ਪ੍ਰੰਤੂ ਆਪ ਨੇ *ਸਾਰੰਦਾ'* ਨਾਮ ਦੇ ਸਾਜ਼ ਦਾ ਆਵਿਸ਼ਕਾਰ ਕੀਤਾ ਅਤੇ ਇਸ ਸਾਜ਼ ਨੂੰ ਆਪ ਵਜਾ ਕੇ ਸਿੱਖ ਕੀਰਤਨਕਾਰਾਂ ਨੂੰ ਸਿਖਾਇਆ। ਭਾਈ ਪਾਂਧਾ ਤੇ ਭਾਈ ਬੁੱਲ੍ਹਾ ਆਪ ਦੇ ਦਰਬਾਰ ਦੇ ਪ੍ਰਮੁੱਖ ਸ਼ਬਦ ਕੀਰਤਨਕਾਰ ਸਨ।[12] ਭਾਈ ਪਾਂਧਾ ਤੇ ਭਾਈ ਬੁੱਲ੍ਹਾ ਡੱਲਾਂ ਪਿੰਡ ਦੇ ਨਿਵਾਸੀ ਸਨ। ਇਨ੍ਹਾਂ ਦਾ ਜ਼ਿਕਰ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਪ੍ਰਕਾਰ ਮਿਲਦਾ ਹੈ :

ਪਾਂਧਾ ਬੁਲਾ ਜਾਣੀ ਗੁਰਬਾਣੀ ਗਾਇਣ ਲੇਖਾਰੀ, ਡਲੇ ਵਾਸੀ ਸੰਗੀਤ ਭਾਰੀ॥

(ਵਾਰਾਂ ਭਾਈ ਗੁਰਦਾਸ, ਵਾਰ ੧੧ਵੀਂ, ਪਉੜੀ ੪੬.)

ਡੱਲਾਂ ਨਿਵਾਸੀ ਭਾਈ ਉਗਰਸੈਨ, ਭਾਈ ਰਾਮੂ ਅਤੇ ਭਾਈ ਨਗੌਰੀ ਮੱਲ ਗੁਰੂ ਅਮਰਦਾਸ ਦੇ ਸਮੇਂ ਤੋਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਗੁਰੂ ਦਰਬਾਰ ਵਿਚ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ।[13] ਭਾਈ ਸਾਦੂ ਅਤੇ ਭਾਈ ਬਾਦੂ ਆਪ ਦੇ ਹਜ਼ੂਰੀ ਕੀਰਤਨੀਏ ਸਨ, ਜੋ ਆਈਆਂ ਸੰਗਤਾਂ ਨੂੰ ਕਥਾ ਕੀਰਤਨ ਦੇ ਨਾਲ ਨਿਹਾਲ ਕਰਦੇ ਸਨ। ਗਿਆਨੀ ਗਿਆਨ ਸਿੰਘ ਨੇ ਗੁਰੂ ਸਾਹਿਬ ਦੀ ਨਿੱਤ ਦੀ ਮਰਿਆਦਾ ਦਾ ਵਰਣਨ ਕਰਦਿਆਂ ਇਸ ਪ੍ਰਕਾਰ ਲਿਖਿਆ ਹੈ, "ਗੁਰੂ ਅਮਰਦਾਸ ਨਿੱਤ ਅੰਮ੍ਰਿਤ ਵੇਲੇ ਪਹਿਰ ਦੇ ਤੜਕੇ ਜਾਗਦੇ ਅਤੇ ਸਾਧ ਸੰਗਤ ਨੂੰ ਵੀ ਉਸੇ ਵੇਲੇ ਜਗਾ ਕੇ ਇਸ਼ਨਾਨ ਕਰਨ ਤੇ ਨਾਮ ਜਪਣ ਦਾ ਹੁਕਮ ਦੇ ਰੱਖਿਆ ਸੀ। ਪਹੁ-

ਫੁਟਾਲ਼ੇ ਸਫ਼ੈਦ ਪੁਸ਼ਾਕਾਂ ਪਹਿਨ ਕੇ ਸਿੰਘਾਸਣ ਉੱਤੇ ਦਰਬਾਰ ਸਾਹਿਬ ਆ ਕੇ ਬੈਠ ਜਾਂਦੇ ਸਨ ਅਤੇ ਭਾਈ ਸਾਦੂ, ਭਾਈ ਬਾਦੂ ਹਜ਼ੂਰੀ ਕੀਰਤਨੀਏ ਕੀਰਤਨ ਕਰਦੇ ਸਨ ਅਤੇ ਗੁਰੂ ਸਾਹਿਬ ਸੰਗਤਾਂ ਨੂੰ ਕਥਾ ਕੀਰਤਨ ਦੇ ਨਾਲ ਨਿਹਾਲ ਕਰਦੇ ਸਨ।"

ਗੁਰੂ ਅਮਰਦਾਸ ਨੇ ਸਮੁੱਚੀ ਸਿੱਖ ਸੰਗਤ ਨੂੰ ਗੁਰਪੁਰਬ ਅਤੇ ਦੂਜੇ ਤਿਉਹਾਰਾਂ ਸਮੇਂ ਆਪੋ ਆਪਣੇ ਨਗਰਾਂ ਵਿਚ ਇਕੱਠੇ ਹੋ ਕੇ ਗੁਰੂ ਜੱਸ ਕਰਨ ਦਾ ਉਪਦੇਸ਼ ਦਿੱਤਾ। ਇਸ ਨਾਲ ਵੱਖ ਵੱਖ ਨਗਰਾਂ ਅਤੇ ਸਥਾਨਾਂ ਉੱਤੇ ਕੀਰਤਨ ਦੀ ਪ੍ਰਥਾ ਦਾ ਪ੍ਰਚਲਣ ਹੋਇਆ ਜਿਸ ਦਾ ਵਰਣਨ ਭਾਈ ਸੰਤੋਖ ਸਿੰਘ, ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਪ੍ਰਕਾਰ ਕਰਦੇ ਹਨ :

ਦਿਨ ਗੁਰਪੁਰਬ ਦਰਸ ਸੰ੍ਕਾਤਿ

ਦੀਪਮਾਲ ਆਦਿਕ ਬੱਤਯਾਤਿ॥

ਹੋਇ ਦੁਸਹਿਰਹ ਮਿਲਿ ਹਿਕ ਥਾਇ॥

ਕਰਿਹੁ ਕਰਾਹੁ ਉਛਾਹ ਬਧਾਇ॥ (ਗੁਰਪ੍ਰਤਾਪ ਸੂਰਜ ਗ੍ਰੰਥ, ਪੰਨਾ ੧੬੨੬)

ਸ੍ਰੀ ਗੁਰੂ ਗ੍ਰੰਥ ਸਾਹਿਬ ਅਧੀਨ ਵਿਭਿੰਨ ਰਾਗਾਂ ਵਿਚ ਗੁਰੂ ਅਮਰਦਾਸ ਦੇ 907 ਸ਼ਬਦ ਅਤੇ ਸਲੋਕ ਦਰਜ ਹਨ। ਉਨ੍ਹਾਂ ਨੇ 16 ਮੁੱਖ ਰਾਗ ਅਤੇ 6 ਰਾਗ ਪ੍ਰਕਾਰਾਂ ਵਿਚ ਵਿਭਿੰਨ ਬਾਣੀ ਰੂਪਾਂ ਦੀ ਰਚਨਾ ਕੀਤੀ ਜੋ ਨਿਮਨਲਿਖਤ ਅਨੁਸਾਰ ਹੈ:

ਮੁੱਖ ਰਾਗ : ਸਿਰੀ, ਮਾਝ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ।,

ਰਾਗ ਪ੍ਰਕਾਰ : ਗਉੜੀ ਗੁਆਰੇਰੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਆਸਾ ਕਾਫੀ, ਬਸੰਤ ਹਿੰਡੋਲ, ਪ੍ਰਭਾਤੀ ਵਿਭਾਸ।

ਗੁਰੂ ਅਮਰਦਾਸ ਜੀ ਨੇ ਜਿੱਥੇ ਸਿੱਖ ਸੰਗਤ ਨੂੰ ਮੌਲਿਕ ਸਾਜ਼ ਸਾਰੰਦੇ ਦੀ ਬਖਸ਼ੀਸ਼ ਕੀਤੀ ਉੱਥੇ ਵਿਭਿੰਨ ਰਾਗਾਂ ਵਿਚ ਗੁਰਬਾਣੀ ਵੀ ਰਚੀ। ਆਪ ਨੇ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਦੇ ਨਾਲ-ਨਾਲ ਗੁਰਮਤਿ ਸੰਗੀਤ ਪਰੰਪਰਾ ਨੂੰ ਗੋਇੰਦਵਾਲ ਸਾਹਿਬ ਵਿਖੇ ਨੇਮ ਨਾਲ ਕਾਇਮ ਰੱਖਿਆ।

**2.4 ਅੰਮ੍ਰਿਤਸਰ ਸਾਹਿਬ ਸ਼ਬਦ ਕੀਰਤਨ ਕੇਂਦਰ ਵਜੋਂ :** ਸ੍ਰੀ ਗੁਰੂ ਰਾਮਦਾਸ ਨੇ ਸ਼ਬਦ ਕੀਰਤਨ ਪਰੰਪਰਾ ਨੂੰ ਵਿਕਸਿਤ ਕਰਨ ਲਈ ਗੁਰੂ ਅਮਰਦਾਸ ਦੇ ਹੁਕਮਾਂ ਅਨੁਸਾਰ ਰਾਮਦਾਸ ਪੁਰ ਸਾਹਿਬ ਦੀ ਨੀਂਹ ਰੱਖੀ ਜਿਸ ਨੂੰ ਚੱਕ ਰਾਮਦਾਸ ਪੁਰ ਵੀ ਆਖਿਆ ਜਾਂਦਾ ਹੈ। ਵਰਤਮਾਨ ਸਮੇਂ ਇਹ ਅੰਮ੍ਰਿਤਸਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੈ। ਜਿਸ ਦਾ ਜ਼ਿਕਰ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਪ੍ਰਕਾਰ ਆਉਂਦਾ ਹੈ :

ਬੈਠਾ ਸੋਢੀ ਪਾਤਿਸਾਹੁ ਰਾਮਦਾਸ ਸਤਿਗੁਰੂ ਕਹਾਵੈ
ਪੂਰਨ ਤਾਲ ਖਟਾਇਆ ਅਮ੍ਰਿਤਸਰ ਵਿਚਿ ਜੋਤਿ ਜਗਾਵੈ॥

(ਵਾਰਾਂ ਭਾਈ ਗੁਰਦਾਸ, ਵਾਰ ੧, ਪਉੜੀ ੪੭)

ਸ੍ਰੀ ਗੁਰੂ ਰਾਮਦਾਸ ਨੇ ਗੁਰਮਤਿ ਦੇ ਪ੍ਰਚਾਰ ਅਤੇ ਕੀਰਤਨ ਕੇਂਦਰ ਵਜੋਂ ਰਾਮਦਾਸ ਪੁਰ (ਅੰਮ੍ਰਿਤਸਰ ਸਾਹਿਬ) ਨੂੰ ਸਥਾਪਿਤ ਕੀਤਾ। ਆਪ ਨੇ ਜਿੱਥੇ ਗੁਰਿਆਈ ਗੱਦੀ ਦੀਆਂ ਧਾਰਮਿਕ ਜ਼ਿੰਮੇਵਾਰੀਆਂ ਨਿਭਾਈਆਂ, ਉੱਥੇ ਅੰਮ੍ਰਿਤਸਰ ਸ਼ਹਿਰ ਨੂੰ ਸਿੱਖਾਂ ਦੇ ਧਾਰਮਿਕ ਅਤੇ ਸ਼ਬਦ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ।[14] ਸ੍ਰੀ ਗੁਰੂ ਰਾਮਦਾਸ ਨੇ ਗੁਰੂ ਘਰ ਵਿਚ ਰਾਗਮਈ ਸ਼ਬਦ ਕੀਰਤਨ ਪਰੰਪਰਾ ਦਾ ਪ੍ਰਚਲਣ ਵੀ ਕਾਇਮ ਰੱਖਿਆ। ਜਿਸ ਦਾ ਵਰਣਨ ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਪ੍ਰਕਾਰ ਦਰਜ ਹੈ:

ਗਾਵਹਿ ਸਬਦ ਰਬਾਬੀ ਰਾਗਿ॥ ਜਿਨ ਕੇ ਬਿਖੈ ਭਰਮ ਬੈਰਾਗ॥
ਸਭਾ ਲਗਹਿ ਜਬ ਹੋਵਤਿ ਭੋਰ॥ ਆਵਹਿ ਸਿਖ ਕਰਹਿ ਬਹੁ ਜੋਰ॥
ਬਿਚ ਗਗਨ ਕੇ ਸਬਦ ਬਨਾਵਹਿ॥ ਮਧੁਰ ਮਧੁਰ ਮੁਖ ਤੇ ਧੁਨ ਗਾਵਹਿ॥"

(ਗੁਰਪ੍ਰਤਾਪ ਸੂਰਜ ਗ੍ਰੰਥ, ਪੰਨਾ ੧੬੪੪)

ਰਬਾਬੀ ਕੀਰਤਨਕਾਰ ਬੜੇ ਪ੍ਰੇਮ ਅਤੇ ਵੈਰਾਗ ਵਿਚ ਆਕੇ ਰਾਗਬੱਧ ਕੀਰਤਨ ਕਰਦੇ ਅਤੇ ਅੰਮ੍ਰਿਤ ਵੇਲੇ ਤੋਂ ਹੀ ਸੰਗਤਾਂ ਦਾ ਆਉਣਾ ਸ਼ੁਰੂ ਹੋ ਜਾਂਦਾ ਸੀ। ਕੀਰਤਨਕਾਰ ਮਧੁਰ ਧੁਨਾਂ ਵਿਚ ਬਾਣੀ ਦਾ ਕੀਰਤਨ ਸੰਗਤਾਂ ਦੇ ਸਨਮੁੱਖ ਪ੍ਰਸਤੁਤ ਕਰਦੇ ਸਨ। ਆਪ ਦੇ ਦਰਬਾਰ ਵਿਚ ਭਾਈ ਸਾਦੂ ਅਤੇ ਭਾਈ ਬਾਦੂ ਦੇ ਪੁੱਤਰ ਸੱਤਾ ਅਤੇ ਬਲਵੰਡ ਕੀਰਤਨ ਕਰਿਆ ਕਰਦੇ ਸਨ।[15] ਸ੍ਰੀ ਗੁਰੂ ਰਾਮਦਾਸ ਦੀ ਬਾਣੀ ਵਿਚ ਲੋਕ ਸੰਗੀਤ ਤੇ ਸ਼ਾਸਤਰੀ ਸੰਗੀਤ ਦਾ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ। ਆਪ ਦੁਆਰਾ ਉਚਾਰਨ ਕੀਤੀ ਬਾਣੀ

ਵਿਚ ਸ਼ਾਸਤਰੀ ਅਤੇ ਲੋਕ ਕਾਵਿ ਰੂਪ ਦਾ ਪ੍ਰਯੋਗ ਮਿਲਦਾ ਹੈ। ਗੁਰੂ ਜੀ ਨੇ ਲੋਕ ਕਾਵਿ ਰੂਪ ਦੇ ਅਧਾਰ ਤੇ *ਘੋੜੀਆਂ, ਵਾਰਾਂ, ਕਰਹਲੇ* ਆਦਿ ਲੋਕ ਗਾਇਨ ਸ਼ੈਲੀਆਂ ਦਾ ਆਪਣੀ ਬਾਣੀ ਵਿਚ ਪ੍ਰਯੋਗ ਕੀਤਾ। ਲੋਕ ਸੰਗੀਤ ਦੀਆਂ ਗਾਇਨ ਸ਼ੈਲੀਆਂ ਵਿਚ *ਛੰਤ* ਅਤੇ *ਵਾਰਾਂ* ਆਦਿ ਆਪ ਦੀਆਂ ਪ੍ਰਸਿੱਧ ਰਚਨਾਵਾਂ ਹਨ। ਸ੍ਰੀ ਗੁਰੂ ਰਾਮਦਾਸ ਨੇ *ਪੜਤਾਲ* ਨਾਮਕ ਸ਼ਾਸਤਰੀ ਗਾਇਨ ਸ਼ੈਲੀ ਦਾ ਆਵਿਸ਼ਕਾਰ ਕੀਤਾ। ਆਪ ਦੀਆਂ 7 ਰਾਗਾਂ ਵਿਚ ਪੜਤਾਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਹਨ। ਸ੍ਰੀ ਗੁਰੂ ਰਾਮਦਾਸ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 30 ਸ਼ੁੱਧ ਰਾਗ ਅਤੇ 13 ਮਿਸ਼ਰਿਤ ਰਾਗਾਂ ਵਿਚ 679 ਸ਼ਬਦ ਅਤੇ ਸਲੋਕ ਦਰਜ ਹਨ ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ :

ਮੁੱਖ ਰਾਗ : ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ।

ਰਾਗ ਪ੍ਰਕਾਰ : ਗਉੜੀ ਗੁਆਰੇਰੀ, ਗਉੜੀ ਬੈਰਾਗਣਿ, ਗਉੜੀ ਚੇਤੀ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਆਸਾ ਕਾਫੀ, ਆਸਾਵਰੀ ਸੁਧੰਗ, ਨਟ, ਬਸੰਤ ਹਿੰਡੋਲ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ, ਕਲਿਆਣ ਭੋਪਾਲੀ।

**2.5 ਤਰਨਤਾਰਨ ਸਾਹਿਬ ਸ਼ਬਦ ਕੀਰਤਨ ਕੇਂਦਰ ਵਜੋ :** ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨਾਂ ਦੀ ਬਾਣੀ ਅਤੇ ਸ਼ਬਦ ਕੀਰਤਨ ਪਰੰਪਰਾ ਦਾ ਪੂਰਨ ਰੂਪ ਵਿਚ ਅਧਿਐਨ ਕੀਤਾ ਅਤੇ ਕੀਰਤਨ ਪਰੰਪਰਾ ਨੂੰ ਅੱਗੇ ਤੋਰਦੇ ਹੋਏ ਕੀਰਤਨ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਆਪ ਨੇ ਕੀਰਤਨ ਦੇ ਸੰਸਥਾਗਤ ਪ੍ਰਚਾਰ ਲਈ ਤਰਨਤਾਰਨ ਸਾਹਿਬ ਨੂੰ ਸ਼ਬਦ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ। ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪੂਰਵਲੇ ਗੁਰੂ ਸਾਹਿਬਾਨਾਂ ਦੀ ਬਾਣੀ ਅਤੇ ਭਗਤਾਂ ਦੀ ਬਾਣੀ ਨੂੰ ਇਕੱਠਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਾਤਮਿਕ ਸੰਪਾਦਨਾ ਕਰਕੇ ਸੰਗੀਤ ਜਗਤ ਨੂੰ ਵਿਲੱਖਣ ਦੇਣ ਪ੍ਰਦਾਨ ਕੀਤੀ। *ਆਦਿ ਗ੍ਰੰਥ* ਦੇ ਪ੍ਰਕਾਸ਼ ਦੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਬਦ ਕੀਰਤਨ ਦੀ ਮਰਿਆਦਾ ਦਾ ਆਰੰਭ ਹੋਇਆ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਗੁਰੂ ਅਰਜਨ ਦੇਵ ਜੀ ਖ਼ੁਦ ਵੀ ਸਾਰੰਦੇ ਨਾਲ ਕੀਰਤਨ ਕਰਦੇ ਸਨ ਪਰ ਸਭ ਤੋਂ ਪਹਿਲਾ ਸ਼ਬਦ ਕੀਰਤਨ ਕਰਨ ਵਾਲੇ ਰਬਾਬੀ ਸੱਤਾ ਅਤੇ

ਬਲਵੰਡ ਹੀ ਸਨ।[16] ਭਾਈ ਕੇਦਾਰ, ਝਾਜੂ ਅਤੇ ਮੁਕੰਦ ਵਰਗੇ ਪ੍ਰਸਿੱਧ ਰਾਗੀ ਰਬਾਬੀ ਵੀ ਗੁਰੂ ਅਰਜਨ ਦੇਵ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਬਦ ਕੀਰਤਨ ਕਰਿਆ ਕਰਦੇ ਰਹੇ। ਇਸ ਸਬੰਧੀ ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਇਸ ਪ੍ਰਕਾਰ ਵਰਣਨ ਕਰਦੇ ਹਨ :

ਝਾਜੂ ਅਤੇ ਮੁਕੰਦ ਹੈ ਸ਼ਬਦ ਕੀਰਤਨ ਕਰੇ ਹਜੂਰ ਕਿਦਾਰਾ॥

(ਵਾਰਾਂ ਭਾਈ ਗੁਰਦਾਸ, ਵਾਰ ੧੧, ਪਉੜੀ ੧੮.)

ਭਾਈ ਸੱਤਾ ਅਤੇ ਬਲਵੰਡ ਆਪ ਦੇ ਦਰਬਾਰ ਦੇ ਪ੍ਰਸਿੱਧ ਰਬਾਬੀ ਕੀਰਤਨਕਾਰ ਸਨ। ਇਕ ਇਤਿਹਾਸਕ ਘਟਨਾ ਅਨੁਸਾਰ ਇਹ ਗੁਰੂ ਘਰ ਵਿਚ ਕੀਰਤਨ ਦੀ ਸੇਵਾ ਤੋਂ ਮੁਨਕਰ ਹੋ ਗਏ। ਗੁਰੂ ਨੇ ਇਨ੍ਹਾਂ ਦੀ ਮਨੋਦਸ਼ਾ ਨੂੰ ਸਮਝਦੇ ਹੋਏ ਸਿੱਖ ਸੰਗਤ ਨੂੰ ਖ਼ੁਦ ਕੀਰਤਨ ਕਰਨ ਦਾ ਆਦੇਸ਼ ਦਿੱਤਾ। ਇਸ ਘਟਨਾ ਦੇ ਕਾਰਨ ਹੀ ਕੀਰਤਨ ਰਬਾਬੀ ਕੀਰਤਨਕਾਰਾਂ ਤੋਂ ਸਧਾਰਨ ਸਿੱਖ ਸੰਗਤ ਵਿਚ ਪ੍ਰਚਲਿਤ ਹੋ ਗਿਆ ਤੇ ਗੁਰਮਤਿ ਸੰਗੀਤ ਪਰੰਪਰਾ ਵਿਚ ਰਾਗੀ ਪਰੰਪਰਾ ਦਾ ਪ੍ਰਾਰੰਭ ਹੋਇਆ। ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣ ਕਾਰਨ ਅਖੰਡ ਸ਼ਬਦ ਕੀਰਤਨ ਦੀ ਪ੍ਰਥਾ ਸ਼ੁਰੂ ਹੋ ਗਈ ਸੀ, ਜਿਸ ਕਾਰਨ ਸ਼ਬਦ ਕੀਰਤਨ, ਚੌਕੀਆਂ ਦੇ ਰੂਪ ਵਿਚ ਹੋਣ ਲੱਗ ਪਿਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "*ਸ੍ਰੀ ਗੁਰੂ ਅਰਜਨ ਦੇਵ ਨੇ ਸ਼ਬਦ ਕੀਰਤਨ ਪਰੰਪਰਾ ਦੇ ਪ੍ਰਚਾਰ ਲਈ ਸ੍ਰੀ ਹਰਿਮੰਦਰ ਸਾਹਿਬ ਵਿਚ ਸ਼ਬਦ ਕੀਰਤਨ ਦੀਆਂ ਚਾਰ ਚੌਕੀਆਂ ਦੀ ਮਰਿਆਦਾ ਕਾਇਮ ਕੀਤੀ" ਜੋ ਇਸ ਪ੍ਰਕਾਰ ਹੈ :*

- *ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਦੀ ਚਉਕੀ।*
- *ਸਵਾ ਪਹਿਰ ਦਿਨ ਚੜ੍ਹੇ 'ਚਰਨ ਕਵਲ' ਦੀ ਚਉਕੀ।*
- *ਸ਼ਾਮ ਵੇਲੇ 'ਸੋਦਰੁ' ਦੀ ਚਉਕੀ।*
- *ਚਾਰ ਘੜੀ ਰਾਤ ਬੀਤਣ ਤੇ 'ਕਲਯਾਨ' ਦੀ ਚਉਕੀ।*[17]

ਆਪ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਰਚ ਕੇ ਗੁਰਮਤਿ ਸੰਗੀਤ ਦੇ ਖੇਤਰ ਨੂੰ ਹੋਰ ਪ੍ਰਫੁੱਲਿਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੁਆਰਾ ਉਚਾਰਨ ਕੀਤੀ ਬਾਣੀ ਸਭਨਾਂ ਗੁਰੂ ਸਾਹਿਬਾਨਾਂ ਤੋਂ ਵੱਧ ਦਰਜ ਹੈ। ਗੁਰੂ ਰਾਮਦਾਸ ਸ਼ਬਦ ਦੀ ਤਰ੍ਹਾਂ ਆਪ ਨੇ ਵੀ 36 ਪੜਤਾਲਾਂ ਦੀ ਰਚਨਾ ਕੀਤੀ। ਸ੍ਰੀ ਗੁਰੂ ਗ੍ਰੰਥ

ਸਾਹਿਬ ਵਿਚ ਆਪ ਦੁਆਰਾ ਉਚਾਰਨ ਕੀਤੇ ਗਏ 2216 ਸ਼ਬਦ ਅਤੇ 38 ਸਲੋਕ 31 ਮੁੱਖ ਰਾਗਾਂ ਤੇ 15 ਰਾਗ ਪ੍ਰਕਾਰਾਂ ਦੇ ਅੰਤਰਗਤ ਦਰਜ ਹਨ ਜੋ ਇਸ ਪ੍ਰਕਾਰ ਹਨ :

ਮੁੱਖ ਰਾਗ : ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਵਡਹੰਸ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ।

ਰਾਗ ਪ੍ਰਕਾਰਃ ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਆਸਾ ਕਾਫੀ, ਆਸਾਵਰੀ, ਆਸਾਵਰੀ ਸੁਧੰਗ, ਦੇਵਗੰਧਾਰ, ਨਟ, ਬਸੰਤ ਹਿੰਡੋਲ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ।

**2.6 ਕੀਰਤਪੁਰ ਸਾਹਿਬ ਸ਼ਬਦ ਕੀਰਤਨ ਕੇਂਦਰ ਵਜੋਂ :** ਸਿੱਖ ਧਰਮ ਦੇ ਸਿਧਾਂਤਾਂ ਅਤੇ ਗੁਰਮਤਿ ਸੰਗੀਤ ਦਾ ਪ੍ਰਚਾਰ ਪ੍ਰਸਾਰ ਕਰਨ ਲਈ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕੀਰਤਪੁਰ ਸਾਹਿਬ ਨੂੰ ਸ਼ਬਦ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ। ਆਪ ਨੇ ਸ਼ਬਦ ਕੀਰਤਨ ਦੇ ਵਿਕਾਸ ਵਿਚ ਯੋਗਦਾਨ ਪਾਉਂਦਿਆਂ ਪੂਰਵਲੀ ਸ਼ਬਦ ਕੀਰਤਨ ਪਰੰਪਰਾ ਦਾ ਪ੍ਰਵਾਹ ਨਿਰੰਤਰ ਜਾਰੀ ਰੱਖਿਆ। ਸਿੱਖ ਜਗਤ ਵਿਚ ਰਬਾਬੀ ਕੀਰਤਨਕਾਰਾਂ ਤੋਂ ਬਾਅਦ ਆਪ ਦੇ ਸਮੇਂ ਇਕ ਹੋਰ ਸ਼੍ਰੇਣੀ ਹੋਂਦ ਵਿਚ ਆਈ, ਜਿਸ ਨੂੰ ਢਾਡੀ ਪਰੰਪਰਾ ਕਿਹਾ ਜਾਂਦਾ ਹੈ।

ਲਗੈ ਦੁ ਵਕਤ ਦੀਵਾਨ ਆਨ ਢਾਡੀ ਗੁਨ ਗਾਵਹਿ।
ਸੁਨ ਕੇ ਕਾਇਰ ਜਿ ਜੰਗ ਹਿਤ ਅਤਿ ਹੁਲਸਾਵਹਿ॥

(ਗੁਰਬਿਲਾਸ ਪਾਤਸ਼ਾਹੀ ੬ਵੀਂ, ੧੩੧.)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨੌਂ ਵਾਰਾਂ ਤੇ ਧੁਨੀਆਂ ਦੇ ਵਿਹਾਰਿਕ ਪ੍ਰਚਲਣ ਵਿਚ ਆਪ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਆਪ ਦੇ ਸਮੇਂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਧੁਨੀਆਂ ਦੇ ਸਿਰਲੇਖਾਂ ਅਨੁਸਾਰ ਵਾਰਾਂ ਦਾ ਗਾਇਨ ਕੀਤਾ ਜਾਣਾ ਆਰੰਭ ਹੋਇਆ। ਆਪ ਦੇ ਸਮੇਂ ਗੁਰੂ ਦਰਬਾਰ ਵਿਚ ਭਾਈ ਬਾਬਕ, ਭਾਈ ਛਬੀਲਾ, ਭਾਈ ਨੱਥਾ, ਭਾਈ ਅਬਦੁੱਲਾ ਆਦਿ ਕੀਰਤਨਕਾਰ ਤੇ ਢਾਡੀ ਸ਼ਬਦ ਕੀਰਤਨ ਕਰਦੇ ਰਹੇ।[18] ਭਾਈ ਬਾਬਕ ਅਤੇ ਉਨ੍ਹਾਂ ਦੇ ਸਾਥੀ ਅੰਮ੍ਰਿਤ ਵੇਲੇ *ਆਸਾ ਦੀ ਵਾਰ* ਦਾ ਗਾਇਨ ਕਰਦੇ ਸਨ। ਭਾਈ ਬਾਬਕ ਉੱਚ ਕੋਟੀ ਦੇ ਸੰਗੀਤਕਾਰ ਹੋਣ ਦੇ ਨਾਲ ਨਾਲ ਇਕ ਉੱਘੇ ਬਹਾਦਰ ਯੋਧੇ ਵੀ

ਸਨ। ਉਨ੍ਹਾਂ ਸ੍ਰੀ ਅੰਮ੍ਰਿਤਸਰ ਦੀ ਲੜਾਈ ਵਿਚ ਵੀਰਤਾ ਦਿਖਾਉਂਦੇ ਹੋਏ ਵਿਸ਼ੇਸ਼ ਭੂਮਿਕਾ ਨਿਭਾਈ ਸੀ।[19] ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਗੱਦੀਨਸ਼ੀਨੀ ਵੇਲੇ ਭਾਈ ਨੱਥਾ ਅਤੇ ਅਬਦੁੱਲਾ ਨੇ ਰਲ ਕੇ ਇਤਿਹਾਸਕ ਵਾਰਾਂ ਦਾ ਗਾਇਨ ਕੀਤਾ।[20] ਇਸ ਵਾਰ ਨੇ ਸਮੁੱਚੀ ਸਿੱਖ ਕੌਮ ਨੂੰ ਭਗਤੀ ਤੇ ਸ਼ਕਤੀ ਦਾ ਸੰਦੇਸ਼ ਦਿੱਤਾ :

ਦੋ ਤਲਵਾਰਾਂ ਬੱਧੀਆ ਇਕ ਮੀਰੀ ਤੇ ਇਕ ਪੀਰੀ ਦੀ।

ਇਕ ਅਜਪਤ ਦੀ ਇਕ ਰਾਜ ਦੀ ਇਕ ਰਾਖੀ ਕਰੇ ਵਜੀਰ ਦੀ।

ਪਗ ਤੇਰੀ ਕੀ ਜਹਾਂਗੀਰ ਦੀ। (ਗੁਰਬਿਲਾਸ ਪਾਤਸ਼ਾਹੀ ੬ਵੀਂ, ਪੰਨਾ 223.)

ਭਾਈ ਸੰਤੋਖ ਸਿੰਘ ਦੀ ਲਿਖਤ ਅਨੁਸਾਰ ਭਾਈ ਨੱਥ ਅਤੇ ਅਬਦੁੱਲਾ ਪਿੰਡ ਸੁਰ ਸਿੰਘ (ਤਰਨਤਾਰਨ) ਦੇ ਰਹਿਣ ਵਾਲੇ ਸਨ ਅਤੇ ਸਵੇਰੇ ਸ਼ਾਮ ਅਕਾਲ ਤਖ਼ਤ ਤੇ ਢਾਡੀ ਵਾਰਾਂ ਦਾ ਗਾਇਨ ਮਰਿਆਦਾ ਅਨੁਸਾਰ ਕਰਦੇ ਸਨ। ਇਸ ਦਾ ਹਵਾਲਾ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਤਰ੍ਹਾਂ ਅੰਕਿਤ ਹੈ :

ਸੁਨ ਅਬਦੁਲ ਢਾਡੀ ਚਲ ਆਇਉ।

ਭਏ ਸੁਭਦ ਤਿਨ ਕੋ ਜਸਿ ਗਾਇਉ।

ਜਿਸ ਕੇ ਸੁਨਤ ਬੀਰ ਰਸ ਜਾਗੇ।

ਕਾਇਰ ਸੋ ਭੀ ਲਰੈ ਨ ਭਾਗੈ। (ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਪੰਨਾ ੨੪੧੩)

ਸਮੁੱਚੇ ਰੂਪ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਨਾਨਕ ਤੋਂ ਚਲੀ ਆ ਰਹੀ ਸ਼ਬਦ ਕੀਰਤਨ ਪਰੰਪਰਾ ਦੇ ਪ੍ਰਵਾਹ ਨੂੰ ਕਾਇਮ ਰੱਖਿਆ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 22 ਵਾਰਾਂ ਉੱਤੇ 9 ਪ੍ਰਚੱਲਿਤ ਲੋਕ ਧੁਨਾਂ ਅੰਕਿਤ ਕਰਵਾਈਆਂ,ਜਿਸ ਦੇ ਨਾਲ ਸਿੱਖ ਧਰਮ ਵਿਚ ਢਾਡੀ ਪਰੰਪਰਾ ਦਾ ਪ੍ਰਵੇਸ਼ ਹੋਇਆ। ਆਪ ਤੋਂ ਬਾਅਦ ਸ੍ਰੀ ਗੁਰੂ ਹਰਿਰਾਏ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਜੀ ਨੇ ਗੁਰਮਤਿ ਦੇ ਸਿਧਾਂਤ ਉੱਤੇ ਪਹਿਰਾ ਦਿੰਦੇ ਹੋਏ ਗੁਰਮਤਿ ਸੰਗੀਤ ਦੀ ਵਿਹਾਰਕ ਤਾਂ ਨੂੰ ਕਾਇਮ ਰੱਖਿਆ।

**2.7 ਅਨੰਦਪੁਰ ਸਾਹਿਬ ਸ਼ਬਦ ਕੀਰਤਨ ਕੇਂਦਰ ਵਜੋਂ** : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਪਹਾੜੀ ਰਾਜਿਆਂ ਤੋਂ ਜ਼ਮੀਨ ਖ਼ਰੀਦ ਕੇ ਅਨੰਦਪੁਰ ਸਾਹਿਬ ਨਗਰ ਵਸਾਇਆ ਅਤੇ ਇਸ ਸਥਾਨ ਨੂੰ ਸਿੱਖਾਂ ਦੇ ਧਾਰਮਿਕ ਕੇਂਦਰ ਵੱਜੋ ਸਥਾਪਿਤ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਨਿਰਧਾਰਿਤ ਰਾਗਾਂ ਅਨੁਸਾਰ

ਬਾਣੀ ਦੀ ਰਚਨਾ ਕਰਕੇ ਗੁਰਮਤਿ ਸੰਗੀਤ ਪਰੰਪਰਾ ਨੂੰ ਹੋਰ ਵਿਕਸਿਤ ਕੀਤਾ। ਆਪ ਨੇ ਜਿੱਥੇ ਅਨੰਦਪੁਰ ਸਾਹਿਬ ਨੂੰ ਸਿੱਖਾਂ ਦੇ ਧਾਰਮਿਕ ਅਤੇ ਸ਼ਬਦ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ ਉੱਥੇ ਗੁਰੂ ਘਰ ਵਿਚ ਪ੍ਰਚਲਿਤ ਕੀਰਤਨ ਪਰੰਪਰਾ ਨੂੰ ਕਾਇਮ ਰੱਖਿਆ। ਆਪ ਦੇ ਸਮੇਂ ਰਾਗੀ ਤੇ ਰਬਾਬੀ ਕੀਰਤਨਕਾਰ ਬੜੇ ਪ੍ਰੇਮ ਅਤੇ ਵੈਰਾਗ ਵਿਚ ਰਾਗਬੱਧ ਕੀਰਤਨ ਕਰਦੇ ਸਨ। ਆਪ ਨੇ ਬਾਣੀ ਰਚਨਾ ਦੁਆਰਾ ਸੰਗੀਤ ਦੇ ਮਾਧਿਅਮ ਰਾਹੀ ਅਧਿਆਤਮਕ ਦ੍ਰਿਸ਼ਟੀ ਦਾ ਪ੍ਰਚਾਰ ਕੀਤਾ। ਗੁਰੂ ਸਾਹਿਬ ਦੇ *ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, (ਤਿਲੰਗ ਕਾਫੀ), ਬਿਲਾਵਲ, ਰਾਮਕਲੀ, ਮਾਰੂ, ਬਸੰਤ, (ਬਸੰਤ ਹਿੰਡੋਲ), ਸਾਰੰਗ, ਜੈਜਾਵੰਤੀ* ਰਾਗਾਂ ਵਿਚ 118 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਗੁਰੂ ਸਾਹਿਬ ਦੇ ਸਮੇਂ ਰਾਗੀ ਸਿੰਘਾਂ ਵੱਲੋਂ ਮਿਰਦੰਗ (ਪਖਾਵਜ) ਮ੍ਰਿਗ ਨਾਲ ਸ਼ਬਦ ਕੀਰਤਨ ਕੀਤਾ ਜਾਂਦਾ ਰਿਹਾ। ਗੁਰੂ ਸਾਹਿਬ ਇਕ ਵਾਰ ਜਦੋਂ ਜ਼ੋਨਪੁਰ ਧਰਮ ਪ੍ਰਚਾਰ ਲਈ ਗਏ ਤਾਂ ਉੱਥੇ ਦੇ ਰਾਗੀ ਭਾਈ ਗੁਰਬਖ਼ਸ਼ ਨੇ ਬੜਾ ਰਸ ਭਿੰਨਾ ਸ਼ਬਦ ਕੀਰਤਨ ਕੀਤਾ, ਜਿਸ ਤੋਂ ਖ਼ੁਸ਼ ਹੋ ਕੇ ਗੁਰੂ ਸਾਹਿਬ ਨੇ ਮਿਰਦੰਗ ਮ੍ਰਿਗ ਉਨ੍ਹਾਂ ਨੂੰ ਬਖ਼ਸ਼ਿਆ ਜੋ ਵਰਤਮਾਨ ਸਮੇਂ ਵੀ ਗੁਰਦੁਆਰਾ ਸੰਗੀਤ ਮ੍ਰਿਦੰਗਵਾਲੀ ਜੋਨਪੁਰ ਵਿਚ ਸੁਰੱਖਿਅਤ ਪਿਆ ਹੈ। ਗੁਰੂ ਸਾਹਿਬ ਦੇ ਸਮੇਂ ਗੁਰਮਤਿ ਸੰਗੀਤ ਦਾ ਬਹੁਤ ਪ੍ਰਚਾਰ ਹੋਇਆ ਅਤੇ ਗੁਰੂ ਨਾਨਕ ਦੇਵ ਤੋਂ ਆਰੰਭ ਹੋਈ ਸ਼ਬਦ ਕੀਰਤਨ ਪਰੰਪਰਾ ਸੀਨਾ-ਬ-ਸੀਨਾ ਪ੍ਰਚਲਿਤ ਰਹੀ।

**2.8 ਦਮਦਮਾ ਸਾਹਿਬ ਸ਼ਬਦ ਕੀਰਤਨ ਕੇਂਦਰ / ਟਕਸਾਲ ਵਜੋਂ** : ਗੁਰਮਤਿ ਸਿਧਾਂਤਾਂ ਅਤੇ ਸ਼ਬਦ ਕੀਰਤਨ ਦੀ ਵਿਧੀ ਪੂਰਵਕ ਸਿਖਲਾਈ ਹਿਤ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦਮਦਮਾ ਸਾਹਿਬ,ਤਲਵੰਡੀ ਸਾਬੋ ਕੀਰਤਨ ਕੇਂਦਰ ਵਜੋਂ ਸਥਾਪਿਤ ਹੋਇਆ। ਇਤਿਹਾਸਕ ਹਵਾਲਿਆਂ ਅਨੁਸਾਰ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਅਨੰਦਪੁਰ ਸਾਹਿਬ ਨੂੰ ਛੱਡਣ ਤੋਂ ਬਾਅਦ ਚਮਕੌਰ ਸਾਹਿਬ ਤੋਂ ਦੀਨੇ ਕਾਂਗੜ ਰਾਹੀਂ ਤਲਵੰਡੀ ਸਾਬੋ ਪਹੁੰਚੇ ਤਾਂ ਇੱਥੇ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਦੀ ਬਾਣੀ ਨੂੰ ਸ਼ਾਮਿਲ ਕੀਤਾ। ਸਿੱਖ ਇਤਿਹਾਸ ਅਨੁਸਾਰ ਗੁਰੂ ਸਾਹਿਬ ਨੇ ਫ਼ੁਰਮਾਣ ਕੀਤਾ ਕੀ ਇਹ ਸਥਾਨ ਕਦੇ ਵਿਦਵਾਨਾਂ ਦੀ ਕਾਂਸੀ ਬਣੇਗੀ।

ਭਾਈ ਕਾਨ੍ਹ ਸਿੰਘ ਨਾਭਾ[21] ਇਸ ਗੱਲ ਦੀ ਪ੍ਰੋੜ੍ਹਤਾ *ਗੁਰਬਿਲਾਸ ਪਾਤਸ਼ਾਹੀ ੧੦* ਦਾ ਹਵਾਲਾ ਦੇ ਕੇ ਇਉਂ ਲਿਖਦੇ ਹਨ, *ਲਿਖਣਸਰ ਵੱਡੇ ਦਰਬਾਰ ਦੇ ਪਾਸ ਹੀ ਪੂਰਵ ਵੱਲ ਦਸਮੇਸ਼ ਦਾ ਇਹ ਅਸਥਾਨ ਹੈ।*

*ਕਲਗ਼ੀਧਰ ਇੱਥੇ ਲਿਖਣਾ (ਕਲਮਾਂ) ਘੜ ਕੇ ਫੁਰਮਾਇਆ ਕਰਦੇ ਸਨ ਕਿ ਇਹ ਵਿੱਦਿਆ ਦੀ ਟਕਸਾਲ ਹੋਵੇਗੀ।*

ਇਹ ਹੈ ਪ੍ਰਗਟ ਹਮਾਰੀ ਕਾਸੀ॥

ਪੜ੍ਹ ਹੈ ਇਹਾਂ ਢੋਰ ਮਤ ਰਾਸੀ॥

ਲੇਖਕ ਗੁਣੀ ਕਵਿੰਦ ਗਿਆਨੀ॥

ਬੁੱਧਿ ਸਿੰਧੁ ਹ੍ਵੈ ਹੈ ਇਹ ਆਸੀ॥

ਤਿਨ ਕੇ ਕਾਰਨ ਕਲਮ ਗਢ, ਦੰਤ ਪ੍ਰਗਟ ਹਮ ਡਾਰ

ਸਿਖ ਸਖਾ ਇਤ ਪੜੇਗੇ, ਹਮਰੇ ਕਈ ਹਜਾਰ॥

(ਗੁਰ ਬਿਲਾਸ ਪਾਤਸ਼ਾਹੀ ੧੦, ਪੰਨਾ ੨੧੦)

ਸ੍ਰੀ ਗੁਰੂ ਗੋਬਿੰਦ ਸਿੰਘ ਨੇ ਇੱਥੇ ਕਾਫੀ ਸਮਾਂ ਰਹਿ ਕੇ ਆਦਿ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ ਅਤੇ ਗੁਰਬਾਣੀ ਦੇ ਅਰਥ ਸਿੱਖਾਂ ਨੂੰ ਪੜ੍ਹਾਏ। ਟਕਸਾਲੀ ਵਿੱਦਿਆ ਦਾ ਪਹਿਲਾ ਪਾਠ ਗ੍ਰਹਿਣ ਕਰਨ ਵਾਲੇ 48 ਸਿੰਘਾਂ ਵਿਚ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਵੀ ਸ਼ਾਮਿਲ ਸਨ। ਗੁਰੂ ਪਾਤਸ਼ਾਹ ਜਦੋਂ ਦੱਖਣ ਵੱਲ ਗਏ ਤਾਂ ਬਾਬਾ ਦੀਪ ਸਿੰਘ ਉਸ ਸਮੇਂ ਗੁਰੂ ਸਾਹਿਬ ਦੇ ਨਾਲ ਹੀ ਗਏ ਸਨ।[22] ਜਦੋਂ ਗੁਰੂ ਸਾਹਿਬ ਨੇ ਹਜ਼ੂਰ ਸਾਹਿਬ ਨਾਂਦੇੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਤੇ ਸੁਸ਼ੋਭਿਤ ਕੀਤਾ ਤਾਂ ਉਸ ਸਮੇਂ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਭਾਈ ਧਰਮ ਸਿੰਘ, ਭਾਈ ਹਰੀ ਸਿੰਘ, ਭਾਈ ਸੰਤੋਖ ਸਿੰਘ, ਭਾਈ ਗੁਰਬਖਸ਼ ਸਿੰਘ ਨੂੰ ਦਸਮੇਸ਼ ਪਾਤਸ਼ਾਹ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਆਪਣੇ ਪਾਸ ਖੜ੍ਹਾ ਕਰਕੇ ਗੁਰਤਾਗੱਦੀ ਦੀ ਅਰਦਾਸ ਕੀਤੀ।[23]

ਦੋਹਿਰਾ॥

ਅਬਚਲ ਨਗਰ ਸਤਿਗੁਰ ਗਏ, ਤੁਰਕਨਿ ਕੋ ਕਰ ਨਾਸ॥

ਅਨਦ ਧਾਰ ਤਹਿ ਠਾਂ ਰਹੈ, ਅਚਰਜ ਜਾਹਿ ਬਿਲਾਸ॥੫੭॥

ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਭੂ, ਗੁਰਤਾ ਦੈ ਦਸਮੇਸ਼॥

ਪੰਚ ਸਿੰਘ ਤਾਬਿਆਂ ਖੜੇ, ਨਾਮੁ ਸੁਣੋ ਸੁਭ ਵੇਸ॥੫੮॥

ਮਨੀ ਸਿੰਘ ਤਾਬਿਆ ਸਜੇ, ਚੌਰਦਾਰ ਕੇ ਭਾਇ॥

ਧਰਮ ਸਿੰਘ ਹਰਿ ਸਿੰਘ, ਗੁਰਬਖਸ਼ ਸਿੰਘ ਸੁਨਾਇ॥੫੯॥

ਸੰਤੋਖ ਸਿੰਘ ਜੀ ਦੀਪ ਸਿੰਘ, ਪਾਂਚੋ ਸਿੰਘ ਸੁਜਾਨ॥

ਜਿਵ ਗੁਰ ਸ੍ਰੀ ਚਮਕੌਰ ਮੇ, ਗੁਰੂ ਖ਼ਾਲਸਾ ਠਾਨ॥੬੦॥

(ਸ੍ਰੀ ਗੁਰਮੁਖ ਪ੍ਰਕਾਸ਼, ਅਧਿਆਇ ਬਾਰਵਾਂ,ਪੰਨਾ 186)

ਉਪਰੋਕਤ ਹਵਾਲੇ ਅਨੁਸਾਰ ਬਾਬਾ ਦੀਪ ਸਿੰਘ ਉਸ ਸਮੇਂ ਗੁਰੂ ਸਾਹਿਬ ਦੇ ਨਾਲ ਹੀ ਸਨ ਅਤੇ ਬਾਅਦ ਵਿਚ ਗੁਰੂ ਸਾਹਿਬ ਦੀ ਆਗਿਆ ਪਾ ਕੇ ਦਮਦਮਾ ਸਾਹਿਬ ਵਿਖੇ ਆ ਕੇ ਗੁਰਬਾਣੀ ਦਾ ਸ਼ੁੱਧ ਪਾਠ, ਵਿਆਖਿਆ, ਕਥਾ, ਕੀਰਤਨ ਅਤੇ ਗੁਰੂ ਸਥਾਨਾਂ ਦੀ ਸੇਵਾ ਸੰਭਾਲ ਦਾ ਕੰਮ ਆਰੰਭ ਕਰ ਦਿੱਤਾ। ਬਾਬਾ ਜੀ ਨੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਗੁਰਮਤਿ ਦਾ ਭਾਰੀ ਪ੍ਰਚਾਰ ਕੀਤਾ ਅਤੇ ਵੱਖ-ਵੱਖ ਸਥਾਨਾਂ ਤੇ ਗੁਰਬਾਣੀ ਦੀਆਂ ਪੋਥੀਆਂ ਲਿਖ ਕੇ ਭੇਜੀਆਂ। ਆਪ ਨੇ ਗੁਰਮੁਖੀ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਰ ਉਤਾਰੇ ਕੀਤੇ, ਇਨ੍ਹਾਂ ਸਰੂਪਾਂ ਨੂੰ ਆਪ ਨੇ ਹੇਠ ਲਿਖੇ ਚਾਰ ਤਖ਼ਤ ਸਾਹਿਬ ਤੇ ਸਸ਼ੋਭਿਤ ਕੀਤਾ[24]:

- ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ (ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ)
- ਤਖ਼ਤ ਸ੍ਰੀ ਹਰਿਮੰਦਰ ਸਾਹਿਬ (ਪਟਨਾ ਸਾਹਿਬ, ਬਿਹਾਰ)
- ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ, ਪੰਜਾਬ)
- ਤਖ਼ਤ ਸ੍ਰੀ ਅਬਿਚਲ ਨਗਰ ਸਾਹਿਬ (ਸ੍ਰੀ ਹਜ਼ੂਰ ਸਾਹਿਬ ਨਾਂਦੇੜ, ਮਹਾਰਾਸ਼ਟਰ)

ਬਾਬਾ ਦੀਪ ਸਿੰਘ ਨੇ ਗੁਰਮਤਿ ਦਾ ਭਾਰੀ ਪ੍ਰਚਾਰ ਕੀਤਾ। ਆਪ ਨੇ ਜੋ ਸਿੱਖਿਆਵਾਂ ਗੁਰੂ ਸਾਹਿਬ ਪਾਸ ਰਹਿ ਕੇ ਪ੍ਰਾਪਤ ਕੀਤੀਆਂ ਉਸ ਦਾ ਪ੍ਰਚਾਰ ਸੰਗਤਾਂ ਵਿਚ ਕੀਤਾ। ਗੁਰਮਤਿ ਸੰਗੀਤ ਪਰੰਪਰਾ ਦੇ ਸੰਦਰਭ ਵਿਚ ਜਿੱਥੇ ਗੁਰੂ ਸਾਹਿਬਾਨਾਂ ਦੇ ਸਮੇਂ ਵੱਖ ਵੱਖ ਕੀਰਤਨ ਕੇਂਦਰਾਂ ਵਿਚ ਕੀਰਤਨ ਪਰੰਪਰਾ ਦਾ ਵਿਕਾਸ ਹੋਇਆ ਉੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕੀਰਤਨ ਕੇਂਦਰ ਟਕਸਾਲ ਰੂਪ ਵਿਚ ਸਥਾਪਿਤ ਹੋਏ ਅਤੇ ਸਿੱਖ ਧਰਮ ਵਿਚ ਸ਼ਬਦ ਕੀਰਤਨ ਦੀ ਸਿਧਾਂਤਿਕ ਤੇ ਵਿਹਾਰਿਕ ਵਿਧੀ ਵਧ ਸਿਖਲਾਈ ਲਈ ਟਕਸਾਲ ਪਰੰਪਰਾ ਦਾ ਆਗਮਨ ਹੋਇਆ।

ਸ੍ਰੀ ਗੁਰੂ ਗੋਬਿੰਦ ਸਿੰਘ ਦੇ ਹੁਕਮ ਅਨੁਸਾਰ ਬਾਬਾ ਦੀਪ ਸਿੰਘ ਨੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਟਕਸਾਲਾਂ ਦੀ ਸਥਾਪਨਾ ਕੀਤੀ। ਸ਼ੁਰੂ ਵਿਚ ਇਹ ਟਕਸਾਲ ਮੁੱਖ ਰੂਪ ਵਿਚ ਗੁਰਬਾਣੀ ਦੇ ਅਰਥ ਬੋਧ ਤਕ ਹੀ ਸੀਮਤ ਸੀ ਪ੍ਰੰਤੂ ਸਮੇਂ ਦੇ ਨਾਲ ਟਕਸਾਲ ਵਿਚ ਵਿਦਿਆਰਥੀਆਂ ਨੂੰ ਗੁਰਬਾਣੀ ਸੰਥਿਆ ਦੇ ਨਾਲ ਸ਼ਬਦ ਕੀਰਤਨ ਅਤੇ ਗੁਰਮਤਿ ਰਹਿਣੀ ਬਹਿਣੀ ਦੀ ਸਿਖਲਾਈ ਵੀ ਦਿੱਤੀ ਜਾਣ ਲੱਗ ਪਈ ਸੀ। ਵਰਤਮਾਨ ਸਮੇਂ ਇਸ ਅਸਥਾਨ ਨੂੰ ਸਿੱਖਾਂ ਦੇ ਪੰਜਵੇਂ ਤਖਤ ਵਜੋਂ ਜਾਣਿਆ ਜਾਂਦਾ ਹੈ। ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ ਨੂੰ ਜਾਣਨ ਹਿਤ ਸਭ ਤੋਂ ਪਹਿਲਾਂ ਸਾਨੂੰ *ਟਕਸਾਲ* ਦੇ ਅਰਥ ਤੇ ਪਰਿਭਾਸ਼ਾ ਨੂੰ ਜਾਣਨਾ ਜ਼ਰੂਰੀ ਬਣਦਾ ਹੈ।

## 3. ਟਕਸਾਲ ਦੇ ਕੋਸ਼ਗਤ ਸ਼ਾਬਦਿਕ ਅਰਥ

ਟਕਸਾਲ ਸ਼ਬਦ ਸੰਸਕ੍ਰਿਤ ਦੇ 'ਟੰਕ ਸਾਲਾ' ਸ਼ਬਦ ਤੋਂ ਬਣਿਆ ਹੈ। ਵਾਰਾਂ ਭਾਈ ਗੁਰਦਾਸ ਸ਼ਬਦ ਅਣੁਕ੍ਰਮਣਿਕਾ ਅਤੇ ਕੋਸ਼[25] ਗੁਰਸ਼ਬਦ ਰਤਨਾਕਰ ਮਹਾਨ ਕੋਸ਼[26] ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼[27] ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼[28] ਪੰਜਾਬੀ ਕੋਸ਼[29] ਸਿੱਖ ਪੰਥ ਵਿਸ਼ਵ-ਕੋਸ[30] ਪੰਜਾਬੀ ਵਿਸ਼ਵ ਕੋਸ਼[31] ਅਨੁਸਾਰ ਟਕਸਾਲ ਉਸ ਸਥਾਨ ਨੂੰ ਕਿਹਾ ਜਾਂਦਾ ਹੈ ਜਿੱਥੇ ਸਿੱਕੇ ਢਲੇ ਜਾਂਦੇ ਹੋਣ, ਟਕੇ ਬਣਾਉਣ ਦਾ ਘਰ ਅਤੇ ਜਿੱਥੇ ਖੋਟੇ ਖਰੇ ਸਿੱਕਿਆਂ ਦੀ ਪਰਖ ਕੀਤੀ ਜਾਵੇ।[32]

ਗੁਰਮਤਿ ਅਨੁਸਾਰ ਟਕਸਾਲ ਸ਼ਬਦ ਦੀ ਵਰਤੋਂ 'ਸਤਿਸੰਗਤ' ਲਈ ਵੀ ਕਰ ਲਈ ਜਾਂਦੀ ਹੈ। ਸਿੱਖ ਜਗਤ ਵਿਚ ਗੁਰਬਾਣੀ ਸੰਥਿਆ ਦੀ ਉੱਤਮ ਸਿੱਖਿਆ ਦੇਣ ਵਾਲੀ ਪਾਠਸ਼ਾਲਾ ਲਈ ਇਸ ਸ਼ਬਦ ਦੀ ਵਰਤੋਂ ਪ੍ਰਚਲਿਤ ਹੈ।[33]

## 4. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਅਨੁਸਾਰ ਟਕਸਾਲ ਦਾ ਸ਼ਾਬਦਿਕ ਅਰਥ

ਬਾਣੀ ਦੇ ਪ੍ਰਸੰਗ ਵਿਚ ਦੇਖੀਏ ਤਾਂ ਗੁਰਬਾਣੀ ਵਿਚ *ਟਕਸਾਲ* ਸ਼ਬਦ ਦਾ ਪ੍ਰਯੋਗ ਮਹੱਤਵਪੂਰਨ ਅਰਥਾਂ ਵਿਚ ਕੀਤਾ ਗਿਆ ਹੈ। *ਟਕਸਾਲ* ਸ਼ਬਦ ਦਾ ਪ੍ਰਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਲਈ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਕੀਤਾ। ਗੁਰੂ ਨਾਨਕ ਦੇਵ ਜੀ ਨੇ 'ਸੱਚੀ

ਟਕਸਾਲ' ਵਿਚ ਇਲਾਹੀ ਸਤਿ ਦੇ ਗੁਰ ਸ਼ਬਦ ਦੀ ਘਾੜਤ ਦਾ ਮਾਰਗ ਜਪੁਜੀ ਦੀ ਅਠੱਤੀਵੀਂ ਪਉੜੀ ਵਿਚ ਭਲੀ-ਭਾਂਤ ਦਰਸਾ ਦਿੱਤਾ ਹੈ :

ਘੜੀਐ ਸਬਦੁ ਸਚੀ ਟਕਸਾਲ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮)

ਸੱਚੀ ਟਕਸਾਲ (ਸਾਧ ਸੰਗਤ) ਵਿਚ ਸ਼ਬਦ ਘੜਿਆ ਜਾਂਦਾ ਹੈ, ਜਿਨ੍ਹਾਂ ਨੂੰ ਉਸ ਮਾਲਕ ਦੀ ਨਜ਼ਰ, ਬਖ਼ਸ਼ੀਸ਼ ਪ੍ਰਾਪਤ ਹੁੰਦੀ ਹੈ, ਉਨ੍ਹਾਂ ਨੂੰ ਹੀ ਸ਼ਬਦ ਘੜਨ ਦੀ ਸੱਚੀ ਟਕਸਾਲ (ਸਾਧ ਸੰਗਤ) ਦੀ ਪ੍ਰਾਪਤੀ ਹੁੰਦੀ ਹੈ। ਟੀਕਾਕਾਰ ਗਿਆਨੀ ਹਰਬੰਸ ਸਿੰਘ ਅਨੁਸਾਰ, "ਗੁਰੂ ਸਾਹਿਬ ਸੋਨੇ ਦੀ ਘਾੜਤ ਦਾ ਦ੍ਰਿਸ਼ਟਾਂਤ ਸਾਡੇ ਸਾਹਮਣੇ ਰੱਖ ਕੇ ਸਾਨੂੰ ਸ਼ਬਦ ਘੜਨ ਦੀ ਜਾਂਚ ਸਿਖਾਉਂਦੇ ਹੋਏ ਇਉਂ ਜੀਵਨ ਘੜਨ ਦਾ ਆਦੇਸ਼ ਦਿੰਦੇ ਹਨ ਭਾਵ ਸਾਧ ਸੰਗਤ ਦਾ ਸਥਾਨ ਹੀ ਸੱਚੀ ਟਕਸਾਲ ਹੈ।" ਆਪਣੀ ਉਚਾਰਨ ਕੀਤੀ ਬਾਣੀ ਵਿਚ ਇਕ ਥਾਂ ਹੋਰ ਗੁਰੂ ਨਾਨਕ ਦੇਵ ਜੀ ਟਕਸਾਲ ਸ਼ਬਦ ਦਾ ਪ੍ਰਯੋਗ ਕਰਦੇ ਹੋਏ ਉਚਾਰਦੇ ਹਨ:

ਸਗਲ ਭਵਣੁ ਕੀ ਮੂਰਤਿ ਟੇਕਾ ਮੁਖਿ ਤੇਰੈ ਟਕਸਾਲਾ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੯੬)

ਗੁਰੂ ਸਾਹਿਬ ਇਸ ਸਾਰੀ ਸ੍ਰਿਸ਼ਟੀ ਨੂੰ ਅਕਾਲ ਪੁਰਖ ਦੀ ਟਕਸਾਲ ਮੰਨ ਕੇ ਸਾਰੇ ਜੀਵ ਜੰਤਾਂ ਦੀਆਂ ਮੂਰਤੀਆਂ ਦਾ ਇਸ ਵਿਚ ਬਣਾਏ ਜਾਣ ਦਾ ਜ਼ਿਕਰ ਕਰਦੇ ਹਨ। ਕੀ ਹੇ ਪ੍ਰਭੂ! ਸਾਰੀ ਸ੍ਰਿਸ਼ਟੀ ਦੇ ਜੀਵ ਜੰਤਾਂ ਦੀਆਂ ਮੂਰਤੀਆਂ ਤੇਰੀ ਹੀ ਸ੍ਰੇਸ਼ਟ ਟਕਸਾਲ ਵਿਚ ਘੜੀਆਂ ਗਈਆਂ ਹਨ। ਤੂੰ ਪਾਣੀ ਵਿਚ, ਧਰਤੀ ਦੇ ਅੰਦਰ, ਧਰਤੀ ਦੇ ਉੱਪਰ ਹਰ ਥਾਂ ਮੌਜੂਦ ਹੈ। ਇਹ ਸਾਰੀ ਸ੍ਰਿਸ਼ਟੀ ਤੇਰਾ ਚੁਬਾਰਾ (ਟਕਸਾਲ) ਹੈ ਇਸ ਚੁਬਾਰੇ (ਟਕਸਾਲ) ਵਿਚ ਤੇਰਾ ਨਿਵਾਸ ਹੈ।

ਇਸੇ ਪ੍ਰਕਾਰ ਗੁਰੂ ਰਾਮਦਾਸ ਜੀ ਨੇ ਵੀ ਆਪਣੀ ਉਚਾਰਨ ਕੀਤੀ ਬਾਣੀ ਵਿਚ ਟਕਸਾਲ ਅਤੇ ਟਕਸਾਲੀ ਸ਼ਬਦ ਦਾ ਪ੍ਰਯੋਗ ਇਸ ਪ੍ਰਕਾਰ ਕੀਤਾ ਹੈ:

ਮਨ ਜਾਪਹੁ ਰਾਮ ਗੁਪਾਲ॥ ਹਰਿ ਰਤਨ ਜਵੇਹਰ ਲਾਲ॥
ਹਰਿ ਗੁਰਮੁਖਿ ਘੜਿ ਟਕਸਾਲ॥ ਹਰਿ ਹੋ ਹੋ ਕਿਰਪਾਲ॥ਰਹਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ ੧੨੯੬)

ਇਨ੍ਹਾਂ ਉਕਤ ਗੁਰਬਾਣੀ ਦੀਆਂ ਸਤਰਾਂ ਵਿਚ ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਹੇ ਮਨ, ਸ੍ਰਿਸ਼ਟੀ ਦੇ ਪਾਲਣਹਾਰ ਪ੍ਰਮਾਤਮਾ ਦਾ ਨਾਮ ਜਪਿਆ ਕਰ। ਹਰੀ ਦਾ ਨਾਮ ਹੀ ਰਤਨ, ਜਵਾਹਰ, ਲਾਲ ਹਨ। ਹਰੀ ਦਾ ਨਾਮ ਤੇਰੇ ਵਾਸਤੇ ਇਕ ਸੁੰਦਰ ਗਹਿਣਾ ਹੈ। ਇਸ ਨੂੰ ਗੁਰੂ ਦੀ ਸ਼ਰਨ ਪੈ ਕੇ ਸਾਧ ਸੰਗਤ ਦੀ ਸੱਚੀ ਟਕਸਾਲ ਵਿਚ ਹੀ ਘੜਿਆ ਜਾ ਸਕਦਾ ਹੈ। ਆਪਣੀ ਉਚਾਰਨ ਕੀਤੀ ਬਾਣੀ ਵਿਚ ਇਕ ਥਾਂ ਹੋਰ ਗੁਰੂ ਰਾਮਦਾਸ ਜੀ ਟਕਸਾਲੀ ਸ਼ਬਦ ਦਾ ਪ੍ਰਯੋਗ ਕਰਦੇ ਹੋਏ ਉਚਾਰਦੇ ਹਨ:

ਗੁਰਮੁਖਿ ਸੇਵਾ ਘਾਲ ਜਿਨਿ ਘਾਲੀ॥ ਤਿਸੁ ਘੜੀਐ ਸਬਦੁ ਸਚੀ ਟਕਸਾਲੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੩੪)

ਇਨ੍ਹਾਂ ਉਕਤ ਗੁਰਬਾਣੀ ਦੀਆਂ ਸਤਰਾਂ ਵਿਚ ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਜਿਸ ਮਨੁੱਖ ਨੇ ਗੁਰੂ ਦੀ ਸਰਨ ਪੈ ਕੇ ਹਰਿ-ਨਾਮ (ਜਤ, ਧੀਰਜ, ਉੱਚੀ ਮਤਿ, ਆਤਮਿਕ ਜੀਵਨ ਦੀ ਸੂਝ, ਭਉ ਆਦਿ ਦੀ) ਸਿਮਰਨ ਦੀ ਮਿਹਨਤ ਕੀਤੀ। ਉਹ ਮਨੁੱਖ ਸਦਾ ਥਿਰ ਰਹਿਣ ਵਾਲੀ ਟਕਸਾਲ ਵਿਚ ਹਰਿ-ਨਾਮ ਦਾ ਉੱਦਮ ਸੋਹਣਾ ਰੂਪ ਧਾਰ ਲੈਂਦਾ ਹੈ ਭਾਵ ਕਿ ਪਰਮਾਤਮਾ ਦੀ ਸ੍ਰੇਸ਼ਟ ਟਕਸਾਲ ਦੇ ਧਾਰਨੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚ ਟਕਸਾਲੀ ਕਿਹਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਹਵਾਲਿਆਂ ਅਨੁਸਾਰ ਗੁਰਮਤਿ ਸੰਗੀਤ ਪਰੰਪਰਾ ਅਧੀਨ ਟਕਸਾਲ ਉਹ ਖਰਾ ਸਥਾਨ ਹੈ ਜਿੱਥੇ ਸ਼ਬਦ ਅਤੇ ਸੰਗੀਤ ਦੀ ਸੰਯੁਕਤ ਮਿੱਲਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਸ਼ਚਿਤ ਵਿਧੀ ਵਿਧਾਨ ਅਨੁਸਾਰ ਘੜਿਆ ਜਾ ਸਕੇ ਤਾਂ ਜੋ ਉਸ ਸਥਾਨ ਦਾ ਟਕਸਾਲੀ ਆਪਣੇ ਪਰਮਾਰਥ ਅਤੇ ਸੰਸਾਰਿਕ ਗੁਣਾ ਨਾਲ ਗੁਰਮਤਿ ਦਾ ਸੰਦੇਸ਼ ਸਾਰਥਿਕ ਕਰ ਸਕੇ। ਗੁਰਮਤਿ ਅਨੁਸਾਰ ਜੀਵਨ ਦੀ ਘਾੜਤ ਲਈ ਟਕਸਾਲ ਅਤੇ ਟਕਸਾਲੀ ਪ੍ਰਕਿਰਿਆ ਵਿਚੋਂ ਲੰਘਣਾ ਬੁਨਿਆਦੀ ਤੌਰ 'ਤੇ ਜ਼ਰੂਰੀ ਹੈ। ਇਸੇ ਲਈ ਗੁਰਬਾਣੀ ਵਿਚ ਮਨਮੁਖ ਤੋਂ ਗੁਰਮੁਖ, ਕੂੜਿਆਰ ਤੋਂ ਸਚਿਆਰ ਅਤੇ ਖੋਟੇ ਤੋਂ ਖਰੇ ਹੋਣ ਉੱਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਟਕਸਾਲ ਦੇ ਉਕਤ ਅਰਥਾਂ ਤੋਂ ਬਾਅਦ ਟਕਸਾਲ ਪਰੰਪਰਾ ਦੇ ਅਧਿਐਨ ਹਿਤ ਇਸ ਦੀ ਪਰਿਭਾਸ਼ਾ ਬਾਰੇ ਗਿਆਨ ਹੋਣਾ ਵੀ ਜ਼ਰੂਰੀ ਹੈ।

## 5. ਟਕਸਾਲ ਦੀ ਪਰਿਭਾਸ਼ਾ

ਵੱਖ-ਵੱਖ ਸਿੱਖ ਅਤੇ ਸੰਗੀਤ ਵਿਦਵਾਨਾਂ ਨੇ ਟਕਸਾਲ ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕੀਤਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਟਕਸਾਲ ਉਸ ਸਥਾਨ ਨੂੰ ਕਹਿੰਦੇ ਹਨ ਜਿੱਥੇ ਰੁਪਯਾ ਆਦਿ ਸਿੱਕੇ ਬਣਾਏ ਜਾਣ, ਅਰਥਾਤ 'ਟਕੇ ਬਣਾਉਣ ਦਾ ਘਰ'। ਦੂਜੇ ਅਰਥਾਂ ਵਿਚ ਗੁਰਮਤਿ ਸੰਗੀਤ ਦੇ ਸੰਦਰਭ ਅਨੁਸਾਰ ਉਹ ਸਥਾਨ ਜਿੱਥੇ ਇਕ ਕੀਰਤਨਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੰਗੀਤ ਵਿਧਾਨ ਅਨੁਸਾਰ ਸੰਗੀਤ ਅਤੇ ਗੁਰਬਾਣੀ ਸੰਥਿਆ ਦੀ ਵਿੱਦਿਆ (ਸਿੱਖਿਆ) ਗ੍ਰਹਿਣ ਕਰਦਾ ਹੈ। ਉਸ ਪਾਠਸ਼ਾਲਾ ਨੂੰ 'ਟਕਸਾਲ' ਕਹਿੰਦੇ ਹਨ।[34]

ਡਾ. ਰਤਨ ਸਿੰਘ ਜੱਗੀ ਅਨੁਸਾਰ, ਸਿੱਖ ਜਗਤ ਵਿਚ ਗੁਰਬਾਣੀ ਸੰਥਿਆ ਅਤੇ ਸੰਗੀਤ ਦੀ ਉੱਤਮ ਸਿੱਖਿਆ ਦੇਣ ਵਾਲੀ ਪਾਠਸ਼ਾਲਾ ਲਈ ਟਕਸਾਲ ਸ਼ਬਦ ਦੀ ਵਰਤੋਂ ਕਰ ਲਈ ਜਾਂਦੀ ਹੈ।[35] ਟਕਸਾਲ ਉਸ ਮਨੋਸਥਿਤੀ ਦੀ ਸੂਚਕ ਹੈ ਜਿਸ ਵਿਚੋਂ ਧੁਰ ਕੀ ਬਾਣੀ ਉਤਰੀ ਸੀ। ਭਾਵ ਅਰਥ ਤੌਰ 'ਤੇ ਟਕਸਾਲ ਸ਼ਬਦ ਦੀ ਵਰਤੋਂ ਕਈ ਵਾਰੀ 'ਸਤਿ ਸੰਗਤ' ਲਈ ਵੀ ਕਰ ਲਈ ਜਾਂਦੀ ਹੈ।

ਪ੍ਰੋ. ਤਾਰਾ ਸਿੰਘ ਅਨੁਸਾਰ, "ਸੰਗੀਤ ਕਲਾ ਵਿਚ *ਟਕਸਾਲ* ਦਾ ਅਰਥ ਹੈ ਘਰਾਣਾ, ਵੰਸ਼ (ਖ਼ਾਨਦਾਨ), ਗੁਰੂ ਪਰੰਪਰਾ, ਸ਼ਿਸ਼ ਪਰੰਪਰਾ ਪ੍ਰਣਾਲੀ *ਟਕਸਾਲ* ਹੈ।"[36]

ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ ਅਨੁਸਾਰ, "ਜਿਸ ਸਥਾਨ ਤੇ ਗੁਰੂ ਸਾਹਿਬਾਨ ਵੱਲੋਂ ਨਿਰਧਾਰਿਤ ਕੀਤੀ ਸੰਗੀਤ ਪ੍ਰਣਾਲੀ ਅਨੁਸਾਰ ਰਾਗਾਂ ਵਿਚ ਸ਼ਬਦ ਕੀਰਤਨ ਦੀ ਸਿਖਲਾਈ ਵਿਸ਼ੇਸ਼ ਨਿਗਰਾਨੀ ਹੇਠ ਸੰਗੀਤ ਦੇ ਗਿਆਤਾਵਾਂ ਦੁਆਰਾ ਦਿੱਤੀ ਜਾਂਦੀ ਹੈ ਅਤੇ ਸੰਗੀਤ ਸਿੱਖਣ ਵਾਲੇ ਵਿਦਿਆਰਥੀਆਂ ਨੂੰ ਗੁਰਮਤਿ ਰਹਿਣੀ ਬਹਿਣੀ ਅਨੁਸਾਰ ਜੀਵਨ ਬਸਰ ਕਰਨ ਦੀ ਸਿਖਲਾਈ ਦਿੱਤੀ ਜਾਵੇ, ਉਸ ਸਥਾਨ ਨੂੰ ਗੁਰਮਤਿ ਸੰਗੀਤ ਪਰੰਪਰਾ ਵਿਚ 'ਟਕਸਾਲ' ਕਹਿੰਦੇ ਹਨ।"[37]

ਡਾ. ਦਰਸ਼ਨ ਸਿੰਘ ਨਰੂਲਾ ਅਨੁਸਾਰ, "ਟਕਸਾਲ, ਜਿੱਥੇ ਰੁਪਿਆ-ਪੈਸਾ ਆਦਿ ਦੇ ਸਿੱਕੇ ਬਣਾਏ ਜਾਂਦੇ ਹਨ। 'ਟਕਸਾਲਿ' ਤੋਂ ਭਾਵ ਹੈ ਟਕਸਾਲ ਵਿਚ ਅਤੇ 'ਟਕਸਾਲੀ' ਦਾ ਅਰਥ ਹੈ ਟਕਸਾਲ ਨਾਲ

ਸਬੰਧਿਤ। ਇਵੇਂ ਹੀ ਟਕਸਾਲੀਆ ਉਸ ਨੂੰ ਕਹਿੰਦੇ ਹਨ ਜਿਸ ਨੇ ਕਿਸੇ ਉੱਤਮ ਸਥਾਨ ਤੇ ਰਹਿ ਕੇ 'ਵਿੱਦਿਆ' ਅਤੇ 'ਰਹਿਤ' ਸਿੱਖੀ ਹੋਵੇ।"

ਉਸਤਾਦ ਮਹਿੰਗਾ ਸਿੰਘ ਅਨੁਸਾਰ, "ਜਿੱਥੇ ਇਕ ਕੀਰਤਨਕਾਰ, ਸ਼ਬਦ ਕੀਰਤਨ ਪ੍ਰਸਤੁਤੀ ਲਈ ਵਿਸ਼ੇਸ਼ ਬੰਦਿਸ਼ਾਂ, ਆਵਾਜ਼ ਲਗਾਉਣ ਦਾ ਢੰਗ, ਰਾਗ ਦੇ ਵਿਸਥਾਰ ਅਤੇ ਸਜਾਵਟ ਦਾ ਢੰਗ ਪੀੜ੍ਹੀ ਦਰ ਪੀੜ੍ਹੀ ਅੱਗੇ ਆਪਣੇ ਸ਼ਾਗਿਰਦਾਂ ਨੂੰ ਸਿਖਾਉਂਦਾ ਹੈ, ਜਿਨ੍ਹਾਂ ਵਿਚ ਉਸਤਾਦ ਸ਼ਾਗਿਰਦ ਪਰੰਪਰਾ ਦਾ ਪ੍ਰਚਲਣ ਹੋਵੇ, ਅਜਿਹੇ ਕੀਰਤਨਕਾਰਾਂ ਦੇ ਸਮੂਹ ਨੂੰ 'ਟਕਸਾਲ' ਪਰੰਪਰਾ ਦਾ ਰੂਪ ਵਿਚ ਮੰਨਿਆ ਜਾ ਸਕਦਾ ਹੈ।"[38]

ਉਸਤਾਦ ਸੁਰਜੀਤ ਸਿੰਘ (ਬੜੂ ਸਾਹਿਬ) ਅਨੁਸਾਰ, "ਟਕਸਾਲ ਅਜਿਹੇ ਸੰਗੀਤਕਾਰਾਂ ਦਾ ਸਮੂਹ ਹੈ ਜਿਨ੍ਹਾਂ ਦੇ ਆਪਸ ਵਿਚ ਗੁਰੂ ਸ਼ਿਸ਼ ਪਰੰਪਰਾ ਵਾਲੇ ਸਬੰਧ ਹੋਣ ਅਤੇ ਜਿਨ੍ਹਾਂ ਦੀ ਗਾਇਨ ਸ਼ੈਲੀ ਵਿਚ ਕੁਝ ਸਮਾਨਤਾਵਾਂ ਪਾਈਆਂ ਜਾਣ ਟਕਸਾਲ ਦਾ ਜਨਮ ਕਿਸੇ ਪ੍ਰਤਿਭਾਸ਼ਾਲੀ ਵਿਅਕਤੀ ਜਿਸ ਨੂੰ ਸੰਗੀਤ ਦੇ ਖੇਤਰ ਵਿਚ ਵਿਸ਼ੇਸ਼ ਮੁਹਾਰਤ ਹਾਸਿਲ ਹੋਵੇ ਤੋਂ ਮੰਨਿਆ ਜਾਂਦਾ ਹੈ। ਇਕ ਕੀਰਤਨਕਾਰ ਦੀ ਸੰਪੂਰਨ ਸੰਗੀਤਕ ਪ੍ਰਸਤੁਤੀ ਟਕਸਾਲ ਦੀਆਂ ਵਿਸ਼ੇਸ਼ਤਾਵਾਂ ਤੋਂ ਪ੍ਰਭਾਵਿਤ ਹੁੰਦੀ ਹੈ।"[39]

ਪ੍ਰੋ. ਕਰਤਾਰ ਸਿੰਘ ਅਨੁਸਾਰ, "ਜਿੱਥੇ ਇਕ ਕੀਰਤਨਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੰਗੀਤਕ ਵਿਧਾਨ ਅਨੁਸਾਰ ਰਾਗ ਗਾਇਨ, ਸਵਰ ਸੰਗਤੀਆਂ, ਬੰਦਿਸ਼ਾਂ ਆਦਿ ਦੀ ਸਿਖਲਾਈ ਪ੍ਰਾਪਤ ਕਰਦਾ ਹੈ ਉਸ ਸਥਾਨ ਨੂੰ 'ਟਕਸਾਲ' ਕਿਹਾ ਜਾ ਸਕਦਾ ਹੈ। ਟਕਸਾਲ ਵਿਚ ਉਸਤਾਦ-ਸ਼ਾਗਿਰਦ ਪਰੰਪਰਾ ਦਾ ਹੋਣਾ ਜ਼ਰੂਰੀ ਹੈ। ਜਦੋਂ ਇਹ ਸਿਲਸਿਲਾ ਨਿਰੰਤਰ ਕਈ ਪੀੜ੍ਹੀਆਂ ਤਕ ਚਲਦਾ ਹੈ ਤਾਂ ਟਕਸਾਲ ਹੋਂਦ ਵਿਚ ਆਉਂਦੀ ਹੈ। ਇਸ ਤਰ੍ਹਾਂ ਟਕਸਾਲ ਵਿਚ ਸਿੱਖਿਆ ਪ੍ਰਾਪਤ ਕਰਨ ਵਾਲੇ ਸਾਰੇ ਸ਼ਾਗਿਰਦ ਮੈਂਬਰ ਇਕ ਵਿਸ਼ੇਸ਼ ਸੰਗੀਤ ਵਿਧਾਨ ਵਿਚ ਬੰਨੇ ਹੁੰਦੇ ਹਨ।"[40]

ਡਾ. ਗੁਰਨਾਮ ਸਿੰਘ ਅਨੁਸਾਰ, ਸਿੱਖ ਸੰਗੀਤ ਵਿਚ ਗੁਰਮਤਿ ਪਰੰਪਰਾ ਅਨੁਸਾਰ ਸ਼ਬਦ ਕੀਰਤਨ ਦੀ ਸਿਖਲਾਈ ਲਈ ਪ੍ਰਮਾਣਿਕ ਤੇ ਪ੍ਰਵਾਨਿਤ ਕੇਂਦਰ ਜਾਂ ਸੰਸਥਾ ਨੂੰ ਟਕਸਾਲ ਕਿਹਾ ਜਾਂਦਾ ਹੈ।[41] ਗੁਰਮਤਿ ਸੰਗੀਤ ਦੀ ਸਿਖਲਾਈ ਪਰੰਪਰਾ ਵਿਚ ਜਿੱਥੇ ਰਬਾਬੀਆਂ ਦੀ ਘਰਾਨਾ ਪਰੰਪਰਾ ਪ੍ਰਚਲਿਤ ਹੈ ਉੱਥੇ ਨਿਸ਼ਕਾਮ ਕੀਰਤਨੀਆਂ ਦੀ ਟਕਸਾਲ ਪਰੰਪਰਾ ਵੀ ਮੌਜੂਦ ਹੈ। ਵਰਤਮਾਨ ਸਮੇਂ ਭਾਵੇਂ ਸਾਨੂੰ ਇਨ੍ਹਾਂ ਟਕਸਾਲਾਂ ਦੇ ਬਹੁਤ

ਘੱਟ ਇਤਿਹਾਸਕ ਸਰੋਤ ਉਪਲਬਧ ਹਨ ਪ੍ਰੰਤੂ ਵੱਖ-ਵੱਖ ਕੀਰਤਨਕਾਰਾਂ ਅਤੇ ਸੰਗੀਤ ਗਿਆਤਾਵਾਂ ਤੋਂ ਇਨ੍ਹਾਂ ਦੇ ਪ੍ਰਚਲਣ ਦੇ ਤੱਥ ਪ੍ਰਾਪਤ ਹੁੰਦੇ ਹਨ।"[42]

ਡਾ. ਜਸਬੀਰ ਕੌਰ ਅਨੁਸਾਰ, "ਸਿੱਖ ਧਰਮ ਵਿਚ ਜਿੱਥੇ ਗੁਰਮਤਿ ਸੰਗੀਤ ਦੇ ਪ੍ਰਬੰਧ ਅਧੀਨ ਸ਼ਬਦ ਕੀਰਤਨ ਦੀ ਸਿੱਖਿਆ ਦਿੱਤੀ ਜਾਂਦੀ ਹੈ, ਉਸ ਸੰਸਥਾ ਨੂੰ ਟਕਸਾਲ ਦਾ ਨਾਮ ਦਿੱਤਾ ਗਿਆ ਹੈ।"[43]

*Gurmat Sangit Terminology* ਅਨੁਸਾਰ ਸਿੱਖ ਸੰਗੀਤ ਵਿਚ ਗੁਰਮਤਿ ਪਰੰਪਰਾ ਅਨੁਸਾਰ ਸ਼ਬਦ ਕੀਰਤਨ ਦੀ ਸਿਖਲਾਈ ਲਈ ਪ੍ਰਮਾਣਿਕ ਤੇ ਪ੍ਰਵਾਨਿਤ ਕੇਂਦਰ ਜਾਂ ਸੰਸਥਾ ਨੂੰ ਟਕਸਾਲ ਕਿਹਾ ਜਾਂਦਾ ਹੈ।[44]

ਟਕਸਾਲ ਦੇ ਕੋਸ਼ ਗਤ ਅਰਥਾਂ ਅਨੁਸਾਰ ਟਕਸਾਲ ਸਿੱਕੇ ਜਾ ਟਕੇ ਘੜਨ ਦਾ ਸਥਾਨ ਹੈ ਜਿਸ ਦਾ ਸੰਗੀਤ ਨਾਲ ਕੋਈ ਸਬੰਧ ਨਹੀਂ ਹੈ ਪ੍ਰੰਤੂ ਕਈ ਵਿਦਵਾਨ ਟਕਸਾਲ ਤੋਂ ਭਾਵ ਉੱਤਮ ਸਿੱਖਿਆ ਦੇਣ ਵਾਲਾ ਸਥਾਨ ਜਾ ਪਾਠਸ਼ਾਲਾ ਤੋਂ ਮੰਨਦੇ ਹਨ। ਗੁਰਮਤਿ ਅਨੁਸਾਰ ਟਕਸਾਲ ਦਾ ਦ੍ਰਿਸ਼ਟਾਂਤ ਦੇ ਕੇ ਸਤਿ ਸੰਗਤ ਵਿਚ ਮਨ ਨੂੰ ਘੜਨ ਦੀ ਗੱਲ ਕੀਤੀ ਗਈ ਹੈ। ਇਸ ਲਈ ਪਰਿਭਾਸ਼ਿਕ ਤੌਰ ਤੇ ਗੁਰਮਤਿ ਸੰਗੀਤ ਦੇ ਹਵਾਲੇ ਅਨੁਸਾਰ ਟਕਸਾਲ ਨੂੰ ਉਹ ਸਥਾਨ ਮੰਨਿਆ ਗਿਆ ਹੈ ਜਿੱਥੇ ਗੁਰਮਤਿ ਅਨੁਸਾਰ ਸ਼ਬਦ ਨੂੰ ਸੰਗੀਤ ਦੁਆਰਾ ਘੜਿਆ ਜਾਵੇ ਅਤੇ ਜੀਵਨ ਜਾਚ ਸਿੱਖੀ ਜਾਵੇ।

ਉਪਰੋਕਤ ਟਕਸਾਲ ਦੇ ਸਰੂਪਗਤ ਅਧਿਐਨ ਤਹਿਤ ਸ਼ਾਬਦਿਕ ਅਤੇ ਪਰਿਭਾਸ਼ਿਕ ਵਿਵਰਨ ਤੋਂ ਇਹ ਗੱਲ ਪ੍ਰਤੱਖ ਹੁੰਦੀ ਹੈ ਕਿ ਗੁਰੂ ਕਾਲ ਤੋਂ ਬਾਅਦ ਅਨੇਕ ਸੰਤਾਂ-ਮਹਾਪੁਰਸ਼ਾਂ ਨੇ ਆਪਣੇ ਇਲਾਕਿਆਂ, ਡੇਰਿਆਂ ਅਤੇ ਗੁਰਦੁਆਰਿਆਂ ਵਿਚ ਗੁਰੂ ਸਾਹਿਬਾਨਾਂ ਦੁਆਰਾ ਵਰੋਸਾਈ ਸ਼ਬਦ ਕੀਰਤਨ ਪਰੰਪਰਾ ਦਾ ਪ੍ਰਚਾਰ ਕਰਨ ਲਈ ਟਕਸਾਲਾਂ ਦੀ ਸਥਾਪਨਾ ਕੀਤੀ। ਇਨ੍ਹਾਂ ਟਕਸਾਲਾਂ ਵਿਚ ਵਿਦਿਆਰਥੀਆਂ ਨੂੰ ਰੱਖ ਕੇ ਸੀਨਾ-ਬ-ਸੀਨਾ ਚਲੀ ਆ ਰਹੀ ਕੀਰਤਨ ਮਰਿਆਦਾ ਨੂੰ ਸਿਖਾਇਆ ਜਾਣ ਲੱਗ ਪਿਆ, ਜਿਸ ਨਾਲ ਗੁਰਮਤਿ ਸੰਗੀਤ ਪਰੰਪਰਾ ਵਿਚ ਕੀਰਤਨ ਸਿੱਖਣ ਤੇ ਸਿਖਾਉਣ ਲਈ (ਗੁਰੂ ਸ਼ਿਸ਼) ਪਰੰਪਰਾ ਦਾ ਆਰੰਭ ਹੋਇਆ। ਇਸ ਪਰੰਪਰਾ ਦੇ ਆਰੰਭ ਹੋਣ ਨਾਲ ਗੁਰੂ ਘਰ ਦੇ ਵਰੋਸਾਏ ਕੀਰਤਨਕਾਰਾਂ ਤੇ ਰਬਾਬੀਆਂ ਨੇ ਆਪਣੀ ਕਲਾ ਨੂੰ ਅੱਗੋਂ ਆਪਣੇ ਵੰਸ਼ਜਾਂ ਅਤੇ ਵਿਦਿਆਰਥੀਆਂ ਨੂੰ ਸਿਖਾਉਣਾ ਆਰੰਭ ਕਰ ਦਿੱਤਾ ਜਿਸ ਦੇ

ਨਾਲ ਕੀਰਤਨ ਸਿਖਾਉਣ ਦੇ ਕਈ ਕੀਰਤਨ ਕੇਂਦਰ ਹੋਂਦ ਵਿਚ ਆਏ। ਜਿਹੜੇ ਕਿ ਟਕਸਾਲ ਦਾ ਰੂਪ ਧਾਰਨ ਕਰ ਗਏ। ਇਨ੍ਹਾਂ ਦਾ ਵਿਕਾਸਾਤਮਿਕ ਅਧਿਐਨ ਅਸੀਂ ਆਪਣੇ ਦੂਜੇ ਅਧਿਆਇ ਵਿਚ ਕਰਨ ਜਾਂ ਰਹੇ ਹਾਂ।

## ਹਵਾਲੇ ਤੇ ਪਦ ਟਿੱਪਣੀਆ

1 ਕਾਨ੍ਹ ਸਿੰਘ ਨਾਭਾ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 332.

2 Gurnam Singh (Dr.), **Gurmat Saṅgīt Terminology**, p.78.

3 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ**, ਪੰਨਾ 42.

4 ਉਹੀ, ਪੰਨਾ 21

5 ਵੀਰ ਸਿੰਘ (ਭਾਈ), **ਗੁਰੂ ਨਾਨਕ ਚਮਤਕਾਰ (ਉਤਰਾਰਧ),** ਪੰਨਾ 21

6 ਗਿਆਨ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ॥ ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥29॥ (**ਵਾਰਾਂ ਭਾਈ ਗੁਰਦਾਸ**, ਵਾਰ ੧, ਪਉੜੀ ੩੮.)

7 ਕਾਨ੍ਹ ਸਿੰਘ ਨਾਭਾ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 662.

8 ਹਵਾਲਾ : ਕਾਨ੍ਹ ਸਿੰਘ ਨਾਭਾ (ਭਾਈ), **ਗੁਰਮਤਿ ਮਾਰਤੰਡ** (ਭਾਗ ਪਹਿਲਾ), ਪੰਨਾ 300.

9 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ**, ਪੰਨਾ 38.

10 ਉਹੀ, ਪੰਨਾ 39.

11 ਜਸਬੀਰ ਕੌਰ (ਡਾ.), **ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ**, ਪੰਨਾ 33.

12 ਤਾਰਾ ਸਿੰਘ (ਪ੍ਰੋ.), **ਭੂਮਿਕਾ ਸ੍ਰੀ ਗੁਰੂ ਅਮਰਦਾਸ ਰਾਗ ਰਤਨਾਵਲੀ,** ਪੰਨਾ 1.

13 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ,** ਪੰਨਾ 176.

14 ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ, **ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ,** ਪੰਨਾ 23.

15 ਤਵਾਰੀਖ ਗੁਰੂ ਖਾਲਸਾ, ਪੰਨਾ ੧੯੪, ਹਵਾਲਾ : ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ, **ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ,** ਪੰਨਾ 23.

16 **ਸਿੰਘ ਸਭਾ ਪੱਤ੍ਰਿਕਾ**, *ਕੀਰਤਨ ਅੰਕ*, ਭਾਗ ਪਹਿਲਾ, ਫਰਵਰੀ 1978, ਪੰਨਾ 550.

17 ਕਾਨ੍ਹ ਸਿੰਘ ਨਾਭਾ (ਭਾਈ), **ਗੁਰਮਤਿ ਮਾਰਤੰਡ (ਭਾਗ ਪਹਿਲਾ),** ਪੰਨਾ 300.

18 ਤਾਰਾ ਸਿੰਘ (ਪ੍ਰੋ.), **ਵਾਦਨ ਕਲਾ**, ਪੰਨਾ 283.

19 ਕਾਨ੍ਹ ਸਿੰਘ ਨਾਭਾ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 639.

[20] ਪਿਆਰਾ ਸਿੰਘ ਪਦਮ (ਸੰਪਾ.), **ਪੰਜਾਬੀ ਵਾਰਾਂ**, ਪਟਿਆਲਾ, 1951.

[21] ਨਾਭਾ, ਕਾਨ੍ਹ ਸਿੰਘ (ਭਾਈ), **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼,** ਪੰਨਾ 620.

[22] ਹਰਨਾਮ ਸਿੰਘ ਖਾਲਸਾ (ਗਿਆਨੀ), **ਸੰਖੇਪ ਇਤਿਹਾਸ ਦਮਦਮੀ ਟਕਸਾਲ**, ਪੰਨਾ 39

[23] ਉਹੀ ਪੰਨਾ 48

[24] ਉਹੀ ਪੰਨਾ 41

[25] ਰਤਨ ਸਿੰਘ ਜੱਗੀ (ਡਾ., ਸੰਪਾ.), **ਵਾਰਾਂ ਭਾਈ ਗੁਰਦਾਸ ਸ਼ਬਦ ਅਣੁਕ੍ਰਮਣਿਕਾ ਅਤੇ ਕੋਸ਼,** ਪੰਨਾ 124

[26] ਕਾਨ੍ਹ ਸਿੰਘ ਨਾਭਾ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 548.

[27] ਵੀਰ ਸਿੰਘ (ਭਾਈ), **ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼**, ਪੰਨਾ ੨੯੦.

[28] ਰਿਆਲ ਜੀ.ਐਸ. (ਸੰਪਾ.), **ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼,** ਪੰਨਾ 308.

[29] **ਪੰਜਾਬੀ ਕੋਸ਼ (ਭਾਗ ਤੀਜਾ),** ਪੰਨਾ 2.

[30] ਰਤਨ ਸਿੰਘ ਜੱਗੀ (ਡਾ.), **ਸਿੱਖ ਪੰਥ ਵਿਸ਼ਵਕੋਸ਼,** ਪੰਨਾ

[31] ਮਦਨ ਲਾਲ ਹਸੀਜਾ (ਡਾ., ਸੰਪਾ.), **ਪੰਜਾਬੀ ਵਿਸ਼ਵ ਕੋਸ਼**, ਪੰਨਾ 360.

[32] ਕਾਨ੍ਹ ਸਿੰਘ ਨਾਭਾ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 548.

[33] ਰਤਨ ਸਿੰਘ ਜੱਗੀ (ਡਾ.), **ਸਿੱਖ ਪੰਥ ਵਿਸ਼ਵਕੋਸ਼,** ਪੰਨਾ 620

[34] ਕਾਨ੍ਹ ਸਿੰਘ ਨਾਭਾ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼,** ਪੰਨਾ 548.

[35] ਰਤਨ ਸਿੰਘ ਜੱਗੀ (ਡਾ.), **ਸਿੱਖ ਪੰਥ ਵਿਸ਼ਵਕੋਸ਼,** ਪੰਨਾ 620

[36] ਤਾਰਾ ਸਿੰਘ (ਪ੍ਰੋ.), **ਵਾਦਨ ਕਲਾ,** ਪੰਨਾ 39.

[37] ਸ਼ਮਸ਼ੇਰ ਸਿੰਘ ਕਰੀਰ (ਪ੍ਰਿੰ.), **ਗੁਰਮਤਿ ਸੰਗੀਤ : ਸਹਾਇਕ ਸੰਸਥਾਵਾਂ, ਟਕਸਾਲਾਂ ਦਾ ਯੋਗਦਾਨ,** ਸਮਾਜਿਕ ਵਿਗਿਆਨ ਪੱਤਰ, *ਗੁਰਮਤਿ ਸੰਗੀਤ ਵਿਸ਼ੇਸ਼ ਅੰਕ*, ਡਾ. ਜਸਬੀਰ ਕੌਰ (ਮੁੱਖ ਸੰਪਾ.), ਪੰਨਾ 107

[38] ਨਿੱਜੀ ਮੁਲਾਕਾਤ, ਉਸਤਾਦ ਮਹਿੰਗਾ ਸਿੰਘ, ਅੰਮ੍ਰਿਤਸਰ ਮਿਤੀ 24-08-2009

39 ਨਿੱਜੀ ਮੁਲਾਕਾਤ, ਉਸਤਾਦ ਸੁਰਜੀਤ ਸਿੰਘ (ਬੜੂ ਸਾਹਿਬ ਵਾਲੇ), 22 ਮਾਰਚ 2013)

[40] ਨਿੱਜੀ ਮੁਲਾਕਾਤ, ਪ੍ਰੋ. ਕਰਤਾਰ ਸਿੰਘ, ਲੁਧਿਆਣ, ਮਿਤੀ 22-2-2013.

[41] Gurnam Singh (Dr.), **Gurmat Saṅgīt Terminology,** p.85

[42] ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ**, ਪੰਨਾ 205)

[43] ਜਸਬੀਰ ਕੌਰ, **ਗੁਰਮਤਿ ਸੰਗੀਤ ਦੀ ਇਤਿਹਾਸਕ ਵਿਲੱਖਣਤਾ,** ਪੰਨਾ 108.

[44] Gurnam Singh (Dr.), **Gurmat Saṅgīt Terminology,** p.85

ਅਧਿਆਇ ਦੂਜਾ

# ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਵਿਕਾਸਾਤਮਿਕ ਅਧਿਐਨ

ਸਿੱਖ ਧਰਮ ਵਿਚ ਸ਼ਬਦ ਕੀਰਤਨ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਹੋਇਆ। ਗੁਰੂ ਸਾਹਿਬ ਨੇ ਆਪਣਾ ਅਧਿਆਤਮਿਕ ਸੁਨੇਹਾ ਲੋਕਾਈ ਤੱਕ ਪਹੁੰਚਾਉਣ ਲਈ ਸੰਗੀਤ ਨੂੰ ਸਾਧਨ ਵੱਜੋ ਅਪਣਾਇਆ। ਗੁਰੂ ਸਾਹਿਬ ਨੇ ਉਦਾਸੀਆਂ ਤੋਂ ਬਾਅਦ ਸਿੱਖ ਧਰਮ ਦੇ ਪ੍ਰਚਾਰ ਲਈ ਕਰਤਾਰਪੁਰ ਸਾਹਿਬ ਦੀ ਸਥਾਪਨਾ ਕੀਤੀ ਜਿੱਥੇ ਭਾਈ ਮਰਦਾਨਾ ਅਤੇ ਉਨ੍ਹਾਂ ਦੇ ਵੰਸ਼ਜ ਸੰਗਤਾਂ ਨੂੰ ਸ਼ਬਦ ਕੀਰਤਨ ਨਾਲ ਜੋੜਦੇ ਰਹੇ। ਜਿਵੇਂ ਕਿ ਗੁਰਮਤਿ ਸੰਗੀਤ ਦੇ ਵਿਕਾਸ ਲਈ ਵੱਖ-ਵੱਖ ਗੁਰੂ ਸਾਹਿਬਾਨਾਂ ਦੇ ਕਾਲ ਦੌਰਾਨ ਅਨੇਕ ਕੀਰਤਨ ਕੇਂਦਰਾਂ ਦੀ ਸਥਾਪਨਾ ਹੋਈ ਜਿਨ੍ਹਾਂ ਵਿਚੋਂ ਗੁਰੂ ਨਾਨਕ ਦੇਵ ਜੀ ਦੁਆਰਾ ਕਰਤਾਰਪੁਰ ਸਾਹਿਬ, ਗੁਰੂ ਅੰਗਦ ਦੇਵ ਜੀ ਦੁਆਰਾ ਖਡੂਰ ਸਾਹਿਬ, ਗੁਰੂ ਅਮਰਦਾਸ ਜੀ ਦੁਆਰਾ ਗੋਇੰਦਵਾਲ ਸਾਹਿਬ, ਗੁਰੂ ਰਾਮਦਾਸ ਜੀ ਦੁਆਰਾ ਅੰਮ੍ਰਿਤਸਰ ਸਾਹਿਬ, ਗੁਰੂ ਅਰਜਨ ਦੇਵ ਜੀ ਦੁਆਰਾ ਤਰਨਤਾਰਨ ਸਾਹਿਬ, ਗੁਰੂ ਹਰਿਗੋਬਿੰਦ ਜੀ ਦੁਆਰਾ ਕੀਰਤਪੁਰ ਸਾਹਿਬ, ਗੁਰੂ ਤੇਗ਼ ਬਹਾਦਰ ਜੀ ਦੁਆਰਾ ਅਨੰਦਪੁਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਸ਼ੇਸ਼ ਹਨ।

ਗੁਰੂ ਕਾਲ ਤੋਂ ਬਾਅਦ ਕਈ ਸੰਤਾ-ਮਹਾਂਪੁਰਸ਼ਾਂ ਨੇ ਆਪਣੇ-ਆਪਣੇ ਇਲਾਕਿਆਂ ਵਿਚ ਗੁਰਮਤਿ ਦਾ ਪ੍ਰਚਾਰ ਕਰਨ ਲਈ ਗੁਰੂ ਅਸਥਾਨਾਂ ਦੇ ਨਾਲ ਕੀਰਤਨ ਕੇਂਦਰਾਂ ਦੀ ਸਥਾਪਨਾ ਕੀਤੀ। ਇਸ ਦੇ ਨਾਲ ਸਿੱਖ ਸੰਗਤ ਵਿਚ ਕੀਰਤਨ ਸਿੱਖਣ ਤੇ ਸਿਖਾਉਣ ਲਈ ਗੁਰੂ ਸ਼ਿਸ਼ ਪਰੰਪਰਾ ਦਾ ਪ੍ਰਾਰੰਭ ਹੋਇਆ। ਇਸ ਪਰੰਪਰਾ ਦੇ ਆਰੰਭ ਹੋਣ ਨਾਲ ਗੁਰੂ ਘਰ ਦੇ ਵਰੋਸਾਏ ਰਬਾਬੀ, ਰਾਗੀ ਕੀਰਤਨਕਾਰਾਂ ਨੇ ਆਪਣੀ ਕਲਾ ਨੂੰ ਅੱਗੇ ਆਪਣੇ ਵੰਸ਼ਜਾਂ ਅਤੇ ਵਿਦਿਆਰਥੀਆਂ ਨੂੰ ਸਿਖਾਉਣਾ ਆਰੰਭ ਕਰ ਦਿੱਤਾ, ਜਿਸ ਦੇ ਨਾਲ ਕੀਰਤਨ ਦੇ ਇਹ ਸਥਾਨ ਟਕਸਾਲਾਂ ਦੇ ਰੂਪ ਵਿਚ ਹੋਂਦ ਵਿਚ ਆਏ।

## 1. ਟਕਸਾਲ ਪਰੰਪਰਾ

ਗੁਰਮਤਿ ਸੰਗੀਤ ਦਾ ਜੋ ਸਰੂਪ ਸਾਨੂੰ ਵਰਤਮਾਨ ਸਮੇਂ ਪ੍ਰਾਪਤ ਹੁੰਦਾ ਹੈ, ਉਸ ਵਿਚ ਟਕਸਾਲ ਪਰੰਪਰਾ ਦਾ ਵਡਮੁੱਲਾ ਯੋਗਦਾਨ ਹੈ। ਗੁਰੂ ਕਾਲ ਤੋਂ ਬਾਅਦ ਟਕਸਾਲਾਂ ਦੇ ਵਿਚ ਹੀ ਗੁਰਮਤਿ ਸੰਗੀਤ ਦੀ ਸਿਖਲਾਈ ਸੀਨਾ-ਬ-ਸੀਨਾ ਸਿੱਖ ਕੀਰਤਨਕਾਰਾਂ ਵਿਚ ਪ੍ਰਚਲਿਤ ਰਹੀ ਅਤੇ ਇਹ ਸਿੱਖਿਆ ਪ੍ਰਣਾਲੀ ਦਾ ਰੂਪ ਧਾਰਨ ਕਰ ਗਈ। ਗੁਰੂ ਸਾਹਿਬਾਨ ਦੁਆਰਾ ਵਰੋਸਾਈ ਕੀਰਤਨ ਪਰੰਪਰਾ ਦੇ ਵਿਕਾਸ ਵਿਚ ਗੁਰੂ ਕਾਲ ਤੋਂ ਵਰਤਮਾਨ ਸਮੇਂ ਤੱਕ ਬਹੁਤ ਪਰਿਵਰਤਨ ਆਏ ਜਿਸ ਕਾਰਨ ਟਕਸਾਲਾਂ ਵਿਚ ਉਚਿੱਤ ਪ੍ਰਬੰਧ ਨਹੀਂ ਹੋ ਸਕਿਆ। ਇਸ ਦੇ  ਸਮਾਜਿਕ, ਰਾਜਨੀਤਕ ਅਤੇ ਆਰਥਿਕ ਆਦਿ ਕਈ ਕਾਰਨ ਰਹੇ। ਇਸ ਦੇ ਨਾਲ ਕਈ ਟਕਸਾਲਾਂ ਆਪਣਾ ਵਜੂਦ ਵੀ ਕਾਇਮ ਨਾ ਰੱਖ ਸਕੀਆਂ। ਇੱਥੋਂ ਤੱਕ ਕਿ ਸਮਾਜਿਕ ਤੇ ਰਾਜਨੀਤਕ ਹਾਲਾਤਾਂ ਕਾਰਨ ਟਕਸਾਲ ਦੇ ਮੁੱਖੀ ਜਾਂ ਕੀਰਤਨ ਕਾਰ ਟਕਸਾਲਾਂ ਦੀ ਇਤਿਹਾਸਿਕ ਜਾਣਕਾਰੀ ਜਾਂ ਸੰਗੀਤਕ ਸਮਗਰੀ ਦੀ ਸੰਭਾਲ ਵੀ ਨਹੀਂ ਕਰ ਸਕੇ ਜਿਸ ਦੇ ਕਾਰਨ ਗੁਰਮਤਿ ਸੰਗੀਤ ਦਾ ਵਿਸ਼ਾਲ ਭੰਡਾਰ ਲੁਪਤ ਹੋ ਗਿਆ।  ਇਸ ਦੇ ਬਾਵਜੂਦ ਇਨ੍ਹਾਂ ਵਿਚੋਂ ਕਈ ਟਕਸਾਲਾਂ ਅਜੇ ਵੀ ਹੋਂਦ ਵਿਚ ਹਨ। ਟਕਸਾਲ ਪਰੰਪਰਾ ਵਿਚ ਹੋਏ ਇਨ੍ਹਾਂ ਪਰਿਵਰਤਨਾਂ ਦੇ ਬਾਵਜੂਦ ਜੋ ਗੁਰਮਤਿ ਸੰਗੀਤ ਦਾ ਪੁਰਾਤਨ ਸਰੂਪ ਸਾਡੇ ਤੱਕ ਪਹੁੰਚਿਆ ਹੈ ਉਸ ਵਿਚ ਵਡਮੁੱਲਾ ਯੋਗਦਾਨ ਟਕਸਾਲਾਂ ਦਾ ਹੀ ਰਿਹਾ ਹੈ। ਗੁਰਮਤਿ ਸੰਗੀਤ ਦੀ ਸੀਨਾ-ਬ-ਸੀਨਾ ਕੀਰਤਨ ਪਰੰਪਰਾ ਦਾ ਵਿਸ਼ਾਲ ਖ਼ਜ਼ਾਨਾ ਇਹ ਟਕਸਾਲਾਂ ਆਪਣੇ ਅੰਦਰ ਸਮੋਈ ਬੈਠੀਆਂ ਹਨ। ਗੁਰਮਤਿ ਸੰਗੀਤ ਦੀ ਅਕਾਦਮਿਕ ਚੇਤਨਾ ਦੇ ਕਾਰਨ ਇਹ ਸਾਡੇ ਲਈ ਜ਼ਰੂਰੀ ਹੋ ਗਿਆ ਹੈ ਕਿ ਇਨ੍ਹਾਂ ਗੁਰਮਤਿ ਸੰਗੀਤ ਦੀਆਂ ਟਕਸਾਲਾਂ ਦਾ ਨਿੱਜੀ ਤੌਰ ਤੇ ਇਤਿਹਾਸਿਕ ਅਤੇ ਸੰਗੀਤਕ ਪੱਖੋਂ ਸਰਵੇਖਣ ਕੀਤਾ ਜਾਵੇ ਅਤੇ ਇਨ੍ਹਾਂ ਟਕਸਾਲਾਂ ਦੀ ਹੋਂਦ ਨੂੰ ਸਵੀਕਾਰਦਿਆਂ ਇਨ੍ਹਾਂ ਤੋਂ ਉਪਲਬਧ ਗੁਰਮਤਿ ਸੰਗੀਤ ਦੇ ਵਿਸ਼ਾਲ ਖ਼ਜ਼ਾਨੇ ਨੂੰ ਸੰਭਾਲਿਆ ਜਾ ਸਕੇ। ਇਸ ਸਬੰਧ ਵਿਚ ਹੇਠ ਲਿਖੀਆਂ ਪ੍ਰਮੁੱਖ ਟਕਸਾਲਾਂ ਨੂੰ ਅਸੀਂ ਆਪਣੇ ਖੋਜ ਕਾਰਜ ਦੇ ਅੰਤਰਗਤ ਰੱਖਿਆ ਹੈ :

**1.1 ਦਮਦਮੀ ਟਕਸਾਲ** : ਦਮਦਮੀ ਟਕਸਾਲ ਨੂੰ ਸਿੱਖ ਧਰਮ ਵਿਚ ਗੁਰੂ ਘਰ ਦੀ ਮਹੱਤਵਪੂਰਨ ਟਕਸਾਲ ਹੋਣ ਦਾ ਮਾਣ ਪ੍ਰਾਪਤ ਹੈ। ਇਸ ਟਕਸਾਲ ਦਾ ਆਰੰਭ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1706 ਈਸਵੀ ਨੂੰ ਕੀਤਾ।[1] ਸਿੱਖ ਪੰਥ ਵਿਸ਼ਵ-ਕੋਸ਼ ਅਨੁਸਾਰ, "ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਅਰਥ ਪ੍ਰਣਾਲੀ ਨੂੰ ਜਾਰੀ ਰੱਖਣ ਲਈ ਬਾਬਾ ਦੀਪ ਸਿੰਘ ਨੂੰ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਚ ਟਕਸਾਲਾਂ ਕਾਇਮ ਕਰਨ ਦੀ ਹਦਾਇਤ ਕੀਤੀ।[2]

ਬਾਬਾ ਦੀਪ ਸਿੰਘ ਨੇ ਦਮਦਮਾ ਸਾਹਿਬ ਦੇ ਸਥਾਨ ਤੋਂ ਦਮਦਮੀ ਟਕਸਾਲ ਦੁਆਰਾ ਬਾਣੀ ਬੋਧ, ਬਾਣੀ ਵਿਆਖਿਆ ਅਤੇ ਗੁਰਮਤਿ ਸੰਗੀਤ ਦੀ ਟਕਸਾਲੀ ਪਰੰਪਰਾ ਦਾ ਆਰੰਭ ਕੀਤਾ।[3] ਇਹ ਟਕਸਾਲ ਮੂਲ ਰੂਪ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਸਿਰਜਿਤ ਦਮਦਮਾ ਸਾਹਿਬ ਦੀ ਟਕਸਾਲ ਦਾ ਹੀ ਰੂਪ ਹੈ ਜੋ ਕਿ ਦਮਦਮੀ ਟਕਸਾਲ ਦੇ ਰੂਪ ਵਿਚ ਸਥਾਪਿਤ ਹੋਈ ਅਤੇ ਪ੍ਰਚਲਿਤ ਹੈ।

**ਬਾਬਾ ਦੀਪ ਸਿੰਘ** ਦਮਦਮੀ ਟਕਸਾਲ ਦੇ ਪਹਿਲੇ ਮੁੱਖੀ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਪਾਵਨ ਹਜ਼ੂਰੀ ਵਿਚ ਸ੍ਰੀ ਅਨੰਦਪੁਰ ਸਾਹਿਬ ਰਹਿੰਦਿਆਂ ਭਾਈ ਮਨੀ ਸਿੰਘ ਦੀ ਦੇਖ ਰੇਖ ਹੇਠ ਗੁਰਬਾਣੀ ਸੰਥਿਆ ਦਾ ਅਧਿਐਨ ਕੀਤਾ। 22 ਸਾਲ ਦੀ ਉਮਰ ਵਿਚ ਆਪ ਇਕ ਸਿਆਣੇ ਵਿਦਵਾਨ ਤੇ ਸੂਰਬੀਰ ਸੈਨਿਕ ਬਣ ਗਏ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਅਨੰਦਪੁਰ ਸਾਹਿਬ ਨੂੰ ਛੱਡਣ ਉਪਰੰਤ ਵੱਖ-ਵੱਖ ਸਥਾਨਾਂ ਰਾਹੀਂ ਹੁੰਦੇ ਹੋਏ ਤਲਵੰਡੀ ਸਾਬੋ ਵਿਖੇ ਪਹੁੰਚੇ ਤਾਂ ਬਾਬਾ ਦੀਪ ਸਿੰਘ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜ਼ਰ ਹੋਏ। ਗੁਰੂ ਸਾਹਿਬ ਦੇ ਆਦੇਸ਼ ਅਨੁਸਾਰ ਆਪ ਸੰਗਤਾਂ ਨੂੰ ਪਾਵਨ ਗੁਰਬਾਣੀ ਦਾ ਗਿਆਨ ਕਰਵਾਉਂਦੇ। ਬਾਬਾ ਦੀਪ ਸਿੰਘ ਕੇਵਲ ਗੁਰਮੁੱਖੀ ਦੇ ਹੀ ਵਿਦਵਾਨ ਨਹੀਂ ਸਨ, ਸਗੋਂ ਆਪ ਨੂੰ ਅਰਬੀ ਅਤੇ ਫ਼ਾਰਸੀ ਭਾਸ਼ਾ ਦਾ ਵੀ ਗਿਆਨ ਪ੍ਰਾਪਤ ਸੀ। ਆਪ ਸਿੱਖ ਕੌਮ ਦੇ ਪਹਿਲੇ ਅਜਿਹੇ ਲਿਖਾਰੀ ਹਨ, ਜਿਨ੍ਹਾਂ ਨੇ ਅਰਬੀ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਕੇ ਸਰੂਪ ਲਿਖ ਕੇ ਅਰਬ ਦੇਸ਼ਾਂ ਵਿਚ ਭੇਜਣੇ ਆਰੰਭ ਕੀਤੇ।

ਬਾਬਾ ਦੀਪ ਸਿੰਘ ਦੇ ਸਮੇਂ ਟਕਸਾਲ ਵਿਚ ਬਹੁਤ ਸਾਰੇ ਵਿੱਦਿਆਰਥੀਆਂ ਨੇ ਗੁਰਬਾਣੀ ਸੰਥਿਆ ਦੀ ਸਿੱਖਿਆ ਪ੍ਰਾਪਤ ਕੀਤੀ। 17ਵੀਂ ਸਦੀ ਵਿਚ ਜਦੋਂ ਖ਼ਾਲਸਾ ਪੰਥ ਦੀਆਂ ਸਮੁੱਚੀਆਂ ਜਥੇਬੰਦੀਆਂ ਨੂੰ ਇਕੱਤਰ ਕਰਕੇ ਬਾਰਾਂ ਮਿਸਲਾਂ ਦੇ ਅੰਤਰਗਤ ਕੀਤਾ ਤਾਂ ਆਪ ਨੂੰ ਸ਼ਹੀਦ ਮਿਸਲ ਦਾ ਮੁੱਖੀ ਥਾਪਿਆ

ਗਿਆ। 1757 ਈਸਵੀ ਨੂੰ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਵਾਲੇ ਜਹਾਨ ਖ਼ਾਨ ਨਾਲ ਹੋਏ ਘਮਸਾਣ ਦੇ ਯੁੱਧ ਵਿਚ ਬਾਬਾ ਦੀਪ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।

**ਬਾਬਾ ਗੁਰਬਖ਼ਸ਼ ਸਿੰਘ** ਨੂੰ ਬਾਬਾ ਦੀਪ ਸਿੰਘ ਤੋਂ ਬਾਅਦ ਦਮਦਮੀ ਟਕਸਾਲ ਦੇ ਅਗਲੇ ਮੁਖੀ ਬਣਾਇਆਂ ਗਿਆ।[4] ਇਨ੍ਹਾਂ ਨੇ ਬਾਬਾ ਦੀਪ ਸਿੰਘ ਤੋਂ ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ ਦੇ ਸਥਾਨ ਤੇ ਗੁਰਬਾਣੀ ਦੀ ਵਿਆਖਿਆ ਅਤੇ ਸੰਥਿਆ ਦੇ ਨਾਲ ਸ਼ਸਤਰ ਵਿੱਦਿਆ ਵੀ ਪ੍ਰਾਪਤ ਕੀਤੀ ਅਤੇ ਬਾਬਾ ਦੀਪ ਸਿੰਘ ਦੇ ਜਥੇ ਵਿਚ ਸ਼ਾਮਲ ਹੋ ਗਏ। ਬਾਬਾ ਦੀਪ ਸਿੰਘ ਅਤੇ ਭਾਈ ਮਨੀ ਸਿੰਘ ਦੀ ਸ਼ਹੀਦੀ ਤੋਂ ਬਾਅਦ ਆਪ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਅੰਦਰ ਗੁਰਬਾਣੀ ਦੀ ਕਥਾ ਕਰਦੇ ਰਹੇ। ਆਪ ਦੇ ਸਮੇਂ ਟਕਸਾਲ ਵਿਚ ਬਹੁਤ ਸਾਰੇ ਵਿਦਿਆਰਥੀ ਸ਼ਸਤਰ ਵਿੱਦਿਆ ਦੇ ਨਾਲ ਗੁਰਬਾਣੀ ਸੰਥਿਆ ਅਤੇ ਕੀਰਤਨ ਦੀ ਸਿਖਲਾਈ ਪ੍ਰਾਪਤ ਕਰਦੇ ਸਨ। ਇਨ੍ਹਾਂ ਤੋਂ ਸੁਣ ਕੇ ਹੀ ਭਾਈ ਸੂਰਤ ਸਿੰਘ ਨੇ *ਗਿਆਨ ਰਤਨਾਵਲੀ* ਲਿਖੀ ਸੀ।[5] ਜਦੋਂ ਅਬਦਾਲੀ ਨੇ ਦਸਵੀਂ ਵਾਰ ਭਾਰਤ ਉੱਤੇ ਹਮਲਾ ਕੀਤਾ ਤਾਂ ਆਪ ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ। ਆਪ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਰੱਖਿਆ ਲਈ ਸ਼ਹੀਦੀ ਪ੍ਰਾਪਤ ਕੀਤੀ। ਆਪ ਦੇ ਨਾਲ ਸ਼ਹੀਦ ਹੋਣ ਵਾਲੇ ਸਿੰਘਾਂ ਵਿੱਚ ਭਾਈ ਰਾਮ ਸਿੰਘ, ਭਾਈ ਬਸੰਤ ਸਿੰਘ ਅਤੇ ਭਾਈ ਨਿਹਾਲ ਸਿੰਘ ਦੇ ਨਾਵਾਂ ਦਾ ਇਤਿਹਾਸ ਵਿਚ ਵਰਣਨ ਮਿਲਦਾ ਹੈ।[6]

ਬਾਬਾ ਗੁਰਬਖ਼ਸ਼ ਸਿੰਘ ਦੀ ਸ਼ਹੀਦੀ ਤੋਂ ਬਾਅਦ ਆਪ ਦੇ ਵਿਦਿਆਰਥੀਆਂ ਵਿਚੋਂ **ਭਾਈ ਸੂਰਤ ਸਿੰਘ** ਨੂੰ ਦਮਦਮੀ ਟਕਸਾਲ ਦਾ ਮੁੱਖ ਜਥੇਦਾਰ ਥਾਪਿਆ ਗਿਆ। ਗਿਆਨੀ ਸੂਰਤ ਸਿੰਘ ਨੇ ਅੰਮ੍ਰਿਤਸਰ ਵਿਖੇ ਰਹਿੰਦੇ ਹੋਏ ਭਾਈ ਮਨੀ ਸਿੰਘ ਤੋਂ ਗੁਰਬਾਣੀ ਦੇ ਅਰਥ ਪੜ੍ਹੇ। ਆਪ ਨੂੰ ਫ਼ਾਰਸੀ, ਉਰਦੂ ਅਤੇ ਹਿੰਦੀ ਭਾਸ਼ਾ ਦਾ ਚੰਗਾ ਗਿਆਨ ਹਾਸਿਲ ਸੀ। ਆਪ ਨੇ 1764 ਈਸਵੀ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਜਥੇਦਾਰ ਦੀ ਸੇਵਾ ਸੰਭਾਲੀ।[7] ਆਪ ਹਰ ਰੋਜ਼ ਅੰਮ੍ਰਿਤਸਰ ਵਿਖੇ ਵਿਦਿਆਰਥੀਆਂ ਨੂੰ ਗੁਰਬਾਣੀ ਸੰਥਿਆ ਅਤੇ ਕਥਾ ਦਾ ਗਿਆਨ ਕਰਵਾਉਂਦੇ ਸਨ। ਆਪ ਨੇ ਜੋ ਕਥਾ ਭਾਈ ਮਨੀ ਸਿੰਘ ਤੋਂ ਸੁਣੀ ਉਸ ਨੂੰ ਪੋਥੀਆਂ ਦੇ ਰੂਪ ਵਿਚ ਲਿਖਿਆ।

ਗਿਆਨੀ ਸੂਰਤ ਸਿੰਘ ਤੋਂ ਬਾਅਦ **ਗਿਆਨੀ ਗੁਰਦਾਸ ਸਿੰਘ** ਦਮਦਮੀ ਟਕਸਾਲ ਦੇ ਜਥੇਦਾਰ ਬਣੇ।[8] ਇਹ ਆਪਣੇ ਪਿਤਾ ਦੀ ਤਰ੍ਹਾਂ ਇਕ ਮਹਾਨ ਵਿਦਵਾਨ ਸਨ। ਆਪ ਹਰ ਰੋਜ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਬਾਣੀ ਸੰਥਿਆ ਕਰਾਇਆ ਕਰਦੇ ਸਨ। ਭਾਈ ਗੁਰਦਾਸ ਸਿੰਘ ਦੇ ਸੱਚ ਖੰਡ ਗਮਨ ਤੋਂ ਬਾਅਦ ਉਨ੍ਹਾਂ ਦੇ ਛੋਟੇ ਭਰਾਂ ਭਾਈ ਸੰਤ ਸਿੰਘ ਨੂੰ ਦਮਦਮੀ ਟਕਸਾਲ ਦਾ ਮੁੱਖ ਜਥੇਦਾਰ ਬਣਾਇਆ ਗਿਆ।[9] ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਆਪਣੇ ਪਿਤਾ ਗਿਆਨੀ ਸੂਰਤ ਸਿੰਘ ਅਤੇ ਵੱਡੇ ਭਰਾ ਗਿਆਨੀ ਗੁਰਦਾਸ ਸਿੰਘ ਤੋਂ ਪ੍ਰਾਪਤ ਕੀਤੀ ਸੀ। ਆਪ ਨੇ ਸੰਸਕ੍ਰਿਤ ਦੇ ਅਨੇਕ ਹੀ ਗ੍ਰੰਥਾਂ ਦਾ ਅਧਿਐਨ ਕੀਤਾ। ਭਾਈ ਸਾਹਿਬ ਨੇ ਖ਼ਾਲਸੇ ਦੀ ਪ੍ਰੇਰਨਾ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਆਏ ਮੁੱਖ ਵਾਕ ਦੀ ਕਥਾ ਕਰਨੀ ਆਰੰਭ ਕੀਤੀ। ਆਪ ਨੂੰ ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾ ਉੱਪਰ ਪੂਰਨ ਗਿਆਨ ਹਾਸਿਲ ਸੀ। ਗਿਆਨੀ ਸੰਤ ਸਿੰਘ ਨੂੰ ਮਹਾਨ ਕਵੀ ਸੰਤੋਖ ਸਿੰਘ ਅਤੇ ਕਵੀ ਮੇਘ ਸਿੰਘ ਦੇ ਵਿੱਦਿਆ ਉਸਤਾਦ ਹੋਣ ਦਾ ਮਾਣ ਪ੍ਰਾਪਤ ਹੈ।[10] ਆਪ ਜਿੱਥੇ ਟਕਸਾਲ ਦੇ ਮੁਖੀ ਸਨ ਉੱਥੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵੀ ਸਨ। ਆਪ ਦੇ ਨਾਲ ਸ੍ਰੀ ਦਰਬਾਰ ਸਾਹਿਬ ਵਿਚ ਭਾਈ ਚੰਚਲ ਸਿੰਘ ਸੇਵਾ ਕਰਿਆ ਕਰਦੇ ਸਨ। ਭਾਈ ਮਨਸਾ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਵਿਦਿਆਰਥੀਆਂ ਨੂੰ ਕੀਰਤਨ ਦੀ ਸਿਖਲਾਈ ਦਿੰਦੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਅਕਾਲੀ ਫੂਲਾ ਸਿੰਘ ਪਾਸ ਸੀ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਸਨ। ਗਿਆਨੀ ਸੰਤ ਸਿੰਘ ਦੇ ਸੱਚਖੰਡ ਗਮਨ ਤੋਂ ਬਾਅਦ ਆਪ ਦੇ ਵਿਦਿਆਰਥੀਆਂ ਸੰਤ ਬਾਬਾ ਦਯਾ ਸਿੰਘ ਦਮਦਮੀ ਟਕਸਾਲ ਦੇ ਮੁਖੀ ਬਣੇ।[11]

**ਸੰਤ ਬਾਬਾ ਦਯਾ ਸਿੰਘ** ਕਥਾ ਪੂਰਨ ਟਕਸਾਲੀ ਅਰਥਾਂ ਨਾਲ ਕਰਦੇ ਸੀ। ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਹੀ ਆਪ ਤੋਂ ਗੁਰਬਾਣੀ ਦੀ ਸੰਥਿਆ ਲੈ ਕੇ ਅਨੇਕ ਹੀ ਵਿਦਿਆਰਥੀ ਕਥਾ ਵਾਚਕ, ਪ੍ਰਚਾਰਕ, ਗਿਆਨੀ ਅਤੇ ਅਖੰਡ ਪਾਠੀ ਬਣੇ ਜਿਨ੍ਹਾਂ ਨੇ ਗੁਰਮਤਿ ਦਾ ਬਹੁਤ ਪ੍ਰਚਾਰ ਕੀਤਾ। ਇਨ੍ਹਾਂ ਨੇ ਰਹਿਤ ਵਿਚ ਪਰਪੱਕ ਰਹਿ ਕੇ ਬੰਦਗੀ ਤੇ ਪ੍ਰਚਾਰ ਨਾਲ ਆਪਣੇ ਇਲਾਕੇ ਵਿਚ ਬੇਅੰਤ ਸਿੰਘਾਂ ਨੂੰ ਅੰਮ੍ਰਿਤ ਛਕਾਇਆ। ਆਪ ਦੇ ਮੁੱਖ ਵਿਦਿਆਰਥੀਆਂ ਵਿਚੋਂ ਗਿਆਨੀ ਭਗਵਾਨ ਸਿੰਘ ਪ੍ਰਸਿੱਧ ਹੋਏ, ਜਿਨ੍ਹਾਂ ਨੇ ਗੁਰਬਾਣੀ ਦੇ ਕਈ ਟੀਕੇ ਕੀਤੇ। ਸੰਤ ਬਾਬਾ ਦਯਾ ਸਿੰਘ ਦੇ ਸੱਚਖੰਡ ਗਮਨ ਤੋਂ ਬਾਅਦ ਆਪ ਦੇ ਵਿਦਿਆਰਥੀ ਗਿਆਨੀ ਭਗਵਾਨ ਸਿੰਘ ਨੂੰ ਦਮਦਮੀ ਟਕਸਾਲ ਦਾ ਮੁਖੀ ਬਣਾਇਆ ਗਿਆ।[12]

**ਗਿਆਨੀ ਭਗਵਾਨ ਸਿੰਘ** ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰਹਿ ਕੇ ਸੈਂਕੜੇ ਹੀ ਕਥਾ ਵਾਚਕ, ਕੀਰਤਨਕਾਰ,ਪ੍ਰਚਾਰਕ ਅਤੇ ਅਖੰਡ ਪਾਠੀ ਤਿਆਰ ਕਿਤੇ। ਇਨ੍ਹਾਂ ਦੇ ਪ੍ਰਮੁੱਖ ਵਿੱਦਿਆਰਥੀਆਂ ਵਿਚੋਂ ਸੰਤ ਹਰਨਾਮ ਸਿੰਘ, ਸੰਤ ਫ਼ਤਿਹ ਚੰਦ ਤੇ ਸੰਤ ਅਮੀਰ ਸਿੰਘ ਪ੍ਰਮੁੱਖ ਹੋਏ ਹਨ। ਸੰਤ ਅਮੀਰ ਸਿੰਘ ਬਾਅਦ ਵਿਚ ਭਾਈ ਮਨੀ ਸਿੰਘ ਦੀ ਤੋਰੀ ਹੋਈ ਅੰਮ੍ਰਿਤਸਰ ਦੀ ਟਕਸਾਲ ਦੇ ਮੁੱਖੀ ਹੋਏ, ਜੋ ਕਿ ਬਹੁਤ ਭਜਨੀਕ ਵਿਦਵਾਨ ਸਨ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਟੀਕਾ ਕੀਤਾ ਹੈ ਜੋ ਕਿ ਉਨ੍ਹਾਂ ਦੇ ਸੱਚਖੰਡ ਗਮਨ ਤੋਂ ਬਾਅਦ ਸੰਤ ਕ੍ਰਿਪਾਲ ਸਿੰਘ (ਸੱਤੋਵਾਲੀ ਗਲੀ) ਨੇ ਛਪਵਾਇਆ।[13] ਸੰਤ ਗਿਆਨੀ ਭਗਵਾਨ ਸਿੰਘ ਦੇ ਸੱਚਖੰਡ ਗਮਨ ਤੋਂ ਬਾਅਦ ਆਪ ਦੇ ਵਿੱਦਿਆਰਥੀਆਂ ਸੰਤ ਬਾਬਾ ਹਰਨਾਮ ਸਿੰਘ ਬੇਦੀ ਦਮਦਮੀ ਟਕਸਾਲ ਦੇ ਜਥੇਦਾਰ ਬਣੇ।[14]

**ਸੰਤ ਬਾਬਾ ਹਰਨਾਮ ਸਿੰਘ ਬੇਦੀ** ਨੇ ਅਨੇਕ ਹੀ ਵਿੱਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਅਤੇ ਹੋਰ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਵਾਇਆ। ਸੰਤ ਬਾਬਾ ਹਰਨਾਮ ਸਿੰਘ ਬੇਦੀ ਹਮੇਸ਼ਾ ਕਾਲੇ ਵਸਤਰ ਪਹਿਨਦੇ ਸਨ। ਇਨ੍ਹਾਂ ਦੇ ਵਿੱਦਿਆਰਥੀਆਂ ਵਿਚ ਸੰਤ ਬਾਬਾ ਬਿਸ਼ਨ ਸਿੰਘ ਮੁਰਾਲੇਵਾਲੇ, ਸੰਤ ਗਿਆਨੀ ਸੁੰਦਰ ਸਿੰਘ ਭਿੰਡਰਾਂਵਾਲੇ, ਮਹੰਤ ਹਾਕਮ ਸਿੰਘ ਅੰਮ੍ਰਿਤਸਰ, ਮਹੰਤ ਹਰਨਾਮ ਸਿੰਘ ਮੁਰਾਲੇਵਾਲੇ ਅਤੇ ਸੰਤ ਬਿਸ਼ਨ ਸਿੰਘ ਪ੍ਰਸਿੱਧ ਹੋਏ ਹਨ। ਸੰਤ ਬਾਬਾ ਹਰਨਾਮ ਸਿੰਘ ਬੇਦੀ ਦੇ ਸੱਚਖੰਡ ਗਮਨ ਤੋਂ ਬਾਅਦ ਇਨ੍ਹਾਂ ਦੇ ਵਿੱਦਿਆਰਥੀ ਸੰਤ ਬਾਬਾ ਬਿਸ਼ਨ ਸਿੰਘ ਮੁਰਾਲੇਵਾਲੇ ਦਮਦਮੀ ਟਕਸਾਲ ਦੇ ਜਥੇਦਾਰ ਬਣੇ।

**ਸੰਤ ਬਾਬਾ ਬਿਸ਼ਨ ਸਿੰਘ** ਇੱਕ ਮਹਾਨ ਵਿਦਵਾਨ ਸਨ। ਆਪ ਨੇ ਪੰਡਿਤ ਤਾਰਾ ਸਿੰਘ ਅਤੇ ਪੰਡਿਤ ਸਾਧੂ ਸਿੰਘ ਤੋਂ ਸੰਸਕ੍ਰਿਤ, ਜੋਗ ਮਤਿ, ਸੰਗੀਤ ਅਤੇ ਵਿਆਕਰਨ ਦੀ ਨੌਂ ਸਾਲ ਸਿੱਖਿਆ ਪ੍ਰਾਪਤ ਕੀਤੀ ਅਤੇ ਫਿਰ ਬਾਬਾ ਸੰਤ ਹਰਨਾਮ ਸਿੰਘ ਬੇਦੀ ਦੀ ਸੇਵਾ ਵਿਚ ਆ ਗਏ। ਇਨ੍ਹਾਂ ਨੇ ਗਿਆਨੀ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬ ਦੇ ਇਤਿਹਾਸ ਦਾ ਗਿਆਨ ਪ੍ਰਾਪਤ ਕੀਤਾ। ਗਿਆਨੀ ਹਰਨਾਮ ਸਿੰਘ ਬੇਦੀ ਦੀ ਬਖ਼ਸ਼ੀਸ਼ ਸਦਕਾ ਇਹ ਹਰ ਰੋਜ਼ ਕਥਾ ਦੀ ਸੇਵਾ ਕਰਨ ਲੱਗੇ। ਸੰਤ ਅਮੀਰ ਸਿੰਘ ਦੇ ਬਾਅਦ, ਮੁਰਾਲੇ ਦੀ ਸੰਗਤ ਦੀ ਬੇਨਤੀ ਮੰਨ ਕੇ ਆਪ ਮੁਰਾਲੇ ਆਕੇ ਰਹਿਣ ਲੱਗ ਪਏ। ਆਪ ਨੇ ਮੁਰਾਲੇ ਵਿਚ 200 ਵਿੱਦਿਆਰਥੀ ਕਥਾ ਵਾਚਕ ਅਤੇ ਕੀਰਤਨਕਾਰ ਤਿਆਰ ਕੀਤੇ। ਸੰਤ ਗਿਆਨੀ

ਸੁੰਦਰ ਸਿੰਘ ਭਿੰਡਰਾਂਵਾਲੇ, ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲੇ ਅਤੇ ਸੰਤ ਬਾਬਾ ਭਗਤ ਸਿੰਘ ਆਪ ਦੇ ਪ੍ਰਮੁੱਖ ਵਿੱਦਿਆਰਥੀਆਂ ਵਿਚੋਂ ਸਨ।[15] ਸੰਤ ਬਿਸ਼ਨ ਸਿੰਘ ਦੇ ਅਕਾਲ ਚੱਲਾਣੇ ਤੋ ਬਾਅਦ ਆਪ ਦੇ ਮੁੱਖ ਵਿੱਦਿਆਰਥੀਆਂ ਗਿਆਨੀ ਸੁੰਦਰ ਸਿੰਘ ਭਿੰਡਰਾਂਵਾਲੇ ਟਕਸਾਲ ਦੇ ਮੁੱਖ ਸੇਵਾਦਾਰ ਬਣੇ।[16]

**ਗਿਆਨੀ ਸੁੰਦਰ ਸਿੰਘ ਭਿੰਡਰਾਂਵਾਲੇ** ਗੁਰਮਤਿ ਦੇ ਮਹਾਨ ਵਿਦਵਾਨ ਵਿਆਖਿਆਕਾਰ ਅਤੇ ਕਥਾ ਵਾਚਕ ਸਨ। 17-18 ਸਾਲ ਦੀ ਉਮਰ ਵਿਚ ਆਪ ਨੇ ਧਰਮਕੋਟ ਦੇ ਇਕ ਪੰਡਿਤ ਜੀਵਾਂ ਸਿੰਘ ਤੋਂ ਕਾਵਿ ਕੋਸ਼ ਸੰਸਕ੍ਰਿਤ ਦੇ ਵਿਆਕਰਨ ਦੀ ਸਿੱਖਿਆ ਪ੍ਰਾਪਤ ਕੀਤੀ ਸੀ। ਗੁਰਮਤਿ ਵਿੱਦਿਆ ਅਤੇ ਕੀਰਤਨ ਸਿੱਖਣ ਦੀ ਪੂਰਤੀ ਲਈ ਆਪ ਸੰਤ ਬਿਸ਼ਨ ਸਿੰਘ (ਮੁਰਾਲੇ ਵਾਲੇ) ਪਾਸ ਮੁਰਾਲੇ ਆਕੇ ਰਹਿਣ ਲੱਗ ਪਏ। ਇੱਥੋਂ ਹੀ ਆਪ ਨੇ ਗੁਰਬਾਣੀ ਦੀ ਕਥਾ ਟਕਸਾਲੀ ਅਰਥ ਅਤੇ ਬ੍ਰਹਮ ਗਿਆਨ ਦੀ ਦਾਤ ਪ੍ਰਾਪਤ ਕੀਤੀ। ਆਪ ਪਾਸੋਂ ਲਗਭਗ 1300 ਸਿੰਘਾਂ ਨੇ ਵਿੱਦਿਆ ਪ੍ਰਾਪਤ ਕੀਤੀ। ਆਪ ਦੇ ਵਿੱਦਿਆਰਥੀਆਂ ਵਿਚ ਸੰਤ ਇੰਦਰ ਸਿੰਘ (ਬੱਧਨੀ ਕਲਾਂ), ਗਿਆਨੀ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂ ਵਾਲੇ, ਸੰਤ ਨਰਾਇਣ ਸਿੰਘ ਅਤੇ ਸੰਤ ਅਜਾਇਬ ਸਿੰਘ (ਬੋਪਾਰਾਏ ਕਲਾਂ) ਪ੍ਰਮੁੱਖ ਹਨ। ਆਪ ਨੇ ਬੋਪਾਰਾਏ ਕਲਾਂ ਲੁਧਿਆਣਾ ਵਿਖੇ ਗੁਰਦੁਆਰਾ ਸੱਚਖੰਡ ਆਪਣੇ ਹੱਥੀਂ ਬਣਵਾਇਆ ਸੀ। ਇੱਥੇ ਅੱਜ ਕੱਲ੍ਹ ਆਪ ਦੀ ਚੱਲਾਈ ਮਰਿਆਦਾ ਦੇ ਅਨੁਸਾਰ ਕਥਾ ਕੀਰਤਨ ਦੇ ਪ੍ਰਵਾਹ ਚੱਲ ਰਹੇ ਹਨ। ਇਸ ਤੋਂ ਇਲਾਵਾ ਆਪ ਨੇ ਵੱਖ-ਵੱਖ ਪਿੰਡਾਂ ਵਿਚ ਸਕੂਲ ਗੁਰਮਤਿ ਵਿੱਦਿਆਲੇ ਤੇ ਕਈ ਗੁਰਮਤਿ ਸੰਸਥਾਵਾਂ ਵੀ ਸਥਾਪਿਤ ਕੀਤੀਆਂ। ਆਪ ਨੇ ਅਨੇਕ ਸੰਗਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਵਾ ਕੇ ਗੁਰੂ ਵਾਲੇ ਬਣਾਇਆ ਅਤੇ ਉਨ੍ਹਾਂ ਨੂੰ ਬਾਣੀ ਤੇ ਬਾਣੇ ਵਿਚ ਪਰਪੱਖ ਰਹਿਣ ਦੀ ਪ੍ਰੇਰਨਾ ਦਿੱਤੀ। ਅਕਾਲ ਚਲਾਣੇ ਤੋਂ ਪਹਿਲਾਂ ਸੰਤ ਸੁੰਦਰ ਸਿੰਘ ਭਿੰਡਰਾਂਵਾਲੇ ਨੇ ਆਪਣੇ ਵਿੱਦਿਆਰਥੀਆਂ ਗਿਆਨੀ ਗੁਰਬਚਨ ਸਿੰਘ ਨੂੰ ਦਸਤਾਰ ਦੇ ਕੇ ਦਮਦਮੀ ਟਕਸਾਲ ਦਾ ਮੁਖੀ ਥਾਪ ਦਿੱਤਾ ਸੀ। ਆਪ ਤੋਂ ਬਾਅਦ ਗਿਆਨੀ ਗੁਰਬਚਨ ਸਿੰਘ ਨੂੰ ਟਕਸਾਲ ਦਾ ਮੁਖੀ ਨਿਯੁਕਤ ਕੀਤਾ ਗਿਆ।[17]

**ਗਿਆਨੀ ਗੁਰਬਚਨ ਸਿੰਘ** ਨੇ ਮਹਾਂਪੁਰਖਾਂ ਦੇ ਅਕਾਲ ਚਲਾਣੇ ਉੱਪਰੰਤ ਪਿੰਡ ਬੋਪਾਰਾਏ ਵਿਖੇ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਤਿੰਨ ਕਥਾ ਸੰਪੂਰਨ ਕੀਤੀਆਂ। ਸੰਨ 1934 ਦੇ ਆਖ਼ਰੀ ਮਹੀਨੇ 16 ਗੁਰਸਿੱਖਾਂ ਦੇ ਜਥੇ ਸਮੇਤ ਆਪ ਨੇ ਗੁਰਮਤਿ ਪ੍ਰਚਾਰ ਸ਼ੁਰੂ ਕੀਤਾ। ਆਪ ਮਾਇਆ ਤੋਂ ਪੂਰੀ ਤਰ੍ਹਾਂ ਨਿਰਲੇਪ ਰਹਿੰਦੇ ਸਨ। ਸੰਗਤ ਵੱਲੋਂ ਜੋ ਵੀ ਮਾਇਆ ਪ੍ਰਾਪਤ ਹੁੰਦੀ ਉਸ ਨੂੰ ਸਿੰਘਾਂ ਦੇ ਲੰਗਰ, ਵਸਤਰ,

ਕਿਰਾਏ ਅਤੇ ਪੋਥੀਆਂ ਆਦਿ `ਤੇ ਖ਼ਰਚ ਕਰ ਦਿੰਦੇ ਸਨ। ਆਪ ਨੇ ਗੁਰਮਤਿ ਵਿੱਦਿਆ ਦੇ ਨਾਲ ਨਾਲ ਗੁਰਦੁਆਰਿਆਂ ਦੀ ਉਸਾਰੀ ਦੀ ਵੀ ਵੱਡੀ ਸੇਵਾ ਕੀਤੀ। ਆਪ ਜਿੱਥੇ ਗੁਰਮਤਿ ਵਿੱਦਿਆ ਦੇ ਮਹਾਨ ਵਿਦਵਾਨ ਸਨ ਉੱਥੇ ਮਹਾਨ ਕਵੀ ਵੀ ਸਨ। ਆਪ ਨੇ ਸ੍ਰੀ ਗੁਰਮੁਖ ਪ੍ਰਕਾਸ਼ ਨਾਂ ਦੇ ਗ੍ਰੰਥ ਦੀ ਰਚਨਾ ਕੀਤੀ, ਜੋ ਸਾਰਾ ਕਵਿਤਾ ਵਿਚ ਹੈ। ਇਸ ਗ੍ਰੰਥ ਵਿਚ ਅਨੇਕ ਪ੍ਰਕਾਰ ਦੀ ਛੰਦਾਬੰਦੀ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਗ੍ਰੰਥ ਵਿਚ ਦਸਾਂ ਪਾਤਸ਼ਾਹੀਆਂ ਦਾ ਸੰਖੇਪ ਜੀਵਨ, ਸਿੱਖ ਇਤਿਹਾਸ ਅਤੇ ਸੰਤ ਸੁੰਦਰ ਸਿੰਘ ਖ਼ਾਲਸਾ ਦਾ ਸੰਖੇਪ ਜੀਵਨ ਦਰਜ ਹੈ। ਆਪ 28 ਜੂਨ 1969 ਈਸਵੀ ਨੂੰ ਪਿੰਡ ਮਹਿਤਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸੱਚਖੰਡ ਗਮਨ ਕਰ ਗਏ। ਆਪ ਤੋਂ ਉਪਰੰਤ ਆਪ ਦੇ ਵਿੱਦਿਆਰਥੀ ਗਿਆਨੀ ਕਰਤਾਰ ਸਿੰਘ ਖ਼ਾਲਸਾ ਨੂੰ ਦਮਦਮੀ ਟਕਸਾਲ ਦਾ ਮੁਖੀ ਬਣਾਇਆ ਗਿਆ।

**ਗਿਆਨੀ ਕਰਤਾਰ ਸਿੰਘ ਖ਼ਾਲਸਾ** ਨੇ ਆਪਣੀ ਮੁੱਢਲੀ ਵਿੱਦਿਆ ਸਰਕਾਰੀ ਮਿਡਲ ਸਕੂਲ ਖੇਮਕਰਨ, ਨੈਸ਼ਨਲ ਹਾਈ ਸਕੂਲ ਭਿੱਖੀਵਿੰਡ ਅਤੇ ਉਚੇਰੀ ਵਿੱਦਿਆ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਆਪ ਨੇ ਸੰਸਾਰਕ ਵਿੱਦਿਆ ਦੇ ਨਾਲ-ਨਾਲ ਪਿੰਡ ਦੇ ਗ੍ਰੰਥੀ ਬਾਬਾ ਬੱਗਾ ਸਿੰਘ ਤੋਂ ਗੁਰਮਤਿ ਦੀ ਵਿੱਦਿਆ ਪ੍ਰਾਪਤ ਕੀਤੀ। 1948 ਈਸਵੀ ਵਿਚ ਆਪ ਸੰਤ ਬਾਬਾ ਗੁਰਬਚਨ ਸਿੰਘ ਦੀ ਸੇਵਾ ਵਿਚ ਹਾਜ਼ਰ ਹੋਏ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕੀਤਾ। ਪਿਤਾ ਜਥੇਦਾਰ ਝੰਡਾ ਸਿੰਘ ਦੀ ਇੱਛਾ ਅਨੁਸਾਰ ਆਪ ਨੇ ਸ੍ਰੀ ਮੁਕਤਸਰ ਸਾਹਿਬ ਵਿਖੇ ਪੰਜ ਮਹੀਨੇ ਪਟਵਾਰੀ ਦੀ ਨੌਕਰੀ ਕੀਤੀ। ਆਪ 1957 ਈਸਵੀ ਵਿਚ ਪਟਵਾਰੀ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਪੱਕੇ ਤੌਰ ਤੇ ਜਥੇ ਵਿਚ ਸ਼ਾਮਿਲ ਹੋ ਗਏ। ਆਪ ਨੇ ਗਿਆਨੀ ਗੁਰਬਚਨ ਸਿੰਘ ਦੇ ਸੱਚਖੰਡ ਗਮਨ ਤੋਂ ਬਾਅਦ 9 ਸਾਲ ਦਮਦਮੀ ਟਕਸਾਲ ਦੇ ਮੁਖੀ ਦੇ ਰੂਪ ਵਿਚ ਥਾਂ-ਥਾਂ ਵਿਚਰ ਕੇ ਗੁਰਮਤਿ ਦਾ ਖ਼ੂਬ ਪ੍ਰਚਾਰ ਕੀਤਾ। ਆਪ ਨੇ ਦਮਦਮੀ ਟਕਸਾਲ ਦੇ 12ਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਦੀ ਯਾਦ ਵਿਚ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ (ਮਹਿਤਾ ਚੌਂਕ, ਅੰਮ੍ਰਿਤਸਰ) ਵਿਖੇ ਗੁਰਮਤਿ ਵਿੱਦਿਆਲੇ ਦੀ ਸਥਾਪਨਾ ਕੀਤੀ ਜਿਸ ਵਿਚ ਬੇਅੰਤ ਗੁਰਸਿੱਖ ਵਿਦਿਆਰਥੀ ਗੁਰਮਤਿ ਸੰਗੀਤ ਦੀ ਸਿੱਖਿਆ ਪ੍ਰਾਪਤ ਕਰ ਰਹੇ ਹਨ। 3 ਅਗਸਤ 1977 ਨੂੰ ਜਦੋਂ ਆਪ ਪਿੰਡ ਮਲਸੀਹਾਂ (ਜਲੰਧਰ) ਤੋਂ ਸੋਲਨ ਨੂੰ ਜਾ ਰਹੇ ਸਨ ਤਾਂ ਅੱਡਾ ਹੁਸੈਨਪੁਰ (ਲੁਧਿਆਣਾ) ਦੇ ਸਾਹਮਣੇ ਆਪ ਦੀ ਕਾਰ ਦਰੱਖਤ ਵਿਚ ਜਾ ਵੱਜੀ ਜਿੱਥੇ ਆਪ ਗੰਭੀਰ ਜ਼ਖ਼ਮੀ ਹੋ ਗਏ ਅਤੇ 16 ਅਗਸਤ 1977 ਨੂੰ ਸੱਚਖੰਡ ਜਾ ਬਿਰਾਜੇ। ਆਪ ਤੋਂ

ਉਪਰੰਤ ਆਪ ਦੇ ਵਿਦਿਆਰਥੀ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਨੂੰ ਦਮਦਮੀ ਟਕਸਾਲ ਦਾ ਮੁਖੀ ਬਣਾਇਆ ਗਿਆ। ਆਪ ਦੀ ਸੰਸਾਰਿਕ ਵਿੱਦਿਆ ਘੱਟ ਹੋਣ ਤੇ ਵੀ ਯਾਦ ਸ਼ਕਤੀ ਹੈਰਾਨ ਕਰ ਦੇਣ ਵਾਲੀ ਸੀ।

**ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ** 1964 ਈਸਵੀ ਵਿਚ ਦਮਦਮੀ ਟਕਸਾਲ ਵਿਚ ਸ਼ਾਮਿਲ ਹੋਏ ਸਨ। ਆਪ ਨੇ ਗਿਆਨੀ ਗੁਰਬਚਨ ਸਿੰਘ ਤੋਂ ਕਈ ਸਾਲ ਗੁਰਬਾਣੀ ਉਚਾਰਨ, ਗੁਰ ਇਤਿਹਾਸ ਅਤੇ ਗੁਰਮੁਖ ਦਰਸ਼ਨ (ਦਮਦਮੀ ਟਕਸਾਲ ਦਾ ਵਿੱਦਿਆ ਗ੍ਰੰਥ) ਦੀ ਵਿੱਦਿਆ ਹਾਸਿਲ ਕੀਤੀ। ਦਮਦਮੀ ਟਕਸਾਲ ਦੀ ਸੇਵਾ ਸੰਭਾਲਦੇ ਹੀ ਆਪ ਨੇ ਸਿੱਖੀ ਪ੍ਰਚਾਰ ਲਈ ਯਾਤਰਾਵਾਂ ਆਰੰਭ ਕੀਤੀਆਂ। ਆਪ ਨੇ ਨਾ ਕੇਵਲ ਪੰਜਾਬ ਦੇ ਵੱਖ-ਵੱਖ ਪਿੰਡਾਂ ਸ਼ਹਿਰਾਂ ਪ੍ਰਚਾਰ ਕੀਤਾ ਸਗੋਂ ਪੰਜਾਬ ਤੋਂ ਬਾਹਰ ਮੱਧ ਪ੍ਰਦੇਸ, ਯੂ ਪੀ, ਮੁੰਬਈ, ਕਲਕੱਤਾ ਅਤੇ ਹੋਰ ਰਾਜਾਂ ਦੀਆਂ ਸੰਗਤਾਂ ਵਿਚ ਵੀ ਗੁਰਮਤਿ ਦਾ ਪ੍ਰਚਾਰ ਕੀਤਾ। ਜਦੋਂ 26 ਅਪ੍ਰੈਲ 1982 ਨੂੰ ਸ੍ਰੀ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣ ਲਈ ਮੋਰਚਾ ਆਰੰਭ ਹੋਇਆ ਅਤੇ ਅਨੇਕ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿੱਤਾ ਗਿਆ। ਉਸ ਸਮੇਂ ਸੰਤ ਜਰਨੈਲ ਸਿੰਘ ਮਾਝੇ ਦੇ ਪਿੰਡਾਂ ਵਿਚ ਗੁਰਮਤਿ ਦੇ ਪ੍ਰਚਾਰ ਦੌਰੇ ਤੇ ਗਏ ਹੋਏ ਸਨ। ਜਦੋਂ ਆਪ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਆਪ ਤੁਰੰਤ ਅੰਮ੍ਰਿਤਸਰ ਪਹੁੰਚ ਗਏ। ਆਪ ਨੇ ਗ੍ਰਿਫ਼ਤਾਰ ਸਿੰਘਾਂ ਦੀ ਰਿਹਾਈ ਲਈ ਧਰਮ ਯੁੱਧ ਮੋਰਚਾ ਆਰੰਭ ਕਰ ਦਿੱਤਾ। ਆਪ 19 ਜੁਲਾਈ 1982 ਤੋਂ ਜੂਨ 1984 ਤੱਕ ਗੁਰੂ ਨਾਨਕ ਨਿਵਾਸ, ਲੰਗਰ ਹਾਲ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਰਹਿ ਕੇ ਸਿੱਖ ਕੌਮ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟ ਕੇ ਆਜ਼ਾਦ ਹੋਣ ਲਈ ਪ੍ਰੇਰਦੇ ਰਹੇ। ਆਪ ਨੇ 6 ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਤੇ ਹੋਏ ਹਮਲੇ ਸਮੇਂ ਭਾਰਤੀ ਫ਼ੌਜ ਨਾਲ ਲੜਦੇ ਹੋਏ ਸ਼ਹਾਦਤ ਪ੍ਰਾਪਤ ਕਰ ਗਏ।

**ਬਾਬਾ ਠਾਕੁਰ ਸਿੰਘ** ਨੂੰ ਆਪ ਤੋਂ ਉਪਰੰਤ ਦਮਦਮੀ ਟਕਸਾਲ ਦਾ ਮੁਖੀ ਬਣਾਇਆ ਗਿਆ। ਆਪ ਬਚਪਨ ਤੋਂ ਹੀ ਸਿਮਰਨ ਕਰਨ ਵਾਲੇ, ਸ਼ਾਂਤ ਚਿੱਤ ਨਾਮ ਬਾਣੀ ਦੇ ਰਸੀਏ ਅਤੇ ਸਤਿਗੁਰਾਂ ਉਪਰ ਨਿਸ਼ਚਾ ਰੱਖਣ ਵਾਲੇ ਸਨ। ਜਦੋਂ ਆਪ ਜਵਾਨ ਹੋਏ ਤਾਂ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਦੇ ਜਥੇ ਵਿਚ ਸ਼ਾਮਲ ਹੋ ਗਏ। ਆਪ ਨੇ ਆਪਣਾ ਸਾਰਾ ਜੀਵਨ ਨਾਮ ਸਿਮਰਨ ਅਤੇ ਟਕਸਾਲ ਦੇ ਵਿਦਿਆਰਥੀਆਂ ਨੂੰ ਵਿੱਦਿਆ ਦੇਣ ਵਿਚ ਗੁਜ਼ਾਰਿਆ। ਬਿਰਧ ਅਵਸਥਾ ਹੋਣ ਦੇ ਬਾਵਜੂਦ ਵੀ ਆਪ ਨੇ ਅਮਰੀਕਾ, ਕੈਨੇਡਾ, ਇੰਗਲੈਂਡ,

ਸਿੰਘਾਪੁਰ, ਮਲੇਸ਼ੀਆ, ਹਾਂਗਕਾਂਗ, ਆਸਟ੍ਰੇਲੀਆ, ਜਰਮਨ, ਫਰਾਂਸ ਅਤੇ ਇਟਲੀ ਵਿਚ ਜਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ। ਬਾਬਾ ਠਾਕੁਰ ਸਿੰਘ ਦੇ ਸੱਚਖੰਡ ਗਮਨ ਤੋਂ ਬਾਅਦ ਦਸੰਬਰ 2004 ਈਸਵੀ ਵਿਚ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੂੰ ਟਕਸਾਲ ਦਾ ਮੁਖੀ ਬਣਾਇਆ ਗਿਆ।

**ਗਿਆਨੀ ਹਰਨਾਮ ਸਿੰਘ ਖ਼ਾਲਸਾ** ਦੀ ਅਗਵਾਈ ਵਿਚ ਵਰਤਮਾਨ ਸਮੇਂ ਦਮਦਮੀ ਟਕਸਾਲ ਦਾ ਸਮੁੱਚਾ ਪ੍ਰਬੰਧ ਚੱਲ ਰਿਹਾ ਹੈ। ਆਪ ਨੇ ਸੰਸਾਰਿਕ ਵਿੱਦਿਆ ਆਪਣੇ ਜੱਦੀ ਪਿੰਡ ਧੁੰਮਾ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ ਅਤੇ 10 ਸਾਲ ਦੀ ਉਮਰ ਵਿਚ ਟਕਸਾਲ ਵਿਚ ਪੱਕੇ ਤੋਰ ਤੇ ਭਰਤੀ ਹੋ ਗਏ। ਆਪ ਨੇ ਗੁਰਮਤਿ ਵਿੱਦਿਆ ਗਿਆਨੀ ਗੁਰਨਾਮ ਸਿੰਘ, ਗਿਆਨੀ ਸੁਰਜੀਤ ਸਿੰਘ ਤੋਂ ਪ੍ਰਾਪਤ ਕੀਤੀ। ਆਪ ਨੇ ਕੁਝ ਸਮਾਂ ਰਾਗੀ ਜਸਵੰਤ ਸਿੰਘ (ਦੌਧਰ ਟਕਸਾਲ) ਤੋਂ ਗੁਰਮਤਿ ਸੰਗੀਤ ਦੀ ਵਿੱਦਿਆ ਵੀ ਪ੍ਰਾਪਤ ਕੀਤੀ। ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਜਥੇ ਨਾਲ ਰਹਿੰਦੇ ਹੋਏ ਆਪ ਨੇ ਗਿਆਨੀ ਮਹਾਂ ਸਿੰਘ ਮਟੌਰ ਤੋਂ ਵਿੱਦਿਆ ਹਾਸਿਲ ਕੀਤੀ। ਆਪ 1983 ਵਿਚ ਬਾਬਾ ਧਰਮ ਸਿੰਘ ਨਾਲ ਅਮਰੀਕਾ ਚਲੇ ਗਏ। ਆਪ ਨੇ 2004 ਤੱਕ ਭਾਈ ਸਰਬਜੀਤ ਸਿੰਘ ਤੇ ਭਾਈ ਕਸ਼ਮੀਰ ਸਿੰਘ ਕੋਲ ਰਹਿ ਕੇ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਚਾਰ ਗੁਰੂ ਸਥਾਨ ਬਣਵਾਏ। ਗਿਆਨੀ ਹਰਨਾਮ ਸਿੰਘ ਦੀ ਸਰਪ੍ਰਸਤੀ ਹੇਠ ਗੁ: ਗੁਰਦਰਸ਼ਨ ਪ੍ਰਕਾਸ਼ ਮਹਿਤਾ ਜੋ ਕਿ ਦਮਦਮੀ ਟਕਸਾਲ ਦਾ ਮੁੱਖ ਅਸਥਾਨ ਹੈ ਵਿਖੇ 400 ਦੇ ਕਰੀਬ ਵਿਦਿਆਰਥੀ ਗੁਰਬਾਣੀ ਦੀ ਸੰਥਿਆ, ਕੀਰਤਨ ਦੀ ਸੰਥਿਆ, ਕਥਾ ਦੀ ਸੰਥਿਆ, ਗਤਕੇ ਆਦਿ ਕੀ ਵਿੱਦਿਆ ਹਾਸਲ ਕਰ ਰਹੇ ਹਨ। ਵਿਦਿਆਰਥੀਆਂ ਨੂੰ ਕੀਰਤਨ ਦੀ ਸਿਖਲਾਈ ਲਈ ਤਜਰਬੇਕਾਰ, ਰਾਗ ਵਿੱਦਿਆ ਦੇ ਮਾਹਿਰ, ਵਿਦਵਾਨ ਉਸਤਾਦ ਨਿਯੁਕਤ ਕੀਤੇ ਗਏ ਹਨ। ਵਿਦਿਆਰਥੀਆਂ ਦੇ ਲੰਗਰ, ਕੱਪੜੇ, ਸਾਜ਼, ਰਿਹਾਇਸ਼ ਆਦਿ ਦਾ ਖ਼ਰਚ ਟਕਸਾਲ ਵੱਲੋਂ ਕੀਤਾ ਜਾਂਦਾ ਹੈ। ਟਕਸਾਲ ਵਿਚ ਗੁਰਮਤਿ ਵਿੱਦਿਆ ਦੇ ਨਾਲ ਸੰਸਾਰਿਕ ਵਿੱਦਿਆ ਲਈ ਇਕ ਸਕੂਲ ਵੀ ਬਣਾਇਆ ਗਿਆ ਹੈ। ਟਕਸਾਲ ਵਿਚ ਚਾਰ ਜਥੇ ਅਖੰਡ ਪਾਠੀ ਸਿੰਘਾਂ ਦੇ, ਅੱਠ ਕਥਾ ਵਾਚਕ ਅਤੇ ਦਸ ਜਥੇ ਰਾਗੀ ਸਿੰਘਾਂ ਦੇ ਗੁਰਮਤਿ ਪ੍ਰਚਾਰ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਅਕੈਡਮੀ ਮਹਿਤਾ ਵਿਖੇ 1600 ਵਿਦਿਆਰਥੀ ਗੁਰਮਤਿ ਵਿੱਦਿਆ ਦੇ ਨਾਲ-ਨਾਲ ਸੰਸਾਰਿਕ ਵਿੱਦਿਆ ਹਾਸਿਲ ਕਰ ਰਹੇ ਹਨ। ਇਨ੍ਹਾਂ ਵਿਚ 100 ਦੇ ਲਗਭਗ ਸ਼ਹੀਦ ਪਰਿਵਾਰਾਂ ਦੇ ਬੱਚੇ ਬਿਲਕੁਲ ਫ੍ਰੀ ਪੜ੍ਹਾਈ ਕਰ ਰਹੇ ਹਨ।

ਗੁਰਮਤਿ ਸੰਗੀਤ ਦੀ ਸਿਖਲਾਈ ਤੇ ਪ੍ਰਚਾਰ ਪ੍ਰਸਾਰ ਲਈ ਦਮਦਮੀ ਟਕਸਾਲ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।[18] ਟਕਸਾਲ ਦਾ ਆਰੰਭ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਤੋਂ ਹੋਇਆ। ਦਮਦਮੀ ਟਕਸਾਲ ਦੇ ਹਵਾਲੇ ਅਨੁਸਾਰ ਇਸ ਟਕਸਾਲ ਦੀ ਸਥਾਪਨਾ 1706 ਈ. ਨੂੰ ਦਸਮ ਪਾਤਸ਼ਾਹ ਨੇ ਆਪ ਕੀਤੀ ਅਤੇ ਬਾਬਾ ਦੀਪ ਸਿੰਘ ਨੂੰ ਇਸ ਟਕਸਾਲ ਦਾ ਮੁਖੀ ਥਾਪਿਆ। ਗੁਰਮੁਖੀ ਦੇ ਅੱਖਰ ਬੋਧ ਅਤੇ ਲਿਖਣ ਪਰੰਪਰਾ ਵਿਕਸਤ ਕਰਨ ਦਾ ਆਰੰਭ ਵੀ ਇਸੇ ਸਥਾਨ ਤੇ ਕੀਤਾ ਗਿਆ।[19] ਬਾਣੀ ਬੋਧ ਤੋਂ ਇਲਾਵਾ ਸ਼ਬਦ ਕੀਰਤਨ ਪ੍ਰਣਾਲੀ ਵੀ ਗੁਰੂ ਗੋਬਿੰਦ ਸਿੰਘ ਦੁਆਰਾ ਸਥਾਪਿਤ ਇਸ ਟਕਸਾਲੀ ਪਰੰਪਰਾ ਦਾ ਹਿੱਸਾ ਸੀ। ਦਸਮ ਪਾਤਸ਼ਾਹ ਨੇ ਇਸ ਟਕਸਾਲੀ ਪਰੰਪਰਾ ਦੇ ਪ੍ਰਚਲਣ ਲਈ ਬਾਬਾ ਦੀਪ ਸਿੰਘ ਨੂੰ ਦਮਦਮਾ ਸਾਹਿਬ ਵਿਖੇ ਹੀ ਰਹਿ ਕੇ ਇਹ ਕਾਰਜ ਅਗਾਂਹ ਤੋਰਨ ਦੀ ਸੇਵਾ ਸੌਂਪੀ। ਦਮਦਮੀ ਟਕਸਾਲ ਦੀ ਸਿਖਲਾਈ ਵਿਚ ਬਾਣੀ ਦਾ ਸ਼ੁੱਧ ਉਚਾਰਨ, ਕੀਰਤਨ ਦੀ ਮਰਿਆਦਾ, ਰਾਗਾਤਮਿਕ ਕੀਰਤਨ ਅਤੇ ਵੱਖ-ਵੱਖ ਸਾਜ਼ਾਂ ਦਾ ਵਾਦਨ ਵਿਸ਼ੇਸ਼ ਸਥਾਨ ਰੱਖਦੇ ਹਨ। ਦਮਦਮੀ ਟਕਸਾਲਾਂ ਵਿਚ ਗੁਰ ਸ਼ਬਦ ਕੀਰਤਨ ਸਿੱਖਣ ਵਾਲੇ ਟਕਸਾਲੀ ਕੀਰਤਨਕਾਰਾਂ ਤੇ ਵਾਦਕਾਂ ਨੂੰ ਵਰ੍ਹਿਆਂ ਬੱਧੀ ਗੁਰਮਤਿ ਅਨੁਸਾਰ ਸਿਖਲਾਈ ਦਿੱਤੀ ਜਾਂਦੀ ਹੈ। ਦਮਦਮੀ ਟਕਸਾਲ ਦੀ ਸਿਖਲਾਈ ਪਰੰਪਰਾ ਵਿਚ ਵਿਦਿਆਰਥੀਆਂ ਨੂੰ ਪੂਰਨ ਗੁਰਮਤਿ ਮਰਿਆਦਾ ਅਨੁਸਾਰ ਰਹਿਣੀ-ਬਹਿਣੀ ਤੋਂ ਇਲਾਵਾ ਬਾਣੀ ਦਾ ਸਰਬਪੱਖੀ ਗਿਆਨ ਕਰਵਾਇਆ ਜਾਂਦਾ ਹੈ। ਸੰਗੀਤ ਵਿਚ ਪ੍ਰਵੀਨਤਾ ਦੇ ਨਾਲ ਗੁਰਸਿੱਖੀ ਜੀਵਨ ਵਾਲੇ ਆਦਰਸ਼ ਕੀਰਤਨੀਆਂ ਦੀ ਘਾੜਤ ਟਕਸਾਲ ਵਿਚ ਹੀ ਘੜੀ ਜਾਂ ਸਕਦੀ ਹੈ। ਦਮਦਮੀ ਟਕਸਾਲ ਦੇ ਕੀਰਤਨ ਵਿਦਿਆਲੇ ਵਿਚ ਸਿੱਖਿਆ ਲੈਣ ਵਾਲੇ ਵਿਦਿਆਰਥੀਆਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਨੂੰ ਲਾਜ਼ਮੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਕੀਰਤਨਕਾਰ ਲਈ ਗਾਇਨ ਕੀਤੇ ਜਾਣ ਵਾਲੇ ਸ਼ਬਦ ਜ਼ਬਾਨੀ ਕੰਠ ਕਰਨੇ ਵੀ ਲਾਜ਼ਮੀ ਕੀਤੇ ਹਨ।

ਬਾਬਾ ਦੀਪ ਸਿੰਘ ਤੋਂ ਬਾਅਦ ਦਮਦਮੀ ਟਕਸਾਲ ਦੇ ਅਗਲੇਰੇ ਮੁਖੀ ਬਾਬਾ ਗੁਰਬਖ਼ਸ਼ ਸਿੰਘ, ਭਾਈ ਸੂਰਤ ਸਿੰਘ, ਭਾਈ ਗੁਰਦਾਸ ਸਿੰਘ, ਭਾਈ ਸੰਤ ਸਿੰਘ, ਸੰਤ ਦਇਆ ਸਿੰਘ, ਗਿਆਨੀ ਭਗਵਾਨ ਸਿੰਘ, ਸੰਤ ਹਰਨਾਮ ਸਿੰਘ, ਬਾਬਾ ਬਿਸ਼ਨ ਸਿੰਘ, ਗਿ: ਸੁੰਦਰ ਸਿੰਘ, ਗਿ: ਗੁਰਬਚਨ ਸਿੰਘ, ਗਿ: ਕਰਤਾਰ ਸਿੰਘ ਖ਼ਾਲਸਾ, ਗਿ: ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਬਾਬਾ ਠਾਕੁਰ ਸਿੰਘ ਖ਼ਾਲਸਾ ਰਹੇ ਅਤੇ ਵਰਤਮਾਨ ਸਮੇਂ ਬਾਬਾ ਹਰਨਾਮ ਸਿੰਘ ਖ਼ਾਲਸਾ ਟਕਸਾਲ ਦੇ ਮੁਖੀ ਦੀ ਸੇਵਾ ਨਿਭਾ ਰਹੇ ਹਨ। ਟਕਸਾਲ ਦੇ

ਸਤਿਕਾਰਯੋਗ ਮੁਖੀ ਸਾਹਿਬਾਨ ਨੇ ਆਪੋ ਆਪਣੇ ਸਮੇਂ ਜਿੱਥੇ ਭਰਪੂਰ ਸਿੱਖੀ ਦਾ ਪ੍ਰਚਾਰ ਕੀਤਾ ਉੱਥੇ ਵਿਸ਼ਵ ਪੱਧਰ ਦੇ ਪ੍ਰਸਿੱਧ ਵਿਆਖਿਆਕਾਰ ਅਤੇ ਕੀਰਤਨਕਾਰ ਵੀ ਤਿਆਰ ਕੀਤੇ।

ਦਮਦਮੀ ਟਕਸਾਲ ਵਿਚ ਜਿਨ੍ਹਾਂ ਉਸਤਾਦ ਕੀਰਤਨੀਆਂ ਨੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਦਿੱਤੀ ਉਨ੍ਹਾਂ ਵਿਚ ਭਾਈ ਸੋਹਣ ਸਿੰਘ (ਝਿੱਕਾ ਜ਼ਿਲ੍ਹਾ ਹੁਸ਼ਿਆਰਪੁਰ), ਭਾਈ ਬਲਦੇਵ ਸਿੰਘ (ਅੰਮ੍ਰਿਤਸਰ), ਉਸਤਾਦ ਜਸਵੰਤ ਸਿੰਘ ਤੀਬਰ (ਕੁਲਾਰ), ਭਾਈ ਪ੍ਰੀਤਮ ਸਿੰਘ ਜ਼ਖ਼ਮੀ, ਉਸਤਾਦ ਪੂਰਨ ਸਿੰਘ (ਕੁਹਾੜਕਾ),[20] ਭਾਈ ਕੁਲਬੀਰ ਸਿੰਘ ਅਤੇ ਭਾਈ ਜਸਬੀਰ ਸਿੰਘ ਪ੍ਰਮੁੱਖ ਹਨ। ਵਰਤਮਾਨ ਸਮੇਂ ਟਕਸਾਲ ਵਿਚ ਭਾਈ ਜਸਪਾਲ ਸਿੰਘ ਜਵੱਦੀ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਰਹੇ ਹਨ।

ਉਸਤਾਦ ਜਸਵੰਤ ਸਿੰਘ ਦੀ ਪੁਰਾਤਨ ਬੰਦਿਸ਼ਾਂ ਤੇ ਅਧਾਰਿਤ ਪੁਸਤਕ `ਸੰਗੀਤ ਸਾਗਰ` ਨੂੰ ਪੁਨਰ ਪ੍ਰਕਾਸ਼ਨ ਕਰਵਾਉਣਾ ਗੁਰਮਤਿ ਸੰਗੀਤ ਦੇ ਖੇਤਰ ਵਿਚ ਟਕਸਾਲ ਦੀ ਵੱਡੀ ਪ੍ਰਾਪਤੀ ਹੈ। ਗੁਰਮਤਿ ਸੰਗੀਤ ਦੀਆ ਸ਼ਬਦ ਕੀਰਤਨ ਰਚਨਾਵਾਂ ਦਾ ਸੁਰ ਲਿਪੀਬੱਧ ਉੱਲੇਖ ਇਸ ਪੁਸਤਕ ਵਿਚ ਕੀਤਾ ਗਿਆ ਹੈ। ਉਸਤਾਦ ਜਸਵੰਤ ਸਿੰਘ ਨੂੰ ਸ਼ਬਦ ਕੀਰਤਨ ਤੋਂ ਇਲਾਵਾ ਤੰਤੀ ਸਾਜ਼ ਵਜਾਉਣ ਵਿਚ ਵਿਸ਼ੇਸ਼ ਮੁਹਾਰਤ ਸੀ। ਆਪ ਨੇ ਵੱਖ-ਵੱਖ ਟਕਸਾਲਾਂ ਅਤੇ ਵਿਦਿਆਲਿਆਂ ਵਿਚ ਜਾ ਕੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦਿੱਤੀ। ਦਮਦਮੀ ਟਕਸਾਲ ਦੇ ਕੀਰਤਨਕਾਰ ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਤੋਂ ਇਲਾਵਾ ਦੇਸ਼ ਵਿਦੇਸ਼ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਕਰ ਰਹੇ ਹਨ। ਇਨ੍ਹਾਂ ਕੀਰਤਨਕਾਰਾਂ ਵਿਚ ਭਾਈ ਭਗਵਾਨ ਸਿੰਘ ਰਾਗੀ (ਸਪੁੱਤਰ ਗਿਆਨੀ ਗੁਰਬਚਨ ਸਿੰਘ ਖ਼ਾਲਸਾ), ਭਾਈ ਗੁਰਜੀਤ ਸਿੰਘ ਕੈਰੋਂ, ਭਾਈ ਸੁਖਵਿੰਦਰ ਸਿੰਘ, ਭਾਈ ਰਘਬੀਰ ਸਿੰਘ, ਭਾਈ ਗੁਰਸ਼ਰਨ ਸਿੰਘ, ਭਾਈ ਸਰਵਣ ਸਿੰਘ, ਭਾਈ ਤਾਰ ਬਲਬੀਰ ਸਿੰਘ, ਰਾਗੀ ਗੁਰਦੀਪ ਸਿੰਘ, ਭਾਈ ਮੱਖਣ ਸਿੰਘ, ਭਾਈ ਮੁਖ਼ਤਿਆਰ ਸਿੰਘ, ਭਾਈ ਰਾਮ ਸਿੰਘ, ਭਾਈ ਕਾਰਜ ਸਿੰਘ, ਭਾਈ ਸਤਿੰਦਰਬੀਰ ਸਿੰਘ, ਭਾਈ ਕੁਲਵਿੰਦਰ ਸਿੰਘ, ਭਾਈ ਗੁਰਕ੍ਰਿਪਾਲ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਹਰਜੀਤ ਸਿੰਘ, ਭਾਈ ਪ੍ਰਿਥੀਪਾਲ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਸੂਬਾ ਸਿੰਘ, ਭਾਈ ਦਲਜੀਤ ਸਿੰਘ, ਭਾਈ ਬਲਜੀਤ ਸਿੰਘ, ਭਾਈ ਹਰਪ੍ਰੀਤ ਸਿੰਘ ਭਾਈ

ਮਹਿੰਦਰ ਸਿੰਘ, ਭਾਈ ਰਣਜੀਤ ਸਿੰਘ ਯੂ.ਐਸ.ਏ, ਭਾਈ ਮਲਕੀਤ ਸਿੰਘ ਯੂ.ਕੇ, ਸਰਵਣ ਸਿੰਘ ਤੇ ਬਲਬੀਰ ਸਿੰਘ ਯੂ.ਕੇ, ਭਾਈ ਬੱਗਾ ਸਿੰਘ ਆਦਿ ਵਿਸ਼ੇਸ਼ ਹਨ।[21]

ਟਕਸਾਲ ਵੱਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਗੁਰਮਤਿ ਸਮਾਗਮਾਂ ਦੇ ਨਾਲ-ਨਾਲ ਰਾਗਾਤਮਿਕ ਕੀਰਤਨ ਦਰਬਾਰ ਵੀ ਆਯੋਜਿਤ ਕੀਤੇ ਜਾਂਦੇ ਹਨ। ਵਰਤਮਾਨ ਸਮੇਂ ਗਿਆਨੀ ਹਰਨਾਮ ਸਿੰਘ ਦੀ ਅਗਵਾਈ ਵਿਚ ਟਕਸਾਲ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ ਨਿਰੰਤਰ ਕਾਰਜ ਕਰ ਰਹੀ ਹੈ। ਦਮਦਮੀ ਟਕਸਾਲ ਤੋਂ ਗੁਰਮਤਿ ਸੰਗੀਤ ਪਰੰਪਰਾ ਦੇ ਪ੍ਰਚਾਰ ਅਤੇ ਸਥਾਪਤੀ ਲਈ ਸਾਨੂੰ ਸਭ ਨੂੰ ਬਹੁਤ ਆਸਾਂ ਹਨ।

**1.2 ਸੇਵਾਪੰਥੀ ਟਕਸਾਲ** : ਗੁਰਮਤਿ ਸੰਗੀਤ ਦੇ ਇਤਿਹਾਸਿਕ ਵਿਕਾਸ ਵਿਚ ਦਮਦਮੀ ਟਕਸਾਲ ਤੋਂ ਬਾਅਦ ਸੇਵਾਪੰਥੀ ਟਕਸਾਲ ਨੂੰ ਅਸੀਂ ਗੁਰਮਤਿ ਦੀ ਟਕਸਾਲੀ ਪਰੰਪਰਾ ਅਧੀਨ ਰੱਖਿਆ ਹੈ। ਇਸ ਟਕਸਾਲ ਦਾ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਵਿਚ ਵਡਮੁੱਲਾ ਯੋਗਦਾਨ ਰਿਹਾ ਹੈ।

ਭਾਈ ਘਨੱਈਆ ਨੇ *ਸੇਵਕ ਕਉ ਸੇਵਾ ਬਨਿ ਆਈ॥* ਗੁਰਵਾਕ ਅਨੁਸਾਰ, ਸਿੱਖੀ ਸਿਧਾਂਤਾਂ ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦੇ ਹੋਏ ਲੋਕਾਈ ਦੀ ਭਲਾਈ ਅਤੇ ਸੇਵਾ ਸੰਭਾਲ ਦੇ ਕਾਰਜ ਕਰਦੇ ਹੋਏ ਸਿੱਖ ਇਤਿਹਾਸ ਵਿਚ ਇੱਕ ਵਿਸ਼ੇਸ਼ ਥਾਂ ਬਣਾਈ। ਆਪ ਦੀ ਨਿਰਸਵਾਰਥ ਸੇਵਾ ਭਾਵਨਾ ਦੀ ਮਿਸਾਲ ਦੁਨੀਆ ਵਿਚ ਮਿਲਣੀ ਅਸੰਭਵ ਹੈ। ਆਪ ਦੀ ਇਸ ਸੇਵਾ ਭਾਵਨਾ ਸਦਕਾ ਸੇਵਾ ਪੰਥੀ ਟਕਸਾਲ ਜਾਂ ਸੰਪਰਦਾਇ ਦਾ ਆਰੰਭ ਹੋਇਆ। ਸੇਵਾ ਪੰਥੀ ਟਕਸਾਲ ਦਾ ਆਰੰਭ ਭਾਈ ਘਨੱਈਆ ਦੇ ਜਨਮ ਅਸਥਾਨ ਪਿੰਡ ਸੋਦਰਾ (ਪਾਕਿਸਤਾਨ) ਤੋਂ ਹੋਇਆ।[22] ਇਨ੍ਹਾਂ ਤੋਂ ਬਾਅਦ ਭਾਈ ਸੇਵਾ ਰਾਮ, ਭਾਈ ਅੱਡਣ ਸ਼ਾਹ, ਭਾਈ ਜਗਤਾ, ਭਾਈ ਹਜ਼ਾਰੀ ਰਾਮ, ਭਾਈ ਸਹਾਈ ਰਾਮ, ਭਾਈ ਰਲੀਆਂ ਰਾਮ, ਭਾਈ ਲੱਖਮੀ ਦਾਸ, ਮਹੰਤ ਗੁਲਾਬ ਸਿੰਘ , ਮਹੰਤ ਆਸਾ ਸਿੰਘ, ਮਹੰਤ ਤੀਰਥ ਸਿੰਘ ਸਮੇਂ-ਸਮੇਂ ਇਸ ਟਕਸਾਲ ਦੀ ਸੇਵਾ ਕਰਦੇ ਰਹੇ। ਇਹ ਸੇਵਾਪੰਥੀ ਮਹਾਂਪੁਰਸ਼ ਜਿੱਥੇ ਕਿਤੇ ਵੀ ਗਏ, ਹਰ ਥਾਂ ਸੇਵਾ ਸਿਮਰਨ ਦੇ ਮਹਾਨ ਅਤੁੱਟ ਪ੍ਰਵਾਹ ਚਲਾਏ। ਹੁਣ 'ਸੇਵਾਪੰਥੀ ਟਕਸਾਲ ਦੇ ਪੰਜਾਬ, ਹਰਿਆਣਾ, ਹਿਮਾਚੱਲ, ਦਿੱਲੀ ਵਿਚ 42 ਸ਼ਾਖਾਵਾਂ (ਡੇਰੇ ਜਾਂ ਟਿਕਾਣੇ) ਹਨ। ਸੇਵਾਪੰਥੀ ਸੰਪਰਦਾਇ ਵੱਲੋਂ ਭਾਈ ਘਨੱਈਆ ਦੇ ਨਾਂ ਤੇ ਕਈ ਸਕੂਲ, ਕਾਲਜ ਅਤੇ ਵਿੱਦਿਆਲੇ ਆਦਿ ਸਥਾਪਤ ਕੀਤੇ ਗਏ ਹਨ ਜੋ ਬੜੀ ਸਫਲਤਾਪੂਰਵਕ ਚੱਲ ਰਹੇ ਹਨ। ਟਕਸਾਲ ਦਾ ਮੁੱਖ ਸਥਾਨ

ਯਮੁਨਾਨਗਰ ਅਤੇ ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ ਵਿਖੇ ਸਥਿਤ ਹੈ।[23] ਇਨ੍ਹਾਂ ਵਿਚ ਟਕਸਾਲ ਦੀ ਮਰਿਆਦਾ ਅਨੁਸਾਰ ਪਰੰਪਰਾਗਤ ਕੀਰਤਨ ਦੀ ਸਿੱਖਿਆ ਨਿਰੰਤਰ ਦਿੱਤੀ ਜਾ ਰਹੀ ਹੈ। ਵੱਖ-ਵੱਖ ਰਾਗੀ ਟਕਸਾਲ ਵਿਚ ਗੁਰਬਾਣੀ ਸੰਗੀਤ ਦੀ ਸਿਖਲਾਈ ਤੋਂ ਬਾਅਦ ਵੱਖ-ਵੱਖ ਥਾਵਾਂ ਤੇ ਗੁਰਮਤਿ ਸੰਗੀਤ ਦਾ ਪ੍ਰਚਾਰ ਕਰ ਰਹੇ ਹਨ। ਨੇਤਰਹੀਣ ਰਾਗੀ ਹਰਭਜਨ ਸਿੰਘ ਨੇ ਕਈ ਸਾਲਾਂ ਟਕਸਾਲ ਵਿਚ ਵਿੱਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦਿੱਤੀ।[24] ਗੁਰੂ ਕਾਲ ਤੋਂ ਚੱਲੀ ਸੇਵਾਪੰਥੀ ਟਕਸਾਲ ਵਿਚ ਜਿਨ੍ਹਾਂ ਮਹਾਂਪੁਰਸ਼ਾਂ ਦਾ ਯੋਗਦਾਨ ਰਿਹਾ ਹੈ ਉਨ੍ਹਾਂ ਦਾ ਵੇਰਵਾ ਨਿਮਨ ਅਨੁਸਾਰ ਹੈ:

**ਭਾਈ ਘਨੱਈਆ** ਸੇਵਾਪੰਥੀ ਟਕਸਾਲ ਦੇ ਪਹਿਲੇ ਮੁੱਖੀ ਸਨ। ਆਪ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਹੁਕਮ ਮੰਨ ਕੇ ਸੇਵਾਪੰਥੀਆਂ ਦੀ ਪਹਿਲੀ ਧਰਮਸ਼ਾਲਾ(ਟਕਸਾਲ) ਸੰਮਤ 1732 ਸੰਨ ਵਿਚ ਲਾਹੌਰ ਅਤੇ ਪਿਸ਼ਾਵਰ ਦੇ ਵਿਚਕਾਰ ਜ਼ਿਲ੍ਹਾ ਕੈਮਲਪੁਰ (ਪਾਕਿਸਤਾਨ) ਦੇ ਪਿੰਡ ਕਹਵਾ ਵਿਚ ਸਥਾਪਿਤ ਕੀਤੀ।[25] ਇਹ ਧਰਮਸ਼ਾਲਾ ਸਾਂਝੀਵਾਲਤਾ ਦਾ ਪ੍ਰਤੀਕ ਬਣ ਗਈ। ਇੱਥੇ ਹਿੰਦੂ, ਮੁਸਲਮਾਨ, ਸਿੱਖ ਸਭ ਧਰਮਾਂ ਦੇ ਲੋਕ ਆ ਕੇ ਪ੍ਰਭੂ ਭਗਤੀ ਵਿਚ ਲੀਨ ਹੁੰਦੇ ਅਤੇ ਸੁੱਖ ਪ੍ਰਾਪਤ ਕਰਦੇ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋ ਬਾਅਦ ਆਪ ਨੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕੀਤੇ ਤਾਂ ਨਦਰੀ ਨਦਰ ਨਿਹਾਲ ਹੋ ਗਏ ਅਤੇ ਸੇਵਾ ਵਿਚ ਲੱਗ ਗਏ। ਗੁਰੂ ਗੋਬਿੰਦ ਸਿੰਘ ਜੀ ਜਦੋਂ ਅਨੰਦਪੁਰ ਸਾਹਿਬ ਤੋਂ ਰਵਾਨਾ ਹੋਏ ਤਾਂ ਉਨ੍ਹਾਂ ਭਾਈ ਘਨੱਈਆ ਨੂੰ ਆਪਣੇ ਪਿੰਡ ਕਹਵਾ ਵਿਚ ਜਾ ਕੇ ਪ੍ਰਚਾਰ ਕਰਨ ਲਈ ਕਿਹਾ। ਭਾਈ ਸਾਹਿਬ ਨੂੰ ਸੇਵਾ ਸਿਮਰਨ ਦੇ ਨਾਲ ਕੀਰਤਨ ਦਾ ਬਹੁਤ ਸ਼ੌਕ ਸੀ। ਆਪ ਰੋਜ਼ਾਨਾ ਅੰਮ੍ਰਿਤ ਵੇਲੇ ਤੋਂ ਸੂਰਜ ਨਿਕਲਣ ਤੱਕ ਕੀਰਤਨ ਕਰਦੇ ਤੇ ਸੁਣਦੇ ਸਨ। ਭਾਈ ਘਨੱਈਆ ਗੁਰਮਤਿ ਅਤੇ ਸਿੱਖ ਸੰਗਤ ਦੀ ਸੇਵਾ ਕਰਦੇ ਹੋਏ ਆਪਣੇ ਪਿੰਡ ਸੋਦਰੇ ਵਿਖੇ 20 ਸਤੰਬਰ ਸੰਨ 1718 ਈ ਮੁਤਾਬਿਕ, ਸੰਮਤ 1775 ਬਿਕਰਮੀ ਨੂੰ 70 ਸਾਲ ਦੀ ਉਮਰ ਬਤੀਤ ਕਰਕੇ ਗੁਰੂ ਚਰਨਾਂ ਵਿਚ ਅਭੇਦ ਹੋ ਗਏ।

**ਭਾਈ ਸੇਵਾ ਰਾਮ** ਭਾਈ ਘਨੱਈਆ ਦੇ ਪਹਿਲੇ ਅਤੇ ਪ੍ਰਮੁੱਖ ਚੇਲੇ ਸਨ। ਭਾਈ ਘਨੱਈਆ ਨੇ ਆਪਣੇ ਮੌਜੂਦਾ ਸਮੇਂ ਵਿਚ ਹੀ ਆਪ ਨੂੰ ਟਕਸਾਲ ਦੇ ਮੁੱਖ ਸੇਵਾਦਾਰ ਦਾ ਕਾਰਜਕਾਰ ਸੰਭਾਲ ਦਿੱਤਾ ਸੀ। ਭਾਈ ਸੇਵਾ ਰਾਮ ਨੇ ਪੱਛਮੀ ਪੰਜਾਬ ਦੇ ਸਰਗੋਧਾ ਜ਼ਿਲ੍ਹੇ (ਹੁਣ ਪਾਕਿਸਤਾਨ ਵਿਚ) ਦੇ ਇੱਕ ਪ੍ਰਮੁੱਖ ਸ਼ਹਿਰ ਨੂਰਪੁਰ ਥਲ ਵਿਚ ਟਕਸਾਲ ਦੀ ਸਥਾਪਨਾ ਕੀਤਾ। ਭਾਈ ਸੇਵਾ ਰਾਮ ਬੜੇ ਕਰਨੀ ਵਾਲੇ ਸਨ। ਇਸ ਲਈ ਭਾਈ

ਘਨੱਈਆ ਦੀ ਟਕਸਾਲ (ਸੰਪਰਦਾਇ) ਦਾ ਨਾਉਂ ਸੇਵਾਪੰਥੀ ਪ੍ਰਸਿੱਧ ਹੋ ਗਿਆ।[26] ਭਾਈ ਸੇਵਾ ਰਾਮ ਤੋਂ ਬਾਅਦ ਆਪ ਦੇ ਪ੍ਰਮੁੱਖ ਚੇਲੇ ਭਾਈ ਅੱਡਣ ਸ਼ਾਹ ਸੇਵਾਪੰਥੀ ਟਕਸਾਲ ਦੇ ਉੱਤਰਾਧਿਕਾਰੀ ਬਣੇ।[27]

**ਭਾਈ ਅੱਡਣ ਸ਼ਾਹ** ਨੇ ਦੋ ਪ੍ਰਚਾਰ ਕੇਂਦਰ ਸ਼ਾਹਦਰੇ ਅਤੇ ਜੰਮੂ ਵਿਚ ਸਥਾਪਿਤ ਕੀਤੇ। ਇਨ੍ਹਾਂ ਪਾਸ 240 ਸਾਧੂ ਹਮੇਸ਼ਾ ਹਾਜ਼ਰ ਰਹਿੰਦੇ ਸਨ। ਕਥਾ ਕੀਰਤਨ ਤੋਂ ਇਲਾਵਾ ਧਰਮ ਦੇ ਕਈ ਪੱਖਾਂ ਉੱਤੇ ਵਿਚਾਰ ਹੁੰਦਾ ਰਹਿੰਦਾ। ਆਪ ਨੇ ਸੰਸਕ੍ਰਿਤ ਅਤੇ ਫ਼ਾਰਸੀ ਦੇ ਕਈ ਗ੍ਰੰਥਾਂ ਦਾ ਅਧਿਐਨ ਕੀਤਾ। ਭਾਈ ਅੱਡਣ ਸ਼ਾਹ ਬੜਾ ਰਸਭਿੰਨਾ ਕੀਰਤਨ ਕਰਦੇ ਸਨ ਅਤੇ ਆਪ ਨੇ ਕਈ ਪੋਥੀਆਂ ਲਿਖਵਾਈਆਂ। ਇਨ੍ਹਾਂ ਨੇ ਆਪਣਾ ਅੰਤਿਮ ਸਮਾਂ ਜੰਮੂ ਵਾਲੇ ਡੇਰੇ ਵਿਚ ਹੀ ਬਤੀਤ ਕੀਤਾ ਅਤੇ 1713 ਈ ਵਿਚ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਸੱਚਖੰਡ ਜਾ ਬਿਰਾਜੇ। (ਸਿੱਖ ਪੰਥ ਵਿਸ਼ਵ-ਕੋਸ਼, ਪੰਨਾ 83) ਭਾਈ ਅੱਡਣ ਸ਼ਾਹ ਤੋਂ ਬਾਅਦ ਆਪ ਦੇ ਪ੍ਰਮੁੱਖ ਚੇਲੇ ਭਾਈ ਜਗਤਾ ਰਾਮ ਸੇਵਾਪੰਥੀ ਟਕਸਾਲ ਦੇ ਉੱਤਰਾਧਿਕਾਰੀ ਬਣੇ।[28]

**ਭਾਈ ਜਗਤਾ ਰਾਮ** ਨੇ ਆਪਣੀ ਸਾਰੀ ਜ਼ਿੰਦਗੀ ਨਾਮ ਬਾਣੀ ਤੇ ਸੇਵਾ ਵਿਚ ਲਗਾ ਦਿੱਤੀ। ਜਦੋਂ ਵੀ ਕੋਈ ਰਾਹੀ ਮੁਸਾਫ਼ਰ ਧਰਮਸ਼ਾਲਾ ਵਿਚ ਆਉਂਦਾ ਤਾਂ ਆਪ ਬੜੇ ਪ੍ਰੇਮ ਤੇ ਲਗਨ ਨਾਲ ਉਸ ਦੀ ਸੇਵਾ ਕਰਦੇ ਸਨ। 1811 ਈਸਵੀ ਵਿਚ ਭਾਈ ਜਗਤਾ ਰਾਮ ਸੇਵਾਪੰਥੀ ਨੇ ਆਪਣੇ ਦੇਹਾਂਤ ਤੋਂ ਪਹਿਲਾਂ, ਡੇਰੇ ਦੇ ਲੰਗਰ ਦੇ ਸੇਵਕ ਭਾਈ ਹਜ਼ਾਰੀ ਰਾਮ ਨੂੰ ਚੁਣ ਲਿਆ।[29] ਭਾਈ ਜਗਤਾ ਰਾਮ ਦੇ ਦੇਹਾਂਤ ਤੋਂ ਬਾਅਦ **ਭਾਈ ਹਜ਼ਾਰੀ ਰਾਮ** ਨੂੰ ਸੇਵਾਪੰਥੀ ਟਕਸਾਲ ਦਾ ਉੱਤਰਾਧਿਕਾਰੀ ਬਣਾਇਆ ਗਿਆ। ਇਹ ਟਕਸਾਲ ਵਿਚ ਹਰ ਰੋਜ਼ ਕੀਰਤਨ ਕਰਦੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੀ ਸੰਥਿਆ ਵਿਦਿਆਰਥੀਆਂ ਨੂੰ ਕਰਾਉਂਦੇ ਸਨ। ਭਾਈ ਹਜ਼ਾਰੀ ਤੋਂ ਬਾਅਦ 1826 ਈ ਵਿਚ ਆਪ ਦੇ ਪ੍ਰਮੁੱਖ ਚੇਲੇ **ਭਾਈ ਸਹਾਈ ਰਾਮ** ਸੇਵਾਪੰਥੀ ਟਕਸਾਲ ਦੇ ਉੱਤਰਾਧਿਕਾਰੀ ਬਣੇ। ਇਨ੍ਹਾਂ ਨੇ 18 ਸਾਲ ਇਹ ਸੇਵਾ ਬਾਖ਼ੂਬੀ ਨਿਭਾਈ। ਆਪ 1844 ਈ ਵਿਚ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਸੱਚਖੰਡ ਜਾ ਬਿਰਾਜੇ। ਭਾਈ ਸਹਾਈ ਰਾਮ ਤੋਂ ਬਾਅਦ ਆਪ ਦੇ ਚੇਲੇ **ਭਾਈ ਰਲਾ ਰਾਮ** ਸੇਵਾਪੰਥੀ ਟਕਸਾਲ ਦੇ ਮੁਖੀ ਬਣੇ। ਇਨ੍ਹਾਂ ਨੇ 26 ਸਾਲ ਇਹ ਸੇਵਾ ਨਿਭਾਈ। ਭਾਈ ਰਲਾ ਰਾਮ ਤੋਂ ਉਪਰੰਤ ਆਪ ਦੇ ਚੇਲੇ **ਭਾਈ ਲੱਖਮੀ ਦਾਸ** ਨੂੰ ਟਕਸਾਲ ਦਾ ਮੁਖੀ ਬਣਾਇਆ ਗਿਆ। ਸੰਨ 1965 ਈ: ਵਿਚ ਭਾਈ ਲੱਖਮੀ ਦਾਸ ਦਾ ਦੇਹਾਂਤ ਹੋਇਆ। ਭਾਈ ਲੱਖਮੀ ਦਾਸ ਤੋਂ ਉਪਰੰਤ ਟਕਸਾਲ ਦਾ ਮੁਖੀ ਆਪ ਦੇ ਚੇਲੇ ਮਹੰਤ ਗੁਲਾਬ ਸਿੰਘ ਨੂੰ ਬਣਾਇਆ ਗਿਆ।[30]

**ਮਹੰਤ ਗੁਲਾਬ ਸਿੰਘ** 1947 ਈਸਵੀ ਵਿਚ ਹਿੰਦ ਪਾਕਿ ਵੰਡ ਤੋਂ ਬਾਅਦ ਪਹਿਲਾਂ ਅੰਮ੍ਰਿਤਸਰ, ਫਿਰ ਅੰਬਾਲੇ ਰਹੇ ਅਤੇ ਫਿਰ ਨੂਰਪੁਰ ਵਾਲਾ ਡੇਰਾ ਗੋਨਿਆਣਾ ਮੰਡੀ (ਬਠਿੰਡਾ) ਵਿਖੇ ਆ ਕੇ ਸਥਾਪਿਤ ਕੀਤਾ। ਆਪ 20 ਅਪ੍ਰੈਲ, 1950 ਈਸਵੀ ਵਿਚ ਗੁਰਪੁਰੀ ਸਿਧਾਰ ਗਏ। ਸੇਵਾਪੰਥੀ ਸੰਪਰਦਾਇ ਤੇ ਸਮੂਹ ਸੰਗਤਾਂ ਨੇ ਮਿਲ ਕੇ ਟਕਸਾਲ ਦੀ ਸੇਵਾ ਮਹੰਤ ਗੁਲਾਬ ਸਿੰਘ ਦੇ ਚੇਲੇ ਆਸਾ ਸਿੰਘ ਨੂੰ ਸੌਂਪੀ।[31]

**ਮਹੰਤ ਆਸਾ ਸਿੰਘ** ਨੇ ਪਛੜੇ ਇਲਾਕੇ ਦੀ ਲੋੜ ਨੂੰ ਮੁੱਖ ਰੱਖਦਿਆਂ 8 ਜੁਲਾਈ, 1973 ਈਸਵੀ ਨੂੰ ਗਰਲਜ਼. ਕਾਲਜ ਦਾ ਨੀਂਹ ਪੱਥਰ ਆਪਣੇ ਕਰ ਕਮਲਾਂ ਦੁਆਰਾ ਰੱਖਿਆ। ਆਪ ਨੇ ਬੱਚਿਆਂ ਦੀ ਵਿੱਦਿਆ ਪ੍ਰਾਪਤੀ ਲਈ ਭਾਈ ਜਗਤਾ ਜੀ ਮਿਡਲ ਸਕੂਲ ਦਾ ਆਰੰਭ ਕੀਤਾ। ਮਹੰਤ ਆਸਾ ਸਿੰਘ ਨੇ 23 ਸਾਲ ਟਿਕਾਣੇ ਦੀ ਸੇਵਾ ਸੰਭਾਲ ਕੀਤੀ। ਆਪ 1 ਜਨਵਰੀ, 1974 ਈਸਵੀ ਨੂੰ 80 ਸਾਲ ਦੀ ਉਮਰ ਭੋਗ ਕੇ ਸੱਚਖੰਡ ਜਾ ਬਿਰਾਜੇ। ਮਹੰਤ ਆਸਾ ਸਿੰਘ ਤੋਂ ਬਾਅਦ ਆਪ ਦੇ ਚੇਲੇ ਮਹੰਤ ਤੀਰਥ ਸਿੰਘ ਸੇਵਾਪੰਥੀ ਟਕਸਾਲ ਦੇ ਉੱਤਰਾਧਿਕਾਰੀ ਬਣੇ।[32] ਸੰਨ 1938 ਈ ਵਿਚ ਮਾਤਾ ਪਿਤਾ ਦੀ ਆਗਿਆ ਅਨੁਸਾਰ ਮਹੰਤ ਆਸਾ ਸਿੰਘ ਉਨ੍ਹਾਂ ਨੂੰ ਨੂਰਪੁਰ ਗੁਰਦੁਆਰੇ ਲੈ ਆਏ ਤੇ ਮਹੰਤ ਭਾਈ ਗੁਲਾਬ ਸਿੰਘ ਦੇ ਅਰਪਣ ਕਰ ਦਿੱਤਾ। ਗੁਰਦੁਆਰੇ ਵਿਚ ਸੇਵਾ, ਸਿਮਰਨ, ਵਿੱਦਿਆ, ਪ੍ਰਾਪਤੀ ਆਪ ਦੇ ਜੀਵਨ ਦਾ ਆਧਾਰ ਬਣ ਗਏ। 1964 ਈਸਵੀ ਵਿਚ ਮਹੰਤ ਆਸਾ ਸਿੰਘ ਨੇ ਸਿਰ ਤੇ ਦਸਤਾਰ ਸਜਾ ਕੇ ਸਾਧੂ ਭੇਖ ਦਿੱਤਾ। ਮਹੰਤ ਆਸਾ ਸਿੰਘ ਦੇ ਸੱਚਖੰਡ ਬਿਰਾਜਣ ਉਪਰੰਤ ਆਪ ਨੂੰ ਗੁਰਦੁਆਰੇ ਦੀ ਸੇਵਾ ਸੰਭਾਲ ਸੌਂਪੀ ਗਈ ਸੀ।

**ਮਹੰਤ ਤੀਰਥ ਸਿੰਘ** ਨੇ 1974 ਤੋਂ 2008 ਈਸਵੀ ਤੱਕ ਲਗਾਤਾਰ 34 ਸਾਲ ਇਸ ਸੇਵਾ ਨੂੰ ਬੜੀ ਤਨਦੇਹੀ ਨਾਲ ਨਿਭਾਇਆ। ਮਹੰਤ ਤੀਰਥ ਸਿੰਘ ਨੂੰ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ, ਫ਼ਾਰਸੀ, ਭਾਸ਼ਾਵਾਂ ਦਾ ਚੰਗਾ ਗਿਆਨ ਸੀ। ਮਹੰਤ ਤੀਰਥ ਸਿੰਘ ਨੇ ਆਪਣੇ ਸੇਵਾ ਕਾਲ ਦੌਰਾਨ ਟਕਸਾਲ ਦਾ ਬਹੁਤ ਵਿਸਥਾਰ ਕੀਤਾ। ਆਪ ਬਹੁਤ ਸਾਰੀਆਂ ਸਿੱਖਿਆ ਸੰਸਥਾਵਾਂ ਦੇ ਚੇਅਰਮੈਨ ਤੇ ਸਰਪ੍ਰਸਤ ਸਨ। ਉਨ੍ਹਾਂ ਦੀ ਸਰਪ੍ਰਸਤੀ ਵਿਚ 4 ਕਾਲਜ, 27 ਸਕੂਲ, 11 ਗੁਰਦੁਆਰੇ ਚੱਲ ਰਹੇ ਸਨ। ਆਪ ਨੇ ਸੇਵਾਪੰਥੀ ਸੰਪਰਦਾਇ ਨੂੰ ਚੜ੍ਹਦੀ ਕਲਾ ਵੱਲ ਤੋਰਿਆ ਅਤੇ ਨਿਸ਼ਕਾਮ ਰੂਪ ਵਿਚ ਆਪਣਾ ਜੀਵਨ ਬਿਤਾਇਆ। ਆਪ ਨੇ ਪੂਰੇ ਜੀਵਨ ਵਿਚ ਸੇਵਾਪੰਥੀ ਟਕਸਾਲ (ਸੰਪਰਦਾਇ) ਨਾਲ ਜੁੜੀਆਂ ਸੰਸਥਾਵਾਂ ਦਾ ਹਰ ਪੱਖੋਂ ਵਿਕਾਸ ਤੇ ਵਿਸਥਾਰ ਕੀਤਾ। ਸੇਵਾ, ਸਿਮਰਨ, ਪਰਉਪਕਾਰੀ ਵਿੱਦਿਆਦਾਨੀ ਮਹੰਤ ਤੀਰਥ ਸਿੰਘ 15 ਜਨਵਰੀ

2008 ਈਸਵੀ ਨੂੰ  83 ਸਾਲ ਦੀ ਉਮਰ ਬਤੀਤ ਕਰਕੇ ਸੱਚਖੰਡ ਜਾ ਬਿਰਾਜੇ। ਆਪ ਦੇ ਚੇਲੇ ਮਹੰਤ ਕਾਹਨ ਸਿੰਘ।

**ਮਹੰਤ ਕਾਹਨ ਸਿੰਘ** ਨੂੰ ਮਹੰਤ ਤੀਰਥ ਸਿੰਘ ਤੋਂ ਬਾਅਦ ਸੇਵਾਪੰਥੀ ਟਕਸਾਲ ਦਾ ਉੱਤਰਾਧਿਕਾਰੀ ਬਣਾਇਆ ਗਿਆ। ਆਪ ਨੂੰ ਭਾਈ ਪੋਖਰ ਦਾਸ ਨੇ ਗੁਰਬਾਣੀ ਕੰਠ ਕਰਵਾਈ ਅਤੇ ਉਪਰੰਤ ਗਿਆਨੀ ਫ਼ਤਿਹ ਸਿੰਘ ਪਾਸੋਂ ਤਬਲੇ ਦੀ ਵਿੱਦਿਆ ਦੇ ਨਾਲ-ਨਾਲ ਪੰਜ ਗ੍ਰੰਥੀ, ਭਗਤ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਦਾ ਅਧਿਐਨ ਕੀਤਾ। ਆਪ ਨੇ 1963 ਵਿਚ ਗੁਰਪ੍ਰਤਾਪ ਸੂਰਜ ਗ੍ਰੰਥ (ਸੂਰਜ ਪ੍ਰਕਾਸ਼) ਦੀ ਕਥਾ ਕਰਨੀ ਸ਼ੁਰੂ ਕਰ ਦਿੱਤੀ ਸੀ। 1964 ਵਿਚ ਮਹੰਤ ਆਸਾ ਸਿੰਘ ਨੇ ਇਨ੍ਹਾਂ ਨੂੰ ਗੁਰਦੁਆਰੇ ਵਿਚ ਰਹਿਣ ਵਾਲੇ ਬੱਚਿਆਂ ਨੂੰ ਗੁਰਬਾਣੀ ਕੰਠ ਕਰਵਾਉਣ ਦੀ ਸੇਵਾ ਸੌਂਪੀ। 1965 ਵਿਚ ਇਨ੍ਹਾਂ ਨੇ ਮਹੰਤ ਹੀਰਾ ਸਿੰਘ ਪਟਿਆਲਾ ਵਾਲਿਆਂ ਪਾਸੋਂ ਦੋ ਮਹੀਨੇ ਦੇ ਕਰੀਬ ਲਾ ਕੇ ਸਾਰਕੁਤਾਵਲੀ (ਸੇਵਾ ਪੰਥੀ ਟਕਸਾਲ ਦਾ ਗ੍ਰੰਥ) ਦੇ ਅਰਥ ਪੜ੍ਹੇ। ਆਪ ਨੇ 18 ਸਾਲ (1973 ਤੋਂ 1991 ਤੱਕ) ਭਾਈ ਜਗਤਾ ਮਾਡਲ ਸਕੂਲ ਦੇ ਬੱਚਿਆਂ ਨੂੰ ਅਤੇ ਭਾਈ ਆਸਾ ਸਿੰਘ ਗਰਲਜ਼ ਕਾਲਜ ਦੀਆਂ ਵਿਦਿਆਰਥਣਾਂ ਨੂੰ ਬਾਣੀਆਂ ਕੰਠ ਕਰਵਾਉਣ ਤੋਂ ਇਲਾਵਾ ਕੀਰਤਨ ਸਿਖਾਉਣ ਦੀ ਸੇਵਾ ਕਰਦੇ ਰਹੇ। ਆਪ ਬਹੁਤ ਸਮਾਂ ਸੇਵਾਪੰਥੀ ਗੁਰਮਤਿ ਵਿਦਿਆਲਾ ਦੇ ਇੰਚਾਰਜ ਰਹੇ। ਮਹੰਤ ਤੀਰਥ ਸਿੰਘ ਦੀ ਸਰਪ੍ਰਸਤੀ ਹੇਠ ਇਸ ਵਿਦਿਆਲੇ ਦੀ ਸਥਾਪਨਾ 1988 ਈਸਵੀ ਵਿਚ ਨਵੀਂ ਇਮਾਰਤ ਵਿਚ ਕੀਤੀ ਗਈ। ਇਸ ਵਿਦਿਆਲੇ ਵਿਚ ਦੂਰ ਨੇੜੇ ਤੋਂ ਆ ਕੇ ਸੈਂਕੜੇ ਹੀ ਵਿਦਿਆਰਥੀ ਗੁਰਮਤਿ ਸੰਗੀਤ ਅਤੇ ਗੁਰਬਾਣੀ ਸੰਥਿਆ ਦੀ ਸਿਖਲਾਈ ਪ੍ਰਾਪਤ ਕਰਦੇ ਹਨ।

ਸੇਵਾ ਪੰਥੀ ਟਕਸਾਲ ਦਾ ਆਰੰਭ ਭਾਵੇਂ ਭਾਈ ਘਨੱਈਆ ਦੇ ਜਨਮ ਅਸਥਾਨ ਪਿੰਡ ਸੋਦਰਾ (ਪਾਕਿਸਤਾਨ) ਤੋਂ ਹੋਇਆ ਪ੍ਰੰਤੂ ਹਿੰਦੁਸਤਾਨ, ਪਾਕਿਸਤਾਨ ਦੀ ਵੰਡ ਤੋਂ ਬਾਅਦ ਭਾਈ ਗੁਲਾਬ ਸਿੰਘ ਨੇ 1947 ਵਿਚ  ਸੇਵਾਪੰਥੀ ਟਕਸਾਲ ਦੀ ਸਥਾਪਨਾ ਗੋਨਿਆਣਾ ਮੰਡੀ ਬਠਿੰਡਾ ਵਿਚ ਕੀਤਾ।[33] 1950 ਤੋਂ 1973 ਤੱਕ ਭਾਈ ਆਸਾ ਸਿੰਘ ਅਤੇ 1973 ਤੋਂ 2008 ਤੱਕ ਮਹੰਤ ਤੀਰਥ ਸਿੰਘ ਨੇ ਮੁਖੀ ਦੀ ਸੇਵਾ ਨਿਭਾਈ। ਵਰਤਮਾਨ ਸਮੇਂ ਮਹੰਤ ਕਾਹਨ ਸਿੰਘ ਸੇਵਾਪੰਥੀ ਟਕਸਾਲ ਦੇ ਸਰਪ੍ਰਸਤ ਹਨ ਜਿਨ੍ਹਾਂ ਦੁਆਰਾ ਅਨੇਕ ਸਕੂਲ, ਕਾਲਜ ਅਤੇ ਹਸਪਤਾਲ ਸੇਵਾਪੰਥੀ ਸੰਪਰਦਾਇ ਦੇ ਨਾਮ ਤੇ ਚਲਾਏ ਜਾ ਰਹੇ ਹਨ।[34] ਸੇਵਾਪੰਥੀ ਟਕਸਾਲ ਵਿਚ ਟਕਸਾਲੀ ਮਰਿਆਦਾ ਅਨੁਸਾਰ ਪਰੰਪਰਾਗਤ ਕੀਰਤਨ ਦੀ ਸਿੱਖਿਆ ਨਿਰੰਤਰ

ਦਿੱਤੀ ਜਾ ਰਹੀ ਹੈ। ਕਥਾ ਕੀਰਤਨ ਤੋਂ ਇਲਾਵਾ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ, ਫ਼ਾਰਸੀ, ਭਾਸ਼ਾਵਾਂ ਦਾ ਗਿਆਨ ਅਤੇ ਸੰਸਕ੍ਰਿਤ ਦੇ ਗ੍ਰੰਥਾਂ (ਪਾਰਸ ਭਾਗ, ਮਸਨਵੀ, ਯੋਗ ਵਿਸ਼ਿਸ਼ਟ) ਦਾ ਅਧਿਐਨ ਸੇਵਾਪੰਥੀ ਟਕਸਾਲ ਵਿਚ ਕਰਵਾਇਆਂ ਜਾਂਦਾ ਹੈ। ਸੇਵਾਪੰਥੀ ਟਕਸਾਲ ਦੇ ਮੁਖੀ ਭਾਈ ਅੱਡਣ ਸ਼ਾਹ ਬੜਾ ਰਸਭਿੰਨਾ ਕੀਰਤਨ ਕਰਦੇ ਸਨ ਅਤੇ ਆਪ ਨੇ ਕਈ ਪੋਥੀਆਂ ਲਿਖਵਾਈਆਂ। ਸੇਵਾਪੰਥੀ ਸੰਪਰਦਾਇ ਵਿਚ ਅਨੇਕ ਕੀਰਤਨਕਾਰ ਪੈਦਾ ਹੋਏ ਹਨ, ਜਿਨ੍ਹਾਂ ਵਿਚ ਮਹੰਤ ਜਮੀਅਤ ਸਿੰਘ, ਮਹੰਤ ਭੋਲਾ ਸਿੰਘ, ਮਹੰਤ ਬਲਵੀਰ ਸਿੰਘ, ਭਾਈ ਰਾਮ ਸਿੰਘ, ਭਾਈ ਝੰਡਾ ਸਿੰਘ, ਭਾਈ ਖੜਗ ਸਿੰਘ ਅਤੇ ਭਾਈ ਲੋੜੀਂਦਾ ਰਾਮ ਤੋਂ ਬਾਅਦ ਭਾਈ ਸ਼ੰਕਰ ਦਾਸ ਪਟਿਆਲੇ ਵਾਲੇ ਪ੍ਰਮੁੱਖ ਸਨ ਜੋ ਤਾਊਸ ਨਾਲ ਕੀਰਤਨ ਕਰਦੇ ਸਨ।[35] ਇਨ੍ਹਾਂ ਦੇ ਜੋੜੀਦਾਰ ਭਾਈ ਵਿਸਾਖੀ ਸਿੰਘ ਤੇ ਭਾਈ ਦੇਵਾਂ ਸਿੰਘ ਸਨ। ਇਹਨਾਂ ਦਾ ਦੇਹਾਂਤ 1967 ਵਿਚ ਹੋਇਆ।

ਸੇਵਾਪੰਥੀ ਟਕਸਾਲ ਦੇ ਕੀਰਤਨਕਾਰਾਂ ਵਿਚ ਬਾਬਾ ਸ਼ਾਮ ਸਿੰਘ ਵਿਸ਼ੇਸ਼ ਹਨ।[36] ਆਪ ਇੱਕ ਨਿਪੁੰਨ ਸੰਗੀਤਕਾਰ ਸਨ। ਜਦ ਆਪ ਜਵਾਨ ਹੋਏ ਤਾਂ ਅੰਮ੍ਰਿਤਸਰ ਅੱਡਣਸ਼ਾਹੀਆਂ ਦੀ ਧਰਮਸ਼ਾਲਾ ਆ ਗਏ। ਜਿੱਥੇ ਉਨ੍ਹਾਂ ਨੇ ਵਿਦਵਾਨ ਪੰਡਤ ਆਤਮਾ ਸਿੰਘ ਅਤੇ ਠਾਕੁਰ ਦਯਾਲ ਸਿੰਘ ਦੇ ਮਾਰਗ ਦਰਸ਼ਨ ਦੇ ਤਹਿਤ ਸਿੱਖ ਧਰਮ ਸ਼ਾਸਤਰ ਅਤੇ ਇਤਿਹਾਸ ਦੀ ਪੜ੍ਹਾਈ ਕੀਤੀ। ਆਪ ਨੇ ਬਾਬਾ ਨੌਧ ਸਿੰਘ ਤੋਂ ਗੁਰਮਤਿ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ। ਆਪ ਨੂੰ ਕੀਰਤਨ ਦੇ ਨਾਲ ਸਾਰੰਦਾ ਵਜਾਉਣ ਵਿਚ ਮੁਹਾਰਤ ਹਾਸਲ ਕਰ ਲਈ। ਆਪ ਨਿੱਤ ਸਵੇਰੇ ਸ੍ਰੀ ਹਰਿਮੰਦਰ ਵਿਚ *ਆਸਾ ਦੀ ਵਾਰ* ਅਤੇ ਅਕਾਲ ਤਖ਼ਤ ਤੇ ਸ਼ਾਮ ਨੂੰ ਸੋਦਰ ਦਾ ਗਾਇਨ ਕਰਦੇ ਸਨ। ਕੀਰਤਨ ਦੀ ਇਹ ਸੇਵਾ ਉਹ ਪੂਰੇ ੭੦ ਸਾਲ ਨਿਭਾਈ । ਵਰਤਮਾਨ ਸਮੇਂ ਇਹ ਟਕਸਾਲ ਯਮੁਨਾਨਗਰ ਤੇ ਗੋਨਿਆਣਾ ਮੰਡੀ ਵਿਖੇ ਗੁਰਮਤਿ ਸੰਗੀਤ ਵਿਦਿਆਲਿਆ ਦੁਆਰਾ ਆਪਣਾ ਯੋਗਦਾਨ ਪਾ ਰਹੀ ਹੈ। ਸੇਵਾਪੰਥੀ ਟਕਸਾਲ ਦੇ ਪੰਜਾਬ, ਹਰਿਆਣਾ, ਹਿਮਾਚਲ ਅਤੇ ਦਿੱਲੀ ਸਥਿਤ 42 ਡੇਰਿਆਂ ਵਿਚ ਗੁਰਮਤਿ ਵਿਦਿਆਲੇ ਚੱਲ ਰਹੇ ਹਨ। ਜਿਨ੍ਹਾਂ ਵਿਚ ਵਿਦਿਆਰਥੀਆ ਨੂੰ ਗੁਰਮਤਿ ਸੰਗੀਤ ਦੀ ਨਿਸ਼ਕਾਮ ਸਿਖਲਾਈ ਦਿੱਤੀ ਜਾ ਰਹੀ ਹੈ। ਸੇਵਾਪੰਥੀ ਟਕਸਾਲ ਤੋਂ ਬਾਅਦ ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ ਵਿਚ ਤਰਨਤਾਰਨ ਟਕਸਾਲ ਵਿਸ਼ੇਸ਼ ਸਥਾਨ ਰੱਖਦੀ ਹੈ।

**1.3 ਤਰਨਤਾਰਨ ਟਕਸਾਲ** : ਗੁਰਮਤਿ ਸੰਗੀਤ ਪਰੰਪਰਾ ਵਿਚ ਤਰਨਤਾਰਨ ਟਕਸਾਲ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਤਰਨਤਾਰਨ ਸ਼ਹਿਰ ਦੀ ਸਥਾਪਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ। ਸ੍ਰੀ ਗੁਰੂ

ਅਰਜਨ ਦੇਵ ਜੀ ਦੇ ਸਮੇਂ ਤਰਨਤਾਰਨ ਸਾਹਿਬ ਸਿੱਖ ਧਰਮ ਦੇ ਪ੍ਰਮੁੱਖ ਕੀਰਤਨ ਕੇਂਦਰਾਂ ਵਿਚ ਸ਼ਾਮਿਲ ਸੀ। ਗੁਰੂ ਕਾਲ ਤੋਂ ਬਾਅਦ ਸਮੇਂ-ਸਮੇਂ ਰਾਗੀ, ਰਬਾਬੀ ਕੀਰਤਨਕਾਰਾਂ ਨੇ ਤਰਨਤਾਰਨ ਸਾਹਿਬ ਦੀ ਕੀਰਤਨ ਪਰੰਪਰਾ ਨੂੰ ਕਾਇਮ ਰੱਖਿਆ। ਭਾਈ ਬਲਬੀਰ ਸਿੰਘ ਅਨੁਸਾਰ ਇਨ੍ਹਾਂ ਦੇ ਬਜ਼ੁਰਗਾਂ ਭਾਈ ਸ੍ਰੀ ਰਾਮ ਤੋਂ ਬਾਅਦ ਬਾਬਾ ਹਰੀ ਸਿੰਘ, ਬਾਬਾ ਇੰਦਰ ਸਿੰਘ, ਬਾਬਾ ਕੁੰਦਨ ਸਿੰਘ, ਭਾਈ ਸੰਤਾ ਸਿੰਘ ਆਦਿ ਤਰਨਤਾਰਨ ਸਾਹਿਬ ਦੀ ਟਕਸਾਲ ਨਾਲ ਸਬੰਧਿਤ ਰਹੇ ਹਨ।[37] ਵੱਖ-ਵੱਖ ਸਮੇਂ ਇਸ ਟਕਸਾਲ ਦੀ ਨਿਰੰਤਰਤਾ ਕਾਇਮ ਨਹੀਂ ਰਹਿ ਸਕੀ ਪਰ ਇਸ ਟਕਸਾਲ ਦਾ ਯੋਗਦਾਨ ਗੁਰਮਤਿ ਸੰਗੀਤ ਦੇ ਇਤਿਹਾਸਕ ਵਿਕਾਸ ਦਾ ਕੁੰਦਰਾ ਹਿੱਸਾ ਰਿਹਾ ਹੈ।

1904 ਈਸਵੀ ਵਿਚ ਚੀਫ਼ ਖ਼ਾਲਸਾ ਦੀਵਾਨ ਨੇ ਤਰਨਤਾਰਨ ਸਾਹਿਬ ਵਿਖੇ ਪੁਰਾਤਨ ਟਕਸਾਲੀ ਪਰੰਪਰਾ ਨੂੰ ਕਾਇਮ ਰੱਖਣ ਲਈ *ਖ਼ਾਲਸਾ ਪ੍ਰਚਾਰਕ ਵਿਦਿਆਲੇ* ਦੀ ਸਥਾਪਨਾ ਕੀਤੀ ਅਤੇ ਮਾਸਟਰ ਈਸ਼ਰ ਸਿੰਘ ਨੂੰ ਇਸ ਦਾ ਮੈਨੇਜਰ ਨਿਯੁਕਤ ਕੀਤਾ।[38] ਸਮੇਂ-ਸਮੇਂ ਅਨੁਸਾਰ ਤਰਨਤਾਰਨ ਸਾਹਿਬ ਵਿਖੇ ਉਸਤਾਦ ਉੱਤਮ ਸਿੰਘ ਅੰਮ੍ਰਿਤਸਰ ਵਾਲੇ (1905 ਤੋਂ 1918),[39] ਪ੍ਰੋ. ਸੁੰਦਰ ਸਿੰਘ (1918 ਤੋਂ 1919),[40] ਪੰਡਿਤ ਨੱਥੂ ਰਾਮ ਜੀ (1919 ਤੋਂ 1971),[41] ਪ੍ਰਿੰਸੀਪਲ ਚੰਨਣ ਸਿੰਘ (1955 ਤੋਂ 1957),[42] ਭਾਈ ਸੁਰਜੀਤ ਸਿੰਘ[43] (ਪਿੰਡ ਸਿੰਘਾਂ ਵਾਲੇ) ਆਦਿ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦਿੰਦੇ ਰਹੇ ਹਨ। ਤਰਨਤਾਰਨ ਟਕਸਾਲ ਤੋਂ ਅਨੇਕ ਹੀ ਵਿਦਿਆਰਥੀ ਜਿਵੇਂ ਭਾਈ ਪੂਰਨ ਸਿੰਘ,[44] ਭਾਈ ਸੱਤੂ, ਭਾਈ ਸੰਤਾ ਸਿੰਘ, ਮਾਸਟਰ ਪ੍ਰੇਮ ਸਿੰਘ ਪਤੰਗ, ਭਾਈ ਕਿਰਪਾਲ ਸਿੰਘ, ਭਾਈ ਗੁਰਦੀਪ ਸਿੰਘ, ਗਿਆਨੀ ਹਰਦਿੱਤ ਸਿੰਘ, ਭਾਈ ਬਲਬੀਰ ਸਿੰਘ, ਭਾਈ ਚਤਰ ਸਿੰਘ ਅਤੇ ਭਾਈ ਮਹਿੰਦਰ ਸਿੰਘ ਨੇ ਗੁਰਮਤਿ ਸੰਗੀਤ ਦੀ ਸਿਖਲਾਈ ਪ੍ਰਾਪਤ ਕੀਤੀ[45] ਅਤੇ ਤਰਨਤਾਰਨ ਟਕਸਾਲ ਦਾ ਨਾਮ ਰੌਸ਼ਨ ਕੀਤਾ।

**ਉਸਤਾਦ ਉੱਤਮ ਸਿੰਘ** (1905 ਈ: ਤੋਂ 1918 ਈ: ਤੱਕ) ਖ਼ਾਲਸਾ ਯਤੀਮਖ਼ਾਨਾ ਸ੍ਰੀ ਅੰਮ੍ਰਿਤਸਰ ਵਿਖੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦਿੰਦੇ ਸਨ ਅਤੇ ਇਸੇ ਸਮੇਂ ਦੌਰਾਨ ਹੀ ਆਪ ਖ਼ਾਲਸਾ ਪ੍ਰਚਾਰਕ ਵਿਦਿਆਲਾ ਤਰਨਤਾਰਨ ਵਿਖੇ ਵੀ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਲਾਈ ਦੇਣ ਆਉਂਦੇ ਸਨ।[46] ਆਪ ਧਰੁਪਦ ਵਿਚ ਤਲਵੰਡੀ ਘਰਾਨਾ ਅਤੇ ਖ਼ਿਆਲ ਵਿਚ ਦਿੱਲੀ ਦੇ ਉਸਤਾਦ ਤਾਨਰਸ ਖਾਂ ਸਾਹਿਬ ਦੇ ਘਰਾਣੇ ਨਾਲ ਸਬੰਧ ਰੱਖਦੇ ਸਨ। ਉਸਤਾਦ ਉੱਤਮ ਸਿੰਘ ਆਪਣੇ ਸਮੇਂ ਦੇ ਪ੍ਰਸਿੱਧ ਸਿੱਖ

ਕੀਰਤਨਕਾਰਾਂ ਵਿਚ ਆਉਂਦੇ ਸਨ। ਆਪ ਦੀ ਸੰਗੀਤਕ ਉੱਚਤਾ ਨੂੰ ਦੇਸ਼ ਭਰ ਦੇ ਮੁਸਲਮਾਨ ਗਵੱਈਏ ਵੀ ਮੰਨਦੇ ਸਨ। ਆਪ ਨੇ ਸ਼ਬਦ ਕੀਰਤਨ ਦੀ ਸਿਖਲਾਈ ਉਸਤਾਦ ਗੁਰਮੁੱਖ ਸਿੰਘ ਤੋਂ ਪ੍ਰਾਪਤ ਕੀਤੀ ਸੀ। ਆਪ ਦੇ ਕੋਲ ਤਲਵੰਡੀ ਅਤੇ ਦਿੱਲੀ ਘਰਾਣੇ ਦੀਆਂ ਹਜ਼ਾਰ ਧਰੁਪਦ ਅਤੇ ਖ਼ਿਆਲ ਦੀਆਂ ਬੰਦਿਸ਼ਾਂ ਅਤੇ ਪੁਰਾਤਨ ਸ਼ਬਦ ਰੀਤਾਂ ਦਾ ਖ਼ਜ਼ਾਨਾ ਸੀ। ਆਪ ਨੇ ਅਨੇਕਾਂ ਹੀ ਵਿਦਿਆਰਥੀਆਂ ਨੂੰ ਤਰਨਤਾਰਨ ਸਾਹਿਬ ਦੇ ਵਿਦਿਆਲੇ ਵਿਚ ਗੁਰਮਤਿ ਸੰਗੀਤ ਦੀ ਸਿਖਲਾਈ ਦਿੱਤੀ। ਆਪ ਦੀ ਅਣਥੱਕ ਮਿਹਨਤ ਸਦਕਾ ਹੀ ਤਰਨਤਾਰਨ ਸਾਹਿਬ ਦਾ ਵਿਦਿਆਲਾ ਟਕਸਾਲ ਦੇ ਰੂਪ ਵਿਚ ਪ੍ਰਸਿੱਧ ਹੋਇਆ।

**ਪ੍ਰੋ. ਸੁੰਦਰ ਸਿੰਘ** ਅੰਮ੍ਰਿਤਸਰ ਵਾਲੇ (1918 ਤੋਂ 1919ਤੱਕ) ਉਸਤਾਦ ਉੱਤਮ ਸਿੰਘ ਤੋਂ ਬਾਅਦ ਵੀ ਕੁਝ ਸਮਾਂ *ਖ਼ਾਲਸਾ ਪ੍ਰਚਾਰਕ ਵਿਦਿਆਲਾ* ਤਰਨਤਾਰਨ ਵਿਖੇ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਲਾਈ ਦਿੰਦੇ ਰਹੇ ਸਨ।[47] ਆਪ ਕੀਰਤਨ ਵਿਚ ਬੜੇ ਮਾਹਿਰ ਸਨ ਸੰਸਾਰ ਪ੍ਰਸਿੱਧ ਸੰਗੀਤਕਾਰ ਸ੍ਰੀ ਰਵਿੰਦਰ ਨਾਥ ਟੈਗੋਰ ਜਦੋਂ ਸ੍ਰੀ ਅੰਮ੍ਰਿਤਸਰ ਆਏ ਤਾਂ ਭਾਈ ਸੁੰਦਰ ਸਿੰਘ ਦਾ ਕੀਰਤਨ ਸੁਣ ਕੇ ਇਤਨਾ ਪ੍ਰਭਾਵਿਤ ਹੋਏ ਕੇ ਆਪ ਨੂੰ ਆਪਣੇ ਨਾਲ ਲੈ ਜਾਣ ਦੀ ਬੇਨਤੀ ਕੀਤੀ ਪਰ ਆਪ ਹਰਿਮੰਦਰ ਸਾਹਿਬ ਦੀ ਕੀਰਤਨ ਸੇਵਾ ਛੱਡ ਕੇ ਉਨ੍ਹਾਂ ਨਾਲ ਜਾਣ ਨੂੰ ਤਿਆਰ ਨਾ ਹੋਏ।[48] ਆਪ ਨੇ ਅਨੇਕਾਂ ਹੀ ਵਿਦਿਆਰਥੀਆਂ ਨੂੰ ਤਰਨਤਾਰਨ ਸਾਹਿਬ ਵਿਖੇ ਕੀਰਤਨ ਦੀ ਸਿਖਲਾਈ ਦਿੱਤੀ।

**ਪੰਡਿਤ ਨੱਥੂ ਰਾਮ** (1919 ਤੋਂ 1971 ਤੱਕ) ਪ੍ਰੋ. ਸੁੰਦਰ ਸਿੰਘ ਤੋਂ ਬਾਅਦ *ਖ਼ਾਲਸਾ ਪ੍ਰਚਾਰਕ ਵਿਦਿਆਲਾ ਤਰਨਤਾਰਨ* ਵਿਖੇ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਲਾਈ ਦਿੰਦੇ ਰਹੇ ਸਨ। ਆਪ ਦੇ ਪਿਤਾ ਸ੍ਰੀ ਚੇਤ ਰਾਮ ਅਤੇ ਦਾਦਾ ਸ੍ਰੀ ਘਨੱਈਆ ਲਾਲ ਪਿੰਡ ਲੋਹੀਆ, ਤਹਿਸੀਲ ਨਕੋਦਰ ਦੇ ਵਸਨੀਕ ਸਨ।[49] ਆਪ ਨੇ ਪਿੰਡ ਸੇਖਵਾਂ ਦੇ ਗੁਰਮਤਿ ਸੰਗੀਤ ਵਿਦਿਆਲੇ ਵਿਚ ਬਾਬਾ ਸ਼ਰਧਾ ਸਿੰਘ ਤੋਂ ਸੰਗੀਤ ਦੀ ਸਿਖਲਾਈ ਪ੍ਰਾਪਤ ਕੀਤੀ। ਆਪ ਸ਼ਾਸਤਰੀ ਸੰਗੀਤ ਦੀਆਂ ਹੋਰ ਬਰੀਕੀਆਂ ਸਿੱਖਣ ਲਈ ਪਟਿਆਲਾ ਰਿਆਸਤ ਦੇ ਪ੍ਰਸਿੱਧ ਰਾਜ ਗਾਇਕਾਂ ਤੋਂ ਧਰੁਪਦ ਅਤੇ ਧਮਾਰ ਗਾਇਨ ਸ਼ੈਲੀਆਂ ਸਿੱਖਣ ਲਈ ਪਟਿਆਲੇ ਆ ਗਏ। ਇੱਥੇ ਰਹਿੰਦੇ ਹੋਏ ਆਪ ਨੇ ਪਟਿਆਲੇ ਘਰਾਣੇ ਦੀਆਂ ਪੁਰਾਤਨ ਬੰਦਿਸ਼ਾਂ ਦਾ ਵੱਡਾ ਖ਼ਜ਼ਾਨਾ ਪ੍ਰਾਪਤ ਕੀਤਾ। ਆਪਣੇ ਮਾਤਾ-ਪਿਤਾ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਪੰਡਿਤ ਨੱਥੂ ਰਾਮ ਤਰਨਤਾਰਨ ਆ ਕੇ ਰਹਿਣ ਲੱਗ ਪਏ। ਇੱਥੇ ਆਪ ਦੀ ਮੁਲਾਕਾਤ ਖ਼ਾਲਸਾ ਪ੍ਰਚਾਰਕ ਵਿਦਿਆਲਾ ਤਰਨਤਾਰਨ ਦੇ ਮੈਨੇਜਰ ਮਾਸਟਰ ਈਸ਼ਰ

ਸਿੰਘ ਨਾਲ ਹੋਈ। ਭਾਈ ਈਸ਼ਰ ਸਿੰਘ ਦੇ ਬੇਨਤੀ ਕਰਨ ਤੇ ਆਪ ਨੇ ਵਿਦਿਆਲੇ ਦੇ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਲਾਈ ਦੇਣੀ ਆਰੰਭ ਕਰ ਦਿੱਤੀ। ਵਿਦਿਆਲੇ ਵਿਚ ਰਹਿੰਦੇ ਹੋਏ ਆਪ ਨੇ ਨਿਰਧਾਰਿਤ ਰਾਗਾਂ ਅਨੁਸਾਰ ਬਹੁਤ ਸਾਰੀਆਂ ਸ਼ਬਦ ਰੀਤਾਂ ਤਿਆਰ ਕੀਤੀਆਂ।

ਪੰਡਿਤ ਨੱਥੂ ਰਾਮ ਦੀ ਪ੍ਰੇਰਨਾ ਸਦਕਾ ਹੀ ਵਿਦਿਆਲੇ ਦੇ ਵਿਦਿਆਰਥੀਆਂ ਨੇ ਦਰਬਾਰ ਸਾਹਿਬ ਸ੍ਰੀ ਤਰਨਤਾਰਨ ਸਾਹਿਬ ਵਿਖੇ ਰਾਗਾਂ ਅਨੁਸਾਰ ਕੀਰਤਨ ਚੌਕੀਆਂ ਦੇ ਰੂਪ ਵਿਚ ਕੀਰਤਨ ਕਰਨਾ ਆਰੰਭ ਕੀਤਾ। ਇੰਜ ਥੋੜ੍ਹੇ ਸਮੇਂ ਵਿਚ ਹੀ ਤਰਨਤਾਰਨ ਸਾਹਿਬ ਦੇ ਵਿਦਿਆਲੇ ਨੂੰ ਤਰਨਤਾਰਨ ਟਕਸਾਲ ਦੇ ਰੂਪ ਵਿਚ ਪ੍ਰਸਿੱਧੀ ਪ੍ਰਾਪਤ ਹੋਈ। ਆਪ ਬਹੁਤ ਸੁਰੀਲੀ ਤੇ ਬੁਲੰਦ ਅਵਾਜ਼ ਦੇ ਮਾਲਕ ਸਨ। ਧਰੁਪਦ, ਧਮਾਰ ਗਾਇਨ ਸ਼ੈਲੀ ਵਿਚ ਆਪ ਨੂੰ ਵਿਸ਼ੇਸ਼ ਮੁਹਾਰਤ ਹਾਸਿਲ ਸੀ। ਕੀਰਤਨ ਜਥੇ ਵਿਚ ਮਾਸਟਰ ਸੰਤਾ ਸਿੰਘ, ਆਪ ਦੇ ਸਹਾਇਕ ਅਤੇ ਭਾਈ ਅਰਜਨ ਸਿੰਘ ਤ੍ਰੰਗੜ ਮਿਰਦੰਗ ਤੇ ਸਾਥ ਨਿਭਾਉਂਦੇ ਸਨ।[50] ਭਾਈ ਅਰਜਨ ਸਿੰਘ ਤ੍ਰੰਗੜ ਆਪਣੇ ਸਮੇਂ ਦੇ ਪ੍ਰਸਿੱਧ ਮਿਰਦੰਗ ਵਾਦਕਾਂ ਵਿਚੋਂ ਸਨ। ਆਪ ਨੇ ਮੁੱਢਲੀ ਸਿੱਖਿਆਂ ਪਿੰਡ ਸੇਖਵਾਂ ਵਾਲੇ ਵਿਦਿਆਲੇ ਤੋਂ ਪੰਡਿਤ ਨੱਥੂ ਰਾਮ ਜੀ ਦੇ ਨਾਲ ਹੀ ਪ੍ਰਾਪਤ ਕੀਤੀ। ਭਾਈ ਅਰਜਨ ਸਿੰਘ ਕੁਝ ਸਮਾਂ ਤਰਨਤਾਰਨ ਗੁਰਮਤਿ ਸੰਗੀਤ ਵਿਦਿਆਲੇ ਵਿਚ ਵਿਦਿਆਰਥੀਆਂ ਨੂੰ ਪੰਡਿਤ ਨੱਥੂ ਰਾਮ ਦੇ ਨਾਲ ਸੰਗੀਤ ਦੀ ਸਿਖਲਾਈ ਦਿੰਦੇ ਰਹੇ। ਪੰਡਿਤ ਨੱਥੂ ਰਾਮ ਨੇ ਆਪਣਾ ਸਾਰਾ ਜੀਵਨ ਤਰਨਤਾਰਨ ਵਿਖੇ ਵਿਦਿਆਲੇ ਦੇ ਵਿਦਿਆਰਥੀਆਂ ਨੂੰ ਕੀਰਤਨ ਦੀ ਦਾਤ ਦੇਣ ਵਿਚ ਹੀ ਲਗਾ ਦਿੱਤਾ। ਆਪ ਦੇ ਸਮੇਂ ਵਿਦਿਆਲੇ ਵਿਚ ਦੂਰੋਂ-ਦੂਰੋਂ ਵਿਦਿਆਰਥੀ ਗੁਰਮਤਿ ਸੰਗੀਤ ਦੀ ਵਿੱਦਿਆ ਹਾਸਿਲ ਕਰਨ ਲਈ ਆਉਂਦੇ ਸਨ। ਉਸ ਸਮੇਂ 100-100 ਵਿਦਿਆਰਥੀ ਵਿਦਿਆਲੇ ਵਿਚ ਹੀ ਰਹਿ ਕੇ ਗੁਰਮਤਿ ਸੰਗੀਤ ਦੀ ਸਿਖਲਾਈ ਪ੍ਰਾਪਤ ਕਰਦੇ, ਲੰਗਰ ਤੋਂ ਪ੍ਰਸ਼ਾਦਾ ਛਕਦੇ ਅਤੇ ਦਰਬਾਰ ਸਾਹਿਬ ਵਿਚ ਕੀਰਤਨ ਕਰਿਆ ਕਰਦੇ ਸਨ। ਆਪ ਦੇ ਪ੍ਰਸਿੱਧ ਸ਼ਾਗਿਰਦਾਂ ਵਿਚ ਗਿਆਨੀ ਹਰਦਿੱਤ ਸਿੰਘ ਵਿਸ਼ੇਸ਼ ਹਨ। ਜਿੰਨਾ ਨੇ 1919 ਈ: ਵਿਚ ਆਪ ਤੋਂ ਗੁਰਮਤਿ ਸੰਗੀਤ ਦੀ ਸਿਖਲਾਈ ਲੈਣੀ ਆਰੰਭ ਕੀਤੀ।[51] ਤਰਨਤਾਰਨ ਗੁਰਮਤਿ ਵਿਦਿਆਲੇ ਵਿਚ ਗਿਆਨੀ ਹਰਦਿੱਤ ਸਿੰਘ ਨੂੰ ਪੰਡਿਤ ਨੱਥੂ ਰਾਮ ਨੇ ਪਟਿਆਲਾ ਘਰਾਣੇ ਦੇ ਧਰੁਪਦ ਗਾਇਨ ਦੀ ਜਿਹੜੀ ਵਿੱਦਿਆ ਉਸਤਾਦਾਂ ਤੋਂ ਪ੍ਰਾਪਤ ਕੀਤੀ ਪੂਰੀ ਤਨਦੇਹੀ ਨਾਲ ਸਿਖਾਈ। ਗਿਆਨੀ ਜੀ ਨੇ ਵਿਦਿਆਲੇ ਦੇ ਤਿੰਨ ਸਾਲਾਂ ਦੇ ਕੋਰਸ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ ਤਾਂ ਪੰਡਿਤ ਨੱਥੂ ਰਾਮ ਬਹੁਤ ਖ਼ੁਸ਼ ਹੋਏ।

ਪ੍ਰਿੰਸੀਪਲ ਦਿਆਲ ਸਿੰਘ ਅਨੁਸਾਰ, ਸੰਨ 1963 ਵਿਚ ਜਦੋਂ ਉਹ ਖ਼ਾਲਸਾ ਪ੍ਰਚਾਰ ਵਿਦਿਆਲਾ ਤਰਨਤਾਰਨ ਵਿਚ ਆਏ ਤਾਂ ਉਸਤਾਦ ਨੱਥੂ ਰਾਮ ਉਸ ਸਮੇਂ ਵੀ ਵਿਦਿਆਰਥੀਆਂ ਨੂੰ ਕੀਰਤਨ, ਸਿਤਾਰ ਅਤੇ ਤਬਲਾ ਵਾਦਨ ਦੀ ਸਿਖਲਾਈ ਦੇ ਰਹੇ ਸਨ। ਅਖੀਰ ਪੰਡਿਤ ਨੱਥੂ ਰਾਮ 1971 ਈਸਵੀ ਵਿਚ ਸੰਸਾਰ ਸਾਗਰ ਤੋਂ ਅਕਾਲ ਚਲਾਣਾ ਕਰ ਗਏ। ਆਪ ਦੇ ਵਿਦਿਆਰਥੀ ਪ੍ਰਿੰਸੀਪਲ ਚੰਨਣ ਸਿੰਘ ਮਜਬੂਰ ਨੇ 1955 ਈਸਵੀ ਤੋਂ ਬਹੁਤ ਸਮਾਂ ਖ਼ਾਲਸਾ ਪ੍ਰਚਾਰਕ ਵਿਦਿਆਲਾ ਤਰਨਤਾਰਨ ਵਿਖੇ ਪੰਡਿਤ ਨੱਥੂ ਰਾਮ ਤੋਂ ਕੀਰਤਨ ਦੀ ਸਿਖਲਾਈ ਪ੍ਰਾਪਤ ਕੀਤੀ[52] ਅਤੇ ਬਾਅਦ ਵਿਚ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦਿੰਦੇ ਰਹੇ। ਆਪ ਨੇ ਬਹੁਤ ਸਮਾਂ ਪ੍ਰੋ.ਦਰਸ਼ਨ ਸਿੰਘ ਕੋਮਲ ਤੋਂ ਗੁਰਮਤਿ ਸੰਗੀਤ ਅਤੇ ਵਾਦਨ ਸੰਗੀਤ ਦੀ ਸਿਖਲਾਈ ਪ੍ਰਾਪਤ ਕੀਤੀ। ਇਸੇ ਤਹਿਤ ਆਪ ਨੇ ਸਿਰਤੋੜ ਮਿਹਨਤ ਸਦਕਾ ਸੰਗੀਤ ਵਿਚ ਐਮ.ਏ. ਦੀ ਡਿਗਰੀ ਪ੍ਰਾਪਤ ਕੀਤੀ। ਆਪ ਦੀਆਂ ਸੰਗੀਤ ਸੇਵਾਵਾਂ ਬਦਲੇ ਆਪ ਨੂੰ 2003 ਈਸਵੀ ਵਿਚ ਭਾਸ਼ਾ ਵਿਭਾਗ, ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਐਵਾਰਡ ਦਿੱਤਾ ਗਿਆ।[53]

ਤਰਨਤਾਰਨ ਦੇ ਟਕਸਾਲੀ ਰਾਗੀਆਂ ਵਿਚ **ਭਾਈ ਪੂਰਨ ਸਿੰਘ** ਤਰਨਤਾਰਨ ਵਾਲਿਆਂ ਦਾ ਵਿਸ਼ੇਸ਼ ਨਾਂ ਸੀ।[54] ਆਪ ਬਹੁਤ ਸਮਾਂ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹਜ਼ੂਰੀ ਰਾਗੀ ਦੀ ਡਿਊਟੀ ਕਰਦੇ ਰਹੇ। ਭਾਈ ਸਾਹਿਬ ਜਿੱਥੇ ਬੜੀ ਭਰਮੀ ਬੁਲੰਦ ਅਵਾਜ਼ ਵਿਚ ਕੀਰਤਨ ਕਰਦੇ ਸਨ ਉੱਥੇ ਕਥਾ ਕਰਨ ਵਿਚ ਵੀ ਆਪ ਨੂੰ ਮੁਹਾਰਤ ਹਾਸਿਲ ਸੀ। ਭਾਈ ਪੂਰਨ ਸਿੰਘ ਤਰਨਤਾਰਨ ਵਾਲੇ 1974 ਈਸਵੀ ਵਿਚ ਤਰਨਤਾਰਨ ਸਾਹਿਬ ਵਿਖੇ ਹੀ ਅਕਾਲ ਚਲਾਣਾ ਕਰ ਗਏ।

**ਭਾਈ ਬਲਬੀਰ ਸਿੰਘ** ਦਾ ਨਾਂ ਤਰਨਤਾਰਨ ਸਾਹਿਬ ਦੇ ਟਕਸਾਲੀ ਰਾਗੀਆਂ ਵਿਚ ਵਿਸ਼ੇਸ਼ ਹੈ।[55] ਆਪ ਦੇ ਪਿਤਾ ਸੰਤਾ ਸਿੰਘ ਚੰਗੇ ਕੀਰਤਨਕਾਰ ਸਨ ਅਤੇ ਖ਼ਾਲਸਾ ਪ੍ਰਚਾਰਕ ਵਿਦਿਆਲਿਆ, ਤਰਨਤਾਰਨ ਵਿਖੇ ਬਤੌਰ ਸੰਗੀਤ ਅਧਿਆਪਕ ਵੀ ਸਨ। ਆਪ ਨੇ ਬਚਪਨ ਵਿਚ ਹੀ ਸੰਗੀਤ ਦੀ ਸਿੱਖਿਆ ਆਪਣੇ ਤਾਇਆ ਜੀ ਤੋਂ ਲੈਣੀ ਆਰੰਭ ਕਰ ਦਿੱਤੀ। ਆਪ ਨੂੰ ਗਾਇਨ ਤੇ ਤਬਲੇ ਤੋਂ ਇਲਾਵਾ ਦਿਲਰੁਬਾ, ਤਾਊਸ ਅਤੇ ਜਲ-ਤਰੰਗ ਆਦਿ ਸਾਜ਼ ਵਜਾਉਣ ਵਿਚ ਵਿਸ਼ੇਸ਼ ਮੁਹਾਰਤ ਹਾਸਿਲ ਹੋ ਗਈ ਸੀ। ਜਦੋਂ ਆਪ ਨੂੰ ਗਾਇਨ ਅਤੇ ਕੀਰਤਨ ਵਿਚ ਵਿਸ਼ੇਸ਼ ਮੁਹਾਰਤ ਹਾਸਿਲ ਹੋ ਗਈ ਤਾਂ ਆਪ ਜਥੇ ਸਮੇਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੇਵਾ ਨਿਭਾਉਣ ਲੱਗੇ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਰਾਗਾਂ ਦੀਆਂ

ਪੁਰਾਤਨ ਸ਼ਬਦ ਬੰਦਿਸ਼ਾਂ ਦੀ ਰਿਕਾਰਡਿੰਗ ਕਰਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 55 ਪੜਤਾਲਾਂ ਦਾ ਗਾਇਨ ਕਰਕੇ ਰਿਕਾਰਡਿੰਗ ਕਰਵਾਇਆ ਜੋ ਕਿ ਗੁਰਮਤਿ ਸੰਗੀਤ ਅਤੇ ਸਿੱਖ ਪੰਥ ਨੂੰ ਆਪ ਦੀ ਇਕ ਵੱਡੀ ਦੁਰਲੱਭ ਦੇਣ ਹੈ। ਤਰਨਤਾਰਨ ਟਕਸਾਲ ਦੇ ਕੀਰਤਨੀਆਂ ਦੀ ਸੁਰੀਲੀ ਆਵਾਜ਼ ਦਾ ਬੁਲੰਦ ਖੁੱਲ੍ਹਾ ਲਗਾਵ ਇਸ ਟਕਸਾਲ ਦੀ ਗਾਇਕੀ ਨੂੰ ਇਕ ਹੋਰ ਵਿਲੱਖਣਤਾ ਪ੍ਰਦਾਨ ਕਰਦਾ ਹੈ।[56] ਕੰਠ ਸਾਧਨਾ ਇਸ ਟਕਸਾਲ ਦਾ ਵਿਸ਼ੇਸ਼ ਹਿੱਸਾ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ ਦੇ ਗਾਇਨ ਦੇ ਨਾਲ ਸ੍ਰੀ ਦਸਮ ਗ੍ਰੰਥ ਤੇ ਸ੍ਰੀ ਸਰਬਲੋਹ ਗ੍ਰੰਥ ਦੀਆਂ ਬਾਣੀਆਂ ਨੂੰ ਇਸ ਟਕਸਾਲ ਦੇ ਕੀਰਤਨੀਆਂ ਨੇ ਬਾਖ਼ੂਬੀ ਗਾਇਆ ਹੈ। ਤਰਨਤਾਰਨ ਸਾਹਿਬ ਦੀ ਲੁਪਤ ਹੋ ਰਹੀ ਟਕਸਾਲ ਪਰੰਪਰਾ ਨੂੰ ਜੇਕਰ ਕਾਇਮ ਰੱਖਣਾ ਹੈ ਤਾਂ ਜ਼ਰੂਰਤ ਹੈ ਕਿ ਭਾਈ ਬਲਬੀਰ ਸਿੰਘ ਦੀ ਰਹਿਨੁਮਾਈ ਹੇਠ ਟਕਸਾਲ ਦੀ ਪੁਨਰ ਸੁਰਜੀਤੀ ਲਈ ਮੁੜ ਕਾਰਜ ਆਰੰਭ ਕੀਤੇ ਜਾਣ ਤਾਂ ਜੋ ਤਰਨਤਾਰਨ ਸਾਹਿਬ ਦੀ ਟਕਸਾਲ ਦੀ ਕੀਰਤਨ ਪਰੰਪਰਾ ਨੂੰ ਆਉਣ ਵਾਲੀਆਂ ਪੀੜ੍ਹੀਆਂ ਤਕ ਸੁਰੱਖਿਅਤ ਰੱਖਿਆ ਜਾ ਸਕੇ।

**1.4 ਸੈਦਪੁਰ ਠੱਠਾ ਟਿੱਬਾ ਟਕਸਾਲ** : ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ ਵਿਚ ਸੈਦਪੁਰ ਠੱਠਾ ਟਿੱਬਾ (ਕਪੂਰਥਲਾ) ਟਕਸਾਲ ਦੀ ਵਿਸ਼ੇਸ਼ ਭੂਮਿਕਾ ਹੈ। ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਵਿਸ਼ੇਸ਼ ਕੀਰਤਨ ਸ਼ੈਲੀ ਨਾਲ ਵਰੋਸਾਈ ਇਸ ਟਕਸਾਲ ਦੇ ਕੀਰਤਨਕਾਰਾਂ ਨੇ ਪੀੜ੍ਹੀ ਦਰ ਪੀੜ੍ਹੀ ਕੀਰਤਨ ਕੀਤਾ ਅਤੇ ਆਪਣੀ ਅਗਲੀ ਪੀੜ੍ਹੀ ਨੂੰ ਸਿਖਾਇਆ। ਭਾਈ ਸੱਤੇ ਬਲਵੰਡੇ ਵਾਲੀ ਸਾਖੀ ਤੋਂ ਪਹਿਲਾਂ ਸਿੱਖ ਸੰਗਤ, ਕੀਰਤਨ ਕਰਨ ਦਾ ਅਧਿਕਾਰ ਕੇਵਲ ਰਬਾਬੀਆਂ ਦਾ ਹੀ ਸਮਝ ਕੇ ਖ਼ੁਦ ਨੂੰ ਕੀਰਤਨ ਸਰਵਣ ਕਰਨ ਦੇ ਹੀ ਅਧਿਕਾਰੀ ਸਮਝਦੀ ਸੀ। ਗੁਰੂ ਅਰਜਨ ਦੇਵ ਜੀ ਨੇ ਇਹ ਭੁਲੇਖਾ ਦੂਰ ਕਰਨ ਲਈ ਬਾਣੀ ਵਿਚ ਦਰਜ਼ ਅਨੇਕ ਸ਼ਬਦਾਂ ਰਾਹੀਂ ਹਰ ਇੱਕ ਗੁਰਸਿੱਖ ਨੂੰ ਕੀਰਤਨ ਕਰਨ ਲਈ ਪ੍ਰੇਰਿਤ ਕੀਤਾ।

ਭਾਈ ਅਵਤਾਰ ਸਿੰਘ ਅਨੁਸਾਰ, ਗੁਰੂ ਘਰ ਵਿਚ ਰੋਜ਼ਾਨਾ ਜਾਂਦੇ ਰਹਿਣ ਕਾਰਨ ਆਪ ਦੇ ਪਰਿਵਾਰ ਦੇ ਬਜ਼ੁਰਗਾ ਨੂੰ ਕੀਰਤਨ ਕਰਨ ਦਾ ਸ਼ੌਕ ਪੈਦਾ ਹੋ ਗਿਆ। ਮਾਲਵੇ ਅਤੇ ਦੁਆਬੇ ਵਿਚੋਂ ਕੀਰਤਨਕਾਰ ਸ੍ਰੀ ਅੰਮ੍ਰਿਤਸਰ ਦੀ ਯਾਤਰਾ ਕਰਦੇ ਸਮੇਂ ਸ੍ਰੀ ਗੋਇੰਦਵਾਲ ਵੀ ਹਾਜ਼ਰੀ ਭਰਿਆ ਕਰਦੇ ਸਨ।[57] ਮਾਲਵੇ ਦੁਆਬੇ ਵਿਚੋਂ ਸ੍ਰੀ ਅੰਮ੍ਰਿਤਸਰ ਦੀ ਯਾਤਰਾ ਲਈ ਇਹ ਇੱਕ ਆਮ ਰਸਤਾ ਸੀ। ਆਪ ਦੇ ਬਜ਼ੁਰਗ ਸੰਗੀਤ ਪ੍ਰੇਮੀ ਹੋਣ ਕਾਰਨ ਗੁਰੂ ਘਰ ਦੇ ਕੀਰਤਨਕਾਰਾਂ ਦਾ ਬਹੁਤ ਸਤਿਕਾਰ ਕਰਦੇ ਸਨ। ਜਦੋਂ ਕੋਈ ਕੀਰਤਨਕਾਰ ਇਸ

ਰਸਤੇ ਰਾਹੀਂ ਅੰਮ੍ਰਿਤਸਰ ਜਾਂਦਾ ਤਾਂ ਉਹ ਇੱਕ ਦੋ ਦਿਨ ਜ਼ਰੂਰ ਆਪਣੇ ਘਰ ਫ਼ਤਿਆਬਾਦ ਅਟਕਾ ਲੈਂਦੇ ਅਤੇ ਪ੍ਰਸ਼ਾਦਾ ਪਾਣੀ ਆਦਿਕ ਦੀ ਸੇਵਾ ਕਰਦੇ ਸਨ। ਆਪ ਉਨ੍ਹਾਂ ਕੀਰਤਨਕਾਰਾਂ ਪਾਸੋਂ ਕੀਰਤਨ ਸਰਵਣ ਕਰਕੇ ਲਾਭ ਪ੍ਰਾਪਤ ਕਰਦੇ। ਇਸ ਤਰ੍ਹਾਂ ਆਪ ਦੇ ਸਰਬ ਵਿਚ ਪਹਿਲੇ ਪਹਿਲ ਸਿੱਧੀਆਂ ਧਾਰਨਾ ਤੇ ਸੋਖੇ-ਸੋਖੇ ਸ਼ਬਦ ਜੋਟੀਆਂ ਵਿਚ ਗਾਇਨ ਕਰਨ ਦੀ ਪਰੰਪਰਾ ਆਰੰਭ ਹੋਈ।[58] ਵੈਸੇ ਆਪ ਦੇ ਬਜ਼ੁਰਗ ਰੋਜ਼ੀ ਰੋਟੀ ਲਈ ਮੁੱਖ ਧੰਦਾ ਦਸਤਕਾਰੀ (ਤਰਖਾਣ) ਦਾ ਹੀ ਕਰਦੇ ਸਨ। ਪਿੰਡ ਫ਼ਤਿਆਬਾਦ ਸ਼ਾਹੀ ਰਸਤੇ ਦੇ ਉੱਪਰ ਹੋਣ ਕਾਰਨ ਆਪ ਦੇ ਵੱਡੇ-ਵਡੇਰੇ ਸੁਖਾਵਾਂ ਜੀਵਨ ਹੀ ਬਤੀਤ ਕਰਦੇ ਸਨ। ਬਾਅਦ ਵਿਚ ਕਈ ਕਾਰਨਾਂ ਕਰਕੇ ਫ਼ਤਿਆਬਾਦ ਰਿਆਸਤ ਕਪੂਰਥਲੇ ਦੇ ਅਧੀਨ ਹੋ ਗਈ ਤੇ ਹੋਰ ਸਾਰਾ ਮਾਝਾ ਲਾਹੌਰ ਦਰਬਾਰ ਦੇ ਅਧੀਨ ਰਹਿ ਗਿਆ।

ਭਾਈ ਅਵਤਾਰ ਸਿੰਘ ਮੁਤਾਬਿਕ ਸਰਕਾਰਾਂ ਦੀ ਬੇਧਿਆਨੀ ਦੇ ਕਾਰਨ ਫ਼ਤਿਆਬਾਦ ਉੱਜੜ ਗਿਆ ਜਿਸ ਕਾਰਨ ਆਪ ਦਾ ਕੁਝ ਪਰਿਵਾਰ ਗੁਰਦਾਸਪੁਰ ਵੱਲ ਚੱਲਿਆ ਗਿਆ ਕੁਝ ਮੁਕਤਸਰ ਤੇ ਕੁਝ ਦੇਹਰਾਦੂਨ ਜਾ ਕੇ ਰਹਿਣ ਲੱਗ ਪਏ। ਆਪ ਦੇ ਬਜ਼ੁਰਗਾ ਨੂੰ ਸੁਲਤਾਨਪੁਰ ਲੋਧੀ ਦਾ ਇਲਾਕਾ ਪਸੰਦ ਆ ਗਿਆ। ਸੰਨ 1839 ਈਸਵੀ ਤੋਂ ਕੁਝ ਸਮਾਂ ਪਹਿਲਾਂ ਆਪ ਦੇ ਬਜ਼ੁਰਗ ਪਹਿਲਾਂ ਨਗਰ ਬਿਧੀਪੁਰ ਆ ਕੇ ਅਬਾਦ ਹੋਏ ਉੱਥੋਂ ਫਿਰ ਟਿੱਬੇ ਅਤੇ ਸੈਦਪੁਰ ਵਿਚ ਆ ਕੇ ਰਹਿਣ ਲੱਗ ਪਏ। ਭਾਈ ਅਵਤਾਰ ਸਿੰਘ ਮੁਤਾਬਿਕ ਭਾਈ ਜੁਵਾਲਾ ਸਿੰਘ ਦੇ ਦਾਦਾ ਜੀ ਜਿਨ੍ਹਾਂ ਦਾ ਨਾਮ ਹਰਿਦੁਆਰ ਪੰਡਿਤਾਂ ਦੀ ਬਹੀ ਵਿਚ ਮੇਹਰ ਸਿੰਘ ਹੈ ਪ੍ਰੰਤੂ ਅੰਮ੍ਰਿਤ ਛਕਣ ਉਪਰੰਤ ਟਹਿਲ ਸਿੰਘ ਪੈ ਗਿਆ ਸੀ। ਉਨ੍ਹਾਂ ਦਾ ਪੁੱਤਰ ਦੇਵਾ ਸਿੰਘ ਨਗਰ ਸੈਦਪੁਰ ਆ ਕੇ ਅਬਾਦ ਹੋਇਆਂ ਸੀ।

ਭਾਈ ਦੇਵਾ ਸਿੰਘ ਜੋ ਭਾਈ ਜੁਵਾਲਾ ਸਿੰਘ ਦੇ ਪਿਤਾ ਜੀ ਸਨ ਨੂੰ ਕੀਰਤਨ ਕਰਨ ਦਾ ਵਧੇਰੇ ਸ਼ੌਕ ਸੀ। ਪਹਿਲਾਂ ਆਪ ਦੇ ਪਰਿਵਾਰਕ ਬਜ਼ੁਰਗ ਸਿੱਧਿਆਂ ਧਾਰਨਾ ਵਿਚ ਕੀਰਤਨ ਕਰਿਆ ਕਰਦੇ ਸਨ ਪ੍ਰੰਤੂ ਭਾਈ ਦੇਵਾ ਸਿੰਘ ਦੇ ਸਮੇਂ ਆਪ ਦੇ ਪਰਿਵਾਰ ਵਿਚ ਸਾਰੰਦਾ ਤੇ ਤਾਊਸ ਨਾਲ ਸਿੱਧਾ ਸਾਦਾ ਕੀਰਤਨ ਕਰਨ ਦੀ ਪਰੰਪਰਾ ਸ਼ੁਰੂ ਹੋ ਗਈ ਸੀ।[59] ਆਪ ਦੇ ਪਰਿਵਾਰਕ ਮੈਂਬਰਾਂ ਦਾ ਰੋਜ਼ਾਨਾ ਦਾ ਪ੍ਰੋਗਰਾਮ ਹੀ ਪ੍ਰਪੱਕ ਹੋ ਚੁੱਕਾ ਸੀ ਕਿ ਸਾਰਾ ਦਿਨ ਦਸਤਕਾਰੀ ਤੇ ਖੇਤੀ ਕਰਨ ਤੋਂ ਬਾਅਦ ਰਾਤ ਨੂੰ ਸੌਣ ਤੋਂ ਪਹਿਲਾ ਕੁਝ ਘੜੀਆ ਸਾਰੰਦਾ ਅਤੇ ਤਾਊਸ ਨਾਲ ਜੋੜੀਆਂ ਬਣਾ ਕੇ ਕੀਰਤਨ ਕਰਦੇ ਸਨ। ਹੌਲੀ ਹੌਲੀ ਇਨ੍ਹਾਂ ਪਾਸ ਹੋਰ ਰਾਗੀ

ਜਥੇ ਵੀ ਕੁਝ ਸਮਾਂ ਵਿਸ਼ਰਾਮ ਕਰਨ ਤੋਂ ਬਾਅਦ ਰਾਤ ਸਮੇਂ ਕੀਰਤਨ ਸੁਣਾ ਕੇ ਪਰਿਵਾਰਕ ਬਜ਼ੁਰਗਾ ਨੂੰ ਨਿਹਾਲ ਕਰਿਆ ਕਰਦੇ ਸਨ। ਸੈਦਪੁਰ ਪਿੰਡ ਵਿਚ ਜਿਸ ਥਾਂ ਦਸਤਕਾਰੀ ਆਦਿਕ ਲਈ ਉਸ ਵਖਤ ਦੀ ਲੋੜ ਮੁਤਾਬਿਕ ਇੱਕ ਛੋਟੀ ਜਿਹੀ ਵਰਕਸ਼ਾਪ ਬਣਾਈ ਹੋਈ ਸੀ ਉੱਥੇ ਨਾਲ ਹੀ ਇੱਕ ਪਾਸੇ ਇੱਕ ਕਮਰਾ ਕੀਰਤਨ ਕਰਨ ਲਈ ਵੀ ਬਣਾਇਆ ਹੋਇਆ ਸੀ ਜਿਸ ਵਿਚ ਤਕਰੀਬਨ ਕਈ ਸਾਰੰਦੇ, ਤਾਊਸ ਤੇ ਦੋ ਕੁ ਤਬਲੇ ਹਮੇਸ਼ਾ ਪਏ ਰਹਿੰਦੇ ਸਨ। ਆਪ ਦੇ ਬਜ਼ੁਰਗ ਬਾਬਾ ਦੇਵਾ ਸਿੰਘ ਆਪਣੇ ਹੋਰ ਸਾਥੀਆਂ ਨਾਲ ਸਾਰੀ ਰਾਤ ਹੀ ਕੀਰਤਨ ਕਰਨ ਦੇ ਪੱਕੇ ਅਭਿਆਸੀ ਬਣ ਚੁੱਕੇ ਸਨ। ਭਾਈ ਦੇਵਾ ਸਿੰਘ ਨੂੰ ਰਾਗਾਂ ਵਿਚ ਕੀਰਤਨ ਕਰਨ ਦਾ ਸ਼ੌਕ ਈਸਟ ਵਾਂਗੂ ਪ੍ਰਪੱਕ ਹੋ ਚੁੱਕਾ ਸੀ। ਬਾਬਾ ਦੇਵਾ ਸਿੰਘ ਨੇ ਆਪਣੇ ਚਾਰੋ ਪੁੱਤਰਾਂ ਨੂੰ ਕੀਰਤਨ ਕਰਨ ਦੀ ਸਿਖਲਾਈ ਦਿੱਤੀ। ਬਾਬਾ ਦੇਵਾ ਸਿੰਘ ਆਪਣੇ ਦੋ ਵੱਡੇ ਪੁੱਤਰ ਭਾਈ ਨਰੈਣ ਸਿੰਘ ਜੋ ਤਾਊਸ ਦੇ ਚੰਗੇ ਵਜੰਤਰੀ ਸਨ ਅਤੇ ਭਾਈ ਸਾਵਣ ਸਿੰਘ ਜੋ ਤਬਲਾ ਵਾਦਕ ਸਨ ਨੂੰ ਨਾਲ ਲੈ ਕੇ ਦੂਰ-ਦੂਰ ਕੀਰਤਨ ਸਮਾਗਮਾਂ ਵਿਚ ਕੀਰਤਨ ਕਰਨ ਜਾਇਆ ਕਰਦੇ ਸਨ।[60]

ਬਾਬਾ ਦੇਵਾ ਸਿੰਘ ਦਾ ਮਿਲਾਪ ਬਾਬਾ ਸ਼ਰਧਾ ਸਿੰਘ ਰਾਗੀ ਨਾਲ ਹੋਇਆ। ਬਾਬਾ ਸ਼ਰਧਾ ਸਿੰਘ ਜਮਾਂਦਰੂ ਨੇਤਰਹੀਣ ਸਨ। ਬਾਬਾ ਸਰਧਾ ਸਿੰਘ ਨੇ ਤਾਊਸ ਸਿਤਾਰ ਤੇ ਜੋੜੀ ਦੀ ਵਿੱਦਿਆ ਅਤੇ ਰਾਗਾਂ ਵਿਚ ਸ਼ਬਦ ਰੀਤਾਂ ਦੀਆਂ ਪੁਰਾਤਨ ਬੰਦਿਸ਼ਾਂ ਗਿੜਵੜੀ ਗੁਰਮਤਿ ਵਿਦਿਆਲੇ ਵਿਚ ਰਹਿ ਕੇ ਸਿੱਖੀਆਂ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚੀਆਂ ਬੰਦਿਸ਼ਾਂ, ਪੜਤਾਲਾਂ, ਧਰੁਪਦ ਆਦਿਕ ਜੋ ਹਜ਼ੂਰ ਖ਼ੁਦ ਗਾਇਨ ਕਰਦੇ ਸਨ ਬਹੁਤ ਗਿਣਤੀ ਵਿਚ ਬਾਬਾ ਸ਼ਰਧਾ ਸਿੰਘ ਨੂੰ ਸੀਨਾ-ਬ-ਸੀਨਾ ਆਈ ਵਿੱਦਿਆ ਮੁਤਾਬਿਕ ਪ੍ਰਾਪਤ ਹੋ ਗਈਆਂ ਸਨ। ਬਾਬਾ ਸ਼ਰਧਾ ਸਿੰਘ ਬਹੁਤ ਸਮਾਂ ਪਿੰਡ ਗਿੜਵੜੀ ਦੇ ਗੁਰਮਤਿ ਸੰਗੀਤ ਵਿਦਿਆਲੇ ਵਿਚ ਕੀਰਤਨ ਸਿੱਖਦੇ ਤੇ ਸਿਖਾਉਂਦੇ ਰਹੇ। ਕੁਝ ਸਮੇਂ ਬਾਅਦ ਆਪ ਨਗਰ ਸੇਖਵਾਂ ਵਿਚ ਨਿਰਮਲ ਸੰਪ੍ਰਦਾਇ ਦੇ ਸਾਧੂਆਂ ਦੇ ਡੇਰੇ ਵਿਚ ਆਕੇ ਰਹਿਣ ਲੱਗ ਪਏ। ਬਾਬਾ ਦੇਵਾ ਸਿੰਘ ਦੇ ਪਿਆਰ ਸਦਕਾ ਉਹ ਨਗਰ ਸੈਦਪੁਰ ਅਕਸਰ ਆਉਣ ਜਾਣ ਲੱਗ ਪਏ।

*ਸੈਦਪੁਰ ਠੱਠਾ ਟਿੱਬਾ ਟਕਸਾਲ ਦੇ ਪ੍ਰਮੁੱਖ ਕੀਰਤਨਕਾਰ :* **ਭਾਈ ਜੁਆਲਾ ਸਿੰਘ** ਗੁਰਮਤਿ ਸੰਗੀਤ ਦੀ ਸੈਦਪੁਰ ਠੱਠਾ ਟਿੱਬਾ ਟਕਸਾਲ ਦੇ ਧਰੁਵ *ਕੀਰਤਨਕਾਰ* ਸਨ ਜਿਨ੍ਹਾਂ ਜਿੱਥੇ ਆਪਣੇ ਪੂਰਵਜਾਂ ਦੀ ਕਲਾ ਨੂੰ ਫਲੀਭੂਤ ਕੀਤਾ ਉੱਥੇ ਵੱਖ-ਵੱਖ ਹੋਰ ਉਸਤਾਦ ਕੀਰਤਨੀਆਂ ਦੀ ਵਿੱਦਿਆ ਨੂੰ ਆਪਣੀ ਅਣਥੱਕ

ਮਿਹਨਤ ਤੇ ਲਗਨ ਨਾਲ ਨਿਰੰਤਰਤਾ ਪ੍ਰਦਾਨ ਕੀਤੀ। ਭਾਈ ਜੁਵਾਲਾ ਸਿੰਘ ਦਾ ਜਨਮ ਸੰਨ 1879 ਸੰਮਤ ਬਿਕ੍ਰਮੀ 1936 ਈਸਵੀ ਦਿਨ 24 ਪੋਹ ਮੰਗਲਵਾਰ ਨੂੰ ਹੋਇਆ।[61] ਭਾਈ ਜਵਾਲਾ ਸਿੰਘ ਆਪਣੇ ਸਾਰੇ ਹੋਰ ਤਿੰਨੇ ਭਰਾਵਾਂ ਨਾਲੋਂ ਛੋਟੇ ਸਨ। ਆਪ ਨੂੰ ਕੀਰਤਨ ਦੀ ਦਾਤ ਆਪਣੇ ਪਰਿਵਾਰ ਵਿਚੋਂ ਹੀ ਪ੍ਰਾਪਤ ਹੋਈ। ਭਾਈ ਜੁਵਾਲਾ ਸਿੰਘ ਜਦੋਂ ਪੰਜ ਸਾਲਾਂ ਦੇ ਹੋਏ ਤਾਂ ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਭਾਈ ਪਾਲ ਸਿੰਘ ਪਾਸ ਗੁਰਮੁਖੀ ਪੜ੍ਹਨ ਲਈ ਛੱਡ ਦਿੱਤਾ ਗਿਆ। ਭਾਈ ਜੁਵਾਲਾ ਸਿੰਘ ਜਦੋਂ 10 ਸਾਲ ਦੇ ਹੋਏ ਤਾਂ ਬਾਬਾ ਸ਼ਰਧਾ ਸਿੰਘ ਨਗਰ ਸੈਦਪੁਰ ਆ ਕੇ ਕੁਝ ਦਿਨਾ ਲਈ ਰਹੇ। ਭਾਈ ਦੇਵਾ ਸਿੰਘ ਨੇ ਭਾਈ ਜੁਵਾਲਾ ਸਿੰਘ ਦੀ ਬਾਂਹ ਆਪਣੇ ਧਰਮ ਭਾਈ ਬਾਬਾ ਸ਼ਰਧਾ ਸਿੰਘ ਦੇ ਹੱਥ ਫੜਾ ਕੇ ਬੇਨਤੀ ਕੀਤੀ ਕਿ ਮੇਰੀ ਤੀਬਰ ਇੱਛਾ ਹੈ ਕਿ ਜੁਵਾਲਾ ਸਿੰਘ ਬਹੁਤ ਵੱਡਾ ਵਿਦਵਾਨ ਰਾਗੀ ਬਣੇ। ਬਾਬਾ ਸ਼ਰਧਾ ਸਿੰਘ ਭਾਈ ਜੁਵਾਲਾ ਸਿੰਘ ਦੇ ਅਵਾਜ਼ ਸੁਣ ਕੇ ਬਹੁਤ ਪ੍ਰਭਾਵਿਤ ਹੋਏ। ਆਪ ਨੇ ਭਾਈ ਦੇਵਾ ਸਿੰਘ ਨੂੰ ਇਹ ਬਚਨ ਦਿੱਤਾ ਕਿ ਤੁਹਾਡੀ ਇੱਛਾ ਅਨੁਸਾਰ ਜੁਵਾਲਾ ਸਿੰਘ ਨੂੰ ਵਿਦਵਾਨ ਰਾਗੀ ਬਣਨ ਦੀ ਸਿਖਲਾਈ ਦੇਵਾਂਗੇ। ਆਪ ਭਾਈ ਜੁਵਾਲਾ ਸਿੰਘ ਨੂੰ ਪਿੰਡ ਸੇਖਵਾਂ ਵਾਲੇ ਡੇਰੇ ਵਿਚ ਲੈ ਗਏ। ਬਾਬਾ ਸ਼ਰਧਾ ਸਿੰਘ ਨੇ ਉੱਥੇ ਭਾਈ ਜੁਵਾਲਾ ਸਿੰਘ ਨੂੰ ਰਾਗਾਂ ਵਿਚ ਸ਼ਬਦ ਰੀਤਾਂ ਦੀ ਮਿਹਨਤ ਤੇ ਰਿਆਜ਼ ਰਾਤ ਦਿਨ ਕਰਵਾਇਆ ਅਤੇ ਗੁਰਬਾਣੀ ਦਾ ਪਾਠ ਤੇ ਅਰਥ ਬੋਧ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ। ਪਿੰਡ ਸੇਖਵਾਂ ਦੇ ਗੁਰਮਤਿ ਵਿਦਿਆਲੇ ਦੇ ਵਿਦਵਾਨ ਮਾਹੌਲ ਨੇ ਭਾਈ ਜੁਵਾਲਾ ਸਿੰਘ ਦੀ ਸੰਗੀਤਿਕ ਵਿੱਦਿਆ ਵਿਚ ਬਹੁਤ ਵਾਧਾ ਕੀਤਾ। ਤਕਰੀਬਨ 5 ਸਾਲ ਬਾਅਦ ਜਦੋਂ ਬਾਬਾ ਸ਼ਰਧਾ ਸਿੰਘ ਭਾਈ ਜੁਵਾਲਾ ਸਿੰਘ ਨੂੰ ਨਾਲ ਲੈ ਕੇ ਸੈਦਪੁਰ ਆਏ। ਬਾਬਾ ਦੇਵਾ ਸਿੰਘ ਭਾਈ ਜੁਵਾਲਾ ਸਿੰਘ ਦਾ ਕੀਰਤਨ ਸੁਣ ਕੇ ਅਤਿ ਪ੍ਰਸੰਨ ਹੋਏ। ਬਾਬਾ ਸ਼ਰਧਾ ਸਿੰਘ ਕੁਝ ਦਿਨ ਨਗਰ ਸੈਦਪੁਰ ਰਹਿ ਕੇ ਵਾਪਸ ਪਿੰਡ ਸੇਖਵਾਂ ਵਾਲੇ ਵਿਦਿਆਲੇ ਵਿਚ ਚਲੇ ਗਏ ਪ੍ਰੰਤੂ ਭਾਈ ਜੁਵਾਲਾ ਸਿੰਘ ਸੈਦਪੁਰ ਹੀ ਰਹਿ ਗਏ। ਸੰਨ 1894 ਦੇ ਆਸ-ਪਾਸ ਬਾਬਾ ਦੇਵਾ ਸਿੰਘ ਅਕਾਲ-ਚਲਾਣਾ ਕਰ ਗਏ। ਜਦੋਂ ਬਾਬਾ ਸ਼ਰਧਾ ਸਿੰਘ ਨੇ ਆਪਣੇ ਧਰਮ ਭਰਾ ਦੀ ਮੌਤ ਦੀ ਖ਼ਬਰ ਸੁਣੀ ਤਾਂ ਆਪ ਸੈਦਪੁਰ ਆ ਗਏ। ਆਪ ਨੇ ਭਾਈ ਜੁਵਾਲਾ ਸਿੰਘ ਨੂੰ ਆਪਣੇ ਜਥੇ ਵਿਚ ਸ਼ਾਮਿਲ ਕਰ ਲਿੱਤਾ। ਕੀਰਤਨ ਦੇ ਪ੍ਰੋਗਰਾਮਾਂ ਵਿਚ ਵੀ ਬਾਬਾ ਸ਼ਰਧਾ ਸਿੰਘ ਆਪ ਦੇ ਸ਼ਾਗਿਰਦ ਦੀ ਵਿੱਦਿਅਕ ਸਿਖਲਾਈ ਵੱਲ ਪੂਰਾ ਧਿਆਨ ਦਿੰਦੇ ਰਹਿੰਦੇ ਸਨ। ਬਾਬਾ ਸ਼ਰਧਾ ਸਿੰਘ ਪਾਸ ਜੋ ਰਾਗ ਵਿੱਦਿਆ ਦਾ ਭੰਡਾਰਾ ਸੀ ਉਹ ਸਾਰਾ ਜਦੋਂ ਆਪਣੇ ਸ਼ਾਗਿਰਦ ਨੂੰ ਸਿਖਾ ਦਿੱਤਾ ਤਾਂ ਫਿਰ ਬਾਬਾ ਸ਼ਰਧਾ ਸਿੰਘ ਨੇ ਆਪਣੇ ਸ਼ਾਗਿਰਦ

ਨੂੰ ਸ੍ਰੀ ਅੰਮ੍ਰਿਤਸਰ ਭੇਜ ਦਿੱਤਾ। ਉਸ ਸਮੇਂ ਇੱਥੇ ਇੱਕ ਬਹੁਤ ਹੀ ਧਨੰਤਰ ਵਿਦਵਾਨ ਭਾਈ ਵਸਾਵਾਂ ਸਿੰਘ ਜਿਨ੍ਹਾਂ ਦਾ ਦੂਜਾ ਨਾਮ ਭਾਈ ਰੰਗੀ ਰਾਮ ਸਿੰਘ ਵੀ ਸੀ, ਜਿਨ੍ਹਾਂ ਦੇ ਬਰਾਬਰ ਦਾ ਉਸ ਸਮੇਂ ਨਾ ਰਬਾਬੀਆਂ ਵਿਚ ਨਾ ਹੀ ਸਿੱਖ ਕੀਰਤਨਕਾਰਾਂ ਵਿਚ ਕੋਈ ਵਿਦਵਾਨ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਪੜਤਾਲਾਂ ਅਤੇ ਸਤਾਰਾਂ ਘਰਾਂ ਵਿਚ ਗੁਰੂ ਸਾਹਿਬ ਵੇਲੇ ਤੋਂ ਪ੍ਰਚਲਿਤ ਬੰਦਿਸ਼ਾਂ ਅਤੇ ਹੋਰ ਜੋ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਗੀਤਕ ਗੁੱਝੇ ਭੇਦ ਹਨ ਉਨ੍ਹਾਂ ਦੇ ਗਾਇਨ ਕਰਨ ਵਿਚ ਉਨ੍ਹਾਂ ਨੂੰ ਵਿਸ਼ੇਸ਼ ਮੁਹਾਰਤ ਹਾਸਿਲ ਸੀ।[62] ਬਾਬਾ ਵਸਾਵਾਂ ਸਿੰਘ (ਰੰਗੀ ਰਾਮ ਜੀ) ਦੇ ਦੋ ਸੰਗੀਤਕ ਉਸਤਾਦ ਸਨ। ਇੱਕ ਬਾਬਾ ਪੁਸ਼ਕਰ ਸਿੰਘ ਮਹਾਰਾਜਾ ਪਟਿਆਲੇ ਦੇ ਦਰਬਾਰੀ ਅਤੇ ਦੂਜੇ ਬਾਬਾ ਸੁਰਸਾਗਰ ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸ੍ਰੀ ਅੰਮ੍ਰਿਤਸਰ ਉਦਾਸੀ ਸੰਪਰਦਾਇ ਦੇ ਵਿਦਵਾਨ ਰਾਗੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਬੰਦਿਸ਼ਾਂ ਤੋਂ ਇਲਾਵਾ ਆਪ ਕੋਲ ਸ਼ਾਸਤਰੀ ਸੰਗੀਤ ਦੀਆਂ ਬੰਦਿਸ਼ਾਂ ਦਾ ਵੱਡਾ ਭੰਡਾਰ ਸੀ। ਭਾਈ ਜੁਵਾਲਾ ਸਿੰਘ ਨੂੰ ਬਾਬਾ ਸ਼ਰਧਾ ਸਿੰਘ ਨੇ ਭਾਈ ਵਸਾਵਾਂ ਸਿੰਘ ਕੋਲ ਕੀਰਤਨ ਸਿੱਖਣ ਲਈ ਅੰਮ੍ਰਿਤਸਰ ਭੇਜ ਦਿੱਤਾ। ਭਾਈ ਵਸਾਵਾਂ ਸਿੰਘ ਆਪ ਦੇ ਗਲੇ ਦੀ ਅਵਾਜ਼ ਵਿਚ ਕੁਦਰਤੀ ਕਸ਼ਿਸ਼ ਅਤੇ ਤੀਖਣ ਬੁੱਧੀ ਤੋਂ ਇੰਨਾ ਪ੍ਰਭਾਵਿਤ ਹੋਏ ਕਿ ਜੁਵਾਲਾ ਸਿੰਘ ਨੂੰ ਕੀਰਤਨ ਸਿਖਾਉਣ ਲਈ ਤਿਆਰ ਹੋ ਗਏ।[63] ਇੱਥੇ ਰਹਿ ਕੇ ਭਾਈ ਜੁਵਾਲਾ ਸਿੰਘ ਨੇ ਕੁਝ ਸਮਾਂ ਗੁਰਮਤਿ ਸੰਗੀਤ ਦੀ ਵਿੱਦਿਆ ਪ੍ਰਾਪਤ ਕੀਤੀ।

ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਅਨੁਸਾਰ, ਭਾਈ ਜੁਆਲਾ ਸਿੰਘ ਦੇ ਜਥੇ ਵਿਚ ਚਾਰ ਤਾਊਸ, ਦੋ ਜੋੜੀਆਂ ਹੁੰਦੀਆਂ ਸਨ ਅਤੇ ਜਥੇ ਵਿਚ ਬਾਬਾ ਸ਼ਰਧਾ ਸਿੰਘ (ਭਾਈ ਜੁਆਲਾ ਸਿੰਘ ਦੇ ਉਸਤਾਦ), ਬਾਬਾ ਰਾਮ ਸਿੰਘ, ਭਾਈ ਹੀਰਾ ਸਿੰਘ ਤਾਊਸ ਵਜਾਇਆ ਕਰਦੇ ਸਨ। ਇਸੇ ਤਰ੍ਹਾਂ ਭਾਈ ਹਰਨਾਮ ਸਿੰਘ ਟਿੱਬਾ ਅਤੇ ਭਾਈ ਟਹਿਲ ਸਿੰਘ ਬਾਣੀਆਂ ਤਬਲੇ ਜੋੜੀ ਦੀ ਸੇਵਾ ਕਰਦੇ ਸਨ। ਟਕਸਾਲ ਦੇ ਤਾਊਸ ਵਾਦਕ ਬਾਬਾ ਰਾਮ ਸਿੰਘ ਦੇ ਸਪੁੱਤਰ, **ਭਾਈ ਅਰਜਨ ਸਿੰਘ ਤ੍ਰੰਗੜ** ਦਾ ਸੈਦਪੁਰ ਠੱਠਾ ਟਿੱਬਾ ਟਕਸਾਲ ਦੇ ਪਖਾਵਜ ਵਾਦਕਾਂ ਵਿਚ ਨਾਮ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ।[64] ਆਪ ਦਾ ਜਨਮ 1900 ਈ: ਵਿਚ ਸ੍ਰ. ਰਾਮ ਸਿੰਘ ਦੇ ਘਰ ਪਿੰਡ ਭੁੱਲਰ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਦੇ ਪਿਤਾ ਭਾਈ ਰਾਮ ਸਿੰਘ ਠੱਠੇ ਟਿੱਬੇ ਵਾਲੇ ਭਾਈ ਜਵਾਲਾ ਸਿੰਘ ਨਾਲ ਤਾਊਸ `ਤੇ ਸੰਗਤ ਕਰਿਆ ਕਰਦੇ ਸਨ। ਤਬਲੇ ਦੀ ਮੁੱਢਲੀ ਸਿੱਖਿਆ ਆਪ ਨੇ ਭਾਈ ਕਰਤਾਰ ਸਿੰਘ ਸੇਖਵਾਂ ਤੋਂ ਪ੍ਰਾਪਤ ਕੀਤੀ। 1923 ਈ: ਵਿਚ

ਆਪ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਤਬਲਾ ਵਾਦਕ ਦੇ ਤੌਰ ਤੇ ਨਿਯੁਕਤ ਹੋ ਗਏ। ਉਦੋਂ ਉੱਥੇ ਆਪ ਭਾਈ ਜਵਾਹਰ ਸਿੰਘ ਨਾਲ ਤਬਲੇ `ਤੇ ਸੰਗਤ ਕਰਿਆ ਕਰਦੇ ਸਨ। ਇੱਥੇ ਰਹਿੰਦੇ ਹੋਏ ਆਪ ਨੇ ਭਾਈ ਹਰਨਾਮ ਸਿੰਘ ਜੰਮੂ ਵਾਲਿਆਂ ਤੋਂ ਕੁਝ ਸਾਲ ਤਬਲੇ ਦੀ ਤਾਲੀਮ ਪ੍ਰਾਪਤ ਕੀਤੀ। ਉਸ ਪਿੱਛੋਂ ਕਈ ਸਾਲ ਬਾਬਾ ਮੰਦਾ ਜੀ ਤੋਂ ਵੀ ਤਬਲੇ ਦੀ ਸਿੱਖਿਆ ਪ੍ਰਾਪਤ ਕੀਤੀ। ਇਸ ਸਮੇਂ ਦੌਰਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਨੌਕਰੀ ਛੱਡ ਕੇ ਭਾਈ ਜੁਵਾਲਾ ਸਿੰਘ ਦੇ ਜਥੇ ਵਿਚ ਸ਼ਾਮਿਲ ਹੋ ਗਏ। ਭਾਈ ਬਲਦੀਪ ਸਿੰਘ ਦਿੱਲੀ ਵਾਲੇ ਅਨੁਸਾਰ ਪਖਾਵਜ ਦੀ ਤਾਲੀਮ ਆਪ ਨੇ ਭਾਈ ਅਰਜਨ ਸਿੰਘ ਤੋਂ ਹਾਸਿਲ ਕੀਤੀ ਹੈ। ਆਪ ਕੁਝ ਸਮਾਂ ਇੰਗਲੈਂਡ ਦੇ ਇਕ ਗੁਰਦੁਆਰੇ ਵਿਚ ਸੇਵਾ ਕਰਦੇ ਰਹੇ ਅਤੇ 1995 ਈਸਵੀ ਵਿਚ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ। ਸੈਦਪੁਰ ਟਕਸਾਲ ਦੀ ਵਧੇਰੇ ਪ੍ਰਸਿੱਧੀ ਭਾਈ ਗੁਰਚਰਨ ਸਿੰਘ ਅਤੇ ਭਾਈ ਅਵਤਾਰ ਸਿੰਘ ਦੇ ਸਮੇਂ ਹੋਈ।[65] ਆਪ ਇਸ ਟਕਸਾਲ ਦੀ ਗਾਇਕੀ ਦੇ ਪ੍ਰਤੀਨਿਧ ਕੀਰਤਨਕਾਰ ਸਨ ਜਿਨ੍ਹਾਂ ਆਪਣੀ ਕੀਰਤਨ ਗਾਇਕੀ ਦੁਆਰਾ ਕਈ ਦਹਾਕੇ ਗੁਰਮਤਿ ਸੰਗੀਤ ਦੀ ਸੇਵਾ ਕੀਤੀ। ਆਪ ਨੂੰ ਜੋ ਸ਼ਬਦ ਰਚਣਾਵਾਂ ਪੀੜ੍ਹੀ-ਦਰ-ਪੀੜ੍ਹੀ ਪ੍ਰਾਪਤੀ ਹੋਈਆਂ ਉਨ੍ਹਾਂ ਨੂੰ ਪੁਸਤਕ ਤੇ ਰਿਕਾਰਡਿੰਗ ਦੇ ਰੂਪ ਵਿਚ ਪ੍ਰਕਾਸ਼ਿਤ ਕਰਵਾਇਆ।

**ਭਾਈ ਗੁਰਚਰਨ ਸਿੰਘ** ਪੰਥ ਪ੍ਰਸਿੱਧ ਵਿਦਵਾਨ ਰਾਗੀ ਹਨ ਜਿਨ੍ਹਾਂ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਮੈਟ੍ਰਿਕ ਪਾਸ ਕੀਤੀ ਅਤੇ ਫ਼ਾਰਸੀ ਵਿੱਦਿਆ ਤੇ ਕਵਿਤਾ ਰਚਨ ਦੀ ਵਿੱਦਿਆ ਖ਼ਾਲਸਾ ਕਾਲਜ ਪੜ੍ਹਦੇ ਸਮੇਂ ਪ੍ਰੋਫੈਸਰ ਮੋਹਨ ਸਿੰਘ ਤੋਂ ਪ੍ਰਾਪਤ ਕੀਤੀ। ਆਪ ਕੀਰਤਨ ਵਿਚ ਕਥਾ ਵਿਆਖਿਆ ਦੀ ਸੇਵਾ ਵੀ ਬਾਖ਼ੂਬੀ ਕਰਦੇ ਰਹੇ। ਭਾਈ ਸਾਹਿਬ ਗੁਰਦੁਆਰਾ ਸੀਸਗੰਜ ਸਾਹਿਬ ਅਤੇ ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ ਦੇ ਪਾਵਨ ਸਥਾਨ ਉੱਤੇ 1954 ਤੋਂ ਨਿਰੰਤਰ ਸੇਵਾ ਕਰਦੇ ਰਹੇ। ਆਪ ਨੇ ਦੇਸ਼ ਵਿਦੇਸ਼ ਦੇ ਗੁਰਮਤਿ ਸੰਗੀਤ ਸੰਮੇਲਨਾਂ, ਕੀਰਤਨ ਦਰਬਾਰਾਂ ਵਿਚ ਆਪਣੀ ਸ਼ਮੂਲੀਅਤ ਦੁਆਰਾ ਵਿਸ਼ੇਸ਼ ਨਾਮਣਾ ਖੱਟਿਆ ਹੈ। ਵੱਖ-ਵੱਖ ਰਿਕਾਰਡਿੰਗ ਕੰਪਨੀਆਂ ਦੁਆਰਾ ਆਪ ਦੀ 38 ਘੰਟਿਆਂ ਦੀ ਕੀਰਤਨ ਰਿਕਾਰਡਿੰਗ ਰਿਲੀਜ਼ ਕੀਤੀ ਗਈ ਹੈ। ਦੇਸ਼ ਵਿਦੇਸ਼ ਦੀਆਂ ਅਨੇਕ ਸੰਸਥਾਵਾਂ ਨੇ ਆਪ ਨੂੰ ਵਿਸ਼ੇਸ਼ ਸਨਮਾਨਾਂ ਅਤੇ ਐਵਾਰਡਾਂ ਨਾਲ ਸਨਮਾਨਿਤ ਕੀਤਾ ਹੈ ਜਿਨ੍ਹਾਂ ਵਿਚੋਂ 1980 ਵਿਚ ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ ਦੁਆਰਾ `ਕੀਰਤਨ ਖੋਜ ਪੁਰਸਕਾਰ`; 1982 ਵਿਚ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੁਆਰਾ `ਪ੍ਰਮੁੱਖ ਰਾਗੀ ਐਵਾਰਡ`;

1983 ਵਿਚ ਇੰਡੀਅਨ ਕੌਂਸਲ ਆਫ਼ ਸਿੱਖ ਅਫੇਅਰਜ਼ ਦੁਆਰਾ `ਗੁਰਮਤਿ ਸੰਗੀਤ ਸਨਮਾਨ`, 1984 ਵਿਚ ਪੰਜਾਬ ਸਰਕਾਰ ਦੁਆਰਾ `ਪਹਿਲਾ ਸ਼੍ਰੋਮਣੀ ਰਾਗੀ ਪੁਰਸਕਾਰ`; 1992 ਵਿਚ ਵਿਸਮਾਦ ਨਾਮ ਦੁਆਰਾ `ਪੁਰਾਤਨ ਕੀਰਤਨੀਆ ਐਵਾਰਡ` ਅਤੇ 2004 ਵਿਚ ਪੰਜਾਬੀ ਸੰਗੀਤ ਨਾਟਕ ਅਕੈਡਮੀ, ਚੰਡੀਗੜ੍ਹ ਦੁਆਰਾ `ਸੰਗੀਤ ਪੁਰਸਕਾਰ` ਵਿਸ਼ੇਸ਼ ਹਨ।

ਸੈਦਪੁਰ ਠੱਠਾ ਟਿੱਬਾ ਟਕਸਾਲ ਵਿਚ ਗਾਇਨ ਦੇ ਨਾਲ ਤੰਤੀ ਸਾਜ਼ਾਂ ਦਾ ਵਿਸ਼ੇਸ਼ ਪ੍ਰਚਾਰ ਰਿਹਾ। ਤਾਊਸ ਸਾਜ਼ ਇਸ ਟਕਸਾਲ ਵਿਚ ਵਿਸ਼ੇਸ਼ ਰੂਪ ਵਿਚ ਪ੍ਰਚਲਿਤ ਰਿਹਾ। ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਦੇ ਰਾਗੀ ਜਥੇ ਦੇ ਤੀਸਰੇ ਸਾਥੀ **ਭਾਈ ਸਵਰਨ ਸਿੰਘ** ਕੀਰਤਨ ਸੰਗਤ ਨਾਲ ਜੋੜੀ ਵਾਹਨ ਵਿਚ ਵਿਸ਼ੇਸ਼ ਮੁਹਾਰਤ ਰੱਖਦੇ ਹਨ। ਪੁਰਾਤਨ ਰੀਤਾਂ ਦੇ ਨਾਲ ਭਾਈ ਸਵਰਨ ਸਿੰਘ ਨੇ ਹੀ ਜੋੜੀ (ਤਬਲੇ) ਦੀ ਸੇਵਾ ਕੀਤੀ ਅਤੇ ਅੱਜਕੱਲ੍ਹ ਆਪ ਭਾਈ ਕੁਲਤਾਰ ਸਿੰਘ ਨਾਲ ਜੋੜੀ ਦਾ ਵਾਦਨ ਕਰ ਰਹੇ ਹਨ।

**ਭਾਈ ਬਲਦੀਪ ਸਿੰਘ** ਸੈਦਪੁਰ ਠੱਠਾ ਟਿੱਬਾ ਟਕਸਾਲ ਦੇ ਇਕ ਹੋਰ ਵਿਦਵਾਨ ਸੰਗੀਤਕਾਰ ਹਨ।[66] ਆਪ ਦਾ ਸਬੰਧ ਭਾਈ ਜੁਵਾਲਾ ਸਿੰਘ ਦੇ ਪਰਿਵਾਰ ਨਾਲ ਹੈ। ਆਪ ਕੋਲ ਆਪਣੇ ਘਰਾਣੇ ਦੀ ਅਨਮੋਲ ਗਾਇਕੀ, ਤੰਤੀ ਸਾਜ਼ ਵਾਦਨ ਅਤੇ ਜੋੜੀ ਵਾਦਨ ਦੀ ਮੁਹਾਰਤ ਹੈ। ਪਖਾਵਜ ਅਤੇ ਮਿਰਦੰਗ ਦੀ ਤਾਲੀਮ ਆਪ ਨੇ ਭਾਈ ਅਰਜਨ ਸਿੰਘ ਤ੍ਰੰਗੜ ਤੋਂ ਪ੍ਰਾਪਤ ਕੀਤੀ। ਆਪ ਨੂੰ ਪਖਾਵਜ ਵਾਦਕ ਦੇ ਨਾਲ ਨਾਲ ਧਰੁਪਦ ਗਾਇਨ ਵਿਚ ਵਿਸ਼ੇਸ਼ ਰੁਚੀ ਹੈ। ਇਸ ਲਈ ਆਪ ਨੇ ਧਰੁਪਦ ਦੀ ਬਕਾਇਦਾ ਤਾਲੀਮ ਉਸਤਾਦ ਫਹੀਮਉਦੀਨ ਡਾਗਰ ਅਤੇ ਉਸਤਾਦ ਐਮ.ਹਫੀਜ਼ ਖ਼ਾਂ ਤਲਵੰਡੀ ਘਰਾਨਾ ਪਾਕਿਸਤਾਨ ਤੋਂ ਪ੍ਰਾਪਤ ਕੀਤੀ। ਆਪ ਨੇ ਪੁਰਾਤਨ ਸਾਜ਼ ਜਿਵੇਂ ਤਾਊਸ, ਦਿਲਰੁਬਾ ਆਦਿ ਬਣਾਉਣ ਦੀ ਸਿਖਲਾਈ ਇਕ ਕਾਰੀਗਰ ਗਿਆਨੀ ਹਰਭਜਨ ਸਿੰਘ ਤੋਂ ਪ੍ਰਾਪਤ ਕੀਤੀ। ਸ਼ੌਕੀਆ ਤੌਰ `ਤੇ ਆਪ ਇਨ੍ਹਾਂ ਅਦੁੱਤੀ ਸਾਜ਼ਾਂ ਨੂੰ ਬਣਾਉਂਦੇ ਹਨ। ਆਪ ਨੇ ਧਰੁੱਪਦੀ ਰਬਾਬ ਅਤੇ ਜੋੜੀ ਬਾਰੇ ਇਕ ਸੀ.ਡੀ. ਵੀ ਰਿਲੀਜ਼ ਕੀਤੀ ਹੈ ਜਿਹੜੀ ਕਿ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਲਈ ਇਕ ਵੱਡਾ ਤੋਹਫ਼ਾ ਹੈ। ਅਨੰਦ ਫਾਊਂਡੇਸ਼ਨ ਦੁਆਰਾ ਆਪ ਜਿੱਥੇ ਸੰਗੀਤ ਵਿਰਾਸਤ ਦੀ ਸੁਰੱਖਿਆ ਸੰਭਾਲ ਲਈ ਯਤਨਸ਼ੀਲ ਹਨ, ਉੱਥੇ ਦੇਸ਼ ਵਿਦੇਸ਼ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਨੇ ਆਪ ਨੂੰ ਇਸ ਖੇਤਰ ਵਿਚ ਉੱਘੇ ਯੋਗਦਾਨ ਕਰਕੇ `ਵਿਜ਼ਟਿੰਗ ਪ੍ਰੋਫੈਸਰ` ਵੀ ਨਿਯੁਕਤ ਕੀਤਾ ਹੋਇਆ ਹੈ।

ਸੈਦਪੁਰ ਠੱਠਾ ਟਿੱਬਾ ਟਕਸਾਲ ਦੇ ਕੀਰਤਨਕਾਰਾਂ ਨੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਵਰੋਸਾਈ ਵਿਸ਼ੇਸ਼ ਕੀਰਤਨ ਸ਼ੈਲੀ ਨਾਲ ਪੀੜ੍ਹੀ-ਦਰ-ਪੀੜ੍ਹੀ ਕੀਰਤਨ ਕੀਤਾ ਅਤੇ ਸੀਨਾ-ਬ-ਸੀਨਾ ਆਪਣੀ ਅਗਲੀ ਪੀੜ੍ਹੀ ਨੂੰ ਸਿਖਾਇਆ। ਠੱਠਾ ਟਿੱਬਾ ਟਕਸਾਲ ਵਿਚ ਗਾਇਨ ਦੇ ਨਾਲ ਤੰਤੀ ਸਾਜ਼ਾਂ ਦਾ ਵਿਸ਼ੇਸ਼ ਪ੍ਰਚਾਰ ਰਿਹਾ। ਤਾਊਸ ਇਸ ਟਕਸਾਲ ਦਾ ਵਿਸ਼ੇਸ਼ ਰੂਪ ਵਿਚ ਪ੍ਰਚਲਿਤ ਸਾਜ਼ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚੀਆਂ ਬੰਦਿਸ਼ਾਂ, ਪੜਤਾਲਾਂ, ਧਰੁਪਦ ਆਦਿ ਜੋ ਹਜ਼ੂਰ ਖ਼ੁਦ ਗਾਇਨ ਕਰਦੇ ਸਨ ਬਹੁਤ ਗਿਣਤੀ ਵਿਚ ਇਸ ਟਕਸਾਲ ਦੇ ਕੀਰਤਨਕਾਰਾਂ ਵਿਚ ਸੀਨਾ-ਬ-ਸੀਨਾ ਗਾਇਕੀ ਦੁਆਰਾ ਪ੍ਰਚਲਿਤ ਹਨ। ਪੰਜਾਬੀ ਯੂਨੀਵਰਸਿਟੀ ਵੱਲੋਂ ਇਸ ਟਕਸਾਲ ਦੀ ਪ੍ਰਾਚੀਨ ਕੀਰਤਨ ਪ੍ਰਣਾਲੀ ਨਾਲ ਸਬੰਧਿਤ ਪੁਸਤਕ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਪ੍ਰਕਾਸ਼ਿਤ ਕੀਤੀ ਗਈ ਹੈ। ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਭਾਈ ਅਵਤਾਰ ਸਿੰਘ ਨੂੰ 2005-06 ਵਿਚ ਅਤੇ ਭਾਈ ਗੁਰਚਰਨ ਸਿੰਘ ਨੂੰ 2008-09 ਵਿਚ ਸੀਨੀਅਰ ਫੈਲੋਸ਼ਿਪ ਵੀ ਪ੍ਰਦਾਨ ਕੀਤੀ ਗਈ ਹੈ। ਇਸ ਪਰਿਵਾਰ ਦੇ ਵਿੱਤੀ ਸਹਿਯੋਗ ਨਾਲ ਭਾਈ ਜੁਆਲਾ ਸਿੰਘ ਦੀ ਯਾਦ ਵਿਚ ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਹਰ ਸਾਲ ਸਿਮ੍ਰਤੀ ਸਮਾਰੋਹ ਵੀ ਕੀਤਾ ਜਾਂਦਾ ਹੈ। ਭਾਈ ਅਵਤਾਰ ਸਿੰਘ ਦੀ ਦਿਲੀ ਇੱਛਾ ਨੂੰ ਪੂਰਿਆਂ ਕਰਦਿਆਂ ਉਨ੍ਹਾਂ ਵੱਲੋਂ ਭੇਜੇ ਗਏ ਦਸਤਾਵੇਜ਼ ਦੇ ਅਧਾਰ ਤੇ ਪੰਜਾਬੀ ਯੂਨੀਵਰਸਿਟੀ ਵੱਲੋਂ 1 ਦਸੰਬਰ, 2006 ਨੂੰ ਸੈਦਪੁਰ ਠੱਠਾ ਟਿੱਬਾ ਘਰਾਣੇ ਨੂੰ ਗੁਰਮਤਿ ਸੰਗੀਤ ਪਰੰਪਰਾ ਦੀ ਟਕਸਾਲ ਵਜੋਂ ਮਾਨਤਾ ਵੀ ਪ੍ਰਦਾਨ ਕੀਤੀ ਗਈ ਹੈ। ਅਸੀਂ ਉਮੀਦ ਕਰਦੇ ਹਾਂ ਕਿ ਟਕਸਾਲ ਦੇ ਵਾਰਸ ਭਾਈ ਕੁਲਤਾਰ ਸਿੰਘ, ਭਾਈ ਸਵਰਨ ਸਿੰਘ ਅਤੇ ਭਾਈ ਬਲਦੀਪ ਸਿੰਘ ਸੈਦਪੁਰ ਠੱਠਾ ਟਿੱਬਾ ਟਕਸਾਲ ਦੀ ਗਾਇਕੀ ਨੂੰ ਵਿਹਾਰਿਕ ਰੂਪ ਵਿਚ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਰੱਖਣਗੇ।

**1.5 ਦੌਧਰ ਟਕਸਾਲ** : ਗੁਰਮਤਿ ਸੰਗੀਤ ਦੇ ਵਿਕਾਸ ਵਿਚ ਦੌਧਰ ਟਕਸਾਲ ਆਪਣਾ ਵਿਸ਼ੇਸ਼ ਸਥਾਨ ਰੱਖਦੀ ਹੈ। ਦੌਧਰ ਮੋਗਾ ਜ਼ਿਲ੍ਹੇ ਦਾ ਇਕ ਛੋਟਾ ਜਿਹਾ ਪਿੰਡ ਹੈ। ਜਿਹੜਾ ਮੁੱਖ ਸੜਕ ਤੋਂ ਹੁੰਦੇ ਹੋਏ ਪਿੰਡ ਬੁੱਟਰ ਤੋਂ 5-6 ਕਿੱਲੋਮੀਟਰ ਦੀ ਦੂਰੀ ਤੇ ਸਥਿਤ ਹੈ। ਦੌਧਰ ਨੂੰ ਕਈ ਸੰਤਾਂ ਮਹਾਂਪੁਰਸ਼ਾਂ ਦੀ ਚਰਨ ਛੋਹ ਪ੍ਰਾਪਤ ਹੈ। ਦੌਧਰ ਟਕਸਾਲ ਦਾ ਆਰੰਭ 1839-1840 ਈਸਵੀ ਵਿਚ ਹੋਇਆ।[67]

**ਬਾਬਾ ਸੁਧਾ ਸਿੰਘ** ਦੌਧਰ ਟਕਸਾਲ ਦੇ ਸੰਸਥਾਪਕ ਨਾਮ ਸਿਮਰਨ ਵਾਲੇ ਬੰਦੇ ਸਨ ਅਤੇ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਵਿਚ ਸੇਵਾ ਕਰਦੇ ਸਨ।[68] 1839 ਈ: ਵਿਚ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਤ ਤੋਂ ਬਾਅਦ ਉਸ ਸਮੇਂ ਸਿੱਖਾਂ ਦੇ ਵਿਗੜਦੇ ਹਾਲਤਾਂ ਨੂੰ ਦੇਖਦੇ ਹੋਏ ਬਾਬਾ ਸੁਧਾ ਸਿੰਘ ਆਪਣੇ ਪਿੰਡ ਦੌਧਰ ਆ ਗਏ। ਇੱਥੇ ਆ ਕੇ ਪਿੰਡ ਦੀ ਸਾਂਝੀ ਜ਼ਮੀਨ ਤੇ ਇਕ ਗੁਰਦੁਆਰਾ ਸਾਹਿਬ ਦੀ ਉਸਾਰੀ ਸ਼ੁਰੂ ਕਰਵਾਈ।[69] ਇਕ ਇਤਿਹਾਸ ਘਟਨਾ ਅਨੁਸਾਰ ਬਾਬਾ ਸੁਧਾ ਸਿੰਘ ਨੇੜੇ ਦੇ ਪਿੰਡ ਬੁੱਟਰ ਕਿਸੇ ਸੇਵਾਦਾਰ ਦੇ ਘਰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੇ ਗਏ ਜਿੱਥੇ ਪਿੰਡ ਦਾ ਬਜ਼ੁਰਗ ਭਾਈ ਮਾਨਾ ਸਿੰਘ ਕੀਰਤਨ ਕਰ ਰਿਹਾ ਸੀ। ਉਨ੍ਹਾਂ ਦੇ ਨਾਲ ਉਨ੍ਹਾਂ ਦਾ ਦੋਹਤਾ ਆਇਆ ਹੋਇਆ ਸੀ। ਜਿਹੜਾ ਉਸ ਸਮੇਂ 7 ਸਾਲ ਦਾ ਸੀ। ਉਹ ਬਾਲਕ ਭਾਈ ਸਾਹਿਬ ਦੇ ਨਾਲ ਕੀਰਤਨ ਵਿਚ ਬੜੀ ਸੋਹਣੀ ਸੁਰੀਲੀ ਅਵਾਜ਼ ਵਿਚ ਸ਼ਬਦਾਂ ਦਾ ਗਾਇਨ ਕਰਦਾ ਰਿਹਾ। ਉਹ ਮਹਾਂਪੁਰਸ਼ਾਂ ਦੇ ਮਨ ਨੂੰ ਭਾਅ ਗਿਆ। ਬਾਬਾ ਸੁਧਾ ਸਿੰਘ ਦੇ ਕਹਿਣ ਤੇ ਭਾਈ ਮਾਨ੍ਹਾ ਸਿੰਘ ਨੇ ਬਾਲਕ ਬੀਰ ਸਿੰਘ ਨੂੰ ਬਾਬਾ ਸੁਧਾ ਸਿੰਘ ਦੇ ਸਪੁਰਦ ਕਰ ਦਿੱਤਾ। ਬਾਬਾ ਸੁਧਾ ਸਿੰਘ ਦਾ ਵਿਚਾਰ ਸੀ ਕਿ ਇਸ ਬਾਲਕ ਨੂੰ ਨਿਰਧਾਰਿਤ ਰਾਗਾਂ ਅਨੁਸਾਰ ਕੀਰਤਨ ਸਿਖਾਇਆ ਜਾਵੇ। ਆਪ ਨੇ **ਭਾਈ ਕਾਬਲ ਸਿੰਘ** (ਸੂਰਮਾ ਸਿੰਘ) ਜੋ ਕਿ ਨੇੜੇ ਹੀ ਸੰਘੇੜੇ ਪਿੰਡ ਦਾ ਰਹਿਣ ਵਾਲਾ ਸੀ ਨੂੰ ਕੀਰਤਨ ਸਿਖਾਉਣ ਲਈ ਰੱਖ ਲਿਆ।[70] ਉਨ੍ਹਾਂ ਦੌਧਰ ਵਿਖੇ ਰਹਿ ਕੇ ਭਾਈ ਬੀਰ ਸਿੰਘ ਨੂੰ ਕੀਰਤਨ ਸਿਖਾਉਣਾ ਸ਼ੁਰੂ ਕਰ ਦਿੱਤਾ। ਭਾਈ ਬੀਰ ਸਿੰਘ ਬਹੁਤ ਥੋੜ੍ਹੇ ਸਮੇਂ ਵਿਚ ਹੀ ਰਾਗ ਵਿੱਦਿਆ ਵਿਚ ਮੁਹਾਰਤ ਹਾਸਲ ਕਰ ਗਏ, ਤਾਂ ਕਾਬਲ ਸਿੰਘ ਨੇ ਬਾਬਾ ਸੁਧਾ ਸਿੰਘ ਪਾਸੋਂ ਜਾਣ ਦੀ ਆਗਿਆ ਲਈ ਅਤੇ ਬਾਬਾ ਜੀ ਨੂੰ ਕਹਿਣ ਲੱਗੇ ਕਿ ਸੰਤ ਜੀ ਜਿੰਨੀ ਮੇਰੇ ਕੋਲ ਵਿੱਦਿਆ ਸੀ ਉਹ ਮੈਂ ਇਸ ਬਾਲਕ ਨੂੰ ਸਿਖਾ ਦਿੱਤੀ ਹੈ। ਇਸ ਤਰ੍ਹਾਂ ਉਹ ਬਾਲਕ ਬੀਰ ਸਿੰਘ ਨੂੰ ਰਾਗ ਅਤੇ ਤਾਲ ਦੀ ਸਿਖਲਾਈ ਦੇ ਕੇ ਚਲੇ ਗਏ।

1850 ਈਸਵੀ ਵਿਚ ਭਾਈ ਕਾਬਲ ਸਿੰਘ ਦੇ ਜਾਣ ਤੋਂ ਬਾਅਦ ਬਾਬਾ ਸੁਧਾ ਸਿੰਘ ਸ੍ਰੀ ਅੰਮ੍ਰਿਤਸਰ ਤੋਂ ਟਕਸਾਲੀ ਰਬਾਬੀ ਪਰਿਵਾਰ ਨਾਲ ਸਬੰਧਿਤ **ਭਾਈ ਗੁਰਮੁਖ ਸਿੰਘ** ਨੂੰ ਦੌਧਰ ਟਕਸਾਲ ਵਿਖੇ ਲੈ ਆਏ। ਭਾਈ ਗੁਰਮੁਖ ਸਿੰਘ ਭਾਈ ਚਾਂਦ ਦੇ ਸ਼ਾਗਿਰਦ ਸਨ। ਭਾਈ ਚਾਂਦ ਰਬਾਬੀ ਭਾਈ ਬਲਵੰਡ ਦੀ 15ਵੀਂ ਪੀੜ੍ਹੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੋਏ ਹਨ। ਭਾਈ ਗੁਰਮੁਖ ਸਿੰਘ ਨੇ 15-20 ਸਾਲ ਭਾਈ ਚਾਂਦ ਕੋਲ ਰਹਿ ਕੇ ਕੀਰਤਨ ਤੋਂ ਇਲਾਵਾ ਤੰਤੀ ਸਾਜ਼, ਤਬਲਾ ਅਤੇ ਪਖਾਵਜ ਦੀ ਵਿੱਦਿਆ ਹਾਸਿਲ ਕੀਤੀ ਸੀ।

ਆਪ ਦੇ ਦੌਧਰ ਟਕਸਾਲ ਵਿਚ ਆ ਜਾਣ ਦੇ ਕਾਰਨ ਪੁਰਾਤਨ ਰਬਾਬੀ ਸਿੰਘਾਂ ਦੀਆਂ ਬੰਦਿਸ਼ਾਂ ਅਤੇ ਤਬਲੇ ਪਖਾਵਜ ਦੀਆਂ ਗੱਤਾ, ਪਰਨਾ ਦੌਧਰ ਟਕਸਾਲ ਦੇ ਵਿੱਦਿਆਰਥੀਆਂ ਕੋਲ ਆ ਗਈਆਂ ਜਿਨ੍ਹਾਂ ਵਿੱਚੋਂ ਰਣਜੀਤ ਨਗਾਰਾ ਪਰਨ, ਹਰਿਮੰਦਰ ਪਰਨ, ਸੁਧਾਸਰ ਪਰਨ ਅਤੇ ਅਨੰਦ ਪਰਨ ਵਿਸ਼ੇਸ਼ ਹਨ।[71] ਬਾਬਾ ਸੁਧਾ ਸਿੰਘ ਨੇ ਪਿੰਡ ਦੌਧਰ ਵਿਚ ਇਕ ਵੱਡਾ ਗੁਰਦੁਆਰਾ ਅਤੇ ਡੇਰਾ ਬਣਾਇਆ। ਆਪ ਨੇ ਅਨੇਕ ਹੀ ਪ੍ਰਾਣੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ ਅਤੇ ਅਨੇਕ ਹੀ ਬੱਚਿਆ ਨੂੰ ਗੁਰਬਾਣੀ ਸੰਥਿਆ ਅਤੇ ਗੁਰਬਾਣੀ ਕੀਰਤਨ ਦੀ ਸਿਖਲਾਈ ਦਿੱਤੀ। ਇਨ੍ਹਾਂ ਬੱਚਿਆਂ ਵਿਚ ਭਾਈ ਬੀਰ ਸਿੰਘ ਅਤੇ ਭਾਈ ਹਜ਼ੂਰਾ ਸਿੰਘ ਪ੍ਰਮੁੱਖ ਸਨ। ਭਾਈ ਬੀਰ ਸਿੰਘ ਜਿੱਥੇ ਉੱਚ ਕੋਟੀ ਦੇ ਕੀਰਤਨਕਾਰ ਸਨ ਉੱਥੇ ਭਾਈ ਹਜ਼ੂਰਾ ਸਿੰਘ ਉੱਚ ਕੋਟੀ ਦੇ ਗੁਰਬਾਣੀ ਸੰਥਿਆ ਦੇ ਵਿਦਵਾਨ ਸਨ। ਜਦੋਂ ਬਾਬਾ ਸੁਧਾ ਸਿੰਘ ਕਾਫ਼ੀ ਬਜ਼ੁਰਗ ਹੋ ਗਏ ਸਨ ਤਾਂ ਇਕ ਦਿਨ ਉਹ ਪਿੰਡ ਤਰਖਾਣ ਬੱਧ ਜਿਹੜਾ ਕਿ ਪਿੰਡ ਦੌਧਰ ਤੋਂ 15-16 ਕਿੱਲੋਮੀਟਰ ਦੀ ਦੂਰੀ ਤੇ ਸਥਿਤ ਹੈ। ਇਸ ਪਿੰਡ ਨੂੰ ਪੁਰਾਤਨ ਰਾਗੀ ਸਿੰਘਾਂ ਦਾ ਪਿੰਡ ਹੋਣ ਦਾ ਮਾਣ ਹਾਸਲ ਹੈ। ਕਿਸੇ ਸ਼ਰਧਾਲੂ ਦੇ ਘਰ ਅਖੰਡ ਪਾਠ ਸਾਹਿਬ ਦੇ ਭੋਗ ਤੇ ਗਏ ਹੋਏ ਸਨ। ਇੱਥੇ ਸੰਗੱਤਾ ਨੇ ਉਨ੍ਹਾਂ ਨੂੰ ਸਵਾਲ ਕੀਤਾ ਕਿ ਹੁਣ ਤੁਸੀਂ ਕਾਫ਼ੀ ਬਜ਼ੁਰਗ ਹੋ ਗਏ ਹੋ ਜੋ ਕਾਰਜ ਆਪ ਨੇ ਅਰੰਭ ਕੀਤੇ ਹਨ ਉਹ ਬਹੁਤ ਵੱਡੇ ਹਨ। ਇਸ ਲਈ ਜ਼ਰੂਰੀ ਹੈ ਕਿ ਤੁਸੀਂ ਆਪਣੇ ਮੌਜੂਦਾ ਸਮੇਂ ਵਿਚ ਹੀ ਕਿਸੇ ਨੂੰ ਆਪਣਾ ਉਤਰਾ ਅਧਿਕਾਰੀ ਨਿਯੁਕਤ ਕਰ ਦਿਓ ਤਾਂ ਜੋ ਜਿਹੜੇ ਕਾਰਜ ਆਪ ਨੇ ਅਰੰਭ ਕੀਤੇ ਹਨ ਉਹ ਅੱਗੇ ਵਧਦੇ ਰਹਿਣ। ਬਾਬਾ ਸੁਧਾ ਸਿੰਘ ਨੇ ਕਿਹਾ ਕਿ ਜਿਹੜੇ ਮੇਰੇ ਕਾਰਜ ਆਰੰਭ ਕੀਤੇ ਹੋਏ ਹਨ, ਇਨ੍ਹਾਂ ਕਾਰਜਾਂ ਨੂੰ ਭਾਈ ਬੀਰ ਸਿੰਘ ਪੂਰੇ ਕਰੇਗਾ। ਉਨ੍ਹਾਂ ਨੇ ਆਪਣੇ ਉਤਰਾ ਅਧਿਕਾਰੀ ਦੇ ਰੂਪ ਵਿਚ ਭਾਈ ਬੀਰ ਸਿੰਘ ਨੂੰ ਨਿਯੁਕਤ ਕਰ ਦਿੱਤਾ। ਜਦੋਂ ਬਾਬਾ ਸੁਧਾ ਸਿੰਘ ਵਾਪਸ ਦੌਧਰ ਆਏ ਤਾਂ ਉਨ੍ਹਾਂ ਦਿਨਾਂ ਵਿਚ ਹੀ ਭਾਈ ਹਜ਼ੂਰਾ ਸਿੰਘ ਪਿੰਡ ਦੌਧਰ ਵਿਚ ਹੀ ਰਹਿ ਰਿਹਾ ਸੀ। ਉਹ ਵਿੱਦਿਆਰਥੀਆਂ ਨੂੰ ਗੁਰਬਾਣੀ ਸੰਥਿਆ ਦੀ ਸਿਖਲਾਈ ਦੇਣ ਵਿਚ ਵਿਸ਼ੇਸ਼ ਮੁਹਾਰਤ ਰੱਖਦਾ ਸੀ। ਜਦੋਂ ਬਾਬਾ ਜੀ ਆਪਣੇ ਜਥੇ ਨਾਲ ਪ੍ਰਚਾਰ ਲਈ ਬਾਹਰ ਜਾਂਦੇ ਤਾਂ ਟਕਸਾਲ ਦੀ ਸੰਭਾਲ ਭਾਈ ਹਜ਼ੂਰ ਸਿੰਘ ਹੀ ਕਰਦਾ ਸੀ। ਜਦੋਂ ਉਸ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਟਕਸਾਲ ਦਾ ਮੁਖੀ ਭਾਈ ਬੀਰ ਸਿੰਘ ਨੂੰ ਬਣਾ ਦਿੱਤਾ ਗਿਆ ਹੈ ਤਾਂ ਉਨ੍ਹਾਂ ਨੇ ਇਸ ਗੱਲ ਦਾ ਵਿਰੋਧ ਕੀਤਾ। ਉਹ ਜਦੋਂ ਪਿੰਡ ਛੱਡ ਕੇ ਜਾਣ ਲੱਗੇ ਤਾਂ ਪਿੰਡ ਵਾਲਿਆਂ ਨੇ ਰੋਕ ਲਿਆ ਅਤੇ ਦੌਧਰ ਟਕਸਾਲ ਦੇ ਨਾਲ ਹੀ ਪਿੰਡ ਦੀ ਸਾਂਝੀ ਜ਼ਮੀਨ ਤੇ ਭਾਈ ਹਜ਼ੂਰਾ ਸਿੰਘ

ਦਾ ਡੇਰਾ ਬਣਾ ਦਿੱਤਾ। ਇਸ ਤਰ੍ਹਾਂ ਪਿੰਡ ਦੌਧਰ ਵਿੱਚ ਦੋ ਵਿਦਿਆਲੇ ਬਣ ਗਏ। ਇਕ ਦਾ ਮੁਖੀ ਭਾਈ ਬੀਰ ਸਿੰਘ ਅਤੇ ਦੂਜੇ ਦਾ ਮੁਖੀ ਭਾਈ ਹਜ਼ੂਰਾ ਸਿੰਘ ਨੂੰ ਬਣਾਇਆ ਗਿਆ ਪ੍ਰੰਤੂ ਕੁਝ ਸਮੇਂ ਬਾਅਦ ਇਹ ਦੋਵੇਂ ਡੇਰਿਆਂ ਨੂੰ ਇਕੱਠਾ ਕਰ ਦਿੱਤਾ ਗਿਆ। ਪਿੰਡ ਵਿਚ ਦੌਧਰ ਟਕਸਾਲ ਨੂੰ ਵੱਡੇ ਡੇਰੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

**ਭਾਈ ਬੀਰ ਸਿੰਘ** (1870 ਤੋਂ 1910ਈ)[72] ਦੌਧਰ ਟਕਸਾਲ ਦੇ ਮੁਖੀ ਬਣੇ ਉਸ ਸਮੇਂ ਇੱਥੇ ਬਹੁਤ ਘੱਟ ਵਿਦਿਆਰਥੀ ਹੀ ਸਨ ਜਿਹੜੇ ਟਕਸਾਲ ਵਿਚ ਵਿੱਦਿਆ ਪ੍ਰਾਪਤ ਕਰ ਰਹੇ ਸਨ। ਭਾਈ ਬੀਰ ਸਿੰਘ ਨੇ ਵਿਚਾਰ ਕੀਤਾ ਕਿ ਸਾਨੂੰ ਨੇਤਰਹੀਣ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਲਾਈ ਦੇਣੀ ਚਾਹੀਦੀ ਹੈ ਕਿਉਂਕਿ ਨੇਤਰਹੀਣ ਵਿਅਕਤੀ ਸੰਗੀਤ ਨੂੰ ਬੜੀ ਸੂਖਮਤਾ ਅਤੇ ਅਸਾਨੀ ਨਾਲ ਸਿੱਖ ਸਕਦੇ ਹਨ ਅਤੇ ਉਹ ਹੋਰ ਕੋਈ ਕੰਮ ਵੀ ਨਹੀਂ ਕਰ ਸਕਦੇ। ਇਸ ਲਈ ਉਨ੍ਹਾਂ ਨੇ ਨੇਤਰਹੀਣ ਵਿਦਿਆਰਥੀਆਂ ਨੂੰ ਕੀਰਤਨ ਸਿਖਾਉਣ ਦਾ ਪ੍ਰਣ ਕੀਤਾ। ਭਾਈ ਬੀਰ ਸਿੰਘ ਇਕ ਉੱਤਮ ਸੰਗੀਤਕਾਰ ਸਨ। ਆਪ ਤੰਤੀ ਸਾਜ ਸਾਰੰਦੇ ਨਾਲ ਕੀਰਤਨ ਕਰਿਆ ਕਰਦੇ ਸਨ। ਬਾਬਾ ਸੁਧਾ ਸਿੰਘ ਜੀ ਦੇ ਸਮੇਂ ਤੋਂ ਹੀ ਆਪ ਅੰਮ੍ਰਿਤ ਵੇਲੇ *ਆਸਾ ਦੀ ਵਾਰ* ਅਤੇ *ਸੋਦਰ ਦੀ ਕੀਰਤਨ ਚੌਕੀ* ਲਾਇਆ ਕਰਦੇ ਸਨ। ਆਪ ਦੂਰ-ਦੂਰ ਜਾ ਕੇ ਪਿੰਡਾਂ ਵਿਚੋਂ ਨੇਤਰਹੀਣ ਬੱਚਿਆਂ ਨੂੰ ਦੌਧਰ ਵਿਖੇ ਕੀਰਤਨ ਸਿਖਲਾਉਣ ਲਈ ਲੈ ਆਉਂਦੇ। ਆਪ ਦੇ ਸਮੇਂ 300 ਦੇ ਕਰੀਬ ਨੇਤਰਹੀਣ ਵਿਦਿਆਰਥੀ ਟਕਸਾਲ ਵਿੱਚ ਸੰਗੀਤ ਦੀ ਵਿੱਦਿਆ ਪ੍ਰਾਪਤ ਕਰ ਰਹੇ ਸਨ। ਭਾਈ ਬੀਰ ਸਿੰਘ ਦੇ ਸਮੇਂ ਵਿੱਚ ਹੀ ਟਕਸਾਲ ਨੂੰ ਬਹੁਤ ਸਾਰੇ ਪਿੰਡਾਂ ਵਿੱਚ ਲੋਕਾਂ ਨੇ ਜ਼ਮੀਨਾਂ ਦਾਨ ਕਰ ਦਿੱਤੀਆਂ। ਜਿਸ ਦੇ ਨਾਲ ਟਕਸਾਲ ਨੂੰ ਕਾਫ਼ੀ ਆਮਦਨ ਹੋਣ ਲੱਗ ਪਈ। ਇਸ ਆਮਦਨ ਦੇ ਨਾਲ ਟਕਸਾਲ ਵਿਚ ਵਿਦਿਆਰਥੀਆਂ ਦੀ ਚੰਗੀ ਸਾਂਭ ਸੰਭਾਲ ਹੋਣ ਲੱਗ ਪਈ।

**ਬਾਬਾ ਮੰਗਲ ਸਿੰਘ** (1910 ਤੋਂ 1936ਈ) ਦੌਧਰ ਟਕਸਾਲ ਦੇ ਤੀਜੇ ਮੁਖੀ ਸਨ।[73] ਇਹ ਦੌਧਰ ਪਿੰਡ ਦੇ ਹੀ ਰਹਿਣ ਵਾਲੇ ਸਨ। ਬਾਬਾ ਮੰਗਲ ਸਿੰਘ ਬਚਪਨ ਤੋਂ ਆਪਣੇ ਪਿਤਾ ਨਾਲ ਟਕਸਾਲ ਵਿਚ ਆ ਕੇ ਨੇਤਰਹੀਣ ਵਿਦਿਆਰਥੀਆਂ ਦੀ ਬਹੁਤ ਸੇਵਾ ਕਰਦੇ ਸਨ। ਆਪ ਚੰਗੇ ਸੰਗੀਤ ਵਿਦਵਾਨ ਅਤੇ ਪੜ੍ਹੇ ਲਿਖੇ ਵਿਅਕਤੀ ਸਨ। ਭਾਈ ਬੀਰ ਸਿੰਘ ਆਪ ਦੀ ਸੇਵਾ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਭਾਈ ਮੰਗਲ ਸਿੰਘ ਨੂੰ ਟਕਸਾਲ ਦਾ ਮੁਖੀ ਨਿਯੁਕਤ ਕਰ ਦਿੱਤਾ। ਭਾਈ ਮੰਗਲ ਸਿੰਘ ਦੇ ਸਮੇਂ ਟਕਸਾਲ ਕਾਫ਼ੀ ਵਿਕਸਿਤ ਹੋ ਗਈ

ਸੀ। ਦੂਰੋਂ-ਦੂਰੋਂ ਵਿਦਿਆਰਥੀ ਆ ਕੇ ਇੱਥੇ ਸੰਗੀਤ ਦੀ ਵਿੱਦਿਆ ਹਾਸਲ ਕਰ ਰਹੇ ਸਨ। ਭਾਈ ਮੰਗਲ ਸਿੰਘ ਦੇ ਸਮੇਂ ਭਾਈ ਖ਼ੁਸ਼ਹਾਲ ਸਿੰਘ, ਭਾਈ ਜੈਮਲ ਸਿੰਘ ਅਤੇ ਭਾਈ ਉਜਾਗਰ ਸਿੰਘ ਰਣੀਏ ਵਾਲੇ ਵਿਦਿਆਰਥੀਆਂ ਨੂੰ ਕੀਰਤਨ ਦੀ ਸਿਖਲਾਈ ਦਿਆ ਕਰਦੇ ਸਨ।[74]

**ਬਾਬਾ ਸੰਤਾ ਸਿੰਘ** (1936 ਤੋਂ 1974ਈ)[75] ਨੂੰ ਬਾਬਾ ਮੰਗਲ ਸਿੰਘ ਤੋਂ ਬਾਅਦ ਟਕਸਾਲ ਦਾ ਮੁਖੀ ਨਿਯੁਕਤ ਕੀਤਾ ਗਿਆ। ਆਪ ਦੌਧਰ ਪਿੰਡ ਦੇ ਹੀ ਰਹਿਣ ਵਾਲੇ ਸਨ। ਬਾਬਾ ਸੰਤਾ ਸਿੰਘ ਆਪ ਸੰਗੀਤ ਦੇ ਗਿਆਤਾ ਨਹੀਂ ਸਨ। ਇਸ ਲਈ ਵਿਦਿਆਲੇ ਦੀ ਪੱਗ ਉਸਤਾਦ ਉਜਾਗਰ ਸਿੰਘ ਰਣੀਏ ਵਾਲਿਆਂ ਨੂੰ ਦਿੱਤੀ ਗਈ। ਬਾਬਾ ਉਜਾਗਰ ਸਿੰਘ ਭਾਈ ਬੀਰ ਸਿੰਘ ਦੇ ਸ਼ਾਗਿਰਦ ਸਨ। ਉਸਤਾਦ ਉਜਾਗਰ ਸਿੰਘ ਨੇ ਅਨੇਕਾਂ ਉੱਚ ਕੋਟੀ ਦੇ ਵਿਦਿਆਰਥੀ ਤਿਆਰ ਕੀਤੇ। ਜਿਨ੍ਹਾਂ ਵਿਚ ਗਿਆਨੀ ਗੁਰਦਿਆਲ ਸਿੰਘ ਰਣੀਏ, ਭਾਈ ਨਿਹਾਲ ਸਿੰਘ, ਭਾਈ ਏਕਮਾ ਸਿੰਘ, ਰਾਗੀ ਆਤਮਾ ਸਿੰਘ ਅਤੇ ਰਾਗੀ ਬਚਿਤ ਸਿੰਘ ਵਿਸ਼ੇਸ਼ ਸਨ।

**ਬਾਬਾ ਉਜਾਗਰ ਸਿੰਘ** (1974 ਤੋਂ 2000ਈ)[76] ਨੂੰ ਬਾਬਾ ਸੰਤਾ ਸਿੰਘ ਦੇ ਦੇਹਾਂਤ ਤੋਂ ਬਾਅਦ ਟਕਸਾਲ ਦਾ ਪੰਜਵਾਂ ਮੁਖੀ ਬਣਾਇਆ ਗਿਆ। ਇਹ ਫ਼ੌਜ ਵਿਚੋਂ ਰਿਟਾਇਰ ਹੋ ਕੇ ਆਏ ਸਨ। ਆਪ ਦਾ ਧਿਆਨ ਪ੍ਰਭੂ ਭਗਤੀ ਵੱਲ ਹੋਣ ਦੇ ਕਾਰਨ ਵਿਦਿਆਲੇ ਵੱਲ ਵਧੇਰੇ ਧਿਆਨ ਨਾ ਦਿੱਤਾ। ਜਿਸ ਕਾਰਨ ਦੌਧਰ ਟਕਸਾਲ ਜਿਹੜੀ ਕਿ ਇਕ ਮਹਾਨ ਸੰਗੀਤ ਸੰਸਥਾ ਬਣ ਗਈ ਸੀ। ਇਤਿਹਾਸ ਦੇ ਪੰਨਿਆਂ ਵਿਚ ਗਵਾਚ ਗਈ।

**ਬਾਬਾ ਲਖਵੀਰ ਸਿੰਘ** (2000 ਤੋਂ ਵਰਤਮਾਨ ਸਮੇਂ)[77] ਨੂੰ ਬਾਬਾ ਉਜਾਗਰ ਸਿੰਘ ਦੇ ਦੇਹਾਂਤ ਤੋਂ ਬਾਅਦ ਟਕਸਾਲ ਦਾ ਮੁਖੀ ਬਣਾਇਆ ਗਿਆ। ਬਾਬਾ ਲਖਵੀਰ ਸਿੰਘ ਬਚਪਨ ਤੋਂ ਹੀ ਦੌਧਰ ਟਕਸਾਲ ਵਿਚ ਪੜ੍ਹੇ ਹਨ ਅਤੇ ਸੰਗੀਤ ਵਿਦਿਆਲਾ ਚਲਾਉਣ ਲਈ ਵਚਨਬੱਧ ਹਨ ਅਤੇ ਇਕ ਸੁੰਦਰ ਵਿਦਿਆਲੇ ਦੀ ਇਮਾਰਤ ਦੀ ਉਸਾਰੀ ਕਰਵਾ ਰਹੇ ਹਨ।

ਦੌਧਰ ਟਕਸਾਲ ਦੇ ਵਿਦਿਆਰਥੀਆਂ ਦੀ ਗਿਣਤੀ ਬਹੁਤ ਲੰਬੇਰੀ ਹੈ। ਦੌਧਰ ਟਕਸਾਲ ਦੇ ਨਾਮਵਰ ਉਸਤਾਦ ਭਾਈ ਖ਼ੁਸ਼ਹਾਲ ਸਿੰਘ ਦੇ ਸ਼ਾਗਿਰਦ ਭਾਈ ਜੈਮਲ ਸਿੰਘ ਪ੍ਰਮੁੱਖ ਹਨ।[78] ਇਹ ਉੱਚ ਕੋਟੀ ਦੇ ਸੰਗੀਤ ਵਿਦਵਾਨ ਸਨ। ਭਾਈ ਜੈਮਲ ਸਿੰਘ ਨੇ ਅਨੇਕਾਂ ਵਿਦਿਆਰਥੀਆਂ ਨੂੰ ਕੀਰਤਨ ਦੀ ਸਿਖਲਾਈ ਦਿੱਤੀ ਜਿਨ੍ਹਾਂ ਵਿਚ ਉਸਤਾਦ ਜਸਵੰਤ ਸਿੰਘ ਤੀਬਰ ਜਿਹੜੇ ਕਿ ਕੁਲਾਰਾ ਪਿੰਡ ਦੇ ਵਿਸ਼ੇਸ਼ ਹਨ।[79] ਉਸਤਾਦ

ਜਸਵੰਤ ਸਿੰਘ ਨੇ ਆਪ ਦੌਧਰ ਟਕਸਾਲ ਵਿਚ ਬਹੁਤ ਸਮਾਂ ਕੀਰਤਨ, ਤਬਲਾ ਅਤੇ ਤੰਤੀ ਸਾਜਾਂ ਦੀ ਸਿਖਲਾਈ ਪ੍ਰਾਪਤ ਕੀਤੀ। ਜਿਸ ਕਾਰਨ ਭਾਈ ਮਰਦਾਨਾ ਜੀ ਦਾ ਉਹ ਖ਼ਜ਼ਾਨਾ ਜਿਹੜਾ ਪੀੜੀ-ਦਰ-ਪੀੜੀ ਉਸਤਾਦਾਂ ਕੋਲੋਂ ਚੱਲਿਆ ਆ ਰਿਹਾ ਸੀ ਆਪ ਕੋਲ ਆ ਗਿਆ। ਆਪ ਦੇ ਅਨੇਕਾਂ ਹੀ ਸ਼ਾਗਿਰਦ ਹੋਏ ਜਿਨ੍ਹਾਂ ਵਿਚ ਉਸਤਾਦ ਸੁਰਜੀਤ ਸਿੰਘ ਵਿਸ਼ੇਸ਼ ਹਨ। ਜਿਹੜੇ ਭਾਈ ਮਰਦਾਨਾ ਜੀ ਤੋਂ ਚਲੀ ਆ ਰਹੀ ਕੀਰਤਨ ਮਰਿਆਦਾ ਨੂੰ ਸਾਂਭੀ ਬੈਠੇ ਹਨ। ਆਪ ਨੇ ਅਨੇਕ ਪੁਸਤਕਾਂ ਲਿਖੀਆਂ ਜਿਨ੍ਹਾਂ ਵਿਚ ਪੁਰਾਤਨ ਸ਼ਬਦ ਰਚਨਾਵਾਂ ਦਰਜ ਹਨ। ਇਹ ਸ਼ਬਦ ਰਚਨਾਵਾਂ ਗੁਰਮਤਿ ਸੰਗੀਤ ਦੀ ਕੀਰਤਨ ਮਰਿਆਦਾ ਨੂੰ ਅੱਗੇ ਵਧਾਉਣ ਵਿਚ ਵਿਸ਼ੇਸ਼ ਯੋਗਦਾਨ ਪਾ ਰਹੀਆਂ ਹਨ। ਵਰਤਮਾਨ ਸਮੇਂ ਉਸਤਾਦ ਸੁਰਜੀਤ ਸਿੰਘ ਬੜੂ ਸਾਹਿਬ ਵਿਖੇ ਰਹਿ ਕੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਰਹੇ ਹਨ।[80] ਆਪ ਦੇ ਅਨੇਕ ਸ਼ਾਗਿਰਦ ਜਿਨ੍ਹਾਂ ਵਿਚ ਬਾਬਾ ਸੇਵਾ ਸਿੰਘ ਨਾਨਕਸਰ ਕਲੇਰਾਂ, ਬਾਬਾ ਭਾਗ ਸਿੰਘ ਨਾਨਕਸਰ ਕਲੇਰਾਂ, ਡਾ. ਪੂਰਵੀ, ਭਾਈ ਗੁਰਮੀਤ ਸਿੰਘ, ਭਾਈ ਮਨੋਹਰ ਸਿੰਘ(ਬੜੂ ਸਾਹਿਬ) ਅਤੇ ਬੀਬੀ ਹਰਜੋਤ ਕੌਰ ਵਿਸ਼ੇਸ਼ ਹਨ। ਆਪ ਵਰਤਮਾਨ ਸਮੇਂ ਬੰਦਿਸ਼ਾਂ ਦਾ ਗਾਇਨ ਕਰਨ ਅਤੇ ਤਬਲੇ ਦੀਆਂ ਗਤਾਂ, ਪਰਨਾ ਵਜਾਉਣ ਦੇ ਵਿਚ ਅਸਮਰਥ ਹਨ। ਦੌਧਰ ਟਕਸਾਲ ਦੀਆਂ ਤਬਲੇ ਦੀਆਂ ਬਹੁਤ ਸਾਰੀਆਂ ਪਰਨਾ ਭਾਈ ਮਨੋਹਰ ਸਿੰਘ ਨੂੰ ਯਾਦ ਹਨ ਜਿਨ੍ਹਾਂ ਨੂੰ ਉਹ ਬੜੂ ਸਾਹਿਬ ਦੇ ਵਿਦਿਆਰਥੀਆਂ ਨੂੰ ਵਿਦਿਆਲੇ ਵਿਚ ਰਹਿ ਕੇ ਸਿਖਾ ਰਹੇ ਹਨ। ਵਰਤਮਾਨ ਸਮੇਂ ਦੌਧਰ ਟਕਸਾਲ ਦੇ ਵਿਦਵਾਨ ਕੀਰਤਨੀਏ ਪ੍ਰੋ. ਰਣਜੀਤ ਸਿੰਘ, ਅਮਰੀਕਾ ਅਤੇ ਸ. ਹਰਕੀਰਤ ਸਿੰਘ ਸਪੁੱਤਰ ਸ. ਜਸਵੰਤ ਸਿੰਘ ਤੀਬਰ, ਕੈਨੇਡਾ ਵਿਖੇ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਯਤਨਸ਼ੀਲ ਹਨ।[81] ਦੌਧਰ ਟਕਸਾਲ ਦੀ ਵਿਸ਼ਾਲ ਗੁਰਮਤਿ ਸੰਗੀਤ ਸਮਗਰੀ ਦੇ ਭੰਡਾਰ ਵਿਚੋਂ ਕੁਝ ਸ਼ਬਦ ਕੀਰਤਨ ਰਚਨਾਵਾਂ ਭਾਵੇਂ ਪੁਸਤਕ ਸੰਗੀਤ ਸਾਗਰ ਦੁਆਰਾ ਪ੍ਰਕਾਸ਼ਿਤ ਹੋਇਆ ਹੈ ਪ੍ਰੰਤੂ ਫਿਰ ਵੀ ਵੱਖ-ਵੱਖ ਕੀਰਤਨੀਆਂ ਕੋਲੋਂ ਟਕਸਾਲ ਦੀਆਂ ਸ਼ਬਦ ਕੀਰਤਨ ਰਚਨਾਵਾਂ ਦਾ ਸਰਮਾਇਆ ਇਕੱਤਰ ਕਰਕੇ ਪ੍ਰਕਾਸ਼ਿਤ ਕਰਨ ਦੀ ਜ਼ਰੂਰਤ ਹੈ ਤਾਂ ਜੋ ਆਉਣ ਵਾਲੀਆਂ ਪੀੜੀਆਂ ਲਈ ਇਨ੍ਹਾਂ ਟਕਸਾਲੀ ਬੰਦਿਸ਼ਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

**1.6 ਮਸਤੂਆਣਾ ਟਕਸਾਲ** : ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ ਦੇ ਅੰਤਰਗਤ ਮਸਤੂਆਣਾ ਟਕਸਾਲ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਵਿਚ ਆਪਣਾ ਇਕ ਵਿਸ਼ੇਸ਼ ਸਥਾਨ ਰੱਖਦੀ ਹੈ। ਸੰਤ ਬਾਬਾ

ਅਤਰ ਸਿੰਘ ਨੇ 19ਵੀਂ ਸਦੀ ਵਿਚ ਮਸਤੂਆਣਾ ਵਿਖੇ ਪਿੰਡ ਬਡਰੁੱਖਾ ਦੇ ਭਾਈ ਨੱਥਾ ਸਿੰਘ ਧਾਲੀਵਾਲ ਅਤੇ ਹੋਰਨਾਂ ਵੱਲੋਂ ਭੇਟ ਕੀਤੀ ਗਈ ਥਾਂ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਵਿਦਿਆਲੇ ਦੀ ਸਥਾਪਨਾ ਕੀਤੀ।[82]

ਮਸਤੂਆਣਾ ਟਕਸਾਲ ਦੇ ਸੰਸਥਾਪਕ ਸੰਤ ਅਤਰ ਸਿੰਘ ਵੀਹਵੀਂ ਸਦੀ ਦੇ ਪ੍ਰਮੁੱਖ ਮਹਾਂਪੁਰਸ਼ਾਂ ਵਿਚੋਂ ਹੋਏ ਹਨ। ਸੰਗਰੂਰ ਜ਼ਿਲ੍ਹੇ ਵਿਚ ਮਸਤੂਆਣਾ ਨਾਂ ਦੇ ਘਣੇ ਜੰਗਲ ਵਿਚ ਆਪ ਨੇ ਅਨੁਭਵ ਕੀਤਾ ਕਿ ਇਸ ਸਥਾਨ ਤੇ ਕਈ ਸੰਤਾਂ ਮਹਾਂਪੁਰਸ਼ਾਂ ਨੇ ਜਪ ਤਪ ਕੀਤਾ ਹੈ। ਇਸ ਸਥਾਨ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਵੀ ਪ੍ਰਾਪਤ ਹੈ। ਇਸ ਲਈ ਸੰਤ ਅਤਰ ਸਿੰਘ ਨੇ 1901 ਈਸਵੀ ਵਿਚ ਇਸ ਸਥਾਨ ਨੂੰ ਪ੍ਰਗਟ ਕਰਕੇ ਗੁਰਮਤਿ ਵਿੱਦਿਆ ਦਾ ਕੇਂਦਰ ਸਥਾਪਿਤ ਕੀਤਾ।[83] ਗੁਰਦੁਆਰਾ ਸਾਹਿਬ ਦਾ ਨੀਂਹ ਪੱਥਰ ਰੱਖਣ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਆਏ ਮਹਾਂਵਾਕ ਅਨੁਸਾਰ -

ਗੁਰ ਸਾਗਰੁ ਰਤਨੀ ਭਰਪੂਰੇ॥

ਅੰਮ੍ਰਿਤ ਸੰਤ ਚੁਗਹਿ ਨਹੀ ਦੂਰੇ॥ (ਪੰਨਾ ੬੮੫)

ਗੁਰਦੁਆਰਾ ਸਾਹਿਬ ਦਾ ਨਾਮ *ਗੁਰ ਸਾਗਰ ਸਾਹਿਬ* ਰੱਖਿਆ ਗਿਆ। 1906 ਈਸਵੀ ਵਿਚ ਜਦੋਂ ਸੰਤ ਅਤਰ ਸਿੰਘ ਨੇ ਲੜਕੀਆਂ ਦਾ ਸਕੂਲ ਖੋਲ੍ਹਿਆ ਤਾਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਤੇਜਾ ਸਿੰਘ ਨੇ ਸੰਤ ਅਤਰ ਸਿੰਘ ਦੀ ਆਗਿਆ ਅਨੁਸਾਰ ਇਸ ਕਾਰਜ ਲਈ ਆਪਣਾ ਜੀਵਨ ਅਰਪਣ ਕਰ ਦਿੱਤਾ ਅਤੇ ਪ੍ਰਿੰਸੀਪਲ ਦੇ ਅਹੁਦੇ ਤੋਂ ਛੁੱਟੀ ਲੈ ਕੇ ਸੰਤ ਅਤਰ ਸਿੰਘ ਦੀ ਸੇਵਾ ਵਿਚ ਹੀ ਰਹਿਣ ਲੱਗ ਪਏ। ਆਪ ਦੀ ਯੋਗ ਅਗਵਾਈ ਅਨੁਸਾਰ ਹੀ 1913 ਈਸਵੀ ਵਿਚ ਲੜਕਿਆਂ ਦਾ ਸਕੂਲ ਅਤੇ ਕਾਲਜ ਖੋਲ੍ਹਿਆ ਗਿਆ। ਇਕ ਇਤਿਹਾਸਿਕ ਘਟਨਾ ਅਨੁਸਾਰ ਜਦੋਂ ਭਾਈ ਜੁਵਾਲਾ ਸਿੰਘ ਸੰਤ ਅਤਰ ਸਿੰਘ ਦੇ ਦਰਸ਼ਨਾਂ ਨੂੰ ਆਏ ਤਾਂ ਭਾਈ ਜੁਵਾਲਾ ਸਿੰਘ ਨੇ ਨਿਰਧਾਰਿਤ ਰਾਗਾਂ ਅਨੁਸਾਰ ਸ਼ਬਦਾਂ ਦਾ ਗਾਇਨ ਕੀਤਾ। ਸ਼ਬਦ ਕੀਰਤਨ ਸੁਣ ਕੇ ਸੰਤ ਜੀ ਬਹੁਤ ਪ੍ਰਭਾਵਿਤ ਹੋਏ।[84] ਸੰਤ ਅਤਰ ਸਿੰਘ ਨੇ ਭਾਈ ਜੁਵਾਲਾ ਸਿੰਘ ਨੂੰ ਗੁਰਮਤਿ ਵਿਦਿਆਲਾ ਖੋਲ੍ਹਣ ਦੀ ਇੱਛਾ ਪ੍ਰਗਟ ਕੀਤੀ ਜਿਸ ਵਿਚ ਵਿਦਿਆਰਥੀਆਂ ਨੂੰ ਨਿਰਧਾਰਿਤ ਰਾਗਾਂ ਅਨੁਸਾਰ ਗੁਰਮਤਿ ਸੰਗੀਤ ਦੀ ਸਿਖਲਾਈ ਦਿੱਤੀ ਜਾ ਸਕੇ ਤਾਂ ਭਾਈ ਜੁਵਾਲਾ ਸਿੰਘ ਨੇ ਬਚਨ ਕੀਤਾ ਕਿ ਜਦੋਂ ਵੀ ਤੁਸੀਂ ਵਿਦਿਆਲਾ ਖੋਲ੍ਹੋਗੇ ਤਾਂ ਅਸੀਂ ਸੇਵਾ ਵਿਚ ਹਾਜ਼ਰ ਹੋ ਜਾਵਾਂਗੇ। ਜਦੋਂ ਮਸਤੂਆਣਾ ਸਾਹਿਬ ਵਿਖੇ ਗੁਰਮਤਿ ਵਿਦਿਆਲੇ ਦੀ ਸ਼ੁਰੂਆਤ ਕੀਤੀ ਗਈ ਤਾਂ ਭਾਈ ਜੁਵਾਲਾ ਸਿੰਘ ਨੂੰ ਕੀਰਤਨ ਸਿਖਾਉਣ ਲਈ ਬੁਲਾਇਆ

ਗਿਆ। ਇਸ ਸਮੇਂ ਰਾਗੀ ਭਾਈ ਜੁਵਾਲਾ ਸਿੰਘ ਆਪਣੇ ਨਾਲ ਭਾਈ ਹਰਨਾਮ ਸਿੰਘ ਠੱਠਾ ਟਿੱਬਾ ਵਾਲਿਆਂ ਨੂੰ ਲੈ ਆਏ। ਭਾਈ ਹਰਨਾਮ ਸਿੰਘ ਉੱਤਮ ਪਖਾਵਜ ਵਾਦਕ ਸਨ ਅਤੇ ਭਾਈ ਜੁਵਾਲਾ ਸਿੰਘ ਦੇ ਨਾਲ ਹੀ ਕੀਰਤਨ ਕਰਿਆ ਕਰਦੇ ਸਨ। ਸੰਤ ਅਤਰ ਸਿੰਘ ਦੀ ਬੇਨਤੀ ਤੇ ਭਾਈ ਜੁਵਾਲਾ ਸਿੰਘ ਨੇ ਭਾਈ ਹਰਨਾਮ ਸਿੰਘ ਨੂੰ ਇੱਥੇ ਰਹਿ ਕੇ ਵਿਦਿਆਰਥੀਆਂ ਨੂੰ ਕੀਰਤਨ ਦੀ ਸਿਖਲਾਈ ਦੇਣ ਲਈ ਕਿਹਾ। ਇਸ ਪ੍ਰਕਾਰ ਗੁਰਮਤਿ ਸੰਗੀਤ ਵਿਦਿਆਲੇ ਮਸਤੂਆਣੇ ਦੇ **ਪਹਿਲੇ ਉਸਤਾਦ ਭਾਈ ਹਰਨਾਮ ਸਿੰਘ (ਠੱਠੇ ਟਿੱਬੇ)** ਵਾਲੇ ਬਣ ਗਏ।[85] ਆਪ ਬਹੁਤ ਸਮਾਂ ਇੱਥੇ ਵਿਦਿਆਰਥੀਆਂ ਨੂੰ ਨਿਰਧਾਰਿਤ ਰਾਗਾਂ ਅਨੁਸਾਰ ਗੁਰਮਤਿ ਸੰਗੀਤ ਦੀ ਸਿਖਲਾਈ ਦਿੰਦੇ ਰਹੇ। ਸੰਤ ਅਤਰ ਸਿੰਘ ਨੇ ਮਸਤੂਆਣਾ ਸਾਹਿਬ ਨੂੰ ਅਧਿਆਤਮਿਕ ਅਤੇ ਗੁਰਮਤਿ ਵਿੱਦਿਆ ਦਾ ਬਹੁਤ ਵੱਡਾ ਕੇਂਦਰ ਬਣਾਇਆ। ਆਪ ਨੇ ਪੰਜਾਬ ਵਿਖੇ ਹੋਰ ਬਹੁਤ ਸਾਰੇ ਸਕੂਲ ਅਤੇ ਕਾਲਜ ਸੰਗਤਾਂ ਦੇ ਸਹਿਯੋਗ ਨਾਲ ਖੋਲ੍ਹੇ।

ਸੰਤ ਅਤਰ ਸਿੰਘ ਨੇ ਸਾਰੀ ਮਾਨਵਤਾ ਨੂੰ ਬਿਨਾ ਕਿਸੇ ਜਾਤ ਪਾਤ ਜਾਂ ਰੂਪ ਰੰਗ ਦੇ ਬਿਨਾ ਵਿਤਕਰੇ ਤੋਂ ਗੁਰੂ ਨਾਨਕ ਪਾਤਸ਼ਾਹ ਦਾ ਉਪਦੇਸ਼ ਦਿੱਤਾ। ਆਪ ਦਾ ਵਿਚਾਰ ਸੀ ਕਿ ਮਸਤੂਆਣੇ ਵਿਚ ਇਕ ਐਸਾ ਆਸ਼ਰਮ ਜਾਂ ਕਾਲਜ ਖੁੱਲ ਜਾਵੇ ਜਿਸ ਵਿਚ ਗੁਰੂ ਨਾਨਕ ਸਾਹਿਬ ਦੀ ਆਤਮਿਕ ਵਿੱਦਿਆ ਅਤੇ ਪੱਛਮੀ (ਸਾਇੰਸ) ਵਿੱਦਿਆ ਦਾ ਸੰਯੋਗ ਹੋਵੇ ਤਾਂ ਜੋ ਸਿੱਖ ਬੱਚਿਆਂ ਨੂੰ ਵਿਦੇਸ਼ਾਂ ਵਿਚ ਜਾ ਕੇ ਪੜ੍ਹਾਈ ਕਰਨ ਦੇ ਲੋੜ ਨਾ ਰਹੇ। ਇਸ ਮਨੋਰਥ ਦੀ ਪੂਰਤੀ ਲਈ ਆਪ ਨੇ ਸੰਤ ਤੇਜਾ ਸਿੰਘ ਨੂੰ ਵਿਦੇਸ਼ ਜਾ ਕੇ ਵਿਦੇਸ਼ੀ ਵਿੱਦਿਆ ਪ੍ਰਾਪਤ ਕਰਨ ਲਈ ਸਹਿਮਤ ਕਰ ਲਿਆ। ਸੰਤ ਤੇਜਾ ਸਿੰਘ ਨੇ ਕੋਲੰਬੀਆ ਯੂਨੀਵਰਸਿਟੀ ਵਿਚ 1908 ਤੋਂ 1913 ਈਸਵੀ ਤਕ ਵਿੱਦਿਆ ਹਾਸਲ ਕੀਤੀ। ਇਸ ਦੌਰਾਨ ਆਪ ਨੇ ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਵਿਚ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰਵਾਈ। ਆਪ ਨੇ ਦੁਨੀਆਂ ਦੇ ਸਾਰੇ ਧਰਮਾਂ ਦੀਆਂ ਕਈ ਕਾਨਫ਼ਰੰਸਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਦੇ ਉਪਦੇਸ਼ ਦਾ ਪ੍ਰਚਾਰ ਕੀਤਾ। 1913 ਈਸਵੀ ਵਿਚ ਆਪ ਦੁਬਾਰਾ ਸੰਤ ਅਤਰ ਸਿੰਘ ਦੇ ਚਰਨਾਂ ਵਿਚ ਮਸਤੂਆਣਾ ਆ ਗਏ।[86] ਸੰਤ ਤੇਜਾ ਸਿੰਘ ਦੀ ਆਗਿਆ ਅਨੁਸਾਰ ਗੁਰਮਤਿ ਸੰਗੀਤ ਦੇ ਮਹਾਨ ਵਿਦਵਾਨ **ਪ੍ਰੋ. ਦਰਸ਼ਨ ਸਿੰਘ ਕੋਮਲ** ਨੇ ਕਈ ਸਾਲ ਚੀਮਾ ਸਾਹਿਬ (ਜਨਮ ਅਸਥਾਨ ਸੰਤ ਅਤਰ ਸਿੰਘ) ਅਤੇ ਮਸਤੂਆਣਾ ਸਾਹਿਬ ਵਿਖੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦਿੰਦੇ ਰਹੇ।[87] ਆਪ ਨੇ ਆਪਣੀ ਮੁੱਢਲੀ ਵਿੱਦਿਆ ਅੰਮ੍ਰਿਤਸਰ ਵਿਖੇ ਚੀਫ਼ ਖ਼ਾਲਸਾ

ਦੀਵਾਨ ਦੇ ਵਿਦਿਆਲੇ ਵਿਚ ਉਸਤਾਦ ਸਾਈਂ ਦਿੱਤਾ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਮੁਲਤਾਨ ਵਿਚ ਜਾ ਕੇ ਪੰਡਿਤ ਹੁਕਮ ਚੰਦ ਤੋਂ ਵੀ ਕਈ ਸਾਲ ਸ਼ਾਸਤਰੀ ਸੰਗੀਤ ਤੰਤੀ ਸਾਜ਼ਾਂ ਦੀ ਵਿੱਦਿਆ ਹਾਸਲ ਕੀਤੀ। ਪ੍ਰੋ. ਦਰਸ਼ਨ ਸਿੰਘ ਦੇ ਜਾਣ ਤੋਂ ਬਾਅਦ ਸੰਤ ਤੇਜਾ ਸਿੰਘ ਨੇ ਵਿਚਾਰ ਕੀਤਾ ਕਿ ਹੁਣ ਕੋਈ ਦੌਧਰ ਟਕਸਾਲ ਦਾ ਚੰਗਾ ਉਸਤਾਦ ਲਿਆ ਕੇ ਖ਼ਤਮ ਹੋ ਰਹੀ ਪੁਰਾਤਨ ਕੀਰਤਨ ਪਰੰਪਰਾ ਨੂੰ ਵਿਦਿਆਰਥੀਆਂ ਨੂੰ ਸਿਖਾਉਣਾ ਚਾਹੀਦਾ ਹੈ। ਕਿਉਂਕਿ ਦੌਧਰ ਟਕਸਾਲ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾ ਰਹੀ ਸੀ। ਜਦੋਂ ਸੰਤ ਤੇਜਾ ਸਿੰਘ ਨੂੰ ਉਸਤਾਦ ਜਸਵੰਤ ਸਿੰਘ ਬਾਰੇ ਪਤਾ ਲੱਗਿਆ ਤਾਂ ਸੰਤ ਜੀ 1954 ਈਸਵੀ ਵਿਚ **ਉਸਤਾਦ ਜਸਵੰਤ ਸਿੰਘ** ਨੂੰ ਗੁਰਦੁਆਰਾ ਜਨਮ ਅਸਥਾਨ ਸੰਤ ਅਤਰ ਸਿੰਘ ਚੀਮਾ ਵਿਖੇ ਲੈ ਆਏ। ਇੱਥੇ ਉਸਤਾਦ ਜਸਵੰਤ ਸਿੰਘ ਨੇ ਬਹੁਤ ਸਮਾਂ ਰਹਿ ਕੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਉੱਚ ਕੋਟੀ ਦੀ ਸਿੱਖਿਆ ਦਿੱਤੀ।[88] ਉਸਤਾਦ ਜਸਵੰਤ ਸਿੰਘ ਨੂੰ ਪੁਰਾਤਨ ਰਾਗ ਧਰੁਪਦ, ਪੜਤਾਲਾਂ, ਤਰਾਨੇ ਆਦਿ ਤੋਂ ਇਲਾਵਾ ਤਬਲਾ, ਪਖਾਵਜ ਅਤੇ ਤੰਤੀ ਸਾਜ਼ਾਂ ਵਿਚ ਵਿਸ਼ੇਸ਼ ਨਿਪੁੰਨਤਾ ਹਾਸਲ ਸੀ।[89]

ਆਪ ਨੇ 1954 ਤੋਂ 1964 ਈਸਵੀ ਤਕ ਮਸਤੂਆਣਾ ਸਾਹਿਬ ਵਿਖੇ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਲਾਈ ਦਿੱਤੀ। ਸੰਤ ਤੇਜਾ ਸਿੰਘ ਦੇ ਦੇਹਾਂਤ ਤੋਂ ਬਾਅਦ ਆਪ ਦੁਬਾਰਾ 1967 ਤੋਂ 1976 ਤਕ ਮਸਤੂਆਣਾ ਵਿਖੇ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਲਾਈ ਦਿੰਦੇ ਰਹੇ। ਗੁਰਮਤਿ ਸੰਗੀਤ ਜਗਤ ਵਿਚ ਆਪ ਦਾ ਇਕ ਵਿਸ਼ੇਸ਼ ਰੁਤਬਾ ਤੇ ਨਾਮ ਹੈ। 1983 ਵਿਚ ਦਸੰਬਰ ਮਹੀਨੇ ਵਿਚ ਆਪ ਨੇ ਇਕ ਗੁਰ ਅਸਥਾਨ ਤੇ ਕੀਰਤਨ ਕਰਦਿਆਂ ਸਭਨਾਂ ਨੂੰ ਆਪਣੀ ਫ਼ਤਿਹ ਬੁਲਾਈ ਤੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ।[90] ਮਸਤੂਆਣਾ ਟਕਸਾਲ ਦੇ ਚੌਥੇ **ਉਸਤਾਦ ਭਾਈ ਲਾਲ ਸਿੰਘ ਧਨੌਲਾ** ਨੇ ਦਸਵੀਂ ਕਲਾਸ ਤੋਂ ਬਾਅਦ ਮਸਤੂਆਣਾ ਸਾਹਿਬ ਵਿਖੇ ਉਸਤਾਦ ਜਸਵੰਤ ਸਿੰਘ ਤੋਂ ਗੁਰਮਤਿ ਸੰਗੀਤ ਦੀ ਸਿਖਲਾਈ ਪ੍ਰਾਪਤ ਕੀਤੀ।[91] ਆਪ ਤਹਿ ਤੋਂ ਹੀ ਇਕ ਉੱਤਮ ਸੰਗੀਤਕਾਰ ਬਣਨਾ ਚਾਹੁੰਦੇ ਸਨ। ਇਸ ਲਈ ਆਪ ਕਈ ਕਈ ਘੰਟੇ ਰਿਆਜ਼ ਕਰਦੇ ਰਹਿੰਦੇ, ਉਸਤਾਦ ਜਸਵੰਤ ਸਿੰਘ ਤੋਂ ਇਲਾਵਾ ਆਪ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਸਾਹਿਬ ਵਿਖੇ ਦੋ ਸਾਲ ਰਹੇ ਤੇ ਉਸਤਾਦ ਪ੍ਰੋ. ਅਵਤਾਰ ਸਿੰਘ ਨਾਜ਼ ਤੋਂ ਵੀ ਗੁਰਮਤਿ ਸੰਗੀਤ ਦੀ ਸਿਖਲਾਈ ਪ੍ਰਾਪਤ ਕੀਤੀ। ਆਪ 1982-83 ਤੋਂ ਲੈ ਕੇ 2000 ਤਕ ਲੰਮਾ ਸਮਾਂ ਗੁਰਦੁਆਰਾ ਅੰਗੀਠਾ ਸਾਹਿਬ ਮਸਤੂਆਣਾ ਵਿਖੇ ਵਿਦਿਆਰਥੀਆਂ ਨੂੰ ਕੀਰਤਨ ਦੀ ਸਿਖਲਾਈ ਦਿੰਦੇ ਰਹੇ। ਮਸਤੂਆਣਾ ਸਾਹਿਬ

ਵਿਖੇ ਆਪ ਕੋਲ ਪੰਜਾਬ ਤੋਂ ਇਲਾਵਾ ਪਟਨਾ ਸਾਹਿਬ, ਗੰਗਾਨਗਰ, ਯੂ.ਪੀ. ਅਤੇ ਦਿੱਲੀ ਤੋਂ ਵੀ ਵਿਦਿਆਰਥੀ ਗੁਰਮਤਿ ਸੰਗੀਤ ਦੀ ਸਿਖਲਾਈ ਲੈਣ ਲਈ ਆਉਂਦੇ ਸਨ। ਸੰਨ 2000 ਪਿੱਛੋਂ ਰਾਗੀ ਲਾਲ ਸਿੰਘ, ਸੰਤ ਬਾਬਾ ਭਗਵਾਨ ਸਿੰਘ ਦੇ ਕਹਿਣ ਤੇ ਗੁਰਦੁਆਰਾ ਮਾਤਾ ਭੋਲੀ ਸਾਹਿਬ ਮਸਤੂਆਣਾ ਸਾਹਿਬ ਵਿਖੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਰਹੇ ਹਨ।[92] ਮਸਤੂਆਣਾ ਵਿਖੇ **ਉਸਤਾਦ ਭਾਈ ਅਵਤਾਰ ਸਿੰਘ ਹੰਸ** 2000 ਤੋਂ ਬਾਅਦ ਗੁਰਦੁਆਰਾ ਅੰਗੀਠਾ ਸਾਹਿਬ ਮਸਤੂਆਣਾ ਵਿਖੇ ਸੰਤ ਬਾਬਾ ਭਗਵਾਨ ਸਿੰਘ ਦੇ ਕਹਿਣ ਤੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਰਹੇ ਹਨ।[93] ਆਪ ਭਾਈ ਮੁਖ਼ਤਿਆਰ ਸਿੰਘ ਮੁਖੀ (ਨਾਭਾ) ਦੇ ਸ਼ਾਗਿਰਦ ਸਨ, ਆਪ ਨੇ ਕੁਝ ਸਮਾਂ ਉਸਤਾਦ ਜਸਵੰਤ ਸਿੰਘ ਤੋਂ ਵੀ ਸੰਗੀਤ ਦੀ ਸਿਖਲਾਈ ਪ੍ਰਾਪਤ ਕੀਤੀ ਹੈ। ਆਪ ਨੇ ਉਸਤਾਦ ਜਸਵੰਤ ਸਿੰਘ ਦੀ ਜੀਵਨੀ ਲਿਖਣ ਦਾ ਅਮੁੱਲ ਕਾਰਜ ਵੀ ਕੀਤਾ ਹੈ। ਇਹ ਜੀਵਨੀ ਡਾ. ਜਗੀਰ ਸਿੰਘ ਦੁਆਰਾ ਕੱਢੇ ਜਾ ਰਹੇ 'ਅੰਮ੍ਰਿਤ ਕੀਰਤਨ' ਮੈਗਜ਼ੀਨ ਵਿਚ ਛਪ ਚੁੱਕੀ ਹੈ। ਆਪ 2000 ਈਸਵੀ ਤੋਂ ਵਰਤਮਾਨ ਸਮੇਂ ਤਕ ਮਸਤੂਆਣਾ ਵਿਖੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਰਹੇ ਹਨ।

ਸੰਤਾਂ ਮਹਾਂਪੁਰਸ਼ਾਂ ਰਾਹੀਂ ਵਰੋਸਾਈ ਮਸਤੂਆਣਾ ਟਕਸਾਲ ਦਾ ਆਰੰਭ ਸੰਤ ਬਾਬਾ ਅਤਰ ਸਿੰਘ ਦੁਆਰਾ ਹੋਇਆ ਜਿਨ੍ਹਾਂ ਨੇ ਅਧਿਆਤਮਿਕਤਾ ਦੇ ਨਾਲ-ਨਾਲ ਸਮਾਜਿਕ ਵਿੱਦਿਆ ਦੇ ਪ੍ਰਤੀ ਸੁਚੇਤ ਹੋਕੇ ਪ੍ਰਿ: ਤੇਜਾ ਸਿੰਘ ਦੇ ਸਹਿਯੋਗ ਨਾਲ ਕਈ ਵਿੱਦਿਅਕ ਸੰਸਥਾਵਾਂ ਤੇ ਗੁਰਮਤਿ ਸੰਗੀਤ ਦੇ ਅਦਾਰੇ ਖੋਲੇ ਸਨ। ਸਿੱਖ ਧਰਮ ਦੀ ਵਰੋਸਾਈ ਗੁਰਮਤਿ ਸੰਗੀਤ ਪਰੰਪਰਾ ਦੀ ਸਿਖਲਾਈ ਯੋਗ ਅਧਿਆਪਕਾਂ ਤੇ ਉਸਤਾਦਾਂ ਤੋਂ ਕਰਵਾ ਕੇ ਗੁਰਮਤਿ ਸੰਗੀਤ ਪਰੰਪਰਾ ਦੇ ਅੰਤਰਗਤ ਨਿਰਧਾਰਿਤ ਰਾਗਾਂ, ਤੰਤੀ ਸਾਜਾਂ ਅਤੇ ਗਾਇਨ ਸ਼ੈਲੀਆਂ ਦੁਆਰਾ ਵਿਦਿਆਰਥੀਆਂ ਤੇ ਕੀਰਤਨਕਾਰਾਂ ਨੂੰ ਗੁਰਮਤਿ ਸੰਗੀਤ ਦੀ ਉੱਚ ਪੱਧਰੀ ਸਿਖਲਾਈ ਦਾ ਪ੍ਰਬੰਧ ਕੀਤਾ। ਇਸ ਟਕਸਾਲ ਦੀ ਜ਼ਿਆਦਾ ਪ੍ਰਸਿੱਧਤਾ ਰਾਗੀ ਜਸਵੰਤ ਸਿੰਘ ਤੀਬਰ ਦੇ ਯੋਗਦਾਨ ਨਾਲ ਹੋਈ, ਜਿਨ੍ਹਾਂ ਨੂੰ ਸੰਤ ਤੇਜਾ ਸਿੰਘ ਨੇ ਸੰਤ ਅਤਰ ਸਿੰਘ ਦੇ ਜਨਮ ਅਸਥਾਨ ਨਾਨਕਸਰ ਚੀਮਾ ਵਿਖੇ 1959 ਤੋਂ 1961 ਈ: ਤੱਕ ਕੀਰਤਨ ਸੇਵਾ ਕਰਨ ਦਾ ਅਵਸਰ ਦਿੱਤਾ। ਉਪਰੰਤ ਸੰਤ ਬਾਬਾ ਕਿਸ਼ਨ ਸਿੰਘ ਅਤੇ ਸੰਤ ਨਾਹਰ ਸਿੰਘ ਦੇ ਸਮੇਂ 1962 ਤੋਂ 1964 ਈ:, 1967-1968 ਅਤੇ ਫਿਰ 1973 ਤੋਂ 1976 ਈ: ਤੱਕ ਮਸਤੂਆਣਾ ਵਿਖੇ ਗੁਰਮਤਿ ਸੰਗੀਤ ਦੀ ਸਿੱਖਿਆ ਦਿੰਦੇ ਰਹੇ। ਆਪ ਦੇ ਚਾਰ ਸ਼ਾਗਿਰਦ

ਭਾਈ ਕਰਮ ਸਿੰਘ ਨਿਹੰਗ ਅਤੇ ਭਾਈ ਜਰਨੈਲ ਸਿੰਘ ਲੌਂਗੋਵਾਲ ਗੁਰਦੁਆਰਾ ਬੁੰਗਾ ਮਸਤੂਆਣਾ (ਦਮਦਮਾ ਸਾਹਿਬ), ਉਸਤਾਦ ਸੁਰਜੀਤ ਸਿੰਘ ਨਾਨਕਸਰ ਚੀਮਾ ਵਿਖੇ ਅਤੇ ਭਾਈ ਲਾਲ ਸਿੰਘ ਧਨੌਲਾ (ਉਸਤਾਦ) ਮਸਤੂਆਣਾ ਸਾਹਿਬ ਵਿਖੇ ਕੀਰਤਨ ਸਿਖਲਾਈ ਦੀ ਸੇਵਾ ਕਰਕੇ ਦੋਵੇਂ ਸੰਗੀਤ ਉਸਤਾਦ ਵਜੋਂ ਪ੍ਰਸਿੱਧ ਹੋਏ। ਮਸਤੂਆਣਾ ਸਾਹਿਬ ਵਿਖੇ ਰਾਗੀ ਜਸਵੰਤ ਸਿੰਘ ਤੀਬਰ ਪਾਸੋਂ ਰਾਗੀ ਭਾਈ ਪ੍ਰੀਤਮ ਸਿੰਘ ਸਾਰੋਂ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਪ੍ਰੋ: ਭਾਗ ਸਿੰਘ ਦੇਹਰਾਦੂਨ,ਭਾਈ ਜਰਨੈਲ ਸਿੰਘ ਲੌਂਗੋਵਾਲ, ਭਾਈ ਨਿਰੰਜਣ ਸਿੰਘ ਜਵੱਦੀ ਕਲਾਂ, ਭਾਈ ਜੀਤ ਸਿੰਘ, ਰਾਗੀ ਮੁਖ਼ਤਿਆਰ ਸਿੰਘ, ਭਾਈ ਕੁਲਤਾਰ ਸਿੰਘ ਚੰਡੀਗੜ੍ਹ, ਪ੍ਰੋ. ਕਰਮ ਸਿੰਘ ਰਸੀਆ, ਭਾਈ ਪਿਆਰਾ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਨਾਨਕਿਆਣਾ ਸਾਹਿਬ, ਭਾਈ ਜਗਤ ਸਿੰਘ ਧੂਰੀ, ਮਾਸਟਰ ਹਰਮਿੰਦਰ ਸਿੰਘ ਧੂਰੀ, ਸ: ਮਨਜੀਤ ਸਿੰਘ ਧਨੌਲਾ, ਭਾਈ ਜਗੀਰ ਸਿੰਘ ਸ਼ਾਂਤ, ਆਦਿ ਹੋਰ ਬਹੁਤ ਸਾਰੇ ਵਿਦਿਆਰਥੀਆਂ ਨੇ ਕੀਰਤਨ ਸਿੱਖਿਆ ਪ੍ਰਾਪਤ ਕੀਤੀ। ਇਨ੍ਹਾਂ ਤੋਂ ਇਲਾਵਾ ਰਾਗੀ ਸੰਤੋਖ ਸਿੰਘ, ਭਾਈ ਅਮਰੀਕ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਭਾਈ ਕੁਲਵੰਤ ਸਿੰਘ ਆਦਿ ਵੀ ਆਪ ਦੇ ਪ੍ਰਸਿੱਧ ਸ਼ਾਗਿਰਦ ਸਨ। ਇਸ ਟਕਸਾਲ ਨਾਲ ਸਬੰਧਿਤ ਕੀਰਤਨੀਏ ਤੇ ਅਧਿਆਪਕ ਮਹੰਤ ਸੁਰਜੀਤ ਸਿੰਘ, ਭਾਈ ਦਿਆਲ ਸਿੰਘ, ਭਾਈ ਮੁਖ਼ਤਿਆਰ ਸਿੰਘ, ਭਾਈ ਪਿਆਰਾ ਸਿੰਘ, ਭਾਈ ਅਵਤਾਰ ਸਿੰਘ ਹੰਸ, ਰਾਗੀ ਜਰਨੈਲ ਸਿੰਘ ਲੌਂਗੋਵਾਲ, ਭਾਈ ਗੁਰਜੰਟ ਸਿੰਘ ਰਾਹੀ, ਸ. ਕਰਮ ਸਿੰਘ ਰਸੀਆ, ਰਾਗੀ ਲਾਲ ਸਿੰਘ, ਭਾਈ ਦਰਸ਼ਨ ਸਿੰਘ, ਸ. ਗੁਰਜਿੰਦਰ ਸਿੰਘ ਰਸੀਆ ਇਸ ਟਕਸਾਲ ਦਾ ਪ੍ਰਚਾਰ ਪ੍ਰਸਾਰ ਕਰ ਰਹੇ ਹਨ।[94] ਮਸਤੂਆਣਾ ਟਕਸਾਲ ਦੀਆਂ ਸ਼ਬਦ ਕੀਰਤਨ ਰਚਨਾਵਾਂ ਭਾਈ ਦਿਆਲ ਸਿੰਘ ਤੋਂ ਪ੍ਰਾਪਤ ਕਰਕੇ ਡਾ.ਜਬਰਜੰਗ ਸਿੰਘ ਦੁਆਰਾ ਪ੍ਰਕਾਸ਼ਿਤ ਕੀਤੀਆਂ ਜਾ ਚੁੱਕੀਆਂ ਹਨ। ਗੁਰਮਤਿ ਸੰਗੀਤ ਵਿਭਾਗ ਅਤੇ ਗੁਰਮਤਿ ਸੰਗੀਤ ਚੇਅਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਹਿਯੋਗ ਨਾਲ 26 ਸਤੰਬਰ 2011 ਨੂੰ ਵਿਸ਼ੇਸ਼ ਗੁਰਮਤਿ ਸੰਗੀਤ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿਚ ਮਸਤੂਆਣਾ ਟਕਸਾਲ ਦੀਆਂ ਸ਼ਬਦ ਕੀਰਤਨ ਰਚਨਾਵਾਂ ਪੁਸਤਕ ਨੂੰ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਅਤੇ ਡਾ. ਗੁਰਨਾਮ ਸਿੰਘ ਦੁਆਰਾ ਸੰਗਤਾਂ ਦੇ ਸਨਮੁੱਖ ਜਾਰੀ ਕੀਤਾ ਗਿਆ। ਅਸੀਂ ਉਮੀਦ ਕਰਦੇ ਹਾਂ ਕਿ ਅਲੋਪ ਹੋ ਰਹੀਆਂ ਗੁਰਮਤਿ ਸੰਗੀਤ ਦੀਆਂ ਟਕਸਾਲਾਂ ਦੀ ਪੁਨਰ ਸੁਰਜੀਤੀ ਦੇ ਯਤਨਾਂ ਵਿਚ ਇਹ ਕਾਰਜ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

**1.7 ਹਰਗੁਨਾ ਟਕਸਾਲ** : ਦਸਮ ਪਾਤਿਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਪਾਵਨ ਧਰਤੀ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਤੋਂ ਲਗਭਗ 16 ਕਿੱਲੋਮੀਟਰ ਦੂਰ ਪਿੰਡ ਹਰਗੁਨਾ ਨੂੰ ਗੁਰਮਤਿ ਸੰਗੀਤ ਦੇ ਇਤਿਹਾਸਕ ਵਿਕਾਸ ਵਿਚ ਯੋਗਦਾਨ ਪਾਉਣ ਲਈ ਵਿਸ਼ੇਸ਼ ਸਥਾਨ ਪ੍ਰਾਪਤ ਹੈ।[95]

*ਹਰਗੁਨਾ ਪਿੰਡ ਦੀ ਸਥਾਪਨਾ* : ਪੰਜਾਬ ਦੇ ਪੁਰਾਤਨ ਪਿੰਡ ਵਿਚ ਹਰਗੁਨਾ ਆਪਣਾ ਵਿਸ਼ੇ ਸਥਾਨ ਰੱਖਦਾ ਹੈ। ਇਤਿਹਾਸਕਾਰਾਂ ਅਨੁਸਾਰ ਇਸ ਪਿੰਡ ਦੀ ਸਥਾਪਨਾ 12ਵੀਂ ਸਦੀ ਵਿਚ ਹਰਗੁ ਅਤੇ ਧਰਗੁ ਦੋ ਭਰਾਵਾਂ ਵੱਲੋਂ ਕੀਤੀ ਗਈ। ਹਰਗੁ ਨੇ ਹੀ ਹਰਗੁਨਾ ਪਿੰਡ ਨੂੰ ਵਸਾਇਆ ਸੀ, ਜਿਸ ਕਾਰਨ ਇਸ ਪਿੰਡ ਦਾ ਨਾਮ ਹਰਗੁਨਾ ਰੱਖਿਆ ਗਿਆ। ਉਸ ਸਮੇਂ ਸਰਹਿੰਦ ਦੇ ਸ਼ਾਸਕ ਜੈਪਾਲ ਅਤੇ ਅਲੰਗਪਾਲ ਸਨ ਜਿਹੜੇ ਸ਼ਾਹੀ ਗੋਤ ਨਾਲ ਹੀ ਸਬੰਧ ਰੱਖਦੇ ਸਨ। ਇਨ੍ਹਾਂ ਦਾ ਜ਼ਿਕਰ (ਰਾਜ ਤਰਗੰਣੀ) ਸੰਸਕ੍ਰਿਤ ਦੇ ਗ੍ਰੰਥ ਵਿਚ ਵੀ ਮਿਲਦਾ ਹੈ।

***ਪਿੰਡ ਵਿਚ ਟਕਸਾਲ ਦੀ ਸਥਾਪਨਾ :*** ਪਿੰਡ ਦੇ ਬਜ਼ੁਰਗਾਂ ਅਤੇ ਇਤਿਹਾਸਕਾਰਾਂ ਅਨੁਸਾਰ ਹਰਗੁਨਾ ਪਿੰਡ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਹੈ, ਜਿਸ ਦਾ ਜ਼ਿਕਰ ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਵੀ ਕੀਤਾ ਹੈ।[96] ਉਨ੍ਹਾਂ ਅਨੁਸਾਰ 1704 ਈਸਵੀ ਦੇ ਲਗਭਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਪਿੰਡ ਵਿਚ ਆਏ। ਸੀਨਾ-ਬ-ਸੀਨਾ ਚਲੀ ਆ ਰਹੀ ਪਰੰਪਰਾ ਅਨੁਸਾਰ ਪਿੰਡ ਦੇ ਬਜ਼ੁਰਗ ਬਾਬਾ ਇੰਦਰ ਸਿੰਘ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਆਪਣੀ ਜ਼ਮੀਨ ਵਿਚ ਹੀ ਗੁਰੂ ਸਾਹਿਬ ਦੇ ਨਾਮ ਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਸ਼ੁਰੂ ਕਰਵਾ ਦਿੱਤੀ। ਬਾਬਾ ਇੰਦਰ ਸਿੰਘ ਦੇ ਕਹਿਣ ਤੇ ਭਾਈ ਸੰਪੂਰਣ ਸਿੰਘ ਨੇ ਪਿੰਡ ਦੇ ਹੋਣਹਾਰ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਅਤੇ ਗੁਰਬਾਣੀ ਸੰਥਿਆ ਦੀ ਸਿਖਲਾਈ ਦੇਣੀ ਆਰੰਭ ਕਰ ਦਿੱਤੀ। ਜਿਸ ਨਾਲ ਹਰਗੁਨਾ ਟਕਸਾਲ ਦੇ ਪਹਿਲੇ **ਉਸਤਾਦ ਭਾਈ ਸੰਪੂਰਨ ਸਿੰਘ** ਬਣ ਗਏ। ਆਪ ਨੇ ਤਲਵੰਡੀ ਘਰਾਣੇ ਦੇ ਉਸਤਾਦ ਭਾਈ ਉੱਤਮ ਸਿੰਘ ਤੋਂ ਸਿੱਖਿਆ ਪ੍ਰਾਪਤ ਕੀਤੀ।[97] ਇਨ੍ਹਾਂ ਕੋਲ ਤਲਵੰਡੀ ਘਰਾਣੇ ਦਾ ਧਰੁਪਦ ਅਤੇ ਦਿੱਲੀ ਘਰਾਣੇ ਦੇ ਉਸਤਾਦ ਤਾਨਰਸ ਖਾਂ ਦੀ ਤਾਲੀਮ ਦਾ ਬੇਮਿਸਾਲ ਖ਼ਜ਼ਾਨਾ ਮੌਜੂਦ ਸੀ। ਇਸ ਤੋਂ ਇਲਾਵਾ ਆਪ ਕੋਲ ਗੁਰਮਤਿ ਸੰਗੀਤ ਦੀ ਸੀਨਾ-ਬ-ਸੀਨਾ ਰਚਨਾਵਾਂ ਦਾ ਭੰਡਾਰ ਵੀ ਮੌਜੂਦ ਸੀ। ਹਰਗੁਨਾ ਵਿਖੇ ਉਸਤਾਦ ਸੰਪੂਰਨ ਸਿੰਘ ਨੇ ਇਸ ਇਲਾਕੇ ਦੇ ਹੋਣਹਾਰ ਪੇਂਡੂ ਗ਼ਰੀਬ ਵਿਦਿਆਰਥੀਆਂ ਨੂੰ ਆਪ ਕੋਲ ਰੱਖ ਕੇ ਗੁਰਬਾਣੀ, ਗੁਰਮਤਿ ਸੰਗੀਤ, ਸ਼ਾਸਤਰੀ

ਗਾਇਨ, ਤੰਤੀ ਸਾਜ਼, ਤਬਲਾ ਅਤੇ ਜੋੜੀ ਵਾਦਨ ਦੀ ਸਿੱਖਿਆ ਦਿੱਤੀ।[98] ਆਪ ਦੇ ਅਨੇਕਾਂ ਸ਼ਾਗਿਰਦਾਂ ਵਿਚੋਂ ਤਿੰਨ ਸ਼ਾਗਿਰਦ ਵਧੇਰੇ ਪ੍ਰਸਿੱਧ ਹੋਏ। ਜਿਨ੍ਹਾਂ ਵਿਚ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ, ਉਸਤਾਦ ਜਸਵੰਤ ਸਿੰਘ ਭੰਵਰਾ ਅਤੇ ਉਸਤਾਦ ਸਾਗਰ ਮਸਤਾਨਾ ਵਿਸ਼ੇਸ਼ ਹਨ।[99] ਇਨ੍ਹਾਂ ਤਿੰਨੇ ਸੰਗੀਤਕਾਰਾਂ ਨੇ ਆਪਣੀ ਸਾਧਨਾ ਦੁਆਰਾ ਸੰਗੀਤ ਜਗਤ ਨੂੰ ਇਕ ਵਿਸ਼ਾਲ ਸ਼ਿਸ਼ ਮੰਡਲ ਦੇ ਕੇ ਹਰਗੁਨਾ ਟਕਸਾਲ ਨੂੰ ਸਦਾ ਲਈ ਅਮਰ ਕਰ ਦਿੱਤਾ।

**ਪ੍ਰੋ. ਤਾਰਾ ਸਿੰਘ** ਹਰਗੁਨਾ ਟਕਸਾਲ ਦੇ ਪ੍ਰਸਿੱਧ ਸੰਗੀਤਾਚਾਰੀਆ ਵਿਚੋਂ ਪ੍ਰਮੁੱਖ ਹਨ। ਇਨ੍ਹਾਂ ਨੇ ਸ਼ਾਸਤਰੀ ਗਾਇਨ ਸ਼ੈਲੀਆਂ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਨਿਰਧਾਰਿਤ ਰਾਗਾਂ ਵਿਚ ਸੁਰ ਲਿਪੀਬੱਧ ਕਰਕੇ ਸੰਗੀਤ ਦੇ ਵਿਦਿਆਰਥੀਆਂ ਨੂੰ ਅਨੇਕਾਂ ਬੰਦਿਸ਼ਾਂ ਦਾ ਖਜ਼ਾਨਾ ਸੌਂਪਿਆ। ਆਪ ਦੇ ਪਿਤਾ ਜੀ ਨੂੰ ਲੋਕ ਗਾਥਾਵਾਂ, ਵਾਰਾਂ ਅਤੇ ਕਿੱਸੇ ਆਦਿ ਗਾਉਣ ਵਿਚ ਵਿਸ਼ੇਸ਼ ਮੁਹਾਰਤ ਰੱਖਦੇ ਸਨ। ਆਪ ਨੇ ਸੰਗੀਤ ਦੀ ਵਿਧੀ ਪੂਰਵਕ ਸਿਖਲਾਈ ਪਿੰਡ ਹਰਗੁਨਾ ਦੇ ਸੰਗੀਤ ਵਿਦਿਆਲੇ ਵਿਚ ਭਾਈ ਸੰਪੂਰਨ ਸਿੰਘ ਤੋਂ ਹਾਸਿਲ ਕੀਤੀ। ਤਬਲਾ ਸਿੱਖਣ ਤੋਂ ਬਾਅਦ ਆਪ ਨੂੰ 1935 ਈਸਵੀ ਵਿਚ ਭਾਈ ਸੰਪੂਰਨ ਸਿੰਘ ਨਾਲ ਬਰਮਾ ਜਾਣ ਦਾ ਮੌਕਾ ਮਿਲਿਆ। ਜਿੱਥੇ ਆਪ ਨੇ ਪੰਡਿਤ ਵਿਸ਼ਨੂੰ ਦਿਗੰਬਰ ਪਲੁਸਕਰ ਦੇ ਸ਼ਾਗਿਰਦ ਚਿੰਤਾਮਣੀ ਪਾਸੋਂ ਸ਼ਾਸਤਰੀ ਸੰਗੀਤ ਗਾਇਨ ਅਤੇ ਵਾਦਨ ਦੀ ਤਾਲੀਮ ਪ੍ਰਾਪਤ ਕੀਤੀ। ਆਪਣੀ ਵਿੱਦਿਅਕ ਯੋਗਤਾ ਪੂਰੀ ਕਰਨ ਤੋਂ ਬਾਅਦ ਆਪ 1954 ਤੋਂ ਬਹੁਤ ਸਮਾਂ ਸਰਕਾਰੀ ਕਾਲਜ ਵੂਮੈਨ, ਪਟਿਆਲਾ ਵਿਖੇ ਸੰਗੀਤ ਵਿਭਾਗ ਦੇ ਮੁਖੀ ਰਹੇ।[100] ਸੰਗੀਤ ਸਬੰਧੀ ਪੰਜਾਬੀ ਭਾਸ਼ਾ ਵਿਚ ਪੁਸਤਕਾਂ ਦਾ ਲੇਖਣ ਕਾਰਜ ਆਪ ਦੁਆਰਾ ਹੀ ਆਰੰਭ ਕੀਤਾ ਗਿਆ। ਸੰਗੀਤ ਵਿਸ਼ੇ ਦੇ ਅਨੇਕਾਂ ਹੀ ਅਧਿਆਪਕ ਆਪ ਤੋਂ ਸੰਗੀਤ ਦੀ ਵਿੱਦਿਆ ਪ੍ਰਾਪਤ ਕਰਕੇ ਇਸ ਵਿਸ਼ੇ ਦੇ ਪ੍ਰਚਾਰ ਪ੍ਰਸਾਰ ਵਿਚ ਯੋਗਦਾਨ ਪਾ ਰਹੇ ਹਨ। ਆਪ ਦਾ ਸਭ ਤੋਂ ਵੱਡਾ ਯੋਗਦਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਸਬੰਧੀ ਖੋਜ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਨਿਰਧਾਰਿਤ ਰਾਗਾਂ ਅਨੁਸਾਰ ਸੁਰ ਲਿਪੀਬੱਧ ਕਰਨਾ ਹੈ। ਆਪ ਨੇ *ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ* ਤੋਂ ਬਿਨਾਂ ਲਗਭਗ ਸਾਰੇ ਗੁਰੂ ਸਾਹਿਬਾਨਾਂ ਅਤੇ ਭਗਤਾਂ ਦੀ ਬਾਣੀ ਨੂੰ ਅਲੱਗ-ਅਲੱਗ ਪੁਸਤਕਾਂ ਦੇ ਰੂਪ ਵਿਚ ਸੁਰ ਲਿਪੀਬੱਧ ਕੀਤਾ ਹੈ।[101] ਪੰਜਾਬ ਵਿਚ ਅਕਾਦਮਿਕ ਰੂਪ ਵਿਚ ਸੰਗੀਤ ਵਿਸ਼ੇ ਨੂੰ ਸਥਾਪਤ ਕਰਨ ਅਤੇ ਗੁਰਮਤਿ ਸੰਗੀਤ ਨੂੰ ਇਕ ਵੱਖਰੀ ਪਰੰਪਰਾ ਵਜੋਂ ਪਛਾਣਨ ਲਈ ਸਿਧਾਂਤਕ ਤੇ ਵਿਵਹਾਰਿਕ ਰੂਪ ਵਿਚ ਸਥਾਪਤ ਕਰਨ ਵਿਚ

ਆਪ ਦਾ ਬਹੁਤ ਵੱਡਾ ਯੋਗਦਾਨ ਹੈ। ਆਪ ਤੋਂ ਸੰਗੀਤ ਦੀ ਵਿੱਦਿਆ ਪ੍ਰਾਪਤ ਕਰਕੇ ਕਈ ਸ਼ਾਗਿਰਦ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਵਡਮੁੱਲਾ ਯੋਗਦਾਨ ਪਾ ਰਹੇ ਹਨ ਜਿਨ੍ਹਾਂ ਵਿਚ ਡਾ. ਗੁਰਨਾਮ ਸਿੰਘ, ਡਾ. ਬਚਿੱਤਰ ਸਿੰਘ, ਡਾ. ਨਿਵੇਦਿਤਾ ਸਿੰਘ, ਡਾ. ਅਲੰਕਾਰ ਸਿੰਘ ਅਤੇ ਡਾ. ਜਬਰਜੰਗ ਸਿੰਘ ਆਦਿ ਸ਼ਾਮਿਲ ਹਨ।[102]

ਹਰਗੁਨਾ ਟਕਸਾਲ ਦੇ ਪ੍ਰਸਿੱਧ ਸੰਗੀਤਕਾਰਾਂ ਵਿਚੋਂ **ਉਸਤਾਦ ਸਾਗਰ ਮਸਤਾਨਾ** ਵੀ ਵਿਸ਼ੇਸ਼ ਹਨ।[103] ਆਪ ਦਾ ਜਨਮ ਮੀਰ ਆਲਮ ਘਰਾਣੇ ਵਿਚ ਹੋਣ ਕਾਰਨ ਘਰ ਵਿਚ ਬਚਪਨ ਤੋਂ ਹੀ ਸੰਗੀਤਕ ਮਾਹੌਲ ਸੀ। ਆਪ ਦੇ ਪਿਤਾ ਰਲੇ ਖਾਂ ਇਕ ਸੁੰਗੜ ਸਾਰੰਗੀ ਵਾਦਕ ਸਨ। ਆਪ ਦੇ ਦਾਦਾ ਕਰੀਮ ਬਖ਼ਸ਼ ਮਹਾਰਾਜ ਪਟਿਆਲਾ ਦੇ ਦਰਬਾਰੀ ਗਾਇਕ ਸਨ। ਆਪ ਨੇ ਬਚਪਨ ਵਿਚ ਆਪਣੇ ਪਿਤਾ ਰਲੇ ਖਾਂ ਤੋਂ ਸੰਗੀਤ ਸਿੱਖਿਆ ਅਤੇ ਇਸ ਉਪਰੰਤ ਆਪ ਨੇ ਸੰਗੀਤ ਦੀ ਸਿੱਖਿਆ ਤਲਵੰਡੀ ਘਰਾਣੇ ਦੇ ਪ੍ਰਸਿੱਧ ਉਸਤਾਦ ਸੰਪੂਰਨ ਸਿੰਘ ਤੋਂ ਹਰਗਨਾ ਟਕਸਾਲ ਵਿਖੇ ਪ੍ਰਾਪਤ ਕੀਤੀ।[104] ਸਾਗਰ ਮਸਤਾਨਾ ਜੀ ਇਕ ਪ੍ਰਸਿੱਧ ਸੰਗੀਤਕਾਰ ਹੋਣ ਦੇ ਨਾਲ ਨਾਲ ਉੱਚ ਕੋਟੀ ਦੇ ਤਬਲਾ ਵਾਦਕ ਵੀ ਸਨ। ਆਪ ਨੇ ਇਕ ਵਿਲੱਖਣ ਢੰਗ ਨਾਲ ਤਬਲਾ ਵਾਦਕ ਵਿਚ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਆਪ ਸਿਆਹੀ ਵਾਲੇ ਤਬਲੇ ਉੱਪਰ ਵਾਦਨ ਨਹੀਂ ਕਰਦੇ ਸਨ। ਆਪ ਹਮੇਸ਼ਾ ਤਬਲੇ ਉੱਪਰ ਆਟਾ ਲਗਾ ਕੇ ਵਜਾਉਂਦੇ ਸਨ। ਆਪ ਦਾਂਏ ਪੁੜੇ ਨੂੰ ਇਕ ਬਾਂਸ ਦੀ ਛਟੀ ਨਾਲ ਜਿਸ ਨੂੰ ਚਾਂਟੀ ਕਿਹਾ ਜਾਂਦਾ ਸੀ ਨਾਲ ਵਜਾਉਂਦੇ ਸਨ। ਆਪ ਨੇ ਆਪਣੇ ਸਮੇਂ ਦੇ ਪ੍ਰਸਿੱਧ ਕੀਰਤਨਕਾਰ ਭਾਈ ਗੁਰਮੁਖ ਸਿੰਘ ਫੱਕਰ, ਸੁਰਮੁੱਖ ਸਿੰਘ ਫੱਕਰ, ਭਾਈ ਮਹਿੰਦਰ ਸਿੰਘ, ਭਾਈ ਜੱਸਾ ਸਿੰਘ, ਭਾਈ ਪਾਲ ਸਿੰਘ, ਭਾਈ ਮੋਹਣ ਪਾਲ, ਭਾਈ ਪ੍ਰਿਥੀਪਾਲ ਅਤੇ ਉਸਤਾਦ ਜਸਵੰਤ ਸਿੰਘ ਭੰਵਰਾ ਨਾਲ ਤਬਲੇ ਦੀ ਸੰਗਤ ਕਰਦੇ ਰਹੇ। ਆਪ ਤੋਂ ਸੰਗੀਤਕ ਦੀ ਬਰੀਕੀਆਂ ਸਿੱਖ ਕੇ ਬਹੁਤ ਸਾਰੇ ਸ਼ਾਗਿਰਦ ਸੰਗੀਤ ਜਗਤ ਵਿਚ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਹਨ, ਜਿਨ੍ਹਾਂ ਵਿਚ ਪ੍ਰਮੁੱਖ ਨਾ ਇਸ ਤਰ੍ਹਾਂ ਹਨ - ਰਾਜਿੰਦਰ ਸਿੰਘ ਰਾਜ ਕੈਨੇਡਾ, ਪ੍ਰਸਿੱਧ ਢਾਡੀ ਨਾਹਰ ਸਿੰਘ ਪੰਛੀ, ਢਾਡੀ ਧਰਮ ਸਿੰਘ ਸੇਖੋਂ, ਰਾਗੀ ਗੁਰਦਿਆਲ ਸਿੰਘ, ਸੁਖਦੇਵ ਸਿੰਘ ਆਦਿ।[105] ਆਪ ਦੇ ਸ਼ਿਸ਼ਾਂ ਤੋਂ ਬਿਨਾਂ ਆਪ ਦੇ ਤਿੰਨੋਂ ਸਪੁੱਤਰਾਂ ਸਵ. ਸ੍ਰੀ ਗਮਦੂਰ ਅਲੀ, ਭਰਪੂਰ ਅਲੀ ਅਤੇ ਸਰਦੂਲ ਸਿਕੰਦਰ ਨੇ ਸੰਗੀਤਕ ਦੁਨੀਆਂ ਵਿਚ ਬਹੁਤ ਹੀ ਪ੍ਰਸਿੱਧੀ ਹਾਸਿਲ ਕੀਤੀ।[106] ਆਪ 22 ਜੂਨ 1976 ਈਸਵੀ ਨੂੰ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਈ।

ਹਰਗੁਨਾ ਟਕਸਾਲ ਦੇ ਪ੍ਰਸਿੱਧ ਸੰਗੀਤਕਾਰਾਂ ਵਿਚੋਂ **ਉਸਤਾਦ ਜਸਵੰਤ ਸਿੰਘ ਭੰਵਰਾ** ਵਿਸ਼ੇਸ਼ ਮਹੱਤਵਪੂਰਨ ਹਨ।[107] ਆਪ ਦੇ ਪਿਤਾ ਗਿਆਨੀ ਨਰਾਇਣ ਸਿੰਘ ਦੀ ਤੀਬਰ ਇੱਛਾ ਸੀ ਕਿ ਇਹ ਗੁਰੂ ਘਰ ਦਾ ਮਹਾਨ ਕੀਰਤਨਕਾਰ ਬਣੇ। ਪਾਕਿਸਤਾਨ ਬਣਨ ਤੋਂ ਪਹਿਲਾ ਹੀ ਆਪ ਦਾ ਸਾਰਾ ਪਰਿਵਾਰ ਲੁਧਿਆਣੇ ਆ ਕੇ ਰਹਿਣ ਲੱਗ ਪਏ। ਇੱਥੇ ਆਪ ਦੀ ਮੁਲਾਕਾਤ ਭਾਈ ਸੰਪੂਰਨ ਸਿੰਘ ਨਾਲ ਹੋਈ। ਜੋ ਹਰਗੁਣਾ ਪਿੰਡ ਦੇ ਰਹਿਣ ਵਾਲੇ ਸਨ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਕਾਇਮ ਕੀਤੇ ਵਿਦਿਆਲੇ ਵਿਚ ਗੁਰਮਤਿ ਸੰਗੀਤ ਦੀ ਸਿਖਲਾਈ ਵਿਦਿਆਰਥੀਆਂ ਨੂੰ ਦਿਆ ਕਰਦੇ ਸਨ। ਭਾਈ ਸੰਪੂਰਨ ਸਿੰਘ ਗਿਆਨੀ ਨਰੈਣ ਸਿੰਘ ਦੇ ਪਰਮ ਮਿੱਤਰ ਸਨ ਜਿਸ ਕਾਰਨ ਆਪ ਨੂੰ ਭਾਈ ਸੰਪੂਰਨ ਸਿੰਘ ਦੀ ਸ਼ਾਗਿਰਦੀ ਵਿਚ ਚਮਕੌਰ ਸਾਹਿਬ ਵਿਖੇ ਗੁਰਮਤਿ ਸੰਗੀਤ ਦੀ ਸਿਖਲਾਈ ਲੈਣ ਲਈ ਭੇਜ ਦਿੱਤਾ। ਆਪ ਨੇ ਭਾਈ ਸੰਪੂਰਨ ਸਿੰਘ ਤੋਂ ਬਹੁਤ ਸਮਾਂ ਗੁਰਮਤਿ ਸੰਗੀਤ ਦੀ ਸਿਖਲਾਈ ਪ੍ਰਾਪਤ ਕੀਤੀ। ਆਪ ਅਕਸਰ ਹਰਿਵੱਲਭ ਸੰਗੀਤ ਸੰਮੇਲਨ ਸੁਣਨ ਲਈ ਜਲੰਧਰ ਜਾਇਆ ਕਰਦੇ ਸਨ। ਇੱਥੇ ਆਪ ਦੀ ਮੁਲਾਕਾਤ ਪੰਡਤ ਲਕਸ਼ਮਣ ਪ੍ਰਸਾਦਿ ਜੈਪੁਰ ਵਾਲਿਆਂ ਨਾਲ ਹੋਈ। ਆਪ ਇਨ੍ਹਾਂ ਦੀ ਗਾਇਕੀ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਪੰਡਿਤ ਜੀ ਦੇ ਨਾਲ ਦਿੱਲੀ ਚਲੇ ਗਏ। ਆਪ ਨੇ ਪੰਡਤ ਲਕਸ਼ਮਣ ਪ੍ਰਸ਼ਾਦ ਦੀ ਪ੍ਰਸਾਦਿ ਕਬੂਲ ਕਰ ਲਿੱਤੀ ਅਤੇ ਉਨ੍ਹਾਂ ਤੋਂ ਸ਼ਾਸਤਰੀ ਸੰਗੀਤ ਸਿੱਖਣਾ ਆਰੰਭ ਕਰ ਦਿੱਤਾ। ਦਿੱਲੀ ਰਹਿੰਦੇ ਹੋਏ ਆਪ ਨੇ ਸ਼ਾਸਤਰੀ ਸੰਗੀਤ ਦੀਆਂ ਬਾਰੀਕੀਆਂ ਦੇ ਨਾਲ-ਨਾਲ ਫ਼ਿਲਮੀ ਮਿਊਜ਼ਿਕ ਵੀ ਸਿੱਖਣਾ ਆਰੰਭ ਕਰ ਦਿੱਤਾ ਸੀ। ਪਿਤਾ ਦੀ ਮੌਤ ਤੋਂ ਬਾਦ ਆਪ ਨੂੰ ਘਰ ਵਾਪਸ ਆਉਣਾ ਪਿਆ ਅਤੇ ਛੋਟੇ ਭੈਣ-ਭਰਾਵਾਂ ਦੀ ਜ਼ਿੰਮੇਵਾਰੀ ਆਪ ਦੇ ਮੋਢਿਆਂ ਤੇ ਆ ਗਈ। ਲੁਧਿਆਣੇ ਵਿਚ ਰਹਿੰਦੇ ਹੋਏ ਆਪ ਦੀ ਮੁਲਾਕਾਤ ਬਾਬਾ ਸੁੱਚਾ ਸਿੰਘ ਜਵੱਦੀ ਟਕਸਾਲ ਵਾਲਿਆਂ ਨਾਲ ਹੋਈ। ਬਾਬਾ ਜੀ ਦੀ ਪ੍ਰੇਰਨਾ ਸਦਕਾ ਆਪ ਦੁਬਾਰਾ ਗੁਰਮਤਿ ਸੰਗੀਤ ਨਾਲ ਜੁੜ ਗਏ। ਉਸਤਾਦ ਜਸਵੰਤ ਸਿੰਘ ਨੇ ਜਿੱਥੇ ਪੰਜਾਬੀ ਸਭਿਆਚਾਰ ਦੀ ਰੱਜ ਕੇ ਸੇਵਾ ਕੀਤੀ ਉੱਥੇ ਨਾਲ ਹੀ ਉਨ੍ਹਾਂ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਵੀ ਵਡਮੁੱਲਾ ਯੋਗਦਾਨ ਪਾਇਆ। ਬਾਬਾ ਸੁੱਚਾ ਸਿੰਘ ਦੇ ਉਪਰਾਲੇ ਸਦਕਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1991ਈਸਵੀ ਵਿਚ ਆਪ ਨੇ ਵਿਸ਼ੇਸ਼ ਭੂਮਿਕਾ ਨਿਭਾਈ।[108] ਆਪ ਦੀ ਪ੍ਰੇਰਨਾ ਸਦਕਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਨਿਰਧਾਰਿਤ ਰਾਗਾਂ ਵਿਚ ਇੱਕ ਮੱਤ ਅਨੁਸਾਰ ਗਾਇਨ ਕਰਨ ਲਈ ਸਮੁੱਚੇ ਸਿੱਖ ਕੀਰਤਨਕਾਰਾ ਨੂੰ ਇੱਕ ਪਲੇਟ ਫਾਰਮ ਤੇ ਇਕੱਠਾ ਕਰਕੇ ਪੰਥ ਵਿਚ ਪਾਇਆ ਹੋਇਆ

ਵਖਰੇਵਾਂ ਦੂਰ ਕਰਨ ਵਿਚ ਆਪ ਦਾ ਵਿਸ਼ੇਸ਼ ਯੋਗਦਾਨ ਹੈ। ਆਪ ਦੇ ਸ਼ਾਗਿਰਦ ਵਿਚ ਭਾਈ ਨਰੰਜਣ ਸਿੰਘ ਜਵੱਦੀ ਕਲਾਂ, ਭਾਈ ਮਨਜੀਤ ਸਿੰਘ ਬੰਬੇ ਵਾਲੇ, ਪ੍ਰੋ ਸੁਖਵੰਤ ਸਿੰਘ ਜਵੱਦੀ ਟਕਸਾਲ, ਭਾਈ ਜਗਜੀਤ ਸਿੰਘ ਜਵੱਦੀ ਟਕਸਾਲ, ਭਾਈ ਜਗਤਾਰ ਸਿੰਘ, ਭਾਈ ਜਗਰੂਪ ਸਿੰਘ, ਭਾਈ ਜੋਗਾ ਸਿੰਘ ਧਰਮਕੋਟ ਵਿਸ਼ੇਸ਼ ਹਨ। ਉਸਤਾਦ ਜਸਵੰਤ ਸਿੰਘ ਭੰਵਰਾ ਦਾ ਜੀਵਨ ਬਹੁਤ ਹੀ ਨਿਰਮਲ ਅਤੇ ਸਾਦਗੀ ਵਾਲਾ ਸੀ ਆਪ ਅਗਸਤ 2004 ਵਿਚ ਸਦੀਵੀ ਵਿਛੋੜਾ ਦੇ ਕੇ ਗੁਰੂ ਸਾਹਿਬ ਦੀ ਗੋਦ ਵਿਚ ਜਾ ਬਿਰਾਜੇ।[109]

ਹਰਗੁਨਾ ਟਕਸਾਲ ਦੇ ਤਿੰਨ ਪ੍ਰਮੁੱਖ ਸੰਗੀਤਕਾਰਾਂ ਤੋਂ ਇਲਾਵਾ ਉਸਤਾਦ ਸੰਪੂਰਣ ਸਿੰਘ ਦੀ ਸੰਗੀਤ ਛੋਹ ਦੁਆਰਾ ਅਨੇਕ ਕੀਰਤਨੀਆਂ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਸੇਵਾ ਕੀਤੀ। ਜਿਨ੍ਹਾਂ ਵਿਚੋਂ ਜਸਵੰਤ ਸਿੰਘ, ਧੰਨਾ ਸਿੰਘ, ਭਾਈ ਮਹਿੰਦਰ ਸਿੰਘ, ਭਾਈ ਸੋਹਣ ਸਿੰਘ, ਰਾਗੀ ਅਜੀਤ ਸਿੰਘ 'ਸੂਰਮਾ' ਅਤੇ ਭਾਈ ਬਲਦੇਵ ਸਿੰਘ ਫ਼ਤਿਹਗੜ੍ਹ ਸਾਹਿਬ ਆਦਿ ਪ੍ਰਮੁੱਖ ਹਨ।[110] ਵਰਤਮਾਨ ਸਮੇਂ ਹਰਗਨਾ ਟਕਸਾਲ ਦਾ ਨਾਮ ਸੰਗੀਤ ਜਗਤ ਵਿਚ ਵਿਸ਼ੇਸ਼ ਹੈ ਪ੍ਰੰਤੂ ਹਰਗੁਨਾ ਵਿਖੇ ਇਸ ਟਕਸਾਲ ਦੀ ਨਿਰੰਤਰਤਾ ਕਾਇਮ ਨਹੀਂ ਰਹਿ ਸਕੀ। ਹਰਗੁਨਾ ਟਕਸਾਲ ਦੁਆਰਾ ਕੀਤਾ ਗਿਆ ਕਾਰਜ ਗੁਰਮਤਿ ਸੰਗੀਤ ਦੇ ਇਤਿਹਾਸ ਵਿਚ ਅੰਕਿਤ ਰਹੇਗਾ।

**1.8 ਸਿੰਘਾਂਵਾਲੀ ਟਕਸਾਲ** : ਗੁਰਮਤਿ ਸੰਗੀਤ ਦੀਆਂ ਟਕਸਾਲਾਂ ਦੀ ਜਦੋਂ ਵੀ ਗੱਲ ਚਲਦੀ ਹੈ। ਉਨ੍ਹਾਂ ਵਿਚ ਸਿੰਘਾਂਵਾਲੀ ਟਕਸਾਲ ਦਾ ਨਾਂ ਵਿਸ਼ੇਸ਼ ਰੂਪ ਵਿਚ ਲਿਆ ਜਾਂਦਾ ਹੈ ਕਿਉਂਕਿ ਘਰਾਣੇਦਾਰ ਰਬਾਬੀਆਂ ਦੀ ਗਾਇਕੀ ਤੋਂ ਦੂਰ ਮੋਗਾ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਵਿਚ ਟਕਸਾਲ ਦੇ ਬਣਨ ਨਾਲ ਇਹ ਪਿੰਡ ਇਤਿਹਾਸ ਦੇ ਪੰਨਿਆਂ ਤੇ ਸੁਨਹਿਰੀ ਅੱਖਰਾਂ ਵਿਚ ਦਰਜ ਹੋ ਗਿਆ। ਸਿੰਘਾਂਵਾਲੀ ਟਕਸਾਲ ਮੋਗਾ ਤੋਂ ਕੋਟਕਪੂਰੇ ਜਾਂਦੇ ਹੋਏ ਮੁੱਖ ਸੜਕ ਤੇ ਇਕ ਛੋਟੇ ਜਿਹੇ ਪਿੰਡ ਵਿਚ ਸਥਿਤ ਹੈ।

ਸਿੰਘਾਂਵਾਲੀ ਟਕਸਾਲ ਦਾ ਆਰੰਭ 1916 ਈ: ਨੂੰ ਹੋਇਆ। ਗੁਰਮਤਿ ਦੇ ਪ੍ਰਚਾਰ ਲਈ 1916 ਈ: ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਇਕ ਜਥਾਂ ਸਿੰਘਾਂ ਵਾਲੇ ਪਿੰਡ ਵਿਚ ਆਇਆ। ਜਿਸ ਦੀ ਪ੍ਰਧਾਨਗੀ ਰਾਗੀ ਪ੍ਰਤਾਂਪ ਸਿੰਘ ਕਰ ਰਹੇ ਸਨ। ਰਾਗੀ ਪ੍ਰਤਾਪ ਸਿੰਘ ਨੇੜੇ ਦੇ ਪਿੰਡ ਜਨੇਰ ਦੇ ਰਹਿਣ ਵਾਲੇ ਸਨ। ਜਿਸ ਕਾਰਨ ਇਨ੍ਹਾਂ ਨੂੰ ਜਨੇਰ ਵਾਲੇ ਵੀ ਕਿਹਾ ਜਾਂਦਾ ਸੀ। ਰਾਗੀ ਪ੍ਰਤਾਪ ਸਿੰਘ ਬਹੁਤ ਸਮਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਰਹੇ ਸਨ। ਇੱਥੇ ਆਪ ਨੇ ਰਾਗਾਂ ਅਨੁਸਾਰ ਕੀਰਤਨ ਦੀ ਸਿਖਲਾਈ ਪ੍ਰਾਪਤ

ਕੀਤੀ। ਆਪ ਤੰਤੀ ਸਾਜ਼ ਦਿਲਰੁਬਾ ਨਾਲ ਕੀਰਤਨ ਕਰਦੇ ਸਨ।[111] ਆਪ ਨੂੰ ਨਿਰਧਾਰਿਤ ਰਾਗ ਅਨੁਸਾਰ ਕੀਰਤਨ ਕਰਨ ਵਿਚ ਵਿਸ਼ੇਸ਼ ਮੁਹਾਰਤ ਹਾਸਿਲ ਸੀ। ਆਪ ਰਾਗਾਂ ਦੇ ਚੰਗੇ ਗਿਆਤਾ ਸਨ। ਆਪ ਦੇ ਨਾਲ ਸਹਾਇਕ ਰਾਗੀ ਦੀ ਸੇਵਾ ਭਾਈ ਰਾਮ ਸਿੰਘ ਨਿਭਾਉਂਦੇ ਸਨ। ਰਾਗੀ ਰਾਮ ਸਿੰਘ ਨੇ ਦੌਧਰ ਟਕਸਾਲ ਤੋ ਕੀਰਤਨ ਦੀ ਸਿਖਲਾਈ ਪ੍ਰਾਪਤ ਕੀਤੀ ਸੀ। ਜਿਸ ਦੇ ਕਾਰਨ ਦੌਧਰ ਟਕਸਾਲ ਦੇ ਪ੍ਰਸਿੱਧ ਤਬਲਾ ਵਾਦਕ ਭਾਈ ਜਗਤ ਸਿੰਘ ਆਪ ਦੇ ਜਥੇ ਨਾਲ ਤਬਲੇ ਦੀ ਸੰਗਤ ਕਰਦੇ ਸਨ। ਇਹ ਤਿੰਨੇ ਉੱਚ ਕੋਟੀ ਦੇ ਕੀਰਤਨਕਾਰ ਸਨ। ਗੁਰੂ ਸਾਹਿਬ ਦੀ ਅਪਾਰ ਕਿਰਪਾ ਸਦਕਾ ਇਹ ਤਿੰਨੇ ਸਿੰਘਾਂਵਾਲੇ ਪਿੰਡ ਵਿਚ ਪ੍ਰਚਾਰ ਕਰਨ ਲਈ ਆਏ। ਪਿੰਡ ਦੀਆਂ ਸੰਗਤਾਂ ਆਪ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਹੋਈਆਂ। ਸੰਗਤਾਂ ਨੇ ਬੇਨਤੀ ਕੀਤੀ ਕਿ ਆਪ ਸਾਡੇ ਪਿੰਡ ਵਿਚ ਰਹੋ ਅਤੇ ਇੱਥੇ ਵਿੱਦਿਆਲਾ ਬਣਾ ਕੇ ਵਿੱਦਿਆਰਥੀਆਂ ਨੂੰ ਕੀਰਤਨ ਦੀ ਸਿਖਲਾਈ ਦਿਓ। ਇਸ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਕਰਨ ਦੀ ਬਹੁਤ ਜ਼ਰੂਰਤ ਸੀ। ਇਸ ਲਈ ਆਪ ਸੰਗਤਾਂ ਦੀ ਬੇਨਤੀ ਮੰਨ ਕੇ ਸਿੰਘਾਂ ਵਾਲੇ ਪਿੰਡ ਵਿਚ ਰਹਿਣ ਲੱਗ ਪਏ। ਸਿੰਘਾਂਵਾਲੇ ਪਿੰਡ ਵਿਚ ਪਹਿਲਾਂ ਇਕ ਡੇਰਾ ਸਥਾਪਿਤ ਸੀ ਜਿਸ ਨੂੰ ਡੇਰਾ ਸਮਾਧ ਭਾਈ ਚੜ੍ਹਤ ਸਿੰਘ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਜਿਸ ਦੇ ਮਹੰਤ ਮੇਹਰ ਦਾਸ ਸਨ। ਮੇਹਰ ਦਾਸ ਦੇ 1917 ਈ ਦੇ ਲਗਭਗ ਅਕਾਲ ਚਲਾਣਾ ਕਰ ਜਾਣ ਦੇ ਕਾਰਨ ਪਿੰਡ ਦੇ ਬਜ਼ੁਰਗਾਂ ਨੇ **ਰਾਗੀ ਪ੍ਰਤਾਪ ਸਿੰਘ** ਨੂੰ ਇਸ ਡੇਰੇ ਦਾ ਮਹੰਤ ਬਣਾ ਦਿੱਤਾ ਜਿਸ ਦੇ ਕਾਰਨ ਇਹ ਤਿੰਨੇ ਰਾਗੀ ਇਸ ਡੇਰੇ ਵਿਚ ਰਹਿਣ ਲੱਗ ਪਏ। ਇਸ ਸਥਾਨ ’ਤੇ ਆਪ ਨੇ ਇੱਕ ਗੁਰਦੁਆਰਾ ਸਾਹਿਬ ਦੀ ਉਸਾਰੀ ਜਿਹਦੇ ਕਰਵਾ ਦਿੱਤੀ। ਬਹੁਤ ਥੋੜ੍ਹੇ ਸਮੇਂ ਵਿਚ ਹੀ ਇੱਥੇ ਇਕ ਬਹੁਤ ਵੱਡਾ ਵਿਦਿਆਲਾ ਬਣ ਗਿਆ ਜਿਸ ਵਿਚ ਬਹੁਤ ਦੂਰੋਂ-ਦੂਰੋਂ ਵਿਦਿਆਰਥੀ ਆ ਕੇ ਗੁਰਮਤਿ ਸੰਗੀਤ ਦੀ ਸਿਖਲਾਈ ਪ੍ਰਾਪਤ ਕਰਦੇ ਸਨ। ਪਿੰਡ ਦੇ ਬਜ਼ੁਰਗਾਂ ਅਨੁਸਾਰ ਰਾਗੀ ਪ੍ਰਤਾਪ ਸਿੰਘ ਵਿਦਿਆਰਥੀਆਂ ਨੂੰ ਗੁਰਬਾਣੀ ਦੀ ਸੰਥਿਆ ਕਰਵਾਉਂਦੇ ਸਨ। ਰਾਗੀ ਰਾਮ ਸਿੰਘ ਅਤੇ ਜਗਤ ਸਿੰਘ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਲਾਈ ਦਿੰਦੇ ਸਨ। ਪਿੰਡ ਦੇ ਬਹੁਤ ਸਾਰੇ ਬੱਚੇ ਗੁਰਬਾਣੀ ਸੰਥਿਆ ਅਤੇ ਕੀਰਤਨ ਸਿੱਖਣ ਲਈ ਇੱਥੇ ਆਉਂਦੇ ਸਨ। ਪਿੰਡ ਦੇ ਬਜ਼ੁਰਗ ਭਾਈ ਜੋਗਿੰਦਰ ਸਿੰਘ ਨੇ ਵੀ ਰਾਗੀ ਪ੍ਰਤਾਪ ਸਿੰਘ ਤੋਂ (1935 ਤੋਂ 1945 ਈਸਵੀ ਤੱਕ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਪ੍ਰਾਪਤ ਕੀਤੀ ਹੈ।

ਸਿੰਘਾਂਵਾਲੀ ਟਕਸਾਲ ਦੇ ਇੱਕ ਹੋਰ ਪ੍ਰਮੁੱਖ ਵਿਦਵਾਨ **ਰਾਗੀ ਰਾਮ ਸਿੰਘ** (1916 ਤੋ 1947 ਈ ਤੱਕ) ਨੇ ਅਨੇਕਾਂ ਹੀ ਵਿਦਿਆਰਥੀਆਂ ਨੂੰ ਸਿੰਘਾਂਵਾਲੀ ਟਕਸਾਲ ਵਿਚ ਗੁਰਮਤਿ ਸੰਗੀਤ ਦੀ ਸਿਖਲਾਈ ਦਿੱਤੀ।[112] ਆਪ ਬਾਣੀ ਨੂੰ ਨਿਰਧਾਰਿਤ ਰਾਗ ਅਨੁਸਾਰ ਹੀ ਸਿਖਾਉਂਦੇ ਤੇ ਗਾਇਨ ਕਰਦੇ ਸਨ। ਜਦੋਂ ਆਪ ਰਾਤ ਸਮੇਂ ਗੁਰਦੁਆਰਾ ਸਾਹਿਬ ਵਿਚ ਆਰਤੀ ਦਾ ਕੀਰਤਨ ਕਰਦੇ ਤਾਂ ਸਾਰਾ ਪਿੰਡ ਇੱਥੇ ਇਕੱਠਾ ਹੋ ਜਾਂਦਾ ਅਤੇ ਉੱਚੀ-ਉੱਚੀ ਆਵਾਜ਼ ਵਿਚ ਆਪ ਦੇ ਨਾਲ ਆਰਤੀ ਦਾ ਗਾਇਨ ਕਰਦੇ। ਰਾਗੀ ਰਾਮ ਸਿੰਘ ਦੇ ਅਕਾਲ ਚਲਾਨ ਸਮੇਂ ਰਾਗੀ ਪ੍ਰਤਾਪ ਸਿੰਘ ਕਾਫ਼ੀ ਬਜ਼ੁਰਗ ਹੋ ਗਏ ਸਨ। ਜਿਸ ਕਾਰਨ ਟਕਸਾਲ ਦੀ ਸਾਰੀ ਜ਼ਿੰਮੇਵਾਰੀ ਭਾਈ ਜਗਤ ਸਿੰਘ ਤੇ ਆ ਗਈ।

**ਭਾਈ ਜਗਤ ਸਿੰਘ** 1947 ਤੋ 1950 ਈਸਵੀ ਤੱਕ ਸਿੰਘਾਂਵਾਲੀ ਟਕਸਾਲ ਦੇ ਮੁਖੀ ਰਹੇ। ਆਪ ਬਹੁਤ ਪ੍ਰਸਿੱਧ ਤਬਲਾ ਅਤੇ ਪਖਾਵਜ ਵਾਦਕ ਹੋਏ ਹਨ।[113] ਆਪ ਭਾਈ ਬੀਰ ਸਿੰਘ ਦੌਧਰ ਵਾਲਿਆਂ ਦੇ ਸ਼ਾਗਿਰਦ ਸਨ। ਜਿਸ ਕਾਰਨ ਆਪ ਕੋਲ ਪੁਰਾਤਨ ਚਲੀਆਂ ਆ ਰਹੀਆਂ ਟਕਸਾਲੀ ਬੰਦਿਸ਼ਾਂ ਅਤੇ ਪਖਾਵਜ ਦੀਆਂ ਪਰਨਾ ਦਾ ਖ਼ਜ਼ਾਨਾ ਆ ਗਿਆ। ਆਪ ਨੇ 1910 ਈਸਵੀ ਤੱਕ ਦੌਧਰ ਵਿਖੇ ਭਾਈ ਬੀਰ ਸਿੰਘ ਤੋਂ ਕੀਰਤਨ ਅਤੇ ਤਬਲਾ ਦੀ ਵਿੱਦਿਆ ਹਾਸਿਲ ਕੀਤੀ। ਆਪ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਰਾਗੀ ਪ੍ਰਤਾਪ ਸਿੰਘ ਤੇ ਰਾਗੀ ਰਾਮ ਸਿੰਘ ਦੇ ਕੀਰਤਨੀ ਜਥੇ ਨਾਲ ਪਖਾਵਜ ਵਾਦਕ ਦੀ ਡਿਊਟੀ ਨਿਭਾਉਂਦੇ ਰਹੇ। ਇਕ ਵਾਰੀ ਸ੍ਰੀ ਅੰਮ੍ਰਿਤਸਰ ਗੁਰੂ ਦੇ ਬਾਂਗ ਵਿਚ ਇਕ ਮੁਸਲਮਾਨ ਤਬਲਾ ਵਾਦਕ ਨੇ ਗੁਰੂ ਘਰ ਦੇ ਤਬਲਾ ਵਾਦਕਾ ਨੂੰ ਮਜ਼ਾਕ ਕਰ ਦਿੱਤਾ ਕੀ ਇਨ੍ਹਾਂ ਨੂੰ ਤਬਲਾ ਵਜਾਉਣਾ ਨਹੀਂ ਆਉਂਦਾ। ਜਦੋਂ ਇਹ ਗੱਲ ਭਾਈ ਜਗਤ ਸਿੰਘ ਨੂੰ ਪਤਾ ਲਈ ਤਾਂ ਆਪ ਮੁਕਾਬਲੇ ਲਈ ਪਹੁੰਚ ਗਏ ਅਤੇ ਮੁਕਾਬਲੇ ਸਮੇਂ ਆਪ ਨੇ "ਪੰਜਾਬੀ ਧਮਾਰ" ਵਿਚ ਤਿੰਨ ਪੱਲੀ ਪਰਨ ਵਜਾਈ ਜਿਸ ਦਾ ਜਵਾਬ ਮੁਸਲਮਾਨ ਤਬਲਾ ਵਾਦਕ ਨਹੀਂ ਦੇ ਸਕਿਆ ਤੇ ਭਾਈ ਸਾਹਿਬ ਤੋ ਖਿਮਾ ਮੰਗ ਕੇ ਚਲਾ ਗਿਆ। 1916 ਈਸਵੀ ਵਿਚ ਜਦੋਂ ਰਾਗੀ ਪ੍ਰਤਾਪ ਸਿੰਘ ਗੁਰਮਤਿ ਦੇ ਪ੍ਰਚਾਰ ਲਈ ਸਿੰਘਾ ਵਾਲੇ ਪਿੰਡ ਵਿਚ ਆਏ ਤਾਂ ਆਪ ਉਸ ਸਮੇਂ ਰਾਗੀ ਜੀ ਦੇ ਜਥੇ ਨਾਲ ਸੇਵਾ ਕਰਿਆ ਕਰਦੇ ਸਨ ਅਤੇ ਆਪ ਵੀ ਪੱਕੇ ਤੌਰ ਤੇ ਇੱਥੇ ਹੀ ਰਹਿਣ ਲੱਗ ਪਏ।

ਆਪ ਨੇ 1916 ਤੋਂ 1950 ਈਸਵੀ ਤਕ ਅਨੇਕ ਹੀ ਵਿਦਿਆਰਥੀਆਂ ਨੂੰ ਸਿੰਘਾਂਵਾਲੀ ਟਕਸਾਲ ਵਿਖੇ ਤਬਲਾ ਅਤੇ ਪਖਾਵਜ ਦੀ ਸਿੱਖਿਆ ਦਿੱਤੀ। ਆਪ ਤੋਂ ਬਾਅਦ ਟਕਸਾਲ ਦੇ ਵਿਦਿਆਰਥੀ ਰਾਗੀ

**ਪ੍ਰੀਤਮ ਸਿੰਘ** ਨੂੰ ਟਕਸਾਲ ਦਾ ਮੁਖੀ ਨਿਯੁਕਤ ਕੀਤਾ ਗਿਆ। ਆਪ 1950 ਤੋ 1971 ਈਸਵੀ ਤੱਕ ਸਿੰਘਾਂ ਵਾਲੀ ਟਕਸਾਲ ਵਿਚ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਲਾਈ ਦਿੰਦੇ ਰਹੇ।[114] ਆਪ ਨੂੰ ਬਚਪਨ ਵਿਚ ਹੀ ਰਾਗੀ ਰਾਮ ਸਿੰਘ ਟਕਸਾਲ ਵਿਚ ਕੀਰਤਨ ਸਿੱਖਣ ਲਈ ਲੈ ਆਏ ਸਨ। ਉਸ ਸਮੇਂ ਟਕਸਾਲ ਵਿਚ ਬਹੁਤ ਸਾਰੇ ਵਿਦਿਆਰਥੀ ਸੰਗੀਤ ਦੀ ਸਿਖਲਾਈ ਲੈ ਰਹੇ ਸਨ। ਰਾਗੀ ਪ੍ਰੀਤਮ ਸਿੰਘ ਉਨ੍ਹਾਂ ਸਾਰਿਆ ਵਿਚੋਂ ਸ੍ਰੇਸ਼ਟ ਸਨ। ਆਪ ਉੱਚੀ ਸੁਰੀਲੀ ਆਵਾਜ਼ ਨਾਲ ਕੀਰਤਨ ਵਿਚ ਲੀਨ ਹੁੰਦੇ ਤਾਂ ਸਰੋਤਿਆ ਨੂੰ ਵੀ ਸੁੱਧ ਬੁੱਧ ਨਹੀਂ ਰਹਿੰਦੀ ਸੀ । ਦੌਧਰ ਟਕਸਾਲ ਦੇ ਉਸ ਸਮੇਂ ਦੇ ਮੁਖੀ ਬਾਬਾ ਸੰਤਾ ਸਿੰਘ ਆਪ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਸਨ। ਆਪ ਨੂੰ ਦੌਧਰ ਟਕਸਾਲ ਵਿਚ ਹੋਣ ਵਾਲੇ ਸਮਾਗਮ ਸਮੇਂ ਅਕਸਰ ਕੀਰਤਨ ਕਰਨ ਲਈ ਬੁਲਾਇਆ ਜਾਂਦਾ ਸੀ। ਆਪ ਨੇ ਕਈ ਵਾਰੀ ਉਸਤਾਦ ਜਸਵੰਤ ਸਿੰਘ ਤੀਬਰ ਨਾਲ ਵੀ ਦਿਲਰੁਬਾ ਤੇ ਸੰਗਤ ਕੀਤੀ ਸੀ। ਰਾਗੀ ਪ੍ਰੀਤਮ ਸਿੰਘ ਬਚਪਨ ਤੋਂ ਹੀ ਸਿੰਘਾਂਵਾਲੀ ਟਕਸਾਲ ਵਿਚ ਰਹਿੰਦੇ ਸਨ। ਜਿਸ ਦੇ ਕਾਰਨ ਰਾਗੀ ਪ੍ਰਤਾਪ ਸਿੰਘ ਦੀ ਤੰਤੀ ਸਾਜ਼ ਦੀ ਵਿੱਦਿਆ ਰਾਗੀ ਰਾਮ ਸਿੰਘ ਦੀ ਰਾਗਾਂ ਪ੍ਰਤੀ ਚੰਗੀ ਜਾਣਕਾਰੀ ਅਤੇ ਭਾਈ ਜਗਤ ਸਿੰਘ ਦੀ ਪਖਾਵਜ ਦੀ ਵਿੱਦਿਆ ਆਪ ਦੇ ਕੋਲ ਆ ਗਈ। 1950 ਈਸਵੀ ਵਿਚ ਰਾਗੀ ਪ੍ਰਤਾਪ ਸਿੰਘ ਦੇ ਕਹਿਣ ਤੇ ਭਾਈ ਜਗਤ ਸਿੰਘ ਨੇ ਰਾਗੀ ਪ੍ਰੀਤਮ ਸਿੰਘ ਨੂੰ ਸਿੰਘਾਂਵਾਲੀ ਟਕਸਾਲ ਵਿਚ ਬੁਲਾ ਲਿਆ। ਆਪ ਉਸ ਸਮੇਂ ਗਵਾਲੀਅਰ ਵਿਖੇ ਵਿਦਿਆਲਾ ਬਣਾ ਕੇ ਵਿਦਿਆਰਥੀਆ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਰਹੇ ਸਨ।

ਰਾਗੀ ਪ੍ਰਤਾਪ ਸਿੰਘ ਅਤੇ ਭਾਈ ਜਗਤ ਸਿੰਘ ਨੇ ਆਪਣੇ ਮੌਜੂਦਾ ਸਮੇਂ 1950 ਈਸਵੀ ਵਿਚ ਹੀ ਭਾਈ ਪ੍ਰੀਤਮ ਸਿੰਘ ਨੂੰ ਸਿੰਘਾਂਵਾਲੀ ਟਕਸਾਲ ਦਾ ਮੁਖੀ ਨਿਯੁਕਤ ਕਰ ਦਿੱਤਾ ਸੀ। ਰਾਗੀ ਪ੍ਰੀਤਮ ਸਿੰਘ ਨੂੰ ਮੁਖੀ ਨਿਯੁਕਤ ਕਰਨ ਦੇ ਕੁਝ ਸਮੇਂ ਬਾਅਦ ਹੀ ਰਾਗੀ ਜਗਤ ਸਿੰਘ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ। ਭਾਈ ਜਗਤ ਸਿੰਘ ਤੋਂ ਬਾਅਦ ਭਾਈ ਪ੍ਰੀਤਮ ਸਿੰਘ ਨੇ ਰਾਗੀ ਪ੍ਰਤਾਪ ਸਿੰਘ ਦੀ ਬਹੁਤ ਸੇਵਾ ਕੀਤੀ ਜਿਸ ਤੋ ਖ਼ੁਸ਼ ਹੋ ਕੇ ਰਾਗੀ ਪ੍ਰਤਾਪ ਸਿੰਘ ਨੇ ਆਪਣਾ ਤੰਤੀ ਸਾਜ਼ ਦਿਲਰੁਬਾ ਭਾਈ ਪ੍ਰੀਤਮ ਸਿੰਘ ਨੂੰ ਦੇ ਦਿੱਤਾ। ਇਹ ਸਾਜ਼ ਵਰਤਮਾਨ ਸਮੇਂ ਵੀ ਸਿੰਘਾਂਵਾਲੀ ਟਕਸਾਲ ਵਿਚ ਸੁਰੱਖਿਅਤ ਪਿਆ ਹੈ। ਸੰਨ 1951-1952 ਈਸਵੀ ਦੇ ਲਗਭਗ ਰਾਗੀ ਪ੍ਰਤਾਪ ਸਿੰਘ ਵੀ ਅਕਾਲ ਚਲਾਣਾ ਕਰ ਗਏ।

ਰਾਗੀ ਪ੍ਰੀਤਮ ਸਿੰਘ ਨੇ ਸਿੰਘਾਂਵਾਲੀ ਟਕਸਾਲ ਵਿਚ ਅਨੇਕ ਹੀ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਤੰਤੀ ਸਾਜ਼ਾਂ ਨਾਲ ਸਿਖਲਾਈ ਦਿੱਤੀ।[115] ਆਪ ਬੜੀ ਸੁਰੀਲੀ ਆਵਾਜ਼ ਵਿਚ ਤੰਤੀ ਸਾਜ਼ ਦਿਲਰੁਬਾ ਤੇ ਤਾਨਪੁਰੇ ਨਾਲ ਕੀਰਤਨ ਕਰਦੇ ਸਨ। 1971 ਈਸਵੀ ਦੇ ਲਗਭਗ ਰਾਗੀ ਪ੍ਰੀਤਮ ਸਿੰਘ ਦੀ ਤਬੀਅਤ ਖ਼ਰਾਬ ਹੋਣ ਦੇ ਕਾਰਨ ਰਾਗੀ ਜੀ ਨੇ ਆਪਣੇ ਸ਼ਾਗਿਰਦ ਤਬਲਾ ਵਾਦਕ ਭਾਈ ਸਰੂਪ ਸਿੰਘ ਨੂੰ ਬੁਲਾਇਆ। ਉਹ ਉਸ ਸਮੇਂ ਕਲਕੱਤੇ ਵਿਚ ਉੱਚ ਕੋਟੀ ਦੇ ਤਬਲਾ ਵਾਦਕ ਸਨ। ਭਾਈ ਸਰੂਪ ਸਿੰਘ ਨੇ ਸਿੰਘਾਂਵਾਲੀ ਟਕਸਾਲ ਤੋਂ ਹੀ ਤਬਲੇ ਦੀ ਸਿਖਲਾਈ ਪ੍ਰਾਪਤ ਕੀਤੀ ਸੀ।[116] ਆਪ ਭਾਈ ਜਗਤ ਸਿੰਘ ਤੋਂ ਵੀ ਪਖਾਵਜ ਦੀ ਸਿਖਲਾਈ ਪ੍ਰਾਪਤ ਕਰ ਚੁੱਕੇ ਸਨ। ਰਾਗੀ ਪ੍ਰੀਤਮ ਸਿੰਘ ਭਾਈ ਸਰੂਪ ਸਿੰਘ ਨੂੰ ਟਕਸਾਲ ਦਾ ਮੁਖੀ ਨਿਯੁਕਤ ਕਰਨਾ ਚਾਹੁੰਦੇ ਸਨ ਪਰੰਤੂ ਭਾਈ ਸਰੂਪ ਸਿੰਘ ਨੇ ਕਲਕੱਤਾ ਜਾ ਕੇ ਵਿਆਹ ਕਰਵਾ ਲਿਆ ਸੀ। ਜਿਸ ਦੇ ਕਾਰਨ ਉਹ ਆਪਣੇ ਪਰਿਵਾਰ ਨੂੰ ਟਕਸਾਲ ਵਿਚ ਨਹੀਂ ਰੱਖ ਸਕਦੇ ਸਨ। ਉਨ੍ਹਾਂ ਨੇ ਟਕਸਾਲ ਦਾ ਮੁਖੀ ਬਣਨ ਤੋਂ ਇਨਕਾਰ ਦਰ ਦਿੱਤਾ। ਰਾਗੀ ਪ੍ਰੀਤਮ ਸਿੰਘ ਬਹੁਤ ਨਿਰਾਸ਼ ਹੋਏ। ਕੋਈ ਹੋਰ ਯੋਗ ਵਿਅਕਤੀ ਨਾਂ ਮਿਲਣ ਦੇ ਕਾਰਨ ਰਾਗੀ ਪ੍ਰੀਤਮ ਸਿੰਘ ਨੇ ਨਿਰਾਸ ਹੋ ਕੇ ਆਪਣੇ ਨੇਤਰਹੀਣ ਵਿਦਿਆਰਥੀ **ਭਾਈ ਜੁਗਰਾਜ ਸਿੰਘ** ਨੂੰ ਟਕਸਾਲ ਦਾ ਮੁਖੀ ਨਿਯੁਕਤ ਕਰ ਦਿੱਤਾ।[117] ਟਕਸਾਲ ਦਾ ਪ੍ਰਬੰਧ ਭਾਈ ਜੁਗਰਾਜ ਸਿੰਘ ਕੋਲ ਆ ਗਿਆ। ਭਾਈ ਜੁਗਰਾਜ ਸਿੰਘ ਦੇ ਸਮੇਂ ਟਕਸਾਲ ਵਿਚ ਵਿਦਿਆਰਥੀਆਂ ਦੀ ਗਿਣਤੀ ਘਟਣੀ ਸ਼ੁਰੂ ਹੋ ਗਈ। ਜਿਸ ਦੇ ਕਾਰਨ ਪਿੰਡ ਦੇ ਸੂਝਵਾਨ ਲੋਕਾਂ ਨੇ ਇਕੱਠੇ ਹੋ ਕੇ ਭਾਈ ਹਜ਼ੂਰਾ ਸਿੰਘ ਨੂੰ ਕੀਰਤਨ ਸਿਖਾਉਣ ਲਈ ਟਕਸਾਲ ਵਿਚ ਰੱਖ ਲਿਆ। ਭਾਈ ਜੁਗਰਾਜ ਸਿੰਘ ਨੇ ਉਨ੍ਹਾਂ ਨੂੰ ਜ਼ਿਆਦਾ ਸਮਾਂ ਟਕਸਾਲ ਵਿਚ ਨਹੀਂ ਰਹਿਣ ਦਿੱਤਾ ਜਿਸ ਦੇ ਕਾਰਨ ਟਕਸਾਲ ਦੇ ਵਿਚ ਕੀਰਤਨ ਦੀ ਸਿਖਲਾਈ ਬੰਦ ਹੋ ਗਈ। ਭਾਈ ਜੁਗਰਾਜ ਸਿੰਘ ਦੇ ਸਮੇਂ ਟਕਸਾਲ ਵਿਚ ਵਿਦਿਆਰਥੀਆਂ ਦੀ ਨਵੀਂ ਭਰਤੀ ਬੰਦ ਕਰ ਦਿੱਤੀ। ਭਾਈ ਜੁਗਰਾਜ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਟਕਸਾਲ ਦਾ ਪ੍ਰਬੰਧ ਪਿੰਡ ਦੇ ਲੋਕਾਂ ਨੇ ਇਕ ਕਮੇਟੀ ਬਣਾ ਕੇ ਆਪਣੇ ਹੱਥ ਵਿਚ ਲੈ ਲਿਆ। ਉਸ ਤੋਂ ਬਾਅਦ **ਭਾਈ ਰਣਜੀਤ ਸਿੰਘ** ਟਕਸਾਲ ਵਿਚ ਕੀਰਤਨ ਸਿਖਾਉਣ ਦੀ ਸੇਵਾ ਨਿਭਾ ਰਹੇ ਹਨ।[118] ਭਾਈ ਰਣਜੀਤ ਸਿੰਘ ਨੇ ਬੁੱਢਾ ਜੌਹੜ ਤੋਂ ਕੀਰਤਨ ਦੀ ਸਿਖਲਾਈ ਪ੍ਰਾਪਤ ਕੀਤੀ ਹੈ। ਭਾਈ ਨਿਰਮਲ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) ਤੋਂ ਵੀ ਕੀਰਤਨ ਦੀ ਸਿਖਲਾਈ ਪ੍ਰਾਪਤ ਕਰਦੇ ਰਹੇ ਹਨ।[119] ਇਸ ਸਮੇਂ ਸਿੰਘਾਂਵਾਲੀ ਟਕਸਾਲ ਵਿਚ ਪਿੰਡ ਦੇ

ਅਤੇ ਨਾਲ ਲਗਦੇ ਪਿੰਡਾਂ ਤੋਂ ਵਿਦਿਆਰਥੀ ਆਕੇ ਕੀਰਤਨ ਦੀ ਸਿਖਲਾਈ ਪ੍ਰਾਪਤ ਕਰ ਰਹੇ ਹਨ। ਵਰਤਮਾਨ ਸਮੇਂ ਟਕਸਾਲ ਵਿਚ ਵਿਦਿਆਰਥੀਆਂ ਨੂੰ ਪੱਕੇ ਤੌਰ ਤੇ ਰੱਖ ਕੇ ਸਿਖਲਾਈ ਨਹੀਂ ਦਿੱਤੀ ਜਾਂਦੀ। ਟਕਸਾਲ ਵਿਚ ਕੁਝ ਸਮੇਂ ਲਈ ਹੀ ਪਿੰਡਾਂ ਤੋਂ ਵਿਦਿਆਰਥੀ ਕੀਰਤਨ ਦੀ ਸਿਖਲਾਈ ਲੈਣ ਲਈ ਆਉਂਦੇ ਹਨ। ਭਾਈ ਰਣਜੀਤ ਸਿੰਘ ਅਤੇ ਪਿੰਡ ਦੇ ਬਜ਼ੁਰਗ ਇਹ ਕੋਸ਼ਿਸ਼ ਕਰ ਰਹੇ ਹਨ ਕਿ ਇਸ ਟਕਸਾਲ ਨੂੰ ਦੁਬਾਰਾ ਵਿਕਸਿਤ ਕੀਤਾ ਜਾ ਸਕੇ।

**1.9 ਡੁਮੇਲੀ ਟਕਸਾਲ** : ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਗੁਰੂ ਕਾਲ ਤੋਂ ਬਾਅਦ ਜਿਹੜੀਆਂ ਟਕਸਾਲਾਂ ਹੋਂਦ ਵਿਚ ਆਈਆਂ ਉਨ੍ਹਾਂ ਵਿਚੋਂ ਡੂਮੇਲੀ ਟਕਸਾਲ ਆਪਣਾ ਵਿਸ਼ੇਸ਼ ਸਥਾਨ ਰੱਖਦੀ ਹੈ। ਇਸ ਟਕਸਾਲ ਤੋਂ ਸਿੱਖ ਕੇ ਅਨੇਕਾਂ ਹੀ ਸੰਗੀਤਕਾਰ ਵਿਦਿਆਰਥੀ ਦੇਸ਼ਾਂ ਵਿਦੇਸ਼ਾਂ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਕਰ ਰਹੇ ਹਨ। ਡੂਮੇਲੀ ਟਕਸਾਲ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਇਸ ਸਥਾਨ ਤੇ ਕਈ ਸੰਤਾਂ ਮਹਾਂਪੁਰਸ਼ਾਂ ਨੇ ਜਪ ਤਪ ਕੀਤਾ ਅਤੇ ਇਸ ਸਥਾਨ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਹੈ।[120] ਡੂਮੇਲੀ ਪਿੰਡ ਦੇ ਹੋਂਦ ਵਿਚ ਆਉਣ ਸੰਬੰਧੀ ਕਈ ਕਥਾਵਾਂ ਪ੍ਰਚਲਿਤ ਹਨ ਇੱਕ ਕਥਾ ਅਨੁਸਾਰ ਕਿਸੇ ਸਮੇਂ ਇਸ ਸਥਾਨ ਤੇ ਬਿਆਸ ਅਤੇ ਸਤਲੁਜ ਦਰਿਆ ਇਕੱਠੇ ਵਗਦੇ ਸਨ। ਦੋ ਦਰਿਆਵਾਂ ਦੇ ਮੇਲੇ ਤੋਂ ਇਸ ਸਥਾਨ ਦਾ ਨਾਮ 'ਦੋ-ਮੇਲੀ' ਰੱਖਿਆ ਗਿਆ ਜੋ ਬਾਅਦ ਵਿਚ ''ਡੂਮੇਲੀ'' ਬਣ ਗਿਆ।[121] ਵਰਤਮਾਨ ਸਮੇਂ ਇਹ ਪਿੰਡ ਜ਼ਿਲ੍ਹਾ ਕਪੂਰਥਲੇ ਦੀ ਤਹਿਸੀਲ ਫਗਵਾੜਾ ਅਧੀਨ ਆਉਂਦਾ ਹੈ ਅਤੇ ਹੁਸ਼ਿਆਰਪੁਰ ਫਗਵਾੜਾ ਸੜਕ ਤੇ ਸਥਿਤ ਪਿੰਡ ਰਿਹਾਣਾ ਜੱਟਾਂ ਤੋਂ ਬਿਲਕੁਲ ਲਹਿੰਦੇ ਪਾਸੇ ਤਿੰਨ ਕਿੱਲੋਮੀਟਰ ਦੀ ਦੂਰੀ ਤੇ ਸਥਿਤ ਹੈ।

***ਡੁਮੇਲੀ ਵਿਖੇ ਟਕਸਾਲ ਦਾ ਆਰੰਭ*** : ਡੁਮੇਲੀ ਟਕਸਾਲ ਦਾ ਆਰੰਭ ਬ੍ਰਹਮ ਗਿਆਨੀ **ਸੰਤ ਬਾਬਾ ਦਲੀਪ ਸਿੰਘ** ਤੋਂ ਹੁੰਦਾ ਹੈ।[122] ਉਨ੍ਹਾਂ ਨੇ ਮੁੱਢਲੀ ਸਿੱਖਿਆ ਡੁਮੇਲੀ ਆ ਕੇ ਪਿੰਡ ਦੇ ਗ੍ਰੰਥੀ ਸਿੰਘ ਤੇ ਹੀ ਪ੍ਰਾਪਤ ਕੀਤੀ। ਪਿੰਡ ਦੇ ਵਿਅਕਤੀਆਂ ਦੇ ਸਹਿਯੋਗ ਨਾਲ ਆਪ ਨੇ ਇੱਥੇ ਇੱਕ ਗੁਰਮਤਿ ਵਿਦਿਆਲਾ ਖੋਲ੍ਹਿਆ ਜਿਸ ਵਿਚ ਅਨਾਥ ਬੇਸਹਾਰਾ ਬੱਚਿਆਂ ਨੂੰ ਰੱਖ ਕੇ ਗੁਰਬਾਣੀ ਸੰਥਿਆ ਅਤੇ ਕੀਰਤਨ ਦੀ ਸਿਖਲਾਈ ਦੇਣੀ ਆਰੰਭ ਕਰ ਦਿੱਤੀ। ਸੰਤ ਸਰਵਣ ਸਿੰਘ ਗੰਧਰਵ ਅਤੇ ਸੰਤ ਬਾਬਾ ਹਰਬੰਸ ਸਿੰਘ, ਆਪ ਦੇ ਦੋ ਪ੍ਰਮੁੱਖ ਸ਼ਾਗਿਰਦ ਸਨ। 1947 ਤੋਂ ਪਹਿਲਾਂ ਪੰਜਾਬ ਦੇ ਬਹੁਤ ਘੱਟ ਪਿੰਡ ਵਿਚ ਹੀ ਸਕੂਲ ਹੁੰਦਾ ਸੀ। ਸੰਤ ਬਾਬਾ ਦਲੀਪ ਸਿੰਘ

ਵੱਲੋਂ ਸਭ ਤੋਂ ਪਹਿਲਾਂ ਪਿੰਡ ਵਿਚ ਸਕੂਲ ਦੀ ਉਸਾਰੀ ਕਰਕੇ ਇਲਾਕੇ ਦੇ ਲੋਕਾਂ ਨੂੰ ਜਾਗ੍ਰਿਤ ਕਰਨ ਦਾ ਵੱਡਾ ਕਾਰਜ ਕੀਤਾ।[123]

ਡੁਮੇਲੀ ਟਕਸਾਲ ਦੇ ਦੂਜੇ **ਮੁਖੀ ਸੰਤ ਸਰਵਣ ਸਿੰਘ (ਗੰਧਰਵ)** ਨੂੰ ਤਕਰੀਬਨ 9 ਸਾਲ ਦੀ ਉਮਰ ਵਿਚ ਬਾਬਾ ਦਲੀਪ ਸਿੰਘ ਕੋਲ ਡੁਮੇਲੀ ਟਕਸਾਲ ਵਿਖੇ ਗੁਰਮਤਿ ਸੰਗੀਤ ਦੀ ਸਿੱਖਿਆ ਲੈਣ ਲਈ ਭੇਜ ਦਿੱਤਾ ਗਿਆ ਸੀ। ਬਾਲਕ ਸਰਵਣ ਸਿੰਘ ਦੀ ਗੁਰਬਾਣੀ ਸ਼ਰਧਾ ਅਤੇ ਸੰਗੀਤ ਪ੍ਰਤੀ ਰੁਚੀ ਨੂੰ ਦੇਖਦਿਆਂ ਸੰਤ ਬਾਬਾ ਦਲੀਪ ਸਿੰਘ ਨੇ ਆਪ ਨੂੰ ਪਿੰਡ ਦੇ ਨਾਮੀ ਮੀਰਾਸੀ ਫਕੀਰੀਆ ਕੋਲ ਰਾਗ ਵਿੱਦਿਆ ਸਿੱਖਣ ਲਈ ਲਗਾ ਦਿੱਤਾ। ਆਪ ਨੇ ਕਈ ਸਾਲ ਮਾਸਟਰ ਰਣਬੀਰ ਸਿੰਘ ਕੋਲੋਂ ਵੀ ਤੰਤੀ ਸਾਜ਼ਾਂ ਦੀ ਸਿਖਲਾਈ ਪ੍ਰਾਪਤ ਕੀਤੀ ਅਤੇ ਬਾਅਦ ਵਿਚ ਆਪਣੇ ਭੀਸ਼ਮ ਗਿਰ ਬ੍ਰਹਮਚਾਰੀ ਤੋਂ ਵੀ ਸਿਤਾਰ ਦੀ ਵਿੱਦਿਆ ਹਾਸਲ ਕੀਤੀ। ਸੰਗੀਤ ਪ੍ਰਤੀ ਆਪ ਦੇ ਰੁਝਾਨ ਕਾਰਨ ਸੰਗੀਤ ਦੀ ਉਚੇਰੀ ਵਿੱਦਿਆ ਹਾਸਲ ਕਰਨ ਲਈ ਆਪ ਗਵਾਲੀਅਰ ਚਲੇ ਗਏ। ਜਿੱਥੇ ਆਪ ਨੇ ਪੰਡਿਤ ਵਿਸ਼ਨੂੰ ਦਿਗੰਬਰ ਪਲੁਸਕਰ ਕੋਲ 1954 ਵਿਚ ਸਿਤਾਰ ਅਤੇ 1957 ਵਿਚ ਕੰਠ ਸੰਗੀਤ ਦੀ ਐਮ.ਏ. ਦੀ ਡਿਗਰੀ ਹਾਸਲ ਕੀਤੀ।[124] ਆਪ ਨੇ ਪੰਡਿਤ ਰਵੀ ਸ਼ੰਕਰ ਜੀ ਤੋਂ ਵੀ ਕੁੱਝ ਸਮਾ ਸਿਤਾਰ ਦੀ ਵਿੱਦਿਆ ਪ੍ਰਾਪਤ ਕੀਤੀ। ਕਈ ਸਾਲਾਂ ਦੀ ਮਿਹਨਤ ਤੋਂ ਬਾਦ ਆਪ ਜਲੰਧਰ ਰੇਡੀਉ ਸਟੇਸ਼ਨ ਤੇ ਨੌਕਰੀ ਕਰਨ ਲਗ ਪਏ ਪ੍ਰੰਤੂ ਆਪ ਦਾ ਮਨ ਦੁਨਿਆਵੀ ਸੰਗੀਤ ਦੀ ਥਾ ਪ੍ਰਭੂ ਭਗਤੀ ਵਿਚ ਲੱਗਾ ਰਹਿੰਦਾ ਤਾਂ ਆਪ ਰੇਡੀਉ ਸਟੇਸ਼ਨ ਦੀ ਨੌਕਰ ਛੱਡ ਕੇ ਦੁਬਾਰਾ ਸੰਤ ਬਾਬਾ ਦਲੀਪ ਸਿੰਘ ਦੇ ਚਰਨਾ ਵਿਚ ਡੁਮੇਲੀ ਆ ਕੇ ਰਹਿਣ ਲੱਗ ਪਏ। ਡੁਮੇਲੀ ਆ ਕੇ ਆਪ ਨੇ ਅਪੰਗ, ਯਤੀਮ ਅਤੇ ਨੇਤਰਹੀਣ ਬੱਚਿਆਂ ਨੂੰ ਗੁਰਮਤਿ ਦੀ ਸਿੱਖਿਆ ਦੇਣੀ ਆਰੰਭ ਕਰ ਦਿੱਤੀ।[125] ਆਪ ਨੇ ਅਸਾਮ, ਮਹਾਰਾਸ਼ਟਰ, ਰਾਜਸਥਾਨ, ਕਸ਼ਮੀਰ, ਬੰਗਾਲ, ਮੱਧ ਪ੍ਰਦੇਸ਼, ਸਮੇਤ ਕਈ ਪ੍ਰਾਂਤਾਂ ਵਿਚ ਜਾ ਕੇ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਲਾਈ ਦਿੱਤੀ। ਵਿਦੇਸ਼ ਵਿਚ ਵੀ ਸੰਗਤਾਂ ਦੇ ਸੱਦੇ ਤੇ ਆਪ ਨੇ ਜਾ ਕੇ ਗੁਰਮਤਿ ਸੰਗੀਤ ਦਾ ਬਹੁਤ ਪ੍ਰਚਾਰ ਕੀਤਾ। ਸੰਗਤਾਂ ਦੇ ਸੱਦੇ ਤੇ ਆਪ ਪਹਿਲੀ ਵਾਰੀ 1970 ਵਿਚ ਇੰਗਲੈਂਡ ਗਏ। ਇਸ ਤੋਂ ਬਾਅਦ ਫਿਰ 1973 ਵਿਚ ਅਮਰੀਕਾ ਵਿਚ ਕੁਝ ਸਮਾਂ ਗੁਰਮਤਿ ਸੰਗੀਤ ਦਾ ਪ੍ਰਚਾਰ ਕੀਤਾ ਅਤੇ 1974 ਵਿਚ ਕੈਨੇਡਾ ਚਲੇ ਗਏ।[126] ਵਿਦੇਸ਼ਾਂ ਵਿਚ ਪ੍ਰਚਾਰ ਤੋਂ ਇਲਾਵਾ ਆਪ ਨੇ ਡੁਮੇਲੀ ਵਿਚ ਸੰਤ ਬਾਬਾ ਦਲੀਪ ਸਿੰਘ ਵੱਲੋਂ ਆਰੰਭ ਕੀਤੇ, ਸਕੂਲ ਦੀ ਬਦੌਲਤ ਹੀ ਬਾਅਦ ਵਿਚ ਇੱਥੇ ਸੰਤ ਬਾਬਾ

ਦਲੀਪ ਸਿੰਘ ਦੇ ਨਾਮ ਤੇ ਖ਼ਾਲਸਾ ਕਾਲਜ ਦੀ ਸਥਾਪਨਾ ਕੀਤੀ ਗਈ, ਜੋ ਇਲਾਕੇ ਦੇ ਲੋਕਾਂ ਲਈ ਵਿੱਦਿਆ ਦਾ ਵੱਡਾ ਕੇਂਦਰ ਹੈ। ਇਹ ਕਾਲਜ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਸਫਲਤਾ ਨਾਲ ਚੱਲ ਰਿਹਾ ਹੈ। ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਲਾਈ ਦੇਣ ਲਈ ਆਪ ਨੇ ਇੱਕ ਸੰਗੀਤ ਵਿਦਿਆਲੇ ਦੀ ਸਥਾਪਨਾ ਵੀ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ। ਇਸੇ ਤਰ੍ਹਾਂ ਆਪ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਗੰਧਰਵ ਸੰਗੀਤ ਸਭਾ' ਬਣਾਈ ਜਿੱਥੇ ਸੰਗੀਤ ਦੀ ਸਿਖਲਾਈ ਬਿਨਾਂ ਕਿਸੇ ਭੇਦ ਭਾਵ ਦੇ ਦਿੱਤੀ ਜਾਂਦੀ ਸੀ।[127] ਆਪ ਨੇ ਜਿੱਥੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਦੇਸ਼ਾਂ ਵਿਦੇਸ਼ਾਂ ਵਿਚ ਵਿਦਿਆਰਥੀਆਂ ਨੂੰ ਤੰਤੀ ਸਾਜ਼ ਅਤੇ ਗੁਰਮਤਿ ਸੰਗੀਤ ਦੀ ਸਿਖਲਾਈ ਦਿੱਤੀ। ਉੱਥੇ ਆਪ ਨੇ 'ਸੁਰ ਸਿਮਰਨ ਸੰਗੀਤ' ਪੁਸਤਕ ਸੱਤ ਭਾਗਾਂ ਵਿਚ ਪ੍ਰਕਾਸ਼ਿਤ ਕਰਕੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਵਡਮੁੱਲਾ ਯੋਗਦਾਨ ਪਾਇਆ। ਅਕਾਲ ਪੁਰਖ ਦੇ ਹੁਕਮ ਅਨੁਸਾਰ ਆਪ 1992 ਈਸਵੀ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਵਿਰਾਜੇ।[128] ਆਪ ਨੇ ਡੁਮੇਲੀ ਟਕਸਾਲ ਦਾ ਨਾਮ ਦੁਨੀਆ ਭਰ ਵਿਚ ਸਥਾਪਿਤ ਕੀਤਾ। ਆਪ ਭਾਵੇਂ ਅੱਜ ਸਾਡੇ ਵਿਚ ਨਹੀਂ ਰਹੇ, ਪ੍ਰੰਤੂ ਸੰਗੀਤ ਜਗਤ ਵਿਚ ਉਨ੍ਹਾਂ ਦਾ ਨਾਮ ਰਹਿੰਦੀ ਦੁਨੀਆ ਤੱਕ ਰਹੇਗਾ।

ਸੰਤ ਬਾਬਾ ਦਲੀਪ ਸਿੰਘ ਜੀ ਦੇ ਦੂਸਰੇ ਸ਼ਿਸ਼ **ਬਾਬਾ ਹਰਬੰਸ ਸਿੰਘ** ਪਿੰਡ ਸਾਹਨੀ ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ ਦੇ ਰਹਿਣ ਵਾਲੇ ਸਨ। ਗੁਰਬਾਣੀ ਦੇ ਗਿਆਤਾ ਹੋਣ ਕਰਕੇ ਸਭ ਲੋਕ ਆਪ ਨੂੰ ਗਿਆਨੀ ਜੀ ਕਹਿ ਕੇ ਪੁਕਾਰਦੇ ਸਨ। ਆਪ ਸਰੀਰਕ ਤੌਰ ਤੇ ਅਪੰਗ ਸਨ ਜਿਸ ਕਾਰਨ ਆਪ ਦੇ ਮਾਤਾ ਪਿਤਾ ਆਪ ਨੂੰ10 ਸਾਲ ਦੀ ਉਮਰ ਵਿਚ ਬਾਬਾ ਦਲੀਪ ਸਿੰਘ ਕੋਲ ਛੱਡ ਗਏ ਸਨ। ਬਾਬਾ ਦਲੀਪ ਸਿੰਘ ਦੀ ਕੋਲ ਰਹਿ ਕੇ ਆਪ ਨੇ ਸ਼ੁੱਧ ਗੁਰਬਾਣੀ ਪੜ੍ਹਨ ਅਤੇ ਕੀਰਤਨ ਦੀ ਸਿੱਖਿਆ ਪ੍ਰਾਪਤ ਕੀਤੀ। ਆਪ ਨੇ ਆਪਣੀ ਸਾਰੀ ਉਮਰ ਗੁਰਬਾਣੀ ਦਾ ਪ੍ਰਚਾਰ ਕਰਨ ਵਿਚ ਲਗਾ ਦਿੱਤੀ। 1990 ਨੂੰ ਸੰਤ ਬਾਬਾ ਹਰਬੰਸ ਸਿੰਘ ਡੁਮੇਲੀ ਵਾਲੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਆਪ ਨੇ ਸੰਤ ਸਰਵਣ ਸਿੰਘ ਗੰਧਰਵ ਦੀ ਤਰ੍ਹਾਂ ਡੁਮੇਲੀ ਟਕਸਾਲ ਦਾ ਨਾ ਦੇਸ਼-ਵਿਦੇਸ਼ ਵਿਚ ਪ੍ਰਸਿੱਧ ਕੀਤਾ। ਮੌਜੂਦਾ ਸਮੇਂ ਵਿਚ ਆਪ ਦੇ ਸ਼ਾਗਿਰਦ ਸੰਤ ਬਾਬਾ ਰਾਮ ਸਿੰਘ ਗੁਰਬਾਣੀ ਦਾ ਪ੍ਰਚਾਰ ਕਰਨ ਵਿਚ ਆਪਣਾ ਯੋਗਦਾਨ ਪਾ ਰਹੇ ਹਨ। ਵਰਤਮਾਨ ਸਮੇਂ ਡੁਮੇਲੀ

ਟਕਸਾਲ ਵਿਚ ਸੰਤ ਸਰਵਣ ਸਿੰਘ ਗੰਧਰਵ ਦੇ ਹੋਣਹਾਰ ਸ਼ਾਗਿਰਦ ਸੰਤ ਪ੍ਰੀਤਮ ਸਿੰਘ ਵਿਦਿਆਰਥੀਆਂ ਨੂੰ ਨਿਰਧਾਰਿਤ ਰਾਗਾਂ ਅਨੁਸਾਰ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਰਹੇ ਹਨ।

**1.10 ਜਵੱਦੀ ਟਕਸਾਲ** : ਗੁਰਮਤਿ ਸੰਗੀਤ ਵਿਚ ਜਵੱਦੀ ਟਕਸਾਲ ਦੀ ਆਪਣੀ ਇਕ ਵੱਖਰੀ ਪਹਿਚਾਣ ਹੈ। ਸੰਤ ਬਾਬਾ ਸੁੱਚਾ ਸਿੰਘ ਨੇ ਟਕਸਾਲ ਦੀ ਸਥਾਪਨਾ ਲੁਧਿਆਣਾ ਨੇੜੇ ਪਿੰਡ ਜਵੱਦੀ ਵਿਖੇ 1985 ਈਸਵੀ ਵਿਚ ਕੀਤੀ।[129] ਪਿੰਡ ਜਵੱਦੀ ਗੁਰੂ ਹਰਿਗੋਬਿੰਦ ਸਾਹਿਬ ਦੇ ਪਰਮ ਸਿੱਖ ਭਾਈ ਜਵੰਦਾ ਦੇ ਨਾਂ ਉੱਤੇ ਵਸਾਇਆ ਗਿਆ ਹੈ।[130] ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਜਵੱਦੀ ਟਕਸਾਲ ਨੇ ਬਹੁਪੱਖੀ ਕਾਰਜ ਕੀਤੇ ਪਰੰਤੂ ਟਕਸਾਲ ਦਾ ਪ੍ਰਮੁੱਖ ਕਾਰਜ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਹਨ। ਇਨ੍ਹਾਂ ਸੰਮੇਲਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ, ਗਾਇਨ ਸ਼ੈਲੀਆਂ, ਦਸਮ ਗ੍ਰੰਥ ਦੀ ਬਾਣੀ, ਰਾਗਮਾਲਾ ਅਤੇ ਹੋਰ ਵਿਸ਼ਿਆਂ ਦਾ ਨਿਰਧਾਰਨ ਕਰਕੇ ਗੁਰਮਤਿ ਸਮਾਗਮਾਂ ਦੀ ਨਿਵੇਕਲੀ ਪਰੰਪਰਾ ਚਲਾਈ। ਗੁਰਮਤਿ ਸੰਗੀਤ ਦੇ ਵੱਖ-ਵੱਖ ਵਿਸ਼ਿਆਂ ਉੱਤੇ ਜਵੱਦੀ ਟਕਸਾਲ ਵੱਲੋਂ ਵਿਸ਼ਾਲ ਸੈਮੀਨਾਰਾਂ ਦੀ ਲੜੀ ਚਲਾਈ ਗਈ ਹੈ। ਜਵੱਦੀ ਟਕਸਾਲ ਦਾ ਵਿਸ਼ੇਸ਼ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਮੁੱਖ ਰਾਗਾਂ ਅਤੇ 31 ਰਾਗ ਪ੍ਰਕਾਰਾਂ ਦੇ ਸਰੂਪ ਰਾਗ ਨਿਰਣਾਇਕ ਕਮੇਟੀ ਬਣਾ ਕੇ ਨਿਰਧਾਰਿਤ ਕਰਨਾ ਹੈ।[131] ਜਵੱਦੀ ਟਕਸਾਲ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਗਉੜੀ ਅਤੇ ਗਉੜੀ ਦੇ ਪ੍ਰਕਾਰਾਂ ਨੂੰ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਅਤੇ 'ਗਉੜੀ ਰਾਗ ਸੁਲਖਣੀ' ਆਡੀਓ ਕੈਸੇਟਾਂ ਦੇ ਰੂਪ ਵਿਚ ਰਿਕਾਰਡਿੰਗ ਕਰਵਾਈ ਗਈ ਹੈ।[132] ਗੁਰੂ ਘਰ ਦੇ ਪੁਰਾਤਨ ਤੰਤੀ ਸਾਜ਼ਾਂ ਨੂੰ ਦੁਬਾਰਾ ਪ੍ਰਚਲਿਤ ਕਰਨ ਵਿਚ ਜਵੱਦੀ ਟਕਸਾਲ ਦਾ ਵਿਸ਼ੇਸ਼ ਯੋਗਦਾਨ ਹੈ। ਜਵੱਦੀ ਟਕਸਾਲ ਵੱਲੋਂ ਗੁਰਮਤਿ ਸੰਗੀਤ ਸਾਹਿਤ ਦੀ ਪ੍ਰਕਾਸ਼ਨਾਂ ਦਾ ਕਾਰਜ ਆਰੰਭ ਕੀਤਾ ਗਿਆ ਜੋ ਇਸ ਖੇਤਰ ਵਿਚ ਇਕ ਬਹੁਤ ਵੱਡੀ ਪ੍ਰਾਪਤੀ ਸੀ। ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਵਿਚ ਗਾਇਨ ਕੀਤੀਆਂ ਜਾਣ ਵਾਲੀਆਂ ਪੁਰਾਤਨ ਸ਼ਬਦ ਕੀਰਤਨ ਬੰਦਿਸ਼ਾਂ ਨੂੰ ਸਵਰ ਲਿਪੀਬੱਧ ਕਰਕੇ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਕਰਨ ਦਾ ਸਿਲਸਿਲਾ ਵੀ ਜਵੱਦੀ ਟਕਸਾਲ ਵੱਲੋਂ ਆਰੰਭ ਕੀਤਾ ਗਿਆ।[133] ਜਵੱਦੀ ਟਕਸਾਲ ਦੀ ਸਥਾਪਨਾ ਤੋਂ ਬਾਅਦ ਇਸ ਦੇ ਸਰਬਪੱਖੀ ਵਿਕਾਸ ਵਿਚ ਸੰਤ ਬਾਬਾ ਸੁੱਚਾ ਸਿੰਘ, ਬੀਬੀ ਜਸਬੀਰ ਕੌਰ ਖ਼ਾਲਸਾ, ਪ੍ਰੋ. ਕਰਤਾਰ ਸਿੰਘ, ਭਾਈ ਸੋਹਣ ਸਿੰਘ ਅਤੇ ਭਾਈ ਜਸਬੀਰ ਸਿੰਘ ਜਵੱਦੀ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਸਵਰਗੀ ਉਸਤਾਦ ਜਸਵੰਤ ਸਿੰਘ ਭੰਵਰਾ ਤੋਂ ਬਾਦ ਪ੍ਰਿੰਸੀਪਲ ਸੁਖਵੰਤ ਸਿੰਘ ਨੇ ਗੁਰ ਸ਼ਬਦ

ਸੰਗੀਤ ਅਕੈਡਮੀ ਨੂੰ ਅਣਥੱਕ ਮਿਹਨਤ, ਲਗਨ, ਸ਼ਰਧਾ ਤੇ ਸਿਦਕ ਨਾਲ ਅਗਾਂਹ ਤੋਰਿਆਂ। 2002 ਵਿਚ ਸੰਤ ਬਾਬਾ ਸੁੱਚਾ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਦੇ ਭਰਾ ਬਾਬਾ ਕਰਨੈਲ ਸਿੰਘ ਕੋਲ ਜਵੱਦੀ ਟਕਸਾਲ ਦਾ ਪ੍ਰਾਰੰਭ ਰਿਹਾ।[134] ਵਰਤਮਾਨ ਸਮੇਂ ਸੰਤ ਬਾਬਾ ਅਮੀਰ ਸਿੰਘ ਜਵੱਦੀ ਟਕਸਾਲ ਦੇ ਮੁਖੀ ਦੀ ਸੇਵਾ ਨਿਭਾ ਰਹੇ ਹਨ।[135]

ਜਵੱਦੀ ਟਕਸਾਲ ਦੇ ਸੰਸਥਾਪਕ **ਸੰਤ ਬਾਬਾ ਸੁੱਚਾ ਸਿੰਘ** ਨੇ ਬਚਪਨ ਵਿਚ ਹੀ ਸੰਤ ਬਾਬਾ ਈਸ਼ਰ ਸਿੰਘ ਰਾੜ੍ਹਾ ਸਾਹਿਬ ਵਾਲਿਆਂ ਦੀ ਰਹਿਨੁਮਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਸੰਥਿਆ ਪ੍ਰਾਪਤ ਕੀਤੀ ਅਤੇ ਆਪਣਾ ਜੀਵਣ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਰਪਣ ਕਰ ਦਿੱਤਾ। ਬਾਬਾ ਸੁੱਚਾ ਸਿੰਘ ਨੇ ਬਹੁਤ ਸਮਾਂ ਬਾਬਾ ਈਸ਼ਰ ਸਿੰਘ ਦੀ ਸੇਵਾ ਵਿਚ ਬਤੀਤ ਕੀਤਾ। ਇਸ ਤੋਂ ਬਾਅਦ ਆਪ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਆਦਿ ਅਸਥਾਨਾਂ ਤੇ ਤਪੱਸਿਆ ਕਰਦੇ ਰਹੇ। ਜਵੱਦੀ ਟਕਸਾਲ ਦੀ ਸਥਾਪਨਾ ਆਪ ਨੇ 1985 ਈਸਵੀ ਵਿਚ ਕੀਤੀ। ਗੁਰਮਤਿ ਸੰਗੀਤ ਨੂੰ ਅੰਤਰਰਾਸ਼ਟਰੀ ਪੱਧਰ ਤੱਕ ਲੈ ਜਾਣ ਲਈ ਬਾਬਾ ਸੁੱਚਾ ਸਿੰਘ ਨੇ ਇੱਕ ਸੰਸਥਾ ਬਣਾਈ ਜਿਸ ਦਾ ਨਾਮ 'ਵਿਸਮਾਦ ਨਾਦ' ਰੱਖਿਆ ਗਿਆ ਇਸ ਸੰਸਥਾ ਦਾ ਮੁੱਖ ਉਦੇਸ਼ ਗੁਰਮਤਿ ਸੰਗੀਤ ਦਾ ਅੰਤਰਰਾਸ਼ਟਰੀ ਪੱਧਰ ਤੇ ਪ੍ਰਚਾਰ ਕਰਨਾ ਸੀ।[136] ਬਾਬਾ ਸੁੱਚਾ ਸਿੰਘ ਦਾ ਸੁਪਨਾ ਸੀ ਕਿ ਜੋ ਵਰਤਮਾਨ ਸਮੇਂ ਪ੍ਰਚਲਿਤ ਫ਼ਿਲਮੀ ਤਰਜ਼ਾਂ ਤੇ ਕੀਰਤਨ ਕੀਤਾ ਜਾ ਰਿਹਾ ਹੈ ਇਸ ਨੂੰ ਬੰਦ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਿਤ ਰਾਗਾਂ ਅਨੁਸਾਰ ਕੀਰਤਨ ਕੀਤਾ ਜਾਵੇ। ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਉੱਪਰ ਖੋਜ ਕਰਨੀ ਆਰੰਭ ਕਰ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਦੇ ਸਰੂਪ ਨਿਰਧਾਰਿਤ ਕਰਨ ਲਈ ਇੱਕ ਰਾਗ ਨਿਰਨਾਇਕ ਕਮੇਟੀ ਦੀ ਸਥਾਪਨਾ ਕੀਤੀ ਗਈ।[137] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਦੇ ਸਰੂਪ ਨਿਰਧਾਰਿਤ ਕਰਨ ਤੋਂ ਬਾਅਦ ਰਾਗੀ ਸਿੰਘਾਂ ਨੂੰ ਇਨ੍ਹਾਂ ਤਿਆਰ ਕੀਤੇ ਗਏ ਸਰੂਪਾਂ ਵਿਚ ਗੁਰਮਤਿ ਸੰਗੀਤ ਦੀ ਸਿਖਲਾਈ ਦੇਣ ਲਈ ਜਵੱਦੀ ਟਕਸਾਲ ਵਿਖੇ ਕਈ ਗੁਰਮਤਿ ਸੰਗੀਤ ਦੀਆਂ ਵਰਕਸ਼ਾਪਾਂ ਲਗਾਈਆਂ ਗਈਆਂ।

ਜਵੱਦੀ ਟਕਸਾਲ ਵਿਖੇ ਪਹਿਲਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 10 ਅਕਤੂਬਰ ਤੋਂ ਬਾਅਦ 13 ਅਕਤੂਬਰ 1991 ਈ. ਨੂੰ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਲੁਧਿਆਣਾ ਵਿਖੇ ਕਰਵਾਇਆ ਗਿਆ।[138] ਇਸ

ਸੰਮੇਲਨ ਵਿਚ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਰਾਗਾਂ ਅਨੁਸਾਰ ਕੀਰਤਨ ਦਾ ਅਨੰਦ ਮਾਣਿਆ। ਇਸ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿਚ ਸਵੇਰੇ ਆਸਾ ਦੀ ਵਾਰ ਤੋਂ ਉਪਰੰਤ ਰਾਗਾਂ ਦੇ ਸਮੇਂ ਅਨੁਸਾਰ ਸ਼ਬਦ ਗਾਇਨ ਸ਼ੁਰੂ ਹੋ ਜਾਂਦਾ ਸੀ ਅਤੇ ਰਾਤ 10 ਵਜੇ ਤੱਕ ਕੀਰਤਨ ਜਾਰੀ ਰਹਿੰਦਾ। ਇਸ ਗੁਰਮਤਿ ਸੰਗੀਤ ਸੰਮੇਲਨ ਵਿਚ ਗੁਰਮਤਿ ਸੰਗੀਤ ਪਰੰਪਰਾ ਦੇ ਅਲੋਪ ਹੋ ਰਹੇ ਤੰਤੀ ਸਾਜ਼ ਸਾਰੰਦਾ, ਤਾਊਸ, ਰਬਾਬ, ਤਾਨਪੁਰਾ, ਅਤੇ ਇਸਰਾਜ ਆਦਿ ਸਾਜ਼ਾਂ ਨੂੰ ਸ਼ਬਦ ਗਾਇਨ ਦੇ ਨਾਲ ਸੰਗਤ ਦੇ ਲਈ ਪ੍ਰਯੋਗ ਕੀਤਾ। ਕੁਝ ਕੀਰਤਨਕਾਰਾਂ ਨੇ ਹਰਮੋਨੀਅਮ ਦੀ ਵਰਤੋਂ ਨਾ ਕਰਕੇ ਸ਼ਬਦਾਂ ਦਾ ਗਾਇਨ ਨਿਰੋਲ ਤੰਤੀ ਸਾਜਾਂ ਦੀ ਸੰਗਤ ਨਾਲ ਕੀਤਾ। ਜਵੱਦੀ ਟਕਸਾਲ ਦੇ ਪ੍ਰਸਿੱਧ ਸੰਗੀਤਕਾਰਾਂ ਵਿਚੋਂ ਉਸਤਾਦ ਜਸਵੰਤ ਸਿੰਘ ਭੰਵਰਾ ਪ੍ਰਮੁੱਖ ਹਨ।[139] ਆਪ ਦੀ ਮੁਲਾਕਾਤ ਲੁਧਿਆਣੇ ਰਹਿੰਦੇ ਹੋਏ ਸੰਤ ਬਾਬਾ ਸੁੱਚਾ ਸਿੰਘ ਜਵੱਦੀ ਟਕਸਾਲ ਵਾਲਿਆ ਨਾਲ ਹੋਈ। ਬਾਬਾ ਜੀ ਦੀ ਪ੍ਰੇਰਨਾ ਸਦਕਾ ਆਪ ਗੁਰਮਤਿ ਸੰਗੀਤ ਨਾਲ ਜੁੜ ਗਏ। ਉਸਤਾਦ ਜਸਵੰਤ ਸਿੰਘ ਨੇ ਜਿੱਥੇ ਪੰਜਾਬੀ ਸਭਿਆਚਾਰ ਦੀ ਰੱਜ ਕੇ ਸੇਵਾ ਕੀਤੀ ਉੱਥੇ ਨਾਲ ਹੀ ਉਨ੍ਹਾਂ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਵੀ ਵਡਮੁੱਲਾ ਯੋਗਦਾਨ ਪਾਇਆ। ਬਾਬਾ ਸੁੱਚਾ ਸਿੰਘ ਦੇ ਉਪਰਾਲੇ ਸਦਕਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸੰਨ 1991 ਵਿਚ ਆਪ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਆਪ ਦੀ ਪ੍ਰੇਰਨਾ ਸਦਕਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਨਿਰਧਾਰਿਤ ਰਾਗਾਂ ਵਿਚ ਇੱਕ ਮੱਤ ਅਨੁਸਾਰ ਗਾਇਨ ਕਰਨ ਲਈ ਸਮੁੱਚੇ ਸਿੱਖ ਕੀਰਤਨਕਾਰਾ ਨੂੰ ਇੱਕ ਪਲੇਟ ਫਾਰਮ ਤੇ ਇਕੱਠਾ ਕੀਤਾ ਗਿਆ। ਬਾਬਾ ਸੁੱਚਾ ਸਿੰਘ ਤੋਂ ਬਾਅਦ ਉਨ੍ਹਾਂ ਦੇ ਭਰਾ ਬਾਬਾ ਕਰਨੈਲ ਸਿੰਘ ਕੋਲ ਜਵੱਦੀ ਟਕਸਾਲ ਦਾ ਪ੍ਰਾਰੰਭ ਰਿਹਾ ਪ੍ਰੰਤੂ ਬਾਅਦ ਵਿਚ ਸੰਗਤ ਨੇ ਬਾਬਾ ਅਮੀਰ ਸਿੰਘ ਨੂੰ ਟਕਸਾਲ ਦਾ ਮੁਖੀ ਨਿਯੁਕਤ ਕਰ ਦਿੱਤਾ।

**ਬਾਬਾ ਅਮੀਰ ਸਿੰਘ** ਨੂੰ ਗੁਰਮਤਿ ਮਰਯਾਦਾ ਦੀ ਗੁੜ੍ਹਤੀ ਆਪਣੇ ਪਰਿਵਾਰ ਵਿਚੋਂ ਹੀ ਪ੍ਰਾਪਤ ਹੋਈ। ਆਪ ਨੇ ਆਪਣਾ ਜੀਵਨ ਗੁਰਮਤਿ ਪ੍ਰਚਾਰ ਦੇ ਲੇਖੇ ਲਾਉਣ ਦਾ ਪੱਕਾ ਨਿਸ਼ਚਾ ਕਰ ਲਿਆ। ਇਸ ਉਦੇਸ਼ ਦੇ ਪੂਰਤੀ ਲਈ ਆਪ ਨੇ ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਕਾਲਜ ਤੋਂ ਗੁਰਮਤਿ ਦੀ ਵਿੱਦਿਆ ਪ੍ਰਾਪਤ ਕਰਨੀ ਆਰੰਭ ਕਰ ਦਿੱਤੀ। ਇਸ ਸਮੇਂ ਦੌਰਾਨ ਆਪ ਦੀ ਮੁਲਾਕਾਤ ਬਾਬਾ ਸੁੱਚਾ ਸਿੰਘ ਜਵੱਦੀ ਟਕਸਾਲ ਵਾਲਿਆਂ ਨਾਲ ਹੋਈ। ਆਪ ਬਾਬਾ ਜੀ ਦੀ ਸ਼ਖ਼ਸੀਅਤ ਤੋਂ ਐਨੇ ਪ੍ਰਭਾਵਿਤ ਹੋਏ ਕੇ ਆਪਣਾ ਘਰ

ਵਾਰ ਛੱਡ ਕੇ ਬਾਬਾ ਸੁੱਚਾ ਸਿੰਘ ਦੇ ਨਾਲ ਟਕਸਾਲ ਵਿਖੇ ਹੀ ਆ ਗਏ। ਬਾਬਾ ਸੁੱਚਾ ਸਿੰਘ ਨੇ ਆਪ ਨੂੰ ਗੁਰਮਤਿ ਸਿਧਾਂਤ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਵੱਖ-ਵੱਖ ਸਥਾਨਾਂ ਤੇ ਭੇਜਿਆ। ਬਾਬਾ ਸੁੱਚਾ ਸਿੰਘ ਦੇ ਪੰਜ ਭੂਤਕ ਸਰੀਰ ਨੂੰ ਤਿਆਗਣ ਉਪਰੰਤ ਸੰਗਤਾਂ ਵੱਲੋਂ ਆਪ ਨੂੰ ਜਵੱਦੀ ਟਕਸਾਲ ਦੇ ਮੁਖੀ ਦੀ ਸੇਵਾ ਦਿੱਤੀ ਗਈ। ਬਾਬਾ ਅਮੀਰ ਸਿੰਘ ਦੀ ਅਗਵਾਈ ਵਿਚ ਬਾਬਾ ਸੁੱਚਾ ਸਿੰਘ ਵੱਲੋਂ ਆਰੰਭ ਕੀਤੇ ਗਏ ਸੈਮੀਨਾਰਾਂ ਦੀ ਲੜੀ ਨੂੰ ਨਿਰੰਤਰ ਜਾਰੀ ਰੱਖਿਆ। ਬਾਬਾ ਅਮੀਰ ਸਿੰਘ ਜੀ ਵੱਲੋਂ *ਸੰਤ ਬਾਬਾ ਸੁੱਚਾ ਸਿੰਘ ਜੀ ਦੀ ਧਰਮ ਤੇ ਸੰਸਕ੍ਰਿਤੀ ਨੂੰ ਦੇਣ', ਧਰਮ ਦੀ ਦ੍ਰਿਸ਼ਟੀ ਤੋਂ ਵਾਤਾਵਰਣ ਦੀ ਸੰਭਾਲ, ਮੌਤ ਦਾ ਸੰਕਲਪ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗਿਆਨ ਦਾ ਸੰਕਲਪ, ਸਿੱਖ ਧਰਮ ਨੂੰ ਦਰਪੇਸ਼ ਚਣੌਤੀਆ, ਨਿਰਮਲ ਸੰਪ੍ਰਦਾਇ, ਉਦਾਸੀ ਸੰਪ੍ਰਦਾਇ* ਅਤੇ *ਸੇਵਾਪੰਥੀ ਸੰਪ੍ਰਦਾਇ ਦੀ ਸਿੱਖ ਸਾਹਿਤ ਨੂੰ ਦੇਣ* ਵਿਸ਼ਿਆਂ ਤੇ ਸੈਮੀਨਾਰ ਕਰਵਾਏ ਗਏ ਹਨ।

ਵਰਤਮਾਨ ਸਮੇਂ ਆਪ ਦੀ ਅਗਵਾਈ ਵਿਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀ ਲੜੀ ਨਿਰੰਤਰ ਜਾਰੀ ਹੈ। ਇਨ੍ਹਾਂ ਵਿਚ ਪੜਤਾਲਾਂ ਦਾ ਗਾਇਨ, ਰਾਗ ਰਹਿਤ ਬਾਣੀ, ਰਾਗਮਾਲਾ ਦੇ ਰਾਗਾਂ ਦਾ ਗਾਇਨ, ਪੁਰਾਤਨ ਪਰੰਪਰਾ ਅਨੁਸਾਰ ਧਰੁਪਦ ਗਾਇਨ ਸ਼ੈਲੀ ਦਾ ਗਾਇਨ, ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਗਾਇਨ, ਲੋਕ ਗਾਇਨ ਸ਼ੈਲੀਆਂ ਦਾ ਗਾਇਨ ਅਤੇ ਸ਼ਬਦ ਚੌਕੀ ਪਰੰਪਰਾ ਦਾ ਗਾਇਨ ਕੀਰਤਨ ਸੰਮੇਲਨ ਕਰਵਾਏ ਗਏ। ਇਸੇ ਪ੍ਰਕਾਰ ਹੀ ਜਵੱਦੀ ਟਕਸਾਲ ਦੇ ਵਿੱਦਿਆਲੇ ਦੇ ਪ੍ਰਿੰਸੀਪਲ ਸੁਖਵੰਤ ਸਿੰਘ ਗੁਰਮਤਿ ਸੰਗੀਤ ਦੇ ਵਿਕਾਸ ਲਈ ਵਿਸ਼ੇਸ਼ ਭੂਮਿਕਾ ਨਿਭਾ ਰਹੇ ਹਨ।

**ਪ੍ਰਿੰਸੀਪਲ ਸੁਖਵੰਤ ਸਿੰਘ** ਗੁਰਮਤਿ ਸੰਗੀਤ ਦੇ ਨਿਰਧਾਰਿਤ ਰਾਗਾਂ ਅਨੁਸਾਰ ਕੀਰਤਨ ਕਰਨ ਵਾਲੇ ਕੀਤਰਨਕਾਰਾਂ ਵਿਚ ਵਿਸ਼ੇਸ਼ ਹੈ। ਆਪ ਦਾ ਪਰਿਵਾਰਕ ਪਿਛੋਕੜ ਤਰਨਤਾਰਨ ਸਾਹਿਬ ਨਾਲ ਜੁੜਿਆ ਹੋਇਆ ਹੈ। ਆਪ ਨੂੰ ਬਚਪਨ ਤੋਂ ਹੀ ਸੰਗੀਤ ਸਿੱਖਣ ਦਾ ਸ਼ੌਕ ਸੀ। ਆਪ ਨੇ ਤਰਨਤਾਰਨ ਰਹਿੰਦੇ ਹੋਏ ਭਾਈ ਸਰਵਣ ਸਿੰਘ ਤੋਂ ਗੁਰਮਤਿ ਸੰਗੀਤ ਦੀ ਸਿਖਲਾਈ ਪ੍ਰਾਪਤ ਕੀਤੀ। ਆਪ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਖੇ ਸੰਨ 1991-92 'ਚ ਪ੍ਰਚਾਰਕ ਦਾ ਕੋਰਸ ਕੀਤਾ ਅਤੇ ਪ੍ਰੋ: ਅਵਤਾਰ ਸਿੰਘ ਨਾਜ਼ ਪਾਸੋਂ ਗੁਰਮਤਿ ਸੰਗੀਤ ਦੀ ਸਿਖਲਾਈ ਪ੍ਰਾਪਤ ਕੀਤੀ।[140] ਸੰਨ 1995 ਨੂੰ ਬਾਬਾ ਸੁੱਚਾ ਸਿੰਘ ਦੇ ਨੇੜਲੇ ਸੇਵਕ ਭਾਈ ਮਹਿੰਦਰ ਸਿੰਘ ਦੀ ਪ੍ਰੇਰਨਾ ਸਦਕਾ ਆਪ ਜਵੱਦੀ ਟਕਸਾਲ ਲੁਧਿਆਣਾ ਵਿਖੇ ਪਹੁੰਚ ਗਏ। ਇੱਥੇ ਆਪ ਨੇ ਉਸਤਾਦ ਜਸਵੰਤ ਸਿੰਘ ਭਵਰਾ ਤੋਂ ਸ਼ਾਸਤਰੀ ਸੰਗੀਤ ਦੀ ਸਿਖਲਾਈ ਪ੍ਰਾਪਤ ਕੀਤੀ।

ਬਾਬਾ ਸੁੱਚਾ ਸਿੰਘ ਦੀ ਪ੍ਰੇਰਨਾ ਸਦਕਾ ਜਦੋਂ ਜਵੱਦੀ ਟਕਸਾਲ ਵਿਖੇ ਕੀਰਤਨ ਦੀ ਸਿਖਲਾਈ ਦਾ ਕਾਰਜ ਆਰੰਭ ਹੋਇਆ ਤਾਂ ਭਾਈ ਸੁਖਵੰਤ ਸਿੰਘ ਨੂੰ ਜਵੱਦੀ ਟਕਸਾਲ ਦੇ ਵਿਦਿਆਲੇ ਵਿਖੇ ਬਤੌਰ ਪ੍ਰਿੰਸੀਪਲ ਨਿਯੁਕਤ ਕਰ ਦਿੱਤਾ ਗਿਆ।[141] ਆਪ ਨੇ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਲਈ *ਗੁਰੂ ਨਾਨਕ ਸੰਗੀਤ ਪੱਧਤੀ* ਨਾਮਕ ਗ੍ਰੰਥ ਪਹਿਲਾ ਅਤੇ ਦੂਜੇ ਭਾਗ ਦੀ ਸੰਪਾਦਨਾ ਕੀਤੀ। ਆਪ ਜਵੱਦੀ ਟਕਸਾਲ ਲੁਧਿਆਣਾ ਵਿਖੇ ਗੁਰਮਤਿ ਸੰਗੀਤ ਦੀ ਵਿੱਦਿਆ ਦੇ ਨਾਲ ਚਾਰ ਸੌ ਦੇ ਕਰੀਬ ਵਿਦਿਆਰਥੀਆਂ ਨੂੰ ਡਿਪਲੋਮਾ ਇਨ ਗੁਰਮਤਿ ਸੰਗੀਤ ਵੀ ਕਰਵਾ ਚੁੱਕੇ ਹਨ। ਟਕਸਾਲ ਵਿਚ ਪੰਜਾਬ ਦੇ ਹੀ ਨਹੀਂ ਬਲਕਿ ਭਾਰਤ ਭਰ ਦੇ ਸੰਗੀਤ ਉਸਤਾਦ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦੇਣ ਲਈ ਬੁਲਾਏ ਜਾਂਦੇ ਹਨ।

ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਜਵੱਦੀ ਟਕਸਾਲ ਨੇ ਬਹੁਪੱਖੀ ਕਾਰਜ ਕੀਤੇ ਹਨ। ਇਨ੍ਹਾਂ ਵਿਚ ਟਕਸਾਲ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੁੱਖ 31 ਰਾਗ ਅਤੇ 31 ਰਾਗ ਪ੍ਰਕਾਰਾਂ ਦੇ ਸਰੂਪ ਨਿਰਧਾਰਿਤ ਕਰਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਗਾਇਨ ਸ਼ੈਲੀਆਂ, ਦਸਮ ਗ੍ਰੰਥ ਦੀ ਬਾਣੀ, ਰਾਗਮਾਲਾ ਅਤੇ ਗਉੜੀ ਰਾਗ ਦੇ ਰਾਗ ਪ੍ਰਕਾਰਾਂ ਦੇ ਅੰਤਰਗਤ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਨਿਵੇਕਲੀ ਪਰੰਪਰਾ ਦਾ ਆਰੰਭ ਕੀਤਾ।[142] ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਵਿੱਚ ਗਾਇਨ ਕੀਤੀਆਂ ਜਾਣ ਵਾਲੀਆਂ ਪੁਰਾਤਨ ਬੰਦਿਸ਼ਾਂ ਨੂੰ ਸਵਰ ਲਿਪੀਬੱਧ ਕਰਕੇ ਪੁਸਤਕ ਦੇ ਰੂਪ ਵਿੱਚ ਵੀ ਪ੍ਰਕਾਸ਼ਿਤ ਕੀਤਾ ਗਿਆ। ਗੁਰਮਤਿ ਸੰਗੀਤ ਵਿਚ ਪ੍ਰਚੱਲਿਤ ਤੰਤੀ ਸਾਜ਼ਾਂ ਨੂੰ ਦੁਬਾਰਾ ਪ੍ਰਚੱਲਿਤ ਕਰਨ ਵਿੱਚ ਵੀ ਜਵੱਦੀ ਟਕਸਾਲ ਦਾ ਵਿਸ਼ੇਸ਼ ਯੋਗਦਾਨ ਹੈ। ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਜਵੱਦੀ ਟਕਸਾਲ ਵੱਲੋਂ ਸਮੇਂ ਸਮੇਂ ਰਾਸ਼ਟਰੀ ਪੱਧਰ ਦੀਆਂ ਸੰਗੀਤਕ ਵਰਕਸ਼ਾਪਾਂ ਦਾ ਆਯੋਜਨ ਵੀ ਕੀਤਾ ਜਾਂਦਾ ਰਿਹਾ ਹੈ। ਜਿਨ੍ਹਾਂ ਵਿੱਚ ਗੁਰਮਤਿ ਸੰਗੀਤ ਦੇ ਵਿਦਵਾਨਾਂ ਤੋਂ ਇਲਾਵਾ ਸ਼ਾਸਤਰੀ ਸੰਗੀਤ ਦੇ ਵਿਦਵਾਨਾਂ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ।

ਵਰਤਮਾਨ ਸਮੇਂ ਗਿਆਨੀ ਅਮੀਰ ਸਿੰਘ ਦੀ ਅਗਵਾਈ ਵਿਚ ਜਵੱਦੀ ਟਕਸਾਲ ਵਿਖੇ ਦਰਬਾਰ ਸਾਹਿਬ ਦੀ ਨਵੀਂ ਇਮਾਰਤ, ਲੰਗਰ ਹਾਲ ਅਤੇ ਬਾਬਾ ਸੁੱਚਾ ਸਿੰਘ ਵਿਦਿਆਰਥੀ ਹੋਸਟਲ ਦੀ ਸ਼ਾਨਦਾਰ ਇਮਾਰਤ ਦਾ ਨਿਰਮਾਣ ਕਰਵਾਇਆ ਗਿਆ। ਇਸ ਤੋਂ ਇਲਾਵਾ ਗੁਰਸ਼ਬਦ ਸੰਗੀਤ ਅਕੈਡਮੀ ਦੀ ਸੁੰਦਰ ਇਮਾਰਤ ਦਾ ਨਿਰਮਾਣ ਵੀ ਕਰਵਾਇਆ ਗਿਆ। ਜਿਸ ਵਿਚ 100 ਵਿਦਿਆਰਥੀ ਹੋਸਟਲ ਵਿਚ ਅਤੇ

200 ਵਿਦਿਆਰਥੀ ਰੋਜ਼ਾਨਾ ਗੁਰਮਤਿ ਸੰਗੀਤ ਦੀ ਵਿੱਦਿਆ ਪ੍ਰਾਪਤ ਕਰਨ ਆਉਂਦੇ ਹਨ।[143] ਟਕਸਾਲ ਵੱਲੋਂ ਗੁਰਮਤਿ ਸੰਗੀਤ ਦੇ ਵਿਕਾਸ ਲਈ ਕਈ ਅਕੈਡਮੀਆਂ ਸਥਾਪਤ ਕੀਤੀਆਂ ਹਨ। ਇਨ੍ਹਾਂ ਵਿਚ ਬਾਬਾ ਸੁੱਚਾ ਸਿੰਘ ਗੁਰਮਤਿ ਸੰਗੀਤ ਅਕੈਡਮੀ ਤਰਨਤਾਰਨ, ਸੰਤ ਬਾਬਾ ਸੁੱਚਾ ਸਿੰਘ ਅਕੈਡਮੀ ਮੋਗਾ, ਭਾਈ ਮਰਦਾਨਾ ਜੀ ਸੰਗੀਤ ਅਕੈਡਮੀ ਅੰਬਾਲਾ, ਬਾਬਾ ਹਰਨਾਮ ਸਿੰਘ ਸੰਗੀਤ ਅਕੈਡਮੀ ਜੀਰਾ, ਗੁਰਮਤਿ ਸੰਗੀਤ ਅਕੈਡਮੀ ਟੋਰਾਂਟੋ (ਕੈਨੇਡਾ) ਗੁਰਮਤਿ ਸੰਗੀਤ ਅਕੈਡਮੀ ਸਿੰਘਾਪੁਰ, ਗੁਰਮਤਿ ਸੰਗੀਤ ਅਕੈਡਮੀ ਮਲੇਸ਼ੀਆ ਅਤੇ ਗੁਰਮਤਿ ਸੰਗੀਤ ਅਕੈਡਮੀ (ਮਹਾਰਾਸ਼ਟਰ) ਆਦਿ ਸ਼ਾਮਲ ਹਨ।

| ਆ | ऽ | ਨਿ | ਜ | ਮੰ | ऽ | ਦ | ਰਿ | ਪਿ | ਰੀ | ਆ | ऽ |
| ਪ | ਮ | – | ਗ | – | ਰੇ | – | – | ਮ | – | ਗ | – |
| ਤ | ਹਾ | ਆ | ऽ | ਨ | ਦ | ਕ | ਰੀ | ਆ | ऽ | ਨ | ਹ |
| ਗ | ਰੇ | – | – | ਸ | – | ਰੇ | ਨ਼ੀ | ਸ | – | – | – |
| ਮ | ਰੀ | ਆ | ऽ | ऽ | ऽ | ਨ | ਹ | ਜ | ਰੀ | ਆ | ऽ |

| ਦੂਸਰਾ ਅੰਤਰਾ | | | | | | | | | | | | | ਤਾਲ ਢਈਆ |
|---|---|---|---|---|---|---|---|---|---|---|---|---|---|
| 0 | | | 1 | | 2 | | 0 | | | 1 | | 2 | |
| ਨ਼ੀ | ਧ਼ | ਨ਼ੀ | ਸ | – | – | – | ਮ | – | ਗ | ਪ | – | – | – |
| ਕਿਰ | ਤ | ਨਿ | ਜੁ | ਰੀ | ਆ | ऽ | ਬਹੁ | ਬਿ | ਧਿ | ਫਿ | ਰੀ | ਆ | ! |
| ਪ | ਨੁੀ | ਧ | ਪ | ਮ | ਗ | ਰੇ | ਮ | ਗ | ਰੇ | ਨ਼ੀ | ਰੇ | ਸ | – |
| ਪ | ਰ | ਕਉ | ਹਿ | ਰੀ | ਆ | ऽ | ਬਿ | ਖ | ਨਾ | ਘਿ | ਰੀ | ਆ | ! |

| ਇਕਤਾਲਾ | | | | | | | | | | | |
|---|---|---|---|---|---|---|---|---|---|---|---|
| × | | 0 | | 2 | | 0 | | 3 | | 4 | |
| ਪ | – | ਨੀ | – | ਧ | – | ਨੀ | – | ਸਂ | – | – | – |
| ਅ | ਬ | ਸਾ | ऽ | ਧੂ | ऽ | ਸੰ | ਗਿ | ਪ | ਰੀ | ਆ | ऽ |
| ਰੇਂ | ਗਂ | ਰੇਂ | ਸਂ | – | ਨੀ | – | ਰੇ | ਸਂ | – | ਸ਼ | ਨੁੀ |
| ਹ | ਰਿ | ਦੂ | ਆ | ऽ | ਰੇ | ਖ | ਰੀ | ਆ | ऽ | ਦ | ਰ |
| ਨੁੀ | ਧ | – | ਪ | – | – | ਨੀ | ਧ | – | ਪ | – | ਮ |

ਭਾਈ ਕੁਲਤਾਰ ਸਿੰਘ ਦੁਆਰਾ ਗਾਇਨ ਕੀਤੀ ਗਈ ਸ਼ਬਦ ਰਚਨਾ

**ਭੈਰਉ ਮਹਲਾ ੪॥**

ਸੁਕ੍ਰਿਤੁ ਕਰਣੀ ਸਾਰੁ ਜਪਮਾਲੀ॥ ਹਿਰਦੈਫੇਰਿ ਚਲੈ ਤੁਧੁ ਨਾਲੀ॥੧॥

ਹਰਿ ਹਰਿ ਨਾਮੁ ਜਪਹੁ ਬਨਵਾਲੀ॥

ਕਰਿ ਕਿਰਪਾ ਮੇਲਹੁ ਸਤਸੰਗਤਿ ਤੂਟਿ ਗਈ ਮਾਇਆ ਜਮ ਜਾਲੀ੧॥ਰਹਾਉ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੩੪)*

**ਮਸਤੂਆਣਾ ਟਕਸਾਲ ਦੀ ਗੁਲਦਸਤਾ ਗਾਇਨ ਸ਼ੈਲੀ ਦੀ ਸ਼ਬਦ ਰਚਨਾ**

| **ਰਾਗ ਭੈਰਵ** | | | | | | | **ਸਥਾਈ** | | | | | **ਤਾਲ ਫਰੋਦਸਤ** | |
|---|---|---|---|---|---|---|---|---|---|---|---|---|---|
| × | | 0 | | 2 | | 0 | | 3 | | 4 | | 5 | |
| ਧੁ | ਧੁ | ਪਧੁ | ਸਂਨੀ | ਧੁ | – | ਪ | – | ਧੁਪ | ਮਗ | ਮਰੇੁ | ਗਮ | ਗਰੇੁ | ਸ |
| ਹ | ਰਿ | ਹ | ਰਿ | ਨਾ | ऽ | ਮ | ਜਪ | ਹੁ | ਬ | ਨ | ਵਾ | ऽ | ਲੀ |
| ਮ | ਪ | ਧੁ | ਧੁ | ਪ | ਧੁ | ਨੀ | ਸਂ | ਧੁਨੀ | ਸਂਰੇਂੁ | ਸਂਨੀ | ਧੁਨੀ | ਸਂਨੀ | ਧੁਪ |
| ਕ | ਰਿ | ਕਿ | ਰ | ਪਾ | ऽ | ਮੇ | ऽ | ਲਹੁ | ਸ | ਤ | ਸੰ | ਗ | ਤਿ |
| ਧੁ | – | – | ਨੀ | ਸਂ | ਨੀ | ਧੁ | ਪ | ਧੁਪ | ਮਗ | ਮਰੇੁ | ਗਮ | ਗਰੇੁ | ਸ |
| ਤੂ | ऽ | ਟਿ | ਗ | ਈ | ऽ | ਮਾ | ऽ | ਇਆ | ਜ | ਮ | ਜਾ | ऽ | ਲੀ |
| **ਰਾਗ ਅਹੀਰ ਭੈਰਵ** | | | | | | | **ਅੰਤਰਾ** | | | | | | |
| ਮ | ਮ | ਪ | ਨੁ਼ੀ | ਧ | ਪ | ਮ | ਮ | ਪਗ | ਮਰੇੁ | ਸ | ਨੁ਼ੀਧ਼ | ਨੁ਼ੀਰੇੁ | ਸ |
| ਸੁ | ਕ੍ਰਿ | ਤੁ | ऽ | ਕ | ਰ | ਣੀ | ऽ | ਸਾ | ਰੁ | ਜਪ | ਮਾ | ऽ | ਲੀ |
| **ਰਾਗ ਨਟ ਭੈਰਵ** | | | | | | | | | | | | | |
| ਸ | ਰੇ | ਗਮ | ਮ | ਧੁ | – | ਪ | – | ਮ | ਗ | ਮ | ਰੇ | – | ਸ |
| ਹਿ | ਰ | ਦੈ | ऽ | ਫੇ | ऽ | ਰਿ | ਚ | ਲੈ | ਤੁ | ਧੁ | ਨਾ | ऽ | ਲੀ |
| **ਰਾਗ ਬੈਰਾਗੀਭੈਰਵ** | | | | | | | | | | | | | |
| ਮ | ਪ | ਨੁ਼ੀ | ਪ | ਮ | ਰੇੁ | ਸ | – | ਮਪ | ਮਰੇੁ | ਸ | ਨੁ਼ੀਪ਼ | ਨੁ਼ੀਰੇੁ | ਸ |
| ਸੁ | ਕ੍ਰਿ | ਤੁ | ऽ | ਕ | ਰ | ਣੀ | ऽ | ਸਾ | ਰੁ | ਜਪ | ਮਾ | ऽ | ਲੀ |
| **ਰਾਗ ਅਨੰਦ ਭੈਰਵ** | | | | | | | | | | | | | |
| ਪ | ਮ | ਗ | ਮ | ਰੇੁ | – | ਰੇੁ | ਸ | ਨ਼ੀ | ਧ਼ | ਪ਼ | ਸ | – | ਸ |
| ਹਿ | ਰ | ਦੈ | ऽ | ਫੇ | ऽ | ਰਿ | ਚ | ਲੈ | ਤੁ | ਧੁ | ਨਾ | ऽ | ਲੀ |

**ਉਸਤਾਦ ਸੁਰਜੀਤ ਸਿੰਘ ਤੋਂ ਪ੍ਰਾਪਤ ਸ਼ਬਦ ਰਚਨਾ**

ਪਾਤਿਸ਼ਾਹੀ ੧੦

## ਸ੍ਵੈਯਾ ਚੌਬੀਸ ਅਉਤਾਰ

ਕਾਹੇ ਕੋ ਮਾਨਕਰੇ ਸੁਨ ਗੁਆਰਨਿ ਸਯਾਮ ਕਹੈ ਉਠ ਕੈ ਕਰ ਸੋਊ॥
ਜਾਕੈ ਕੀਏ ਹਰਿ ਹੋਇ ਖੁਸੀ ਸੁਨਿਜੀ ਬਲਕਾਜ ਕਰੋ ਅਬ ਜੋਊ॥

*(ਸ੍ਰੀ ਦਸਮ ਗ੍ਰੰਥ, ਚੌਬੀਸ ਅਉਤਾਰ)*

### ਸੈਦਪੁਰ ਠੱਠਾ ਟਿੱਬਾ ਟਕਸਾਲ ਦੀ <u>ਹੋਲੀ ਗਾਇਨ ਸ਼ੈਲੀ</u> ਦੀ ਸ਼ਬਦ ਰਚਨਾ

| ਰਾਗ ਬਸੰਤ (ਕਾਫੀ ਥਾਟ) | | | | | | | ਸਥਾਈ | | | | | | ਤਾਲ ਦੀਪਚੰਦੀ |
|---|---|---|---|---|---|---|---|---|---|---|---|---|---|
| × | | | 2 | | | | 0 | | | 3 | | | |
| | ਮ | – | ਪ | – | – | ਨੁੀ | ਧੁ | – | – | ਪ | – | – | – |
| | (ਸ | ਖੀ) | ਕਾ | ऽ | ਹੇ | ਕੋ | ਮਾ | ऽ | ऽ | ਨ | ऽ | ऽ | ऽ |
| ਪ | – | – | ਪ | – | – | ਧੁ | ਨੁੀ | ਸਂ | ਨੁੀ | ਗੁੰ | ਰੇਂ | ਸਂ | ਨੀ |
| ऽ | ऽ | ऽ | ਕ | ਰੇ | ਸੁ | ਨ | ਗੁਆ | ਰ | ऽ | ਨਿ | ऽ | ऽ | ऽ |
| ਸਂ | – | – | ਨੁੀ | ਧ | ਨੁੀ | ਸਂ | ਧੁ | – | – | ਪ | – | – | – |
| ऽ | ऽ | ऽ | ਕਾ | ऽ | ਹੇ | ਕੋ | ਮਾ | ऽ | ऽ | ਨ | ऽ | ऽ | ऽ |
| ਪ | – | – | ਪ | – | – | ਧੁ | ਨੁੀ | ਸਂ | ਨੁੀ | ਗੁੰ | ਰੇਂ | ਸਂ | ਨੁੀ |
| ऽ | ऽ | ऽ | ਕ | ਰੇ | ਸੁ | ਨ | ਗੁਆ | ਰ | ऽ | ਨਿ | ऽ | ऽ | ऽ |
| ਸਂ | – | – | ਸਂ | ਨੁੀ | ਸਂ | ਰੇਂ | ਸਂ | ਨੁੀ | ਸਂ | ਪ | ਮ | ਪ | – |
| ऽ | ऽ | ऽ | ਸਯਾ | ऽ | ਮ | ਕ | ਹੈ | ऽ | ऽ | ਉ | ऽ | ਠ | ऽ |
| ਗੁ | ਰੇ | – | ਮ | ਗੁ | – | – | ਰੇ | – | – | ਸ | – | – | – |
| ਕੈ | ऽ | ऽ | ਕ | ऽ | ਰ | ऽ | ਰੇ | – | – | ਸ | – | – | – |
| ਸ | – | – | ਸਂ | ਨੁੀ | ਸਂ | ਰੇਂ | ਸਂ | ਨੁੀ | ਸਂ | ਪ | ਮ | ਪ | – |
| ऽ | ऽ | ऽ | ਸਯਾ | ऽ | ਮ | ਕ | ਹੈ | ऽ | ऽ | ਉ | ऽ | ਠ | ऽ |
| ਗੁ | ਰੇ | – | ਮ | ਗੁ | – | – | ਰੇ | ਸ | – | ਮ | – | – | – |
| ਕੈ | ऽ | ऽ | ਕ | ऽ | ਰ | ऽ | ਸੋ | ऽ | ਊ | (ਹੇ | ਰੀ | ਸ | ਖੀ) |
| ਪ | – | – | | | | | | | | | | | |
| ਸੁ | ਨ | ऽ | | | | | | | | | | | |

| ਅੰਤਰਾ | | | | | | | | | | | | | |
|---|---|---|---|---|---|---|---|---|---|---|---|---|---|
| | | | ਪ | – | – | ਧੁ | ਨ਼ੀ | ਸਂ | ਨ਼ੀ | ਰੇਂ | ਸਂ | – | – |
| | | | ਜਾ | ਽ | ਕੇ | ਽ | ਕੀ | ਏ | ਽ | ਹ | ਽ | ਰਿ | ਽ |
| ਸਂ | – | – | ਨ਼ੀ | ਧ | ਨ਼ੀ | ਸਂ | ਨ਼ੀ | ਧੁ | – | ਪ | – | – | – |
| ਽ | ਽ | ਽ | ਹੋ | ਽ | ਇ | ਽ | ਖੁ | ਽ | ਽ | ਸੀ | ਽ | ਽ | ਽ |
| ਪ | ਪ | – | ਸ | – | ਰੇਂ | – | ਰੇਂ | – | – | ਰੇਂ | – | – | ਰੇਂ |
| ਸੁ | ਨਿ | ਽ | ਯੀ | ਽ | ਬ | ਲ | ਕਾ | ਽ | ਽ | ਜ | ਽ | ਽ | ਕ |
| ਸਂਰੇਂ | ਗੁਂ | – | ਰੇਂ | – | ਸਂ | – | ਨ਼ੀ | ਸਂ | – | ਮ | – | – | – |
| ਰੋ! | ਽ | ਽ | ਅ | ਽ | ਬ | ਽ | ਜੋ | ਊ | ਽ | ਹੇ | ਰੀ | ਸ | ਖੀ |
| ਪ | – | – | ਪ | – | – | ਨ਼ੀ | ਧੁ | – | – | ਪ | – | – | – |
| (ਸੁ | ਨ | ਽) | ਕਾ | ਽ | ਹੇ | ਕੋ | ਮਾ | ਽ | ਽ | ਨ | ਽ | ਽ | ਽ |
| ਪ | | | | | | | | | | | | | |
| ਽ | | | | | | | | | | | | | |

**ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦੁਆਰਾ ਗਾਇਨ ਕੀਤੀ ਸ਼ਬਦ ਰਚਨਾ**

**ਬਸੰਤੁ ਮਹਲਾ ੫ ਘਰੁ ੧ ਦੁਤੁਕੇ**

ਗੁਰ ਸੇਵਉ ਕਰਿ ਨਮਸਕਾਰ॥ ਆਜੁ ਹਮਾਰੈ ਮੰਗਲਚਾਰ॥
ਆਜੁ ਹਮਾਰੈ ਮਹਾ ਅਨੰਦ॥ ਚਿੰਤ ਲਥੀ ਭੇਟੇ ਗੋਬਿੰਦ॥੧॥
ਆਜੁ ਹਮਾਰੈ ਗ੍ਰਿਹਿ ਬਸੰਤ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ॥੧॥ਰਹਾਉ॥
ਆਜੁ ਹਮਾਰੈ ਬਨੇ ਫਾਗ॥ ਪ੍ਰਭ ਸੰਗੀ ਮਿਲਿ ਖੇਲਨ ਲਾਗ॥
ਹੋਲੀ ਕੀਨੀ ਸੰਤ ਸੇਵ॥ ਰੰਗੁ ਲਾਗਾ ਅਤਿ ਲਾਲ ਦੇਵ॥੨॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੮੦)*

**ਸੈਦਪੁਰ ਠੱਠਾ ਟਿੱਬਾ ਟਕਸਾਲ ਦੀ ਹੋਲੀ ਗਾਇਨ ਸ਼ੈਲੀ ਦੀ ਸ਼ਬਦ ਰਚਨਾ**

| ਰਾਗ ਬਸੰਤ (ਬੁਢਾ ਬਸੰਤ) | | | | | | | ਸਥਾਈ | | | | | | ਧਮਾਰ ਤਾਲ |
|---|---|---|---|---|---|---|---|---|---|---|---|---|---|
| × | | | | | 2 | | 0 | | | 3 | | | |
| | | | | | ਸ | – | ਰੇ | – | – | ਮਗੁ | – | ਮਪ | ਮ |
| | | | | | ਹੋ | ਲੀ | ਕੀ | ऽ | ਨੀ | ਸੰ | ऽ | ऽऽ | ਤ |
| ਨ̣ੀਪ | – | – | ਮਗੁ | – | ਰੇ | ਸ | ਰੇ | – | – | ਗੁ | – | ਮਪ | ਮ |
| ਸੇ | ऽ | ऽ | ਵऽ | ऽ | ਹੋ | ਲੀ | ਕੀ | ऽ | ਨੀ | ਸੰ | ऽ | ऽऽ | ਤ |
| ਨ̣ੀ | – | – | ਪ | – | ਸਂ | – | ਨ̣ੀ | ਧ | – | ਪ | – | – | – |
| ਸੇ | ऽ | ऽ | ਵ | ऽ | ਰੰ | ਗੁ | ਲਾ | ਗਾ | ऽ | ਅ | ऽ | ਤਿ | ऽ |
| ਮ | ਗੁ | – | ਰੇ | ਸ | ਸਂ | – | ਨ̣ੀ | ਧ | – | ਪ | – | – | – |
| ਲਾ | ऽ | ਲ | ਦੇ | ਵ | ਰੰ | ਗੁ | ਲਾ | ਗਾ | ऽ | ਅ | ऽ | ਤਿ | ऽ |
| ਮ | ਗੁ | – | ਰੇ | – | ਸ | – | ਰੇ | – | ਮ | ਗੁ | – | ਮਪ | ਮ |
| ਲਾ | ऽ | ਲ | ਦੇ | ਵ | ਹੋ | ਲੀ | ਕੀ | ऽ | ਨੀ | ਸੰ | ऽ | ऽऽ | ਤ |
| ਨ̣ੀ | – | ਪ | – | – | | | | | | | | | |
| ਸੇ | ऽ | ਵ | – | – | | | | | | | | | |
| | | | | | | | ਅੰਤਰਾ | | | | | | |
| | | | | | ਮ | – | ਨ̣ੀ | ਪ | – | ਨ̣ੀ | – | – | – |
| | | | | | ਗੁ | ਰੁ | ਸੇ | ऽ | ਵਉ | ਕ | ऽ | ਰਿ | ऽ |
| ਨ̣ੀ | – | – | – | – | ਸਂ | ਰੇਂ | ਮਂ | ਗੁ | – | ਰੇਂ | – | – | ਸਂਨ̣ੀ |
| ਨ | ਮ | ਸ | ਕਾ | ਰ | ਆ | ਜੁਹ | ਮਾ | ऽ | ऽ | ਰੈ | ऽ | ऽ | ऽऽ |
| ਨ̣ੀ | ਮ | – | ਪ | – | ਮ | – | ਨ̣ੀ | ਪ | – | ਨ̣ੀ | – | – | – |
| ਮੰ | ਗ | ਲ | ਚਾ | ਰ | ਆ | ਜੁਹ | ਮਾ | ऽ | ऽ | ਰੈ | ऽ | ऽ | ऽ |
| ਸਂ | – | – | – | – | ਸਂ | ਰੇਂ– | ਮਂ | ਗੁ | – | ਰੇ | – | – | ਸਂਨ̣ੀ |
| ਮ | ਹਾ | ਆ | ਨੰ | ਦ | ਚਿੰ | ਤਲ | ਥੀ | ऽ | ऽ | ऽ | ऽ | ऽ | ऽऽ |
| ਨ̣ੀ | ਮ | – | ਪ | – | ਸਂ | – | ਨ̣ੀ | ਧ | – | ਪ | – | – | – |
| ਭੇ | ਟੇ | ਗੋ | ਬਿੰ | ਦ | ਚਿੰ | ਤ | ਲ | ऽ | ऽ | ਥੀ | ऽ | ऽ | ਭੇ |
| ਮ | ਗੁ | – | ਰੇ | – | ਸ | – | ਰੇ | – | – | ਗੁ | – | ਮਪ | ਮ |
| ਟੇ | ऽ | ਗੋ | ਬਿੰ | ਦ | ਹੋ | ਲੀ | ਕੀ | ऽ | ਨੀ | ਸੰ | ऽ | ऽऽ | ਤ |
| ਨ̣ੀ | – | ਪ | – | – | | | | | | | | | |
| ਸੇ | – | ਵ | – | – | | | | | | | | | |

**ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦੁਆਰਾ ਗਾਇਨ ਕੀਤੀ ਸ਼ਬਦ ਰਚਨਾ**

### ਰਾਗੁ ਧਨਾਸਰੀ ਮਹਲਾ ੧

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥

ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥

ਅਨਹਤਾ ਸਬਦ ਵਾਜੰਤ ਭੇਰੀ॥੧॥ ਰਹਾਉ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩)*

**ਦੌਧਰ ਟਕਸਾਲ ਦੀ ਆਰਤੀ ਗਾਇਨ ਸ਼ੈਲੀ ਦੀ ਸ਼ਬਦ ਰਚਨਾ**

| ਰਾਗ ਧਨਾਸਰੀ | | | | | | | ਸਥਾਈ | | | | | ਰੂਪਕ ਤਾਲ | |
|---|---|---|---|---|---|---|---|---|---|---|---|---|---|
| × | | | 2 | | 3 | | × | | | 2 | | 3 | |
| ਪ | – | ਪ | ਗੁ | ਮ | ਪ | ਪ | ਗੁ | – | ਰੇ | ਸਂ | ਨ਼ੀ | ਸਂ | – |
| ਕੈ | ऽ | ਸੀ | ਆ | ऽ | ਰ | ਤੀ | ਹੋ | ऽ | ऽ | ਇ | ऽ | ऽ | ऽ |
| ਗੁ | ਮ | ਪ | ਨੁੀ | – | ਸਂ | – | ਨੁੀ | ਧ | ਪ | ਮ | ਪ | ਪ | – |
| ਭਵ | ਖੰਡ | ਨਾ | ਤੇ | ऽ | ਰੀ | ऽ | ਆ | ऽ | ਰ | ਤੀ | ऽ | ऽ | ऽ |
| ਪ | ਪ | ਪ | ਗੁ | ਮ | ਪ | ਮ | ਗੁ | – | ਰੇ | ਸ | ਨ਼ੀ | ਸ | – |
| ਅਨ | ਹ | ਤਾ | ਸ | ਬ | ਦ | ਵਾ | ਜੰ | ऽ | ਤ | ਭੇ | ऽ | ਰੀ | ऽ |
| | | | | | | | ਅੰਤਰਾ | | | | | | |
| ਗੁ | ਮ | ਪ | ਨੁੀ | ਨੁੀ | ਨੁੀ | ਨੁੀ | ਸਂ | ਸਂ | ਨੁੀ | ਸਂ | ਸਂ | ਸਂ | ਸਂ |
| ਗ | ਗਨ | ਮੈ | ਥਾ | ਲੁ | ਰ | ਵਿ | ਚੰ | ਦੁ | ਦੀ | ਪ | ਕ | ਬ | ਨੇ |
| ਗੁਂ | ਰੇਂ | ਸਂ | ਨੁੀ | ਨੁੀ | ਸਂ | ਸਂ | ਨੁੀ | ਧ | ਪ | ਮ | ਪ | ਪ | – |
| ਤਾ | ਰਿ | ਕਾ | ਮੰ | ऽ | ਡ | ਲ | ਜ | ਨ | ਕ | ਮੋ | ऽ | ਤੀ | ऽ |

**ਉਸਤਾਦ ਜਸਵੰਤ ਸਿੰਘ ਤੀਬਰ ਦੀ ਸ਼ਬਦ ਰਚਨਾ**

**ਬਸੰਤ ਕੀ ਵਾਰ ਮਹਲੁ ੫**

**ੴ ਸਤਿਗੁਰ ਪ੍ਰਸਾਦਿ॥**

ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ॥
ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ॥
ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ॥
ਮਿਲਿ ਸਾਧੂ ਉਪਜੈ ਲਥੀ ਸਭ ਛਾਈ॥
ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ॥੧॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੯੩)*

**ਪੁਰਾਤਨ ਰਬਾਬੀ ਸ਼ਬਦ ਰਚਨਾ**

| ਰਾਗ ਬਸੰਤ | | | | | | | | | | | | | | | ਪਉੜੀ ਤਾਲ |
|---|---|---|---|---|---|---|---|---|---|---|---|---|---|---|---|
| × | | | | 2 | | | | × | | | | 2 | | | |
| ਰਸਂ | ਸਂ | – | – | – | – | – | – | ਨੀ | –ਧ | ਨੀ | – | ਸਂ | – | – | – |
| ਹਰਿ | ਕਾ | ਨਾ | ऽਮੁ | ਧਿਆ | ਇ | ਕੈ | ऽ | (ਪਿਆ | ऽਰਿ | ਆ) | ਹੋਹੁ | ਹਰਿ | ਆ | ਭਾ | ਈ |
| ਰੇਸਂ | ਸਂ | – | – | – | – | – | – | ਨੀ | –ਧ | ਨੀ | – | ਸਂ | – | – | – |
| ਕਰ | ਮਿਲਿ | ਖੰ | ਤੈ | ਪਾ | ਈ | ਐ | ऽ | (ਪਿਆ | !ਰਿ | ਆ) | ਇਹ | ਰੁ | ਤਿਸੁ | ਹਾ | ਈ |
| ਸਂ | – | – | – | – | – | – | – | ਨੀ | –ਧ | ਨੀ | – | ਸਂ | – | – | – |
| ਵਣੁ | ਤ੍ਰਿਣ | ਤ੍ਰਿ | ਭਵਣੁ | ਮਉ | ऽਲਿ | ਆ | ऽ | (ਪਿਆ | !ਰਿ | ਆ) | ਅੰ | ਮ੍ਰਿਤ | ਫਲੁ | ਪਾ | ਈ |
| ਨੀ | – | ਧ | – | ਨੀ | – | ਧ | ਮਂ | ਮ | ਗ | – | – | ਮਂ | ਧ | – | ਨੀ |
| ਮਿਲਿ | ਸਾ | ਧੂ | ਸੁਖੁ | ਊ | !ਪ | ਜੈ | ऽ | ऽ | ऽ | ऽ | ਲ | ਥੀ | ਸਭ | ਛਾ | ਈ |
| ਸਂ | – | – | – | ਨੀ | – | ਧ | – | ਨੀ | – | ਧ | ਮਂਮ | ਮਂ | ਗ | – | – |
| (ਜੀ) | ऽ | ऽ | ऽ | ਨਾ | ਨਕ | ਸਿਮ | ਰੈ | ਏ | ਕੁਨਾ | ऽ | ਮੁऽ | ਏ | ਕੁਨਾ | ਮੁ | ਫਿਰਿ |
| ਗ | – | ਮ/ | ਧ | ਨੀ | – | ਸਂ | – | ਨੀ | ਧ | ਨੀ | – | ਸਂ | – | – | – |
| ਬਹੁ | ੜਿਨ | ਧਾ | ਈ | (ਜੀ) | ऽ | ਰੇ | ऽ | ਤੇ | ਰਾ | ऽਨਾ | ਮ | ਸਤ | ਹੈ | ऽ | ਬੋਲ |
| ਰੇਂਸਂ | – | – | – | – | | | | | | | | | | | |
| ਵਾਹਿ | ਗੁਰੂ | ਵਾਹਿ | ਗੁਰੂ | ਵਾਹਿਗੁਰੂ | | | | | | | | | | | |

**ਪੁਰਾਤਨ ਰਾਗੀ ਰਬਾਬੀ ਸਿੰਘਾਂ ਦੁਆਰਾ ਗਾਇਨ ਕੀਤੀ ਗਈ ਸ਼ਬਦ ਰਚਨਾ**

**(ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ, ਅੰਮ੍ਰਿਤਸਰ)**

## ਸੂਹੀ ਮਹਲਾ ੪

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ॥੧॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੭੩-੭੪)*

### ਕੀਰਤਨਕਾਰਾਂ ਵਿਚ ਪ੍ਰਚਲਿਤ ਲਾਵਾ ਦੀ ਪਰੰਪਰਾਗਤ ਸ਼ਬਦ ਰਚਨਾ

| ਪਰੰਪਰਾਗਤ ਗੀਤ | | | | | ਪਹਿਲੜੀ ਲਾਵ | | | | | | | ਰੂਪਕ ਤਾਲ | |
|---|---|---|---|---|---|---|---|---|---|---|---|---|---|
| × | | | 1 | | 2 | | × | | | 1 | | 2 | |
| | | | | | | | | | | | | ਨ਼ੀ | ਸ |
| | | | | | | | | | | | | ਹ | ਰਿ |
| ਰੇਰੇ | ਗੁ | ਰੇ | ਸ | ਸ | ਨ਼ੀ | ਸ | ਰੇ | ਗੁ | ਰੇ | ਸ | ਸ | ਨ਼ੀ | ਨ਼ੀ |
| ਪਹਿ | ਲ | ੜੀ | ਲਾ | ਵ | ਪ | ਰ | ਵਿ | ਰ | ਤੀ | ਕ | ਰ | ਮ | ਦ੍ਰਿ |
| ਧ਼ | – | – | ਸ | – | ਸ | ਸ | ਰੇਗ | ਮ | – | ਗ | ਰੇ | – | – |
| ੜਾ | ऽ | ऽ | ਇਆ | ऽ | ਬ | ਲਿ | ਰਾऽ | ਮ | ਜੀ | ਉ | ऽ | ऽ | ऽ |
| ਮ | – | ਗ | ਮ | ਮ | ਗੁ | ਰੇ | ਗੁ | – | ਰੇ | ਸਸ | – | ਨ਼ੀ | ਧ਼ |
| ਬਾ | ऽ | ਣੀ | ਬ੍ਰ | ਹ | ਮਾ | ऽ | ਵੇ | ऽ | ਦੁ | ਧਰ | ਮੁ | ਦ੍ਰਿ | ੜਹੁ |
| ਸ | ਸ | ਸ | ਰੇ | ਰੇ | ਗੁ | ਗੁ | ਰੇ | –ਰੇ | ਰੇ | ਗੁ | ਰੇ | ਸ | ਨ਼ੀ |
| ਪਾ | ਪ | ਤ | ਜਾ | ਇਆ | ਬ | ਲਿ | ਰਾ | ऽਮ | ਜੀ | ਉ | ऽ | ऽ | ऽ |
| ਸ | – | – | – | – | – | – | ਸਸ | ਸ | ਸ | ਸ | ਸ | ਨ਼ੀ | ਸ |
| ऽ | ऽ | ऽ | ऽ | ऽ | ऽ | ऽ | ਧਰ | ਮੁ | ਦ੍ਰਿ | ੜ | ਹੁ | ਹ | ਰਿ |
| ਰੇ | ਗੁ | ਰੇ | ਸ | – | ਨ਼ੀ | ਨ਼ੀ | ਧ਼ | ਧ਼ | ਧ਼ | ਸ | – | ਸ | ਸ |
| ਨਾ | ਮੁ | ਧਿ | ਆ | ऽ | ਵ | ਹੁ | ਸਿ | ਮ੍ਰਿ | ਤਿ | ਨਾ | ऽ | ਮੁ | ਦ੍ਰਿ |
| ਰੇਗ | ਮ | – | ਗ | ਰੇ | – | – | ਮਮ | – | ਗ | ਮ | ਮ | ਗੁ | ਰੇ |
| ੜਾऽ | ऽ | ऽ | ਇਆ | ऽ | ऽ | ऽ | ਸਤਿ | ਗੁ | ਰੁ | ਗੁ | ਰੁ | ਪੂ | ऽ |

| | | | | | | | | | | | | | |
|---|---|---|---|---|---|---|---|---|---|---|---|---|---|
| ਗੁ | – | ਰੇ | ਸ | ਸ | ਨ਼ੀ | ਧ਼ | ਸਸ | ਸ | ਸ | ਰੇ | – | ਗੁ | ਗੁ |
| ਰਾ | ऽ | ਆ | ਰਾ | ਧਹੁ | ਸ | ਭਿ | ਕਿਲ | ਵਿ | ਖ | ਪਾ | ऽ | ਪ | ਗ |
| ਰੇ | – | – | ਗੁ | ਰੇ | ਸ | ਨ਼ੀ | ਸ | – | – | – | – | – | – |
| ਵਾ | ऽ | ऽ | ਇਆ | ऽ | ऽ | ऽ | ऽ | ऽ | ऽ | ऽ | ऽ | ऽ | ऽ |
| ਸ | ਸ | ਸ | ਸ | ਸ | ਨ਼ੀ | ਸ | ਰੇ | ਗੁ | ਰੇਰੇ | ਸ | ਸ | ਨ਼ੀ | ਨ਼ੀ |
| ਸਹ | ਜ | ਅ | ਨੰ | ਦੁ | ਹੋ | ऽ | ਆ | ऽ | ਵਡ | ਭਾ | ਗੀ | ਮ | ਨਿ |
| ਧ਼ਧ਼ | – | ਧ਼ | ਸ | – | ਸ | – | ਰੇਗ | ਮ | – | ਗ | ਰੇ | – | – |
| ਹਰਿ | ਹ | ਰਿ | ਮੀ | ऽ | ਠਾ | ऽ | ਲਾऽ | ऽ | ऽ | ਇਆ | ऽ | ऽ | ऽ |
| ਰੇ | – | – | – | – | ਰੇ | ਰੇ | ਮ | ਮ | ਗ | ਮ | – | ਗੁ | ਰੇ |
| ऽ | ऽ | ऽ | ऽ | ऽ | ਜ | ਨੁ | ਕ | ਹੈ | ऽ | ਨਾ | ऽ | ਨ | ਕੁ |
| ਗੁ | – | ਰੇ | ਸ | ਸ | ਨ਼ੀ | ਧ਼ | ਸ | – | ਸ | ਰੇ | – | ਗੁ | ਗੁ |
| ਲਾ | ऽ | ਵ | ਪ | ਹਿ | ਲੀ | ਆ | ਰੰ | ऽ | ਭੁ | ਕਾ | ऽ | ਜੁ | ਰ |
| ਰੇ | – | – | ਗੁ | ਰੇ | ਸ | ਨ਼ੀ | ਸ | – | – | – | – | – | – |
| ਚਾ | ऽ | ऽ | ਇਆ | ऽ | ऽ | ऽ | ऽ | ऽ | ऽ | ऽ | ऽ | ਹ | ਰਿ |
| ਨ਼ੀ | ਨ਼ੀ | ਰੇ | ਸ | – | ਸ | – | – | | | | | | |
| ਪਹਿ | ਲ | ੜੀ | ਲਾ | ऽ | ਵ | ऽ | ऽ | | | | | | |

**ਵਡਹੰਸੁ ਮਹਲਾ ੪ ਘੋੜੀਆਂ**

ਦੇਹ ਤੇਜਣਿਜੀ ਰਾਮਿ ਉਪਾਈਆ ਰਾਮ॥

ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੭੫-੭੬)*

**ਸੈਦਪੁਰ ਠੱਠਾ ਟਿੱਬਾ ਟਕਸਾਲ ਦੀ ਸ਼ਬਦ ਰਚਨਾ**

| ਰਾਗ ਵਡਹੰਸੁ | | | | | | | ਸਥਾਈ | | | | | ਰੂਪਕ ਤਾਲ | |
|---|---|---|---|---|---|---|---|---|---|---|---|---|---|
| × | | | 2 | | 3 | | × | | | 2 | | 3 | |
| | | | | | ਸ | ਨ਼ੀ | ਸ | ਰੇ | ਮ | ਗ | – | ਰੇ | – |
| | | | | | ਦੇ | ਹ | ਤੇ | ਜ | ਣਿ | ਜੀ | ऽ | ऽ | ऽ |
| ਰੇ | –ਪ | ਮ | ਗ | –ਰੇ | ਸ | ਰੇ | ਸਨ਼ੀ | –ਸ | – | – | – | – | – |
| ਰਾ | ऽਮਿ | ਉ | ਪਾ | ऽਈ | ਆ | ऽ | ਰਾऽ | –ਮ | ऽ | ऽ | ऽ | ऽ | ऽ |
| ਸਸ | ਰੇ | ਮਮ | ਗ | ਗ | ਰੇ | – | ਰੇ | ਪ | ਮ | ਗ | –ਰੇ | ਸ | ਰੇ |
| ਧੰਨੁ | ਮਾ | ਣਸ | ਜ | ਨ | ਮੁ | ऽ | ਪੁੰ | ऽ | ਨਿ | ਪਾ | ऽਈ | ਆ | ऽ |
| ਸਨੀ | –ਸ | – | – | – | – | – | | | | | | | |
| ਰਾऽ | ऽਮ | ऽ | ऽ | ऽ | ऽ | ऽ | | | | | | | |
| | | | | | | | ਅੰਤਰਾ | | | | | | |
| | | | | | | | ਰੇ | ਮ | ਮ | ਪ | ਪ | ਪ | – |
| | | | | | | | ਮਾ | ਣ | ਸ | ਜ | ਨ | ਮੁ | ऽ |
| ਪਪ | ਪ | ਧ | ਮ | –ਗ | ਰੇ | – | ਪ | ਪ | ਧ | ਮ | – | ਗ | ਰੇ |
| ਵਡ | ਪੁੰ | ਨੇ | ਪਾ | ऽਇ | ਆ | ऽ | ਦੇ | ਹ | ਸੁ | ਕੰ | ऽ | ਚ | ਨ |
| ਸ | ਰੇ | ਮ | ਗ | – | ਰੇ | – | ਰੇਰੇ | ਮ | ਮ | ਪ | – | ਪ | ਪ |
| ਚੰ | ਗ | ੜੀ | ਆ | ऽ | ऽ | ऽ | ਗੁਰ | ਮੁ | ਖਿ | ਰੰ | ऽ | ਗੁ | ਚ |
| ਪ | ਪ | ਧ | ਮ | ਗ | ਰੇ | – | ਪਪ | ਪ | ਧ | ਮ | ਮ | ਗ | ਰੇ |
| ਲੂ | ਲਾ | ऽ | ਪਾ | ऽ | ਵੈ | ऽ | ਹਰਿ | ਹ | ਰਿ | ਹ | ਰਿ | ਨ | ਵ |
| ਸ | ਰੇ | ਮ | ਗ | – | ਰੇ | ऽ | | | | | | | |
| ਰੰ | ਗ | ੜੀ | ਆ | ऽ | ऽ | ऽ | | | | | | | |

**ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦੁਆਰਾ ਗਾਇਨ ਕੀਤੀ ਸ਼ਬਦ ਰਚਨਾ**

## ਅਲਾਹੁਣੀਆਂ

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥
ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ॥
ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ॥
ਕਾਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ॥
ਕੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ॥
ਧੰਨੁ ਸਿਰੰਦਾ ਸਚਾਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥੧॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੭੮-੭੯)*

### ਸੈਦਪੁਰ ਠੱਠਾ ਟਿੱਬਾ ਟਕਸਾਲ ਦੀ ਸ਼ਬਦ ਰਚਨਾ

| ਰਾਗ ਵਡਹੰਸ (ਅਲਾਹੁਣੀਆਂ) | | | | | | | | ਸਥਾਈ | | | | | | ਛੋਟੀ ਤਿੰਨਤਾਲ | |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| | | | | | | | | | | | ਨੀ | – | ਨੀ | – | ਨੀ |
| | | | | | | | | | | | ਧੰ | ऽ | ਲੁ | ऽ | ਸਿ |
| ਸਂ | – | ਨ਼ੀ | – | ਪ | – | ਮ | – | ਰੇ | – | – | ਰੇ | – | ਨ਼ੀ | – | – |
| ਰੰ | ऽ | ऽ | ऽ | ਦਾ | ऽ | ऽ | ऽ | ऽ | ऽ | ऽ | ਸ | ऽ | ਚਾ | ऽ | ऽ |
| ਸ | – | – | ਸ | ਸ | – | ਸ | – | – | – | – | ਮ | ਰੇ | ਮ | – | ਮ |
| ਪਾ | ऽ | ऽ | ਤਿ | ਸਾ | ऽ | ਹੁ | ऽ | ऽ | ऽ | ऽ | ਜਿ | ਨਿ | ਜ | ऽ | ਗੁ |
| ਪ | – | ਧ | – | ਨੀ | – | ਸਂ | – | ਨ਼ੀ | ਧ | ਪ | ਮ | ਰੇਰੇ | – | ਸ | ਨੀ |
| ਧੰ | ऽ | ऽ | ऽ | ਧੈ | ऽ | ऽ | ऽ | ਲਾ | ऽ | ऽ | ऽ | ਇਆ | ऽ | ऽ | ऽ |
| ਸ | – | – | – | – | – | – | – | – | – | – | ਨੀ | ਨੀ | ਨੀ | – | ਨੀ |
| ऽ | ऽ | ऽ | ऽ | ऽ | ऽ | ऽ | ऽ | ऽ | ऽ | ऽ | ਮੁ | ਹ | **ਲ** | ऽ | ਤਿ |
| ਸਂ | – | ਨ਼ੀ | – | ਪ | – | ਮ | – | ਰੇ | – | – | ਰੇ | – | ਨ਼ੀ | – | ਨੀ |
| ਪੁ | ऽ | ऽ | ऽ | ਨੀ | ऽ | ऽ | ऽ | ऽ | ऽ | ऽ | ਪਾ | ऽ | ਈ | ऽ | ਭ |
| ਸ | – | – | – | ਸ | – | – | – | – | – | – | ਨ਼ੀ | – | ਨ਼ੀ | – | ਧ |
| ਰੀ | ऽ | ऽ | ऽ | ऽ | ऽ | ऽ | ऽ | ऽ | ऽ | ऽ | **ਜਾ** | ऽ | ਨੀ | ऽ | ਅ |
| ਪ | – | ਧ | – | ਨੀ | – | ਸਂ | ਸਂ | ਨ਼ੀ | ਧ | ਧ | ਮ | ਰੇ | – | ਸ | ਨੀ |
| ੜਾ | ऽ | ऽ | ऽ | ਘ | ऽ | ਤਿ | ਚ | **ਲਾ** | ऽ | ऽ | ऽ | ਇਆ | ऽ | ऽ | ऽ |

| ਅੰਤਰਾ | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | ਸਂ | – | ਨੀ | – |
| | | | | | | | | | | | | ਜਾ | ऽ | ਨੀ | ऽ |
| ਨੀ | – | – | ਸਂ | ਸਂ | ਰੇਂ | – | ਰੇਂ | – | – | – | ਗਂ | ਰੇ | ਸਂ | ਨੀ | – |
| ऽ | ऽ | ऽ | ਘ | ਤਿ | ऽ | ऽ | ਚ | ऽ | ऽ | ऽ | ਲਾ | ऽ | ਇਆ | ऽ | ऽ |
| ਸਂ | – | – | – | ਮਂ | ਮਂ | ਮਂ | – | ਮਂ | ਮਂ | ਮਂ | ਗਂ | ਗਂ | – | ਗਂ | ਰੇਂ |
| ऽ | ऽ | ऽ | ऽ | ਲਿ | ਖਿ | ਆ | ऽ | ਆ | ਇ | ਆ | ऽ | ਰੁ | ऽ | ਨੇ | ऽ |
| ਰੇਂ | – | ਰੇਂ | ਰੇਂ | ਰੇਂ | ਰੇ | – | ਮਂ | ਗਂ | – | ਰੇਂ | – | | | | |
| ਵੀ | ऽ | ਰ | ਸ | ਬਾ | ਏ | ऽ | ऽ | ऽ | ऽ | ऽ | ऽ | | | | |
| ਦੂਜਾ ਅੰਤਰਾ | | | | | | | | | | | | | | | |
| | | | | | | | | | | | ਮਂ | ਰੇ | ਮਂ | – | – |
| | | | | | | | | | | | ਕਾਂ | ऽ | ਇਆਂ | ऽ | ऽ |
| ਪਂ | – | – | – | ਪਂ | – | – | – | – | – | – | ਪਂ | ਮਂ | ਧਂ | – | ਪਂ |
| ਹੰ | ऽ | ऽ | ऽ | ਸ | ऽ | ऽ | ऽ | ऽ | ऽ | ऽ | ਥੀ | ऽ | ਆ | ऽ | ਵੇ |
| ਮਂ | – | – | – | ਗਂ | – | ਰੇਂ | – | ਮਂ | – | ਮਂ | ਮਂ | ਮਂ | – | ਗਂ | – |
| ਛੋ | ऽ | ऽ | ऽ | ੜਾ | ऽ | ऽ | ऽ | ਜਾਂ | ऽ | ਦਿ | ਨ | ਪੂੰ | ऽ | ਨੇ | ऽ |
| ਗਂ | – | ਰੇਂ | – | ਰੇਂ | – | ਰੇਂ | ਮਂ | ਗਂ | – | ਰੇਂ | – | | | | |
| ਮੇ | ऽ | ਰੀ | ऽ | ਮਾ | ऽ | ਏ | ऽ | ऽ | ऽ | ऽ | ऽ | | | | |

**ਭਾਈ ਅਵਾਤਰ ਸਿੰਘ ਗੁਰਚਰਨ ਸਿੰਘ ਦੁਆਰਾ ਗਾਇਨ ਕੀਤੀ ਗਈ ਰਚਨਾ**

**5. ਟਕਸਾਲ ਪਰੰਪਰਾ ਵਿਚ ਪ੍ਰਚਲਿਤ ਸਾਜ਼ਾਂ ਦਾ ਵਰਣਨ** : ਟਕਸਾਲਾਂ ਦੇ ਇਤਿਹਾਸਿਕ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਟਕਸਾਲੀ ਕੀਰਤਨਕਾਰਾਂ ਦੁਆਰਾ ਗੁਰਮਤਿ ਸੰਗੀਤ ਪਰੰਪਰਾ ਦੇ ਪ੍ਰਚਲਿਤ ਤੰਤੀ ਸਾਜ਼ ਰਬਾਬ, ਸਾਰੰਦਾ, ਤਾਊਸ, ਦਿਲਰੁਬਾ, ਇਸਰਾਜ ਅਤੇ ਤਾਨਪੁਰੇ ਨਾਲ ਕੀਰਤਨ ਕੀਤਾ ਜਾਂਦਾ ਸੀ ਪ੍ਰੰਤੂ ਕੁੱਝ ਟਕਸਾਲਾਂ ਦੇ ਕੀਰਤਨਕਾਰਾਂ ਵਿਚ ਸਾਰੰਗੀ, ਸਿਤਾਰ ਤੇ ਵਾਇਲਨ ਦਾ ਵੀ ਪ੍ਰਚਾਰ ਰਿਹਾ ਹੈ। ਆਧੁਨਿਕ ਯੁੱਗ ਦੇ ਪ੍ਰਚਾਰ ਕਾਰਨ ਸੰਗੀਤਕ ਸਾਜ਼ਾਂ ਵਿਚ ਵੀ ਨਵੇਂ ਸਾਜ਼ਾਂ ਦਾ ਆਵਿਸ਼ਕਾਰ ਹੋਇਆ ਜਿਸ ਵਿਚ ਸਭ ਤੋਂ ਵੱਧ ਕੀਰਤਨਕਾਰਾਂ ਵਿਚ ਹਰਮੋਨੀਅਮ ਸਾਜ਼ ਦਾ ਪ੍ਰਯੋਗ ਹੋਣ ਲੱਗ ਪਿਆ ਹੈ।

**ਵਿਭਿੰਨ ਟਕਸਾਲਾਂ ਵਿਚ ਵਰਤੀਦੇ ਸਾਜ਼ਾਂ ਦਾ ਵੇਰਵਾ** : ਦੌਧਰ ਟਕਸਾਲ ਦੇ ਉਸਤਾਦ ਕੀਰਤਨਕਾਰ ਭਾਈ ਗੁਰਮੁਖ ਸਿੰਘ ਨੂੰ ਰਬਾਬ, ਸਾਰੰਦਾ ਤੇ ਤਾਊਸ ਸਾਜ਼ ਵਜਾਉਣ ਵਿਚ ਮੁਹਾਰਤ ਹਾਸਿਲ ਸੀ ਕਿਉਂਕਿ ਇਨ੍ਹਾਂ ਨੇ ਬਹੁਤ ਸਮਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਰਬਾਬੀ, ਰਾਗੀ ਕੀਰਤਨਕਾਰਾਂ ਤੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ ਸੀ। ਦੌਧਰ ਟਕਸਾਲ ਦੇ ਮੁਖੀ ਤੇ ਉਸਤਾਦ ਕੀਰਤਨਕਾਰ ਭਾਈ ਬੀਰ ਸਿੰਘ ਦੇ ਸਾਰੰਦੇ ਸਾਜ਼ ਨਾਲ ਕੀਰਤਨ ਕਰਨ ਦਾ ਵਰਣਨ ਪ੍ਰਾਪਤ ਹੁੰਦਾ ਹੈ। ਦੌਧਰ ਟਕਸਾਲ ਦੇ ਉਸਤਾਦ ਭਾਈ ਖੁਸ਼ਹਾਲ ਸਿੰਘ ਤੇ ਭਾਈ ਜੈਮਲ ਸਿੰਘ ਤਾਊਸ ਤੇ ਵਾਇਲਨ ਸਾਜ਼ ਨਾਲ ਕੀਰਤਨ ਕਰਦੇ ਸਨ। ਟਕਸਾਲ ਦੇ ਪ੍ਰਸਿੱਧ ਉਸਤਾਦ ਭਾਈ ਜਸਵੰਤ ਸਿੰਘ ਤੀਬਰ ਜਿਨ੍ਹਾਂ ਨੇ ਦੌਧਰ ਟਕਸਾਲ ਤੋਂ ਪ੍ਰਾਪਤ ਸੰਗੀਤ ਵਿੱਦਿਆ ਦਾ ਦੂਰ-ਦੂਰ ਤੱਕ ਪ੍ਰਚਾਰ ਕੀਤਾ। ਆਪ ਵੀ ਵਾਇਲਨ ਸਾਜ਼ ਨਾਲ ਕੀਰਤਨ ਕਰਦੇ ਸਨ।

ਸੇਵਾ ਪੰਥੀ ਟਕਸਾਲ ਦੇ ਕੀਰਤਨਕਾਰਾਂ ਵਿਚ ਬਾਬਾ ਸ਼ਾਮ ਸਿੰਘ ਵਿਸ਼ੇਸ਼ ਹਨ। ਇਨ੍ਹਾਂ ਨੇ 70 ਸਾਲ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਸਾਰੰਦੇ ਨਾਲ ਕੀਰਤਨ ਕੀਤਾ। ਸੇਵਾ ਪੰਥੀ ਟਕਸਾਲ ਦੇ ਹੀ ਰਾਗੀ ਸ਼ੰਕਰ ਦਾਸ ਤਾਊਸ ਨਾਲ ਕੀਰਤਨ ਕਰਦੇ ਸਨ। ਇਨ੍ਹਾਂ ਨੇ ਪਟਿਆਲਾ ਰਾਜ ਦੇ ਕੀਰਤਨਕਾਰਾਂ ਵਜੋਂ ਕਈ ਸਾਲ ਸੇਵਾ ਕੀਤੀ।

ਤਰਨਤਾਰਨ ਟਕਸਾਲ ਦੇ ਕੀਰਤਨਕਾਰਾਂ ਦਾ ਇਤਿਹਾਸ ਗੁਰੂ ਕਾਲ ਨਾਲ ਸਬੰਧਿਤ ਹੈ। ਇਸ ਟਕਸਾਲ ਦੇ ਕੀਰਤਨਕਾਰਾਂ ਵਿਚ ਗੁਰਮਤਿ ਸੰਗੀਤ ਪਰੰਪਰਾ ਦੇ ਤੰਤੀ ਸਾਜਾਂ ਨਾਲ ਕੀਰਤਨ ਕਰਨ ਦਾ ਪ੍ਰਚਲਣ ਰਿਹਾ ਹੈ। ਪੁਰਾਤਨ ਰਬਾਬੀ ਘਰਾਣੇਦਾਰ ਤੇ ਟਕਸਾਲੀ ਕੀਰਤਨਕਾਰ ਰਬਾਬ ਤੇ ਸਾਰੰਦੇ ਨਾਲ

ਕੀਰਤਨ ਕਰਦੇ ਸਨ। ਟਕਸਾਲ ਨਾਲ ਸਬੰਧਿਤ ਪੰਡਿਤ ਨੱਥੂ ਰਾਮ, ਭਾਈ ਸੁਰਜੀਤ ਸਿੰਘ, ਰਾਗੀ ਪੂਰਨ ਸਿੰਘ, ਭਾਈ ਸੰਤਾ ਸਿੰਘ ਭਾਵੇਂ ਹਰਮੋਨੀਅਮ ਨਾਲ ਕੀਰਤਨ ਕਰਦੇ ਰਹੇ ਹਨ ਪ੍ਰੰਤੂ ਆਪ ਨੇ ਤੇਤੀ ਸਾਜ਼ ਦਿਲਰੁਬਾ, ਸਾਰੰਦਾ ਤੇ ਸਿਤਾਰ ਵਜਾਉਣ ਦੀ ਸਿਖਲਾਈ ਪ੍ਰਾਪਤ ਕੀਤੀ ਸੀ। ਟਕਸਾਲ ਦੇ ਵਿਦਿਆਰਥੀ ਗਿਆਨੀ ਹਰਦਿੱਤ ਸਿੰਘ ਦੇ ਸ਼ਾਗਿਰਦ ਭਾਈ ਦਿਆਲ ਸਿੰਘ ਅਨੁਸਾਰ ਜਦੋਂ ਆਪ 1969 ਵਿਚ ਪੰਡਿਤ ਨੱਥੂ ਰਾਮ ਜੀ ਨੂੰ ਮਿਲਣ ਲਈ ਤਰਨਤਾਰਨ ਵਿਖੇ ਆਏ ਤਾਂ ਉਸ ਸਮੇਂ ਵੀ ਪੰਡਿਤ ਨੱਥੂ ਰਾਮ ਜੀ ਵਿਦਿਆਰਥੀਆਂ ਨੂੰ ਤੰਤੀ ਸਾਜ਼ ਦਿਲਰੁਬਾ ਤੇ ਤਾਨਪੁਰੇ ਨਾਲ ਕੀਰਤਨ ਸਿਖਾ ਰਹੇ ਸਨ। ਵਰਤਮਾਨ ਸਮੇਂ ਟਕਸਾਲ ਦੇ ਮੌਜੂਦਾ ਕੀਰਤਨਕਾਰ ਭਾਈ ਬਲਵੀਰ ਸਿੰਘ ਨੂੰ ਦਿਲਰੁਬਾ, ਜਲ-ਤਰੰਗ, ਤਾਨਪੁਰਾ ਅਤੇ ਜੋੜੀ ਵਾਦਨ (ਪਖਾਵਜ) ਵਜਾਉਣ ਵਿਚ ਵਿਸ਼ੇਸ਼ ਮੁਹਾਰਤ ਹਾਸਿਲ ਹੈ ਪ੍ਰੰਤੂ ਆਪ ਨੇ ਵਧੇਰੇ ਸਮਾਂ ਹਰਮੋਨੀਅਮ ਨਾਲ ਹੀ ਕੀਰਤਨ ਕੀਤਾ ਹੈ।

ਸੈਦਪੁਰ ਠੱਠਾ ਟਿਬਾ ਟਕਸਾਲ ਦੇ ਇਤਿਹਾਸਿਕ ਸਰਵੇਖਣ ਤੋਂ ਪਤਾ ਲੱਗਦਾ ਹੈ ਕਿ ਇਸ ਟਕਸਾਲ ਦੇ ਕੀਰਤਨਕਾਰਾਂ ਵਿਚ ਤਾਊਸ ਸਾਜ਼ ਦਾ ਵਧੇਰੇ ਪ੍ਰਚਾਰ ਰਿਹਾ ਹੈ। ਟਕਸਾਲ ਦੇ ਆਰੰਭਕ ਕੀਰਤਨਕਾਰ ਭਾਈ ਦੇਵਾ ਸਿੰਘ ਤਾਊਸ ਨਾਲ ਕੀਰਤਨ ਕਰਦੇ ਸਨ। ਟਕਸਾਲ ਦੇ ਪ੍ਰਸਿੱਧ ਵਿਦਵਾਨ ਭਾਈ ਗੁਰਚਰਨ ਸਿੰਘ ਅਨੁਸਾਰ ਆਪ ਦੇ ਜਥੇ ਵਿਚ ਤਾਊਸ ਤੇ ਸਾਰੰਦੇ ਨਾਲ ਕੀਰਤਨ ਕੀਤਾ ਜਾਂਦਾ ਸੀ। ਭਾਈ ਦੇਵਾ ਸਿੰਘ ਦੇ ਪੁੱਤਰ ਰਾਗੀ ਜਵਾਲਾ ਸਿੰਘ ਦੇ ਜਥੇ ਵਿਚ ਵੀ ਤਾਊਸ ਸਾਜ਼ ਨਾਲ ਕੀਰਤਨ ਕੀਤਾ ਜਾਂਦਾ ਸੀ। ਟਕਸਾਲ ਦੀ ਵਧੇਰੇ ਪ੍ਰਸਿੱਧੀ ਭਾਈ ਅਵਤਾਰ ਸਿੰਘ ਦੇ ਸਮੇਂ ਹੋਈ ਜਿਨ੍ਹਾਂ ਨੇ ਬਹੁਤ ਸਮਾਂ ਤਾਊਸ ਨਾਲ ਕੀਰਤਨ ਕੀਤਾ। ਵਰਤਮਾਨ ਸਮੇਂ ਭਾਵ ਇਸ ਟਕਸਾਲ ਦੇ ਕੀਰਤਨਕਾਰ ਭਾਈ ਕੁਲਤਾਰ ਸਿੰਘ ਹਰਮੋਨੀਅਮ ਸਾਜ਼ ਦਾ ਪ੍ਰਯੋਗ ਕੀਰਤਨ ਕਰਨ ਲਈ ਕਰ ਰਹੇ ਹਨ ਪ੍ਰੰਤੂ ਇਸ ਟਕਸਾਲ ਦੇ ਦੂਜੇ ਪ੍ਰਸਿੱਧ ਕੀਰਤਨਕਾਰ ਭਾਈ ਬਲਦੀਪ ਸਿੰਘ ਨੂੰ ਰਬਾਬ, ਤਾਊਸ ਅਤੇ ਦਿਲਰੁਬਾ ਸਾਜ਼ ਵਜਾਉਣ ਵਿਚ ਵਿਸ਼ੇਸ਼ ਮੁਹਾਰਤ ਹਾਸਿਲ ਹੈ। ਗੁਰਮਤਿ ਸੰਗੀਤ ਦੀ ਸੈਦਪੁਰ ਠੱਠਾ ਟਿੱਬਾ ਟਕਸਾਲ ਤੋਂ ਬਾਅਦ ਤੰਤੀ ਸਾਜ਼ ਪਰੰਪਰਾ ਵਿਚ ਡੁਮੇਲੀ ਟਕਸਾਲ ਦਾ ਵਿਸ਼ੇਸ਼ ਸਥਾਨ ਹੈ।

ਡੁਮੇਲੀ ਟਕਸਾਲ ਦੇ ਕੀਰਤਨਕਾਰਾਂ ਵਿਚ ਸੰਤ ਸਰਵਨ ਸਿੰਘ ਗੰਧਰਵ ਵਿਸ਼ੇਸ਼ ਹੋਏ ਹਨ। ਆਪ

ਨੂੰ ਸਿਤਾਰ, ਜਲਤੰਰਗ, ਸੁਰਬਹਾਰ, ਤਾਨਪੁਰਾ ਸਾਜ਼ ਵਜਾਉਣ ਵਿਚ ਮੁਹਾਰਤ ਹਾਸਿਲ ਸੀ। ਟਕਸਾਲ ਵਿਚ ਰਹਿੰਦੇ ਹੋਏ ਆਪ ਦੇ ਸ਼ਾਗਿਰਦ ਭਾਈ ਬੰਤਾ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) ਤੇ ਭਾਈ ਗੁਰਮੇਲ ਸਿੰਘ ਨੇ ਸਿਤਾਰ ਤੇ ਵਾਇਲਨ ਦੀ ਸਿਖਲਾਈ ਪ੍ਰਾਪਤ ਕੀਤੀ ਸੀ ਪ੍ਰੰਤੂ ਆਪ ਨੇ ਵਧੇਰੇ ਸਮਾਂ ਹਰਮੋਨੀਅਮ ਸਾਜ਼ ਨਾਲ ਹੀ ਕੀਰਤਨ ਕੀਤਾ। ਡੁਮੇਲੀ ਟਕਸਾਲ ਦੀ ਤਰ੍ਹਾਂ ਸਿੰਘਾਂ ਵਾਲੀ ਟਕਸਾਲ ਦੇ ਕੀਰਤਨਕਾਰਾਂ ਨੇ ਵੀ ਗੁਰਮਤਿ ਸੰਗੀਤ ਦੀ ਤੰਤੀ ਸਾਜ਼ ਅਤੇ ਤਾਲ ਸਾਜ਼ ਵਾਦਨ ਪਰੰਪਰਾ ਨੂੰ ਵਿਕਸਿਤ ਕਰਨ ਲਈ ਵਿਸ਼ੇਸ਼ ਭੂਮਿਕਾ ਨਿਭਾਈ।

ਸਿੰਘਾਂ ਵਾਲੀ ਟਕਸਾਲ ਦੇ ਮੁਖੀ ਤੇ ਕੀਰਤਨਕਾਰ ਰਾਗੀ ਪ੍ਰਤਾਪ ਸਿੰਘ ਸਾਰੰਦੇ ਸਾਜ਼ ਨਾਲ ਕੀਰਤਨ ਕਰਦੇ ਸਨ। ਆਪ ਨੇ ਬਹੁਤ ਸਮਾਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਸਿੰਘਾਂ ਤੋਂ ਗੁਰਮਤਿ ਸੰਗੀਤ ਦੀ ਵਿੱਦਿਆ ਪ੍ਰਾਪਤ ਕੀਤੀ ਸੀ। ਆਪ ਦੇ ਸਹਾਇਕ ਭਾਈ ਰਾਮ ਸਿੰਘ ਦਿਲਰੁਬਾ ਸਾਜ਼ ਨਾਲ ਕੀਰਤਨ ਕਰਦੇ ਸਨ ਅਤੇ ਭਾਈ ਜਗਤ ਸਿੰਘ ਨੂੰ ਜੋੜੀ ਵਾਦਨ (ਪਖਾਵਜ) ਵਿਚ ਵਿਸ਼ੇਸ਼ ਮੁਹਾਰਤ ਹਾਸਿਲ ਸੀ। ਆਪ ਦੇ ਸ਼ਾਗਿਰਦਾ ਵਿਚੋਂ ਭਾਈ ਸਰੂਪ ਸਿੰਘ ਵਿਸ਼ੇਸ਼ ਪ੍ਰਸਿੱਧ ਹੋਏ ਜਿਨ੍ਹਾਂ ਨੇ ਕਲਕੱਤੇ ਜਾ ਕੇ ਸਿੱਖ ਤਬਲਾ ਵਾਦਕ ਵਜੋਂ ਵਿਸ਼ੇਸ਼ ਪਹਿਚਾਣ ਬਣਾਈ। ਸਿੰਘਾਂ ਵਾਲੀ ਟਕਸਾਲ ਦੇ ਹੀ ਰਾਗੀ ਪ੍ਰੀਤਮ ਸਿੰਘ ਨੇ ਸਾਰੀ ਉਮਰ ਦਿਲਰੁਬਾ ਸਾਜ਼ ਨਾਲ ਕੀਰਤਨ ਕੀਤਾ। ਇਨ੍ਹਾਂ ਦਾ ਇਹ ਸਾਜ਼ ਮੌਜੂਦਾ ਸਮੇਂ ਟਕਸਾਲ ਵਿਚ ਸੁਰੱਖਿਅਤ ਪਿਆ ਹੈ।

ਮਸਤੂਆਣਾ ਟਕਸਾਲ ਦੇ ਸੰਸਥਾਪਕ ਸੰਤ ਬਾਬਾ ਅਤਰ ਸਿੰਘ ਆਪ ਭਾਵੇਂ ਸਿੱਧੀਆਂ ਧਾਰਨਾ ਵਿਚ ਕੀਰਤਨ ਕਰਦੇ ਸਨ ਪ੍ਰੰਤੂ ਉਨ੍ਹਾਂ ਨੇ ਵਿਦਿਆਰਥੀਆਂ ਦੀ ਸਿਖਲਾਈ ਸਮੇਂ ਗੁਰਮਤਿ ਪਰੰਪਰਾ ਵਿਚ ਪ੍ਰਚਲਿਤ ਤੰਤੀ ਸਾਜ਼ਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ। ਟਕਸਾਲਾਂ ਵਿਚ ਵੱਖ-ਵੱਖ ਉਸਤਾਦ ਸਾਹਿਬਾਨਾਂ ਦੁਆਰਾ ਵਿਦਿਆਰਥੀਆਂ ਨੂੰ ਤੰਤੀ ਸਾਜ਼ਾਂ ਦੀ ਸਿਖਲਾਈ ਦਿੱਤੀ ਜਾਂਦੀ ਰਹੀ ਹੈ। ਟਕਸਾਲ ਦੇ ਪਹਿਲੇ ਉਸਤਾਦ ਭਾਈ ਹਰਨਾਮ ਸਿੰਘ (ਠੱਠੇ ਟਿੱਬੇ ਵਾਲੇ) ਨੂੰ ਜੋੜੀ ਵਾਦਨ ਵਿਚ ਵਿਸ਼ੇਸ਼ ਮੁਹਾਰਤ ਹਾਸਲ ਸੀ। ਆਪ ਨੇ ਬਹੁਤ ਸਮਾਂ ਭਾਈ ਜੁਵਾਲਾ ਸਿੰਘ ਨਾਲ ਕੀਰਤਨ ਵਿਚ ਸਹਾਇਕ ਵਜੋਂ ਸੇਵਾ ਨਿਭਾਈ ਸੀ, ਜਿਸ ਕਾਰਨ ਆਪ ਨੂੰ ਤੰਤੀ ਸਾਜ਼ ਵਜਾਉਣ ਦਾ ਵੀ ਗਿਆਨ ਹਾਸਲ ਸੀ। ਆਪ ਦੇ ਸਮੇਂ ਟਕਸਾਲ ਵਿਚ ਵਿਦਿਆਰਥੀਆਂ

ਨੇ ਤੰਤੀ ਸਾਜ਼ ਰਬਾਬ, ਸਾਰੰਦਾ, ਤਾਊਸ, ਦਿਲਰੁਬਾ ਅਤੇ ਸਿਤਾਰ ਨਾਲ ਕੀਰਤਨ ਕਰਨਾ ਆਰੰਭ ਕਰ ਦਿੱਤਾ ਸੀ। ਇਹ ਪਰੰਪਰਾ ਵਰਤਮਾਨ ਸਮੇਂ ਤਕ ਮਸਤੂਆਣਾ ਟਕਸਾਲ ਅਤੇ ਬਾਅਦ ਵਿਚ ਚੀਮਾ ਸਾਹਿਬ ਤੇ ਬੜੂ ਸਾਹਿਬ ਦੇ ਵਿਦਿਆਰਥੀਆਂ ਵਿਚ ਪ੍ਰਚਾਰ ਅਧੀਨ ਹੈ।

ਜਵੱਦੀ ਟਕਸਾਲ ਦਾ ਗੁਰਮਤਿ ਸੰਗੀਤ ਦੀ ਤੰਤੀ ਸਾਜ਼ ਪਰੰਪਰਾ ਦੇ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਹੈ। ਵਰਤਮਾਨ ਸਮੇਂ ਜਦੋਂ ਰਬਾਬੀਆਂ ਅਤੇ ਟਕਸਾਲੀ ਕੀਰਤਨਕਾਰਾਂ ਵਿਚ ਹਰਮੋਨੀਅਮ ਸਾਜ਼ ਨਾਲ ਕੀਰਤਨ ਕਰਨ ਦਾ ਵਧੇਰੇ ਰੁਝਾਨ ਹੋ ਗਿਆ ਹੈ ਤਾਂ ਉਸ ਸਮੇਂ ਜਵੱਦੀ ਟਕਸਾਲ ਦੇ ਸੰਸਥਾਪਕ ਬਾਬਾ ਸੁੱਚਾ ਸਿੰਘ ਨੇ ਗੁਰਮਤਿ ਸੰਗੀਤ ਦੀ ਤੰਤੀ ਸਾਜ਼ ਪਰੰਪਰਾ ਨੂੰ ਦੁਬਾਰਾ ਸਿੱਖ ਸੰਗਤ ਅਤੇ ਕੀਰਤਨਕਾਰਾਂ ਵਿਚ ਪ੍ਰਚਲਿਤ ਕਰਨ ਲਈ ਅਹਿਮ ਭੂਮਿਕਾ ਨਿਭਾਈ ਹੈ। ਪਹਿਲੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਕੀਰਤਨਕਾਰਾਂ ਤੋਂ ਤੰਤੀ ਸਾਜ਼ ਰਬਾਬ, ਸਾਰੰਦਾ, ਤਾਊਸ, ਦਿਲਰੁਬਾ ਅਤੇ ਤਾਨਪੁਰੇ ਨਾਲ ਕੀਰਤਨ ਕਰਵਾ ਕੇ ਆਪ ਨੇ ਸਿੱਖ ਸੰਗਤ ਵਿਚ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਵਾਲੇ ਕੀਰਤਨਕਾਰਾਂ ਦੀ ਮਹੱਤਤਾ ਨੂੰ ਪੇਸ਼ ਕੀਤਾ। ਵਰਤਮਾਨ ਸਮੇਂ ਜਵੱਦੀ ਟਕਸਾਲ ਵਿਚ ਵਿਦਿਆਰਥੀਆਂ ਨੂੰ ਤੰਤੀ ਸਾਜ਼ਾਂ ਦੀ ਵਿਸ਼ੇਸ਼ ਸਿਖਲਾਈ ਦਿੱਤੀ ਜਾ ਰਹੀ ਹੈ। ਜਵੱਦੀ ਟਕਸਾਲ ਤੋਂ ਗੁਰਮਤਿ ਸੰਗੀਤ ਦੀ ਵਿੱਦਿਆ ਹਾਸਲ ਕਰਕੇ ਵਿਦਿਆਰਥੀ ਦੇਸਾਂ-ਵਿਦੇਸ਼ਾਂ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਕਰ ਰਹੇ ਹਨ।

ਟਕਸਾਲ ਦੀ ਸੰਗੀਤਕ ਸਮਗਰੀ ਦੇ ਸਰੂਪਗਤ ਵਿਸ਼ਲੇਸ਼ਣ ਤੋਂ ਸਾਡੇ ਸਾਹਮਣੇ ਪ੍ਰਤੱਖ ਹੋਇਆ ਹੈ ਕਿ 20ਵੀਂ ਸਦੀ ਦੌਰਾਨ ਗੁਰਮਤਿ ਸੰਗੀਤ ਦੀ ਸਿਧਾਂਤਿਕ ਤੇ ਵਿਹਾਰਿਕ ਪਰੰਪਰਾ ਦੀ ਸਥਾਪਤੀ ਸਬੰਧੀ ਬੜੀ ਗਤੀ ਨਾਲ ਪਰਿਵਰਤਨ ਆਇਆ ਹੈ। ਟਕਸਾਲ ਪਰੰਪਰਾ ਵਿਚ ਸ਼ਬਦ ਕੀਰਤਨ ਰਚਨਾਵਾਂ ਦੇ ਪ੍ਰਕਾਸ਼ਨ ਦੀ ਗਾਥਾ ਬਹੁਤੀ ਪੁਰਾਣ ਨਹੀਂ ਹੈ। ਇਸ ਦਾ ਆਰੰਭ 19ਵੀਂ ਸਦੀ ਦੇ ਅਖੀਰ ਅਤੇ 20ਵੀਂ ਸਦੀ ਦੇ ਆਰੰਭ ਵਿਚ ਸ਼ੁਰੂ ਹੋਇਆ। ਇਨ੍ਹਾਂ ਰਚਨਾਵਾਂ ਦੇ ਪ੍ਰਕਾਸ਼ਿਤ ਕਾਰਜ ਨੂੰ ਗੁਰਮਤਿ ਸੰਗੀਤ ਪਰੰਪਰਾ ਲਈ ਇਕ ਵੱਡੀ ਉਪਲਬਧੀ ਕਿਹਾ ਜਾ ਸਕਦਾ ਹੈ। ਇਨ੍ਹਾਂ ਪ੍ਰਕਾਸ਼ਿਤ ਰਚਨਾਵਾਂ ਤੋਂ ਸਾਨੂੰ ਟਕਸਾਲੀ ਗਾਇਕੀ ਦੇ ਸੰਪੂਰਣ ਦੀਦਾਰ ਤਾਂ ਨਹੀਂ ਹੋ ਸਕੇ ਪ੍ਰੰਤੂ ਹੁਣ ਜਦੋਂ ਸਾਡੇ ਕੋਲ ਇਨ੍ਹਾਂ ਟਕਸਾਲੀ ਰਚਨਾਵਾਂ ਦੀ ਗਾਇਕੀ ਦੇ ਬਹੁਤ ਘੱਟ ਜੀਵੰਤ ਸਰੋਤ ਕੀਰਤਨਕਾਰ ਤੇ ਰਚਨਾਕਾਰ ਉਪਲਬਧ ਨਹੀਂ ਹਨ ਤਾਂ ਇਹ ਸੁਰਲਿਪੀਬੱਧ ਰਚਨਾਵਾਂ ਹੀ ਸਾਡਾ ਮਾਰਗ ਦਰਸ਼ਨ ਕਰਦੀਆਂ ਹਨ। ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ

ਬਹੁਤ ਸਾਰੇ ਪ੍ਰਚਲਿਤ ਤੇ ਅਪ੍ਰਚਲਿਤ ਰਾਗ ਸਰੂਪ ਸਾਡੇ ਸਨਮੁੱਖ ਪ੍ਰਗਟ ਹੋਏ ਹਨ ਜਿਹੜੇ ਟਕਸਾਲੀ ਪਰੰਪਰਾ ਦਾ ਇਕ ਵੱਡਾ ਖ਼ਜ਼ਾਨਾ ਹਨ। ਇਹ ਸੰਗੀਤਕ ਖ਼ਜ਼ਾਨਾ ਗੁਰਮਤਿ ਸੰਗੀਤ ਪਰੰਪਰਾ ਦਾ ਵਡਮੁੱਲਾ ਸਰਮਾਇਆ ਹੈ ਜਿਸ ਦੇ ਵਿਕਾਸ ਵਿਚ ਟਕਸਾਲੀ ਰਚਨਾਕਾਰਾਂ ਨੇ ਇਨ੍ਹਾਂ ਸ਼ਬਦ ਰਚਨਾਵਾਂ ਨੂੰ ਸੁਰਲਿਪੀਬੱਧ ਕੀਤਾ ਤੇ ਟਕਸਾਲੀ ਕੀਰਤਨਕਾਰਾਂ ਨੇ ਇਨ੍ਹਾਂ ਦਾ ਗਾਇਨ ਕਰਕੇ ਆਪਣਾ ਯੋਗਦਾਨ ਪਾਇਆ ਹੈ।

ਇਨ੍ਹਾਂ ਟਕਸਾਲੀ ਸ਼ਬਦ ਰਚਨਾਵਾਂ ਦੇ ਸਰੂਪਗਤ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਟਕਸਾਲੀ ਸ਼ਬਦ ਰਚਨਾਵਾਂ ਵਿਚ ਸਿੱਖ ਰਹਿਤ ਮਰਿਆਦਾ ਅਨੁਸਾਰ ਪ੍ਰਵਾਨਿਤ ਬਾਣੀਆਂ ਜਿਸ ਵਿਚ ਗੁਰੂ ਸਾਹਿਬਾਨ ਦੀਆਂ ਬਾਣੀਆਂ ਤੋਂ ਇਲਾਵਾ ਸੰਤਾਂ ਭਗਤਾਂ ਦੀ ਬਾਣੀ, ਭਾਈ ਗੁਰਦਾਸ ਦੀ ਬਾਣੀ ਤੇ ਸ੍ਰੀ ਦਸਮ ਗ੍ਰੰਥ ਦੀ ਬਾਣੀ ਨੂੰ ਹੀ ਸੁਰਲਿਪੀਬੱਧ ਕੀਤਾ ਗਿਆ ਹੈ। ਇਨ੍ਹਾਂ ਟਕਸਾਲੀ ਰਚਨਾਵਾਂ ਵਿਚ ਸ਼ਾਸਤਰੀ ਅੰਗ ਦੇ ਬਾਣੀ ਕਾਵਿ ਰੂਪ ਲਈ ਸ਼ਾਸਤਰੀ ਗਾਇਨ ਸ਼ੈਲੀਆਂ ਤੇ ਲੋਕ ਅੰਗ ਦੇ ਬਾਣੀ ਕਾਵਿ ਰੂਪ ਲਈ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਗਿਆ ਹੈ। ਸ਼ਬਦ ਕੀਰਤਨ ਰਚਨਾਕਾਰਾਂ ਨੇ ਇਨ੍ਹਾਂ ਸ਼ਬਦ ਰਚਨਾਵਾਂ ਦੀ ਸੁਰਲਿਪੀ ਤਿਆਰ ਕਰਦੇ ਸਮੇਂ ਰਾਗ, ਗਾਇਨ ਸ਼ੈਲੀਆਂ ਅਤੇ ਵੱਖ-ਵੱਖ ਤਾਲਾਂ ਦਾ ਪ੍ਰਯੋਗ ਕੀਤਾ ਹੈ। ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਭਾਤਖੰਡੇ ਸੁਰਲਿਪੀ ਪੱਧਤੀ ਦਾ ਹੀ ਪ੍ਰਯੋਗ ਕੀਤਾ ਗਿਆ ਹੈ।

ਅਧਿਆਇ ਚੌਥਾ

# ਟਕਸਾਲ ਪਰੰਪਰਾ ਦੀ ਸੰਗੀਤਕ ਸਮੱਗਰੀ : ਤੁਲਨਾਤਮਕ ਸਰਵੇਖਣ

ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ ਤੋਂ ਪ੍ਰਾਪਤ ਸੰਗੀਤਕ ਸਮੱਗਰੀ ਵਿਚੋ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਰਾਗ, ਤਾਲ ਅਤੇ ਗਾਇਨ ਸ਼ੈਲੀਆਂ ਦੇ ਤੁਲਨਾਤਮਕ ਸਰਵੇਖਣ ਨੂੰ ਅਸੀਂ ਆਪਣੇ ਖੋਜ਼ ਕਾਰਜ ਦੇ ਚੌਥੇ ਅਧਿਆਇ ਦਾ ਹਿੱਸਾ ਬਣਾਇਆ ਹੈ। ਇਸ ਅਧਿਆਇ ਦੇ ਪਹਿਲੇ ਭਾਗ ਵਿਚ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਮੁੱਖ ਰਾਗਾਂ ਦੇ ਵਿਭਿੰਨ ਕੀਰਤਨ ਟਕਸਾਲਾਂ ਤੋਂ ਪ੍ਰਾਪਤ ਸਰੂਪਾਂ ਦਾ ਤੁਲਨਾਤਮਕ ਦ੍ਰਿਸ਼ਟੀ ਤੋਂ ਸਰਵੇਖਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਟਕਸਾਲਾਂ ਤੋਂ ਪ੍ਰਾਪਤ ਸੰਗੀਤ ਸਮੱਗਰੀ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਟਕਸਾਲੀ ਰਬਾਬੀ ਤੇ ਰਾਗੀ ਕੀਰਤਨਕਾਰਾਂ ਵਿਚ 31 ਮੁੱਖ ਰਾਗਾਂ ਦੇ ਕਈ ਅਲੱਗ-ਅਲੱਗ ਸਰੂਪ ਪ੍ਰਚਾਰ ਵਿਚ ਰਹੇ ਹਨ। ਖੋਜਾਰਥੀ ਵੱਲੋਂ ਇਸ ਅਧਿਆਇ ਵਿਚ ਰਾਗਾਂ ਦਾ ਆਪਸੀ ਤੁਲਨਾਤਮਕ ਵਿਸ਼ਲੇਸ਼ਣ ਨਾ ਕਰਕੇ ਪ੍ਰਾਪਤ ਸਰੂਪਾਂ ਦਾ ਤੁਲਨਾਤਮਕ ਸਰਵੇਖਣ ਕੀਤਾ ਹੈ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਤੁਖਾਰੀ ਰਾਗ ਨੂੰ ਵਰਤਮਾਨ ਸਮੇਂ ਤੋੜੀ ਥਾਟ ਦੇ ਅੰਤਰਗਤ ਗਾਇਨ ਕੀਤਾ ਜਾਂਦਾ ਹੈ ਪ੍ਰੰਤੂ ਪੁਰਾਤਨ ਟਕਸਾਲਾਂ ਤੇ ਟਕਸਾਲੀ ਸ਼ਬਦ ਰਚਨਾਵਾਂ ਵਿਚ ਤੁਖਾਰੀ ਰਾਗ ਦੇ ਪੱਜ ਸਰੂਪ ਪ੍ਰਾਪਤ ਹੁੰਦੇ ਹਨ। ਰਾਗ ਦਾ ਨਾਮ ਸ੍ਰੀ ਗੁਰੂ ਗ੍ਰੰਥ ਵਿਚ ਦਰਜ ਤਤਕਰੇ ਤੇ ਬਾਣੀ ਵਿਚ ਲਿਖੇ ਸਿਰਲੇਖ ਅਨੁਸਾਰ ਤੁਖਾਰੀ ਰਾਗ ਹੀ ਹੈ ਪਰੰਤੂ ਥਾਟ ਤੇ ਸੁਰਾਂ ਵਿਚ ਭਿੰਨਤਾ ਪਾਈ ਜਾਂਦੀ ਹੈ।

ਅਸੀਂ ਸਭ ਤੋਂ ਪਹਿਲਾ ਰਾਗ ਨਿਰਣਾਇਕ ਕਮੇਟੀ ਦੁਆਰਾ ਨਿਸਚਿਤ ਕੀਤੇ ਗਏ ਰਾਗ ਸਰੂਪ ਜੋ ਵਰਤਮਾਨ ਸਮੇਂ ਪ੍ਰਚਾਰ ਵਿਚ ਹਨ ਨੂੰ ਆਧਾਰ ਬਣਾਇਆ ਹੈ ਤੇ ਫਿਰ ਵੱਖ-ਵੱਖ ਟਕਸਾਲਾਂ ਤੋਂ ਪ੍ਰਾਪਤ ਸੰਗੀਤਕ ਸਮੱਗਰੀ ਵਿਚੋਂ ਸਰਵੇਖਣ ਦੇ ਆਧਾਰ ਤੇ ਰਾਗਾਂ ਦੇ ਸਰੂਪਾਂ ਨੂੰ ਇਕੱਤਰ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਪ੍ਰਮੁੱਖ ਰਾਗਾਂ ਦੇ ਨਾਮ ਤਾਂ ਟਕਸਾਲਾਂ ਵਿਚ ਇਕ ਸਮਾਨ ਰਹੇ ਪ੍ਰੰਤੂ ਸੁਰਾਂ, ਥਾਟ

ਤੇ ਵਾਦੀ, ਸੰਵਾਦੀ ਆਦਿ ਭਿੰਨਤਾਵਾਂ ਕਰਕੇ ਰਾਗ ਦੇ ਅਲੱਗ-ਅਲੱਗ ਸਰੂਪ ਟਕਸਾਲ ਪਰੰਪਰਾ ਵਿਚ ਪ੍ਰਵਾਹਿਤ ਰਹੇ ਜਿਸ ਕਾਰਨ ਇਹ ਆਪਣੀ ਇਸ ਵਿਸ਼ੇਸ਼ ਭਿੰਨਤਾ ਦੇ ਆਧਾਰ ਤੇ ਟਕਸਾਲ ਦੀ ਪਹਿਚਾਨ ਬਣ ਗਏ। ਵਿਭਿੰਨ ਟਕਸਾਲਾਂ ਵਿਚੋਂ ਪ੍ਰਾਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਮੁੱਖ ਰਾਗਾਂ ਦਾ ਤੁਲਨਾਤਮਕ ਸਰਵੇਖਣ ਇਸ ਪ੍ਰਕਾਰ ਕੀਤਾ ਗਿਆ ਹੈ।

### 1. ਟਕਸਾਲਾਂ ਤੋਂ ਪ੍ਰਾਪਤ ਰਾਗਾਂ ਦਾ ਤੁਲਨਾਤਮਕ ਸਰਵੇਖਣ

**1.1 ਸਿਰੀਰਾਗ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਸਿਰੀ ਰਾਗ ਨੂੰ ਪ੍ਰਥਮ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 14 ਅੰਗ ਤੋਂ ਆਰੰਭ ਹੁੰਦੀ ਹੈ। ਤੁਲਨਾਤਮਿਕ ਦ੍ਰਿਸ਼ਟੀ ਤੋਂ ਸਿਰੀ ਰਾਗ ਦਾ ਸਰਵੇਖਣ ਕਰਨ ਤੋਂ ਸਪਸ਼ਟ ਹੁੰਦਾ ਹੈ ਕਿ ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾਂ ਅਤੇ ਭਾਰਤੀ ਸੰਗੀਤ ਪਰੰਪਰਾਂ ਵਿਚ **ਪੂਰਵੀ ਥਾਟ** ਦੇ ਸਿਰੀ ਰਾਗ ਦਾ ਪ੍ਰਯੋਗ ਪ੍ਰਚਾਰ ਵਿਚ ਹੈ। ਪੂਰਵੀ ਥਾਟ ਦੇ ਸਿਰੀ ਰਾਗ ਵਿਚ ਰਿਸ਼ਭ ਤੇ ਧੈਵਤ ਕੋਮਲ, ਮਧਿਅਮ ਤੀਵਰ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਰਾਗ ਦੇ ਆਰੋਹ ਵਿਚ ਗੰਧਾਰ ਤੇ ਧੈਵਤ ਸੁਰ ਵਰਜਿਤ ਹਨ। ਵਾਦੀ ਰਿਸ਼ਭ, ਸੰਵਾਦੀ ਪੰਚਮ, ਜਾਤੀ ਔੜਵ-ਸੰਪੂਰਨ ਤੇ ਗਾਇਨ ਸਮਾਂ ਸ਼ਾਮ ਦਾ ਹੈ। ਇਸ ਦਾ ਆਰੋਹ : ਸ ਰੁ, ਮ॑ ਪ ਨੀ ਸਂ ਤੇ ਅਵਰੋਹ : ਸਂ ਨੀ ਧੁ ਪ, ਮ॑ ਗ ਰੁ, ਸ ਹੈ। ਇਸ ਰਾਗ ਦੀ ਸੁੰਦਰਤਾ ਰਿਸ਼ਭ ਤੇ ਪੰਚਮ ਸੁਰ ਸੰਗਤੀਆਂ ਉਤੇ ਨਿਰਭਰ ਕਰਦੀ ਹੈ। ਇਸ ਦਾ ਮੁੱਖ ਅੰਗ : ਸ, ਰੁ, ਰੁ, ਪ, ਪ ਮ॑ ਗ ਰੁ, ਰੁ, ਰੁ, ਸ ਹੈ।[1]

ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸੰਗੀਤਕ ਸਮੱਗਰੀ ਦੇ ਤੁਲਨਾਤਮਕ ਸਰਵੇਖਣ ਤੋਂ ਪਤਾ ਲੱਗਦਾ ਹੈ ਕਿ ਸੈਦਪੁਰ ਠੱਠਾ ਟਿੱਬਾ ਟਕਸਾਲ[2] ਤੇ ਹਰਗੁਨਾ ਟਕਸਾਲ[3] ਦੀਆਂ ਸ਼ਬਦ ਰਚਨਾਵਾਂ ਵਿਚ **ਕਾਫੀ ਥਾਟ** ਦੇ ਸਿਰੀ ਰਾਗ ਦਾ ਸਰੂਪ ਵੀ ਪ੍ਰਯੋਗ ਕੀਤਾ ਗਿਆ ਹੈ। ਇਸ ਵਿਚ ਗੰਧਾਰ ਤੇ ਨਿਸ਼ਾਦ ਕੋਮਲ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਰਾਗ ਦੇ ਆਰੋਹ ਵਿਚ ਗੰਧਾਰ ਤੇ ਧੈਵਤ ਸੁਰ ਵਰਜਿਤ ਹਨ। ਵਾਦੀ ਰਿਸ਼ਭ, ਸੰਵਾਦੀ ਪੰਚਮ, ਜਾਤੀ ਔੜਵ-ਸੰਪੂਰਨ ਤੇ ਗਾਇਨ ਸਮਾਂ ਸ਼ਾਮ ਦਾ ਹੈ। ਇਸ ਰਾਗ ਦਾ ਆਰੋਹ : ਸ ਰੇ ਮ ਪ ਨੀ ਸਂ ਤੇ ਅਵਰੋਹ : ਸਂ ਨੁੀ ਧ ਪ ਮ ਗੁ ਰੇ ਸ ਹੈ।[4] ਦੌਧਰ ਟਕਸਾਲ, ਦਮਦਮੀ ਟਕਸਾਲ[5], ਤਰਨਤਾਰਨ ਟਕਸਾਲ ਤੇ ਡੁਮੇਲੀ ਟਕਸਾਲ[6] ਦੀਆਂ ਸ਼ਬਦ ਰਚਨਾਵਾਂ ਵਿਚ ਪੂਰਵੀ ਥਾਟ ਦੇ

ਸਿਰੀ ਰਾਗ ਦਾ ਪ੍ਰਯੋਗ ਕੀਤਾ ਗਿਆ ਹੈ। ਤੁਲਨਾਤਮਕ ਦ੍ਰਿਸ਼ਟੀ ਤੋਂ ਸਰਵੇਖਣ ਕਰਨ ਤੇ ਸਪੱਸ਼ਟ ਹੁੰਦਾ ਹੈ ਕਿ ਪ੍ਰਾਪਤ ਦੋਵਾਂ ਸਰੂਪਾਂ ਵਿਚ ਥਾਟ ਤੇ ਸੁਰਾਂ ਦਾ ਤਾਂ ਅੰਤਰ ਹੈ ਪ੍ਰੰਤੂ ਰਾਗ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਤਤਕਰੇ ਅਨੁਸਾਰ ਇਕ ਸਮਾਨ ਹੀ ਹੈ।

**1.2 ਮਾਝ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਮਾਝ ਨੂੰ ਦੂਜਾ ਅਸਥਾਨ ਪ੍ਰਾਪਤ ਹੈ ਤੇ ਇਸ ਰਾਗ ਵਿਚ ਬਾਣੀ 94 ਅੰਗ ਤੋ ਆਰੰਭ ਹੁੰਦੀ ਹੈ। ਭਾਰਤੀ ਸੰਗੀਤ ਦੇ ਪ੍ਰਾਚੀਨ ਗ੍ਰੰਥਾਂ ਵਿਚ ਰਾਗ ਮਾਝ ਦਾ ਜ਼ਿਕਰ ਨਹੀਂ ਮਿਲਦਾ। ਗੁਰਮਤਿ ਸੰਗੀਤ ਪਰੰਪਰਾਂ ਵਿਚ ਵਰਤਮਾਨ ਸਮੇਂ **ਕਾਫੀ ਥਾਟ** ਦੇ ਮਾਝ ਰਾਗ ਦਾ ਪ੍ਰਯੋਗ ਪ੍ਰਚਾਰ ਵਿਚ ਹੈ। ਇਸ ਵਿਚ ਦੋਵੇਂ ਗੰਧਾਰ, ਦੋਵੇਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਰਾਗ ਦੇ ਆਰੋਹ ਵਿਚ ਧੈਵਤ ਤੇ ਗੰਧਾਰ ਸੁਰ ਵਰਜਿਤ ਹਨ। ਵਾਦੀ ਰਿਸ਼ਭ, ਸ਼ੰਵਾਦੀ ਪੰਚਮ, ਜਾਤੀ ਔੜਵ-ਸੰਪੂਰਨ ਤੇ ਗਾਇਨ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਰੇ, ਮ ਪ, ਨੀ ਸਂ ਤੇ ਅਵਰੋਹ : ਸਂ ਨ਼ੀ ਧ ਪ, ਧ ਮ ਗ ਮ, ਰੇ ਪ ਗੁ ਰੇ, ਗੁ ਸ ਰੇ ਨ਼ੀ ਸ ਹੈ। ਇਸ ਦਾ ਮੁੱਖ ਅੰਗ : ਪ, ਧ ਮ ਗ ਮ, ਰੇ ਪ, ਮ ਗੁ ਰੇ, ਗੁ ਸ ਰੇ ਨ਼ੀ ਸ ਹੈ।[7] ਪੁਰਾਤਨ ਰਾਗੀ ਰਬਾਬੀ ਅਤੇ ਟਕਸਾਲ ਰਚਨਾਵਾਂ ਵਿਚ ਮਾਝ ਰਾਗ ਦੇ ਤਿੰਨ ਸਰੂਪ ਕਾਫੀ ਥਾਟ[8], ਖਮਾਜ ਥਾਟ[9] ਅਤੇ ਬਿਲਾਵਲ ਥਾਟ[10] ਦੇ ਪ੍ਰਾਪਤ ਹੁੰਦੇ ਹਨ। ਇਨ੍ਹਾਂ ਤਿੰਨ ਸਰੂਪਾਂ ਦਾ ਤੁਲਨਾਤਮਿਕ ਸਰਵੇਖਣ ਕਰਨ ਤੋਂ ਪਤਾ ਲਗਦਾ ਹੈ ਕਿ ਸੈਦਪੁਰ ਠੱਠਾ ਟਿੱਬਾ ਟਕਸਾਲ ਦੁਆਰਾ ਪ੍ਰਯੋਗ ਕੀਤੇ ਗਏ **ਖਮਾਜ ਥਾਟ** ਦੇ ਮਾਝ ਰਾਗ ਦੇ ਸਰੂਪ ਦੇ ਆਰੋਹ ਵਿਚ ਜੇ ਗੰਧਾਰ ਲੱਗਦਾ ਹੈ ਤਾਂ ਧੈਵਤ ਨਹੀਂ ਲਗਣੀ ਤੇ ਜਿਹੜੇ ਰਾਗ ਸਰੂਪ ਦੇ ਆਰੋਹ ਵਿਚ ਧੈਵਤ ਲੱਗਦਾ ਹੈ ਤਾਂ ਗੰਧਾਰ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ ਬਾਕੀ ਬਾਰੇ ਸੁਰ ਸ਼ੁੱਧ ਹਨ। ਵਾਦੀ ਸ਼ੜਜ਼, ਸੰਵਾਦੀ ਪੰਚਮ, ਜਾਤੀ ਔੜਵ - ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਚੋਥਾ ਪਹਿਰ ਹੈ। ਇਸ ਦਾ ਆਰੋਹ : ਸ ਰੇ ਮ ਪ ਧ ਨੀ ਸਂ ਜਾਂ ਸ ਰੇ ਗ ਮ ਪ ਨੀ ਸਂ ਤੇ ਅਵਰੋਹ : ਸਂ ਨ਼ੀ ਧ ਪ, ਧ ਨ਼ੀ ਧ ਪ, ਮ ਗ ਰੇ ਸ ਹੈ। ਇਸ ਦਾ ਮੁੱਖ ਅੰਗ : ਪ, ਧ ਮ ਗ ਮ, ਰੇ ਪ, ਮ ਗੁ ਰੇ, ਗੁ ਸ ਰੇ ਨ਼ੀ ਸ ਹੈ।[11]

ਹਰਗੁਨਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ **ਬਿਲਾਵਲ ਥਾਟ** ਦੇ ਮਾਝ ਰਾਗ ਦਾ ਸਰੂਪ ਵੀ ਪ੍ਰਾਪਤ ਹੁੰਦਾ ਹੈ। ਇਸ ਵਿਚ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਪ੍ਰੰਤੂ ਆਰੋਹ ਵਿਚ ਰਿਸ਼ਭ ਸੁਰ

ਵਰਜਿਤ ਹੈ।ਵਾਦੀ ਗੰਧਾਰ, ਸੰਵਾਦੀ ਧੈਵਤ, ਗਾਇਨ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਗ,ਮ ਪ,ਮ ਪ, ਗ ਮ ਧ ਨੀ ਸਂ ਤੇ ਅਵਰੋਹ : ਸਂ ਨੀ ਧ,ਪ ਮ ਗ,ਰੇ ਸ,ਰੇ ਸ ਹੈ।[12]

ਡੁਮੇਲੀ ਟਕਸਾਲ ਵਿਚ **ਕਾਫੀ ਥਾਟ** ਦੇ ਮਾਝ ਰਾਗ ਦੇ ਸਰੂਪ ਤੋਂ ਇਲਾਵਾ ਮਾਝ ਰਾਗ ਦੇ ਕਈ ਪ੍ਰਕਾਰਾਂ ਦਾ ਵੀ ਪ੍ਰਯੋਗ ਕੀਤਾ ਗਿਆ ਹੈ। ਜਿਵੇਂ ਮਾਝੀ[13], ਮਾਝ ਖਮਾਜੀ[14], ਯਮਨੀ ਮਾਝ[15] ਆਦਿ। ਤੁਲਨਾਤਮਕ ਦ੍ਰਿਸ਼ਟੀ ਤੋਂ ਸਰਵੇਖਣ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਵਿਭਿੰਨ ਟਕਸਾਲਾਂ ਵਿਚ ਪ੍ਰਯੋਗ ਕੀਤੇ ਗਏ ਮਾਝ ਰਾਗ ਦੇ ਸਰੂਪ ਵਿਚ ਭਿੰਨਤਾ ਪਾਈ ਜਾਂਦੀ ਹੈ ਅਤੇ ਤਿੰਨੋਂ ਹੀ ਪ੍ਰਾਪਤ ਸਰੂਪਾਂ ਵਿਚ ਥਾਟ, ਵਾਦੀ, ਸੰਵਾਦੀ, ਜਾਤੀ ਤੇ ਸਵਰਾ ਦਾ ਅੰਤਰ ਹੈ ਪ੍ਰੰਤੂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਰਾਗ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਤਤਕਰੇ ਅਨੁਸਾਰ ਇਕ ਸਮਾਨ ਹੈ।

**1.3 ਗਉੜੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਗਉੜੀ ਨੂੰ ਤੀਜਾ ਅਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 151 ਅੰਗ ਤੋ ਆਰੰਭ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਦੇ 11 ਪ੍ਰਕਾਰਾਂ ਦਾ ਵਰਨਣ ਵੀ ਪ੍ਰਾਪਤ ਹੁੰਦਾ ਹੈ ਜਿਵੇਂ *ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਗਉੜੀ ਸੋਰਠਿ।*

ਵਰਤਮਾਨ ਸਮੇਂ ਭਾਰਤੀ ਸੰਗੀਤ ਪਰੰਪਰਾਂ ਅਤੇ ਗੁਰਮਤਿ ਸੰਗੀਤ ਪਰੰਪਰਾਂ ਵਿਚ **ਭੈਰਵ ਥਾਟ** ਦੇ ਰਾਗ ਗਉੜੀ ਦਾ ਪ੍ਰਯੋਗ ਪ੍ਰਚਾਰ ਵਿਚ ਹੈ। ਜਿਸ ਵਿਚ ਰਿਸ਼ਭ ਤੇ ਧੈਵਤ ਕੋਮਲ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਰਾਗ ਦੇ ਆਰੋਹ ਵਿਚ ਗੰਧਾਰ ਤੇ ਧੈਵਤ ਸੁਰ ਵਰਜਿਤ ਹਨ। ਵਾਦੀ ਰਿਸ਼ਭ, ਸੰਵਾਦੀ ਪੰਚਮ, ਜਾਤੀ ਔੜਵ-ਸੰਪੂਰਣ ਤੇ ਗਾਇਨ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਰੁੇ ਗ ਰੁੇ, ਮ ਪ, ਨੀ ਸਂ ਤੇ ਅਵਰੋਹ : ਸਂ ਨੀ ਧੁ ਮ ਪ, ਧੁ ਪ ਮ ਗ, ਰੁੇ ਗ ਰੁੇ, ਸ ਨ਼ੀ, ਸ ਹੈ। ਇਸ ਦਾ ਮੁੱਖ ਅੰਗ : ਮ ਧੁ ਪ, ਧੁ ਮ ਪ ਮ ਗ ਰੁੇ, ਗ ਰੁੇ ਸ ਨ਼ੀ, ਸ ਹੈ।[16]

ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਗਉੜੀ ਰਾਗ ਦੇ ਸਰੂਪ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਪਤਾ ਲਗਦਾ ਹੈ ਕਿ ਸੈਦਪੁਰ ਠੱਠਾ ਟਿੱਬਾ ਟਕਸਾਲ ਤੇ ਹਰਗੁਨਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ **ਪੂਰਵੀ ਥਾਟ** ਦੇ ਰਾਗ ਗਉੜੀ ਦਾ ਸਰੂਪ ਵੀ ਪ੍ਰਾਪਤ ਹੁੰਦਾ ਹੈ।

ਪੂਰਵੀ ਥਾਟ ਦੇ ਰਾਗ ਗਉੜੀ ਵਿਚ ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਰਾਗ ਦੇ ਆਰੋਹ ਵਿਚ ਗੰਧਾਰ ਤੇ ਧੈਵਤ ਸੁਰ ਵਰਜਿਤ ਤੇ ਅਵਰੋਹ ਵਿਚ ਗੰਧਾਰ ਸੁਰ ਵਰਜਿਤ ਹੈ। ਵਾਦੀ ਰਿਸ਼ਭ, ਸੰਵਾਦੀ ਪੰਚਮ, ਜਾਤੀ ਔੜਵ-ਸ਼ਾੜਵ, ਗਾਇਨ ਸਮਾਂ ਸ਼ਾਮ ਦਾ ਪਹਿਲਾ ਪਹਿਰ ਹੈ। ਇਸ ਦਾ ਆਰੋਹ : ਸ ਰੇ ਮੰ ਪ ਨੀ ਸੰ ਤੇ ਅਵਰੋਹ : ਸੰ ਨੀ ਧੁ ਪ ਮੰ ਰੇ ਸ ਨ਼ੀ ਸ ਹੈ।[17]

ਹਰਗੁਨਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ **ਬਿਲਾਵਲ ਥਾਟ** ਦੇ ਰਾਗ ਗਉੜੀ ਦਾ ਸਰੂਪ ਵੀ ਪ੍ਰਾਪਤ ਹੁੰਦਾ ਹੈ। ਜਿਸ ਦੇ ਅਵਰੋਹ ਵਿਚ ਨਿਸ਼ਾਦ ਕੋਮਲ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਮਧਿਅਮ, ਸੰਵਾਦੀ ਸ਼ੜਜ, ਜਾਤੀ ਸ਼ਾੜਵ ਵਕਰ-ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਚੌਥਾ ਪਹਿਰ ਹੈ।ਇਸ ਦਾ ਆਰੋਹ : ਸ ਗ, ਮ ਰੇ ਪ, ਧ ਨੀ ਸੰ ਤੇ ਅਵਰੋਹ ਸੰ ਧ ਨ਼ੀ ਪ,ਪ ਨ਼ੀ ਪ ਮ ਪ ਮ ਗ, ਮ ਗ ਰੇ ਸ ਹੈ। ਇਸ ਦਾ ਸਵਰ ਵਿਸਥਾਰ ਸ, ਗ, ਮ ਰੇ ਪ, ਗ ਪ ਮ ਪ, ਮ ਗ ਰੇ ਸ ਨੀ ਸ ਹੈ।[18]

ਮਸਤੂਆਣਾ ਟਕਸਾਲ ਦੇ ਸ਼ਬਦ ਰਚਨਾਕਾਰਾਂ ਨੇ ਗਉੜੀ ਰਾਗ ਅਤੇ ਰਾਗ ਪ੍ਰਕਾਰਾ ਦੀਆਂ ਬਹੁਤ ਵਧੀਆ ਰਚਨਾਵਾਂ ਆਪਣੀ ਕਿਤਾਬ ਵਿਚ ਦਰਜ ਕੀਤੀਆਂ ਹਨ।[19] ਜਿਹੜੀਆਂ ਟਕਸਾਲ ਦੇ ਪ੍ਰਸਿੱਧ ਉਸਤਾਦ ਜ਼ਸਵੰਤ ਸਿੰਘ ਦੀਆਂ ਹਨ। ਤੁਲਨਾਤਮਕ ਦ੍ਰਿਸ਼ਟੀ ਤੋਂ ਸਰਵੇਖਣ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਵਿਭਿੰਨ ਟਕਸਾਲਾਂ ਵਿਚ ਪ੍ਰਯੋਗ ਕੀਤੇ ਗਏ ਗਉੜੀ ਰਾਗ ਦੇ ਸਰੂਪ ਵਿਚ ਭਿੰਨਤਾ ਪਾਈ ਜਾਂਦੀ ਹੈ ਅਤੇ ਤਿੰਨੋਂ ਹੀ ਪ੍ਰਾਪਤ ਸਰੂਪਾਂ ਵਿਚ ਥਾਟ, ਵਾਦੀ, ਸੰਵਾਦੀ, ਜਾਤੀ ਤੇ ਸੁਰਾਂ ਦਾ ਅੰਤਰ ਹੈ ਪ੍ਰੰਤੂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਰਾਗ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਤਤਕਰੇ ਅਨੁਸਾਰ ਇਕ ਸਮਾਨ ਹੈ।

**1.4 ਆਸਾ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਆਸਾ ਨੂੰ ਚੌਥਾ ਅਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 347 ਅੰਗ ਤੋ ਆਰੰਭ ਹੁੰਦੀ ਹੈ। ਗੁਰਮਤਿ ਸੰਗੀਤ ਵਿਚ ਰਾਗ ਆਸਾ ਦਾ ਮਹੱਤਵ ਪੂਰਨ ਅਸਥਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਵਿਧਾਨ ਵਿਚ ਆਸਾ ਰਾਗ ਨੂੰ ਪ੍ਰਮੁਖ ਮੰਨ ਕੇ ਇਸ ਦੇ ਅਧੀਨ ਤਿਨ ਹੋਰ ਰਾਗਾਂ ਪ੍ਰਕਾਰ ਦੀ ਵਰਤੋਂ ਵੀ ਕੀਤੀ ਗਈ ਹੈ।

1. ਆਸਾਵਰੀ, 2. ਆਸਾਵਰੀ ਸੁਧੰਗ, 3. ਆਸਾ ਕਾਫੀ

ਹਿੰਦੁਸਤਾਨੀ ਸੰਗੀਤ ਵਿਚ ਰਾਗ ਆਸਾ ਪ੍ਰਚਲਿਤ ਰਾਗਾਂ ਦੀ ਗਣਨਾ ਵਿਚ ਨਹੀ ਆਉਂਦਾ ਅਤੇ ਨਾ ਹੀ ਸੰਗੀਤ ਗ੍ਰੰਥਾਂ ਵਿਚ ਇਸ ਬਾਰੇ ਜ਼ਿਕਰ ਮਿਲਦਾ ਹੈ। ਗੁਰਮਤਿ ਸੰਗੀਤ ਪਰੰਪਰਾਂ ਵਿਚ ਵਰਤਮਾਨ ਸਮੇਂ ਬਿਲਾਵਲ ਥਾਟ ਦੇ ਰਾਗ ਆਸਾ ਦਾ ਪ੍ਰਯੋਗ ਪ੍ਰਚਾਰ ਵਿਚ ਹੈ।

ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ **ਬਿਲਾਵਲ ਥਾਟ** ਦੇ ਰਾਗ ਆਸਾ ਦਾ ਹੀ ਸਰੂਪ ਪ੍ਰਾਪਤ ਹੁੰਦਾ ਹੈ ਜਿਸ ਦੇ ਆਰੋਹ ਵਿਚ ਗੰਧਾਰ ਤੇ ਨਿਸ਼ਾਦ ਵਰਜਿਤ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਮਧਿਅਮ, ਸੰਵਾਦੀ ਸ਼ੜਜ, ਜਾਤੀ ਔੜਵ - ਸੰਪੂਰਣ ਤੇ ਗਾਇਨ ਸਮਾਂ ਸੰਧੀ ਪ੍ਰਕਾਸ਼ (ਸਵੇਰੇ ਤੇ ਸ਼ਾਮ) ਹੈ। ਇਸ ਰਾਗ ਦਾ ਆਰੋਹ : ਸ, ਰੇ ਮ, ਪ, ਧ ਸਂ ਤੇ ਅਵਰੋਹ : ਸਂ ਨੀ ਧ ਪ, ਮ, ਗ ਰੇ ਸ ਰੇ ਗ ਸ ਹੈ। ਇਸ ਦਾ ਮੁੱਖ ਅੰਗ : ਰੇ ਮ, ਪ, ਧ ਸਂ, ਨੀ ਧ ਪ ਮ, ਗ ਸ ਰੇ ਗ ਸ।[20]

ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਆਸਾ ਰਾਗ ਦੇ ਤੁਲਨਾਤਮਕ ਵਿਸ਼ਲੇਸ਼ਨ ਤੋਂ ਪਤਾ ਲਗਦਾ ਹੈ ਕਿ ਦੌਧਰ ਟਕਸਾਲ ਅਤੇ ਦਮਦਮੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਆਸਾ ਮਿਸ਼ਰਤ[21], ਆਸਾ ਕਾਫੀ[22], ਆਸਾ ਦੇਸ਼ਕਾਰ[23] ਦੇ ਰੂਪ ਵਿਚ ਆਸਾ ਰਾਗ ਦੇ ਕਈ ਪ੍ਰਕਾਰਾਂ ਦਾ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ ਪ੍ਰੰਤੂ ਮਸਤੂਆਣਾ ਟਕਸਾਲ, ਸਿੰਘਾਂ ਵਾਲੀ ਟਕਸਾਲ ਤਰਨਤਾਰਨ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਬਿਲਾਵਲ ਥਾਟ ਦੇ ਰਾਗ ਆਸਾ ਦਾ ਹੀ ਪ੍ਰਯੋਗ ਕੀਤਾ ਗਿਆ ਹੈ। ਜਦੋਂ ਕਿ ਸੈਦਪੁਰ ਠੱਠਾ ਟਿਬਾ ਟਕਸਾਲ ਤੇ ਡੁਮੇਲੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਆਸਾਵਰੀ ਥਾਟ, ਦੇਸੀ ਆਸਾਵਾਰੀ, ਬਿਲਾਵਲ ਥਾਟ, ਕਾਫੀ ਥਾਟ ਦੇ ਆਸਾ ਰਾਗ ਦਾ ਪ੍ਰਯੋਗ ਕੀਤਾ ਗਿਆ ਹੈ। ਡੁਮੇਲੀ ਟਕਸਾਲ ਦੀਆਂ ਰਚਨਾਵਾਂ ਵਿਚ ਸੰਪੂਰਨ ਆਸਾ ਕੀ ਵਾਰ ਦੀਆਂ ਰਚਨਾਵਾਂ ਵੀ ਪ੍ਰਾਪਤ ਹੁੰਦੀਆਂ ਹਨ।[24]

**1.5. ਗੂਜਰੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਗੂਜਰੀ ਨੂੰ ਪੰਜਵਾਂ ਅਸਥਾਨ ਪ੍ਰਾਪਤ ਹੈ ਤੇ ਇਸ ਰਾਗ ਵਿਚ ਬਾਣੀ 489 ਅੰਗ ਤੋ ਆਰੰਭ ਹੁੰਦੀ ਹੈ। ਇਹ ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਪਰੰਪਰਾ ਦਾ ਪ੍ਰਚਲਿਤ ਰਾਗ ਹੈ। ਗੁਰਮਤਿ ਸੰਗੀਤ ਪਰੰਪਰਾ ਦੀ ਟਕਸਾਲੀ ਪਰੰਪਰਾ ਵਿਚ ਪ੍ਰਚਲਿਤ ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸੰਗੀਤ ਸਮੱਗਰੀ ਵਿਚ ਪ੍ਰਯੋਗ ਕੀਤੇ ਗਏ ਗੂਜਰੀ ਰਾਗ ਦੇ ਸਰੂਪ ਦਾ ਤੁਲਨਾਤਮਕ ਵਿਸ਼ਲੇਸ਼ਣ ਕਰਨ ਤੋਂ ਪਤਾ ਲਗਦਾ ਹੈ ਕਿ ਟਕਸਾਲੀ ਪਰੰਪਰਾ ਵਿਚ **ਟੋਡੀ ਥਾਟ** ਦੇ

ਅੰਤਰਗਤ ਗੂਜਰੀ ਰਾਗ ਦੀਆਂ ਸ਼ਬਦ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।[25] ਰਾਗ ਗੂਜਰੀ ਦੇ ਸਰੂਪ ਸਬੰਧੀ ਸਾਰੇ ਰਚਨਾਕਾਰ ਇਕ ਮੱਤ ਹਨ। ਰਾਗ ਗੂਜਰੀ ਵਿਚ ਰਿਸ਼ਭ, ਗੰਧਾਰ, ਧੈਵਤ ਕੋਮਲ ਤੇ ਤੀਵਰ ਮਧਿਅਮ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਰਾਗ ਵਿਚ ਪੰਚਮ ਸੁਰ ਵਰਜਿਤ ਹੈ। ਵਾਦੀ ਧੈਵਤ, ਸੰਵਾਦੀ ਰਿਸ਼ਭ, ਜਾਤੀ ਸ਼ਾੜਵ-ਸ਼ਾੜਵ ਤੇ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਰੁ, ਗੁ ਮੰ ਧੁ, ਨੀ ਸਂ ਤੇ ਅਵਰੋਹ : ਸਂ ਨੀ ਧੁ, ਮੇ ਗੁ ਰੁ, ਗੁ ਰੁ ਸ ਹੈ। ਇਸ ਰਾਗ ਦਾ ਮੁੱਖ ਅੰਗ : ਧੁ, ਮੰ ਧੁ, ਨੀ ਧੁ, ਮੰ ਧੁ ਮੰ ਗੁ ਰੁ, ਗੁ ਰੁ ਸ ਹੈ।[26]

**1.6. ਦੇਵਗੰਧਾਰੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਦੇਵਗੰਧਾਰੀ ਨੂੰ ਛੇਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 527 ਅੰਗ ਤੋਂ ਆਰੰਭ ਹੁੰਦੀ ਹੈ। ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾ ਤੇ ਭਾਰਤੀ ਸੰਗੀਤ ਪਰੰਪਰਾ ਵਿਚ **ਆਸਾਵਰੀ ਥਾਟ** ਦਾ ਰਾਗ ਦੇਵਗੰਧਾਰੀ ਪ੍ਰਚਾਰ ਵਿਚ ਹੈ।[27] ਇਸ ਰਾਗ ਵਿਚ ਦੋਵੇਂ ਧੈਵਤ, ਦੋਵੇਂ ਨਿਸ਼ਾਦ ਅਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਮਧਿਅਮ, ਸੰਵਾਦੀ ਸ਼ੜਜ, ਜਾਤੀ ਔੜਵ-ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਰੇ ਮ ਪ ਧ ਸਂ ਤੇ ਅਵਰੋਹ : ਸਂ ਨੀ ਧ ਪ, ਮ ਪ, ਧੁ ਨ੍ਹੀ ਧੁ ਪ, ਮ ਗ ਰੇ ਸ ਹੈ। ਇਸ ਰਾਗ ਦਾ ਮੁੱਖ ਅੰਗ : ਧੁ ਨ੍ਹੀ ਧੁ ਪ, ਮ ਗ, ਰੇ ਸ ਮ, ਗ ਸ ਰੇ ਗ ਸ ਹੈ।[28]

ਟਕਸਾਲੀ ਸ਼ਬਦ ਰਚਨਾਵਾਂ ਵਿਚ ਦੇਵਗੰਧਾਰੀ ਰਾਗ ਦੀਆਂ ਬਹੁਤ ਸਾਰੀਆਂ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਰਚਨਾਵਾਂ ਵਿਚ ਆਸਾਵਰੀ ਥਾਟ, ਬਿਲਾਵਲ ਥਾਟ ਤੇ ਭੈਰਵ ਥਾਟ ਦੇ ਦੇਵਗੰਧਾਰੀ ਰਾਗ ਦਾ ਪ੍ਰਯੋਗ ਕੀਤਾ ਗਿਆ ਹੈ। ਦੇਵਗੰਧਾਰੀ ਆਸਾ ਅੰਗ ਨੂੰ **ਬਿਲਾਵਲ ਥਾਟ** ਵੀ ਲਿਖਿਆ ਹੋਇਆ ਹੈ। ਇਸ ਵਿਚ ਦੋਨੋਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਗਿਆ ਜਾਂਦਾ ਹੈ।[29] ਅਵਰੋਹ ਵਿਚ ਰਿਸ਼ਭ ਦਾ ਘੱਟ ਪ੍ਰਯੋਗ ਕੀਤਾ ਗਿਆ ਹੈ। ਵਾਦੀ ਮਧਿਅਮ, ਸੰਵਾਦੀ ਸ਼ੜਜ, ਜਾਤੀ ਸਾੜਵ-ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਇਸ ਰਾਗ ਦੇ ਆਰੋਹ ਵਿਚ ਗੰਧਾਰ ਵਰਜਿਤ ਹੈ। ਇਸ ਰਾਗ ਦੀ ਆਰੋਹ : ਸ ਰੇ ਮ, ਪ ਧ ਪ ਮ ਪ ਧ ਸ ਤੇ ਅਵਰੋਹ : ਸ ਨੀ ਧ ਪ ਨ੍ਹੀ ਧ ਪ, ਮ ਗ ਰੇ ਸ ਹੈ।[30]

**ਆਸਾਵਰੀ ਥਾਟ** ਦੇ ਦੇਵਗੰਧਾਰੀ ਰਾਗ ਵਿਚ ਦੋਵੇਂ ਗੰਧਾਰ, ਧੈਵਤ ਤੇ ਨਿਸ਼ਾਦ ਕੋਮਲ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਮਧਿਅਮ, ਸੰਵਾਦੀ ਸ਼ੜਜ, ਜਾਤੀ ਸ਼ਾੜਵ-ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਇਸ ਰਾਗ ਦੇ ਆਰੋਹ ਵਿਚ ਨਿਸ਼ਾਦ ਸੁਰ ਵਰਜਿਤ ਹੈ। ਇਸ ਰਾਗ ਦਾ ਆਰੋਹ : ਸ ਰੇ ਗ ਮ, ਧੁ ਪ ਮ, ਧੁ ਪ ਧੁ ਸਂ ਤੇ ਅਵਰੋਹ : ਸ ਨੁੀ ਧੁ ਪ ਮ ਪ ਮ ਗੁ ਰੇ ਸ ਨੁੀ ਸ ਹੈ।[31]

**ਭੈਰਵ ਥਾਟ** ਦੇ ਦੇਵਗੰਧਾਰੀ ਰਾਗ ਵਿਚ ਦੋਵੇਂ ਰਿਸ਼ਭ, ਦੋਵੇਂ ਗੰਧਾਰ, ਦੋਵੇ ਧੈਵਤ ਤੇ ਦੋਵੇਂ ਨਿਸ਼ਾਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਆਰੋਹ ਵਿਚ ਗੰਧਾਰ ਤੇ ਨਿਸ਼ਾਦ ਵਰਜਿਤ ਹਨ। ਵਾਦੀ ਮਧਿਅਮ, ਸੰਵਾਦੀ ਸ਼ੜਜ, ਜਾਤੀ ਔੜਵ-ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਰੇ ਮ, ਪ ਧੁ ਪ ਮ, ਪ ਧ ਸਂ ਰੁੇ ਸਂ ਤੇ ਅਵਰੋਹ : ਰੁੇ ਸਂ ਨੀ ਧੁ ਪ ਮ ਨੁੀ ਧ ਪ, ਮ ਗ ਰੇ ਸ ਹੈ।[32]

ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਦੇਵਗੰਧਾਰੀ ਰਾਗ ਦੇ ਤਿੰਨ ਸਰੂਪਾਂ ਦਾ ਤੁਲਨਾਤਮਕ ਦ੍ਰਿਸ਼ਟੀ ਤੋਂ ਸਰਵੇਖਨ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਦਮਦਮੀ ਟਕਸਾਲ, ਦੌਧਰ ਟਕਸਾਲ, ਤਰਨਤਾਰਨ ਟਕਸਾਲ, ਸਿੰਘਾਂਵਾਲੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਆਸਾਵਰੀ ਥਾਟ ਅਤੇ ਸੈਦਪੁਰ ਠੱਠਾ ਟਿਬਾ ਟਕਸਾਲ, ਹਰਗੁਨਾ ਟਕਸਾਲ ਤੇ ਡੁਮੇਲੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਉਪਰੋਕਤ ਤਿੰਨਾਂ ਹੀ ਥਾਟਾਂ ਦੇ ਅਨੁਸਾਰ ਦੇਵਗੰਧਾਰੀ ਰਾਗ ਦੀਆਂ ਸ਼ਬਦ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ ਪ੍ਰੰਤੂ ਵਾਦੀ, ਸੰਵਾਦੀ ਅਤੇ ਰਾਗ ਸਰੂਪ ਵਿਚ ਕੁਝ ਅੰਦਰ ਹੈ।

**1.7. ਬਿਹਾਗੜਾ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਬਿਹਾਗੜਾ ਨੂੰ ਸਤਵਾਂ ਅਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 537 ਅੰਗ ਤੋ ਆਰੰਭ ਹੁੰਦੀ ਹੈ। ਵਰਤਮਾਨ ਸਮੇਂ ਭਾਰਤੀ ਸੰਗੀਤ ਪਰੰਪਰਾਂ ਅਤੇ ਗੁਰਮਤਿ ਸੰਗੀਤ ਪਰੰਪਰਾਂ ਵਿਚ **ਬਿਲਾਵਲ ਥਾਟ** ਦੇ ਰਾਗ ਬਿਹਾਗੜਾ ਦਾ ਪ੍ਰਯੋਗ ਪ੍ਰਚਾਰ ਵਿਚ ਹੈ। ਜਿਸ ਵਿਚ ਦੋਵੇਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਰਾਗ ਦੇ ਆਰੋਹ ਵਿਚ ਰਿਸ਼ਭ ਤੇ ਧੈਵਤ ਸੁਰ ਵਰਜਿਤ ਹਨ। ਵਾਦੀ ਗੰਧਾਰ, ਸੰਵਾਦੀ ਨਿਸ਼ਾਦ, ਜਾਤੀ ਔੜਵ - ਸੰਪੂਰਣ ਤੇ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਰਾਗ ਦਾ ਆਰੋਹ : ਨ਼ੀ ਸ ਗ, ਮ ਪ ਨੀ ਸਂ ਤੇ

ਅਵਰੋਹ : ਸਂ ਨੀ ਧ ਪ, ਨ੍ਹੀ ਧ ਪ, ਧ ਗ ਮ ਗ, ਰੇ ਸ ਹੈ। ਇਸ ਦਾ ਸਵਰ ਵਿਸਥਾਰ : ਗ ਮ ਪ, ਨ੍ਹੀ ਧ ਪ, ਧ ਪ ਮ ਗ ਮ ਗ, ਰੇ ਸ ਹੈ।[33]

ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸੰਗੀਤਕ ਸਮੱਗਰੀ ਵਿਚੋਂ ਪ੍ਰਾਪਤ ਬਿਹਾਗੜਾ ਰਾਗ ਦੀਆਂ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਸਰੂਪ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਪਤਾ ਲਗਦਾ ਹੈ ਕਿ ਸੈਦਪੁਰ ਠੱਠਾ ਟਿੱਬਾ ਟਕਸਾਲ ਤੇ ਹਰਗੁਨਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਬਿਲਾਵਲ ਥਾਟ ਦੇ ਰਾਗ ਬਿਹਾਗੜਾ ਦਾ ਦੋਵੇਂ ਮਧਿਅਮ ਤੇ ਦੋਵੇਂ ਨਿਸ਼ਾਦ ਵਾਲਾ ਸਰੂਪ ਵੀ ਪ੍ਰਾਪਤ ਹੁੰਦਾ ਹੈ[34] ਜਿਸ ਦੇ ਆਰੋਹ ਵਿਚ ਰਿਸ਼ਭ ਤੇ ਧੈਵਤ ਸੁਰ ਵਰਜਿਤ ਹਨ। ਵਾਦੀ ਗੰਧਾਰ, ਸੰਵਾਦੀ ਨਿਸ਼ਾਦ, ਜਾਤੀ ਔੜਵ - ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਦਾ ਆਰੋਹ : ਨ਼ੀ ਸ, ਗ ਮ ਪ, ਨੀ ਸਂ ਤੇ ਅਵਰੋਹ : ਸਂ ਨੀ ਧ ਪ, ਨ੍ਹੀ ਧ ਪ, ਮ। ਗ, ਮ ਗ ਰੇ ਸ ਹੈ। ਇਸ ਰਾਗ ਦੀ ਵਿਸ਼ੇਸ਼ ਸੁਰ ਸੰਗਤੀ ਗ ਮ ਪ ਨ੍ਹੀ ਧ ਪ, ਗ ਮ ਗ, ਰੇ ਸ ਹੈ। ਹਰਗੁਨਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਬਿਲਾਵਲ ਥਾਟ ਦੇ ਬਿਹਾਗੜਾ ਰਾਗ ਦਾ ਪ੍ਰਯੋਗ ਪ੍ਰਚੱਲਿਤ ਰਿਹਾ ਹੈ।[35] ਡੁਮੇਲੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਵੀ ਬਿਲਾਵਲ ਥਾਟ ਦੇ ਬਿਹਾਗੜਾ ਰਾਗ ਦਾ ਹੀ ਪ੍ਰਯੋਗ ਕੀਤਾ ਗਿਆ ਹੈ।

**1.8. ਵਡਹੰਸ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਵਡਹੰਸ ਨੂੰ ਅਠਵਾਂ ਅਸਥਾਨ ਪ੍ਰਾਪਤ ਹੈ ਤੇ ਇਸ ਰਾਗ ਵਿਚ ਬਾਣੀ 557 ਅੰਗ ਤੋ ਆਰੰਭ ਹੁੰਦੀ ਹੈ। ਗੁਰਮਤਿ ਸੰਗੀਤ ਪਰੰਪਰਾਂ ਵਿਚ ਵਰਤਮਾਨ ਸਮੇਂ **ਖਮਾਜ ਥਾਟ** ਦੇ ਰਾਗ ਵਡਹੰਸ ਦਾ ਪ੍ਰਯੋਗ ਪ੍ਰਚਾਰ ਵਿਚ ਹੈ।[36] ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਸਰੂਪ ਦਾ ਤੁਲਨਾਤਮਕ ਸਰਵੇਖਨ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਸਾਰੀਆਂ ਹੀ ਟਕਸਾਲਾਂ ਤੋਂ ਪ੍ਰਾਪਤ ਵਡਹੰਸ ਰਾਗ ਦੀਆਂ ਟਕਸਾਲੀ ਸ਼ਬਦ ਰਚਨਾਵਾਂ ਵਿਚ ਖਮਾਜ ਥਾਟ ਦੇ ਰਾਗ ਵਡਹੰਸ ਦਾ ਹੀ ਸਰੂਪ ਪ੍ਰਾਪਤ ਹੁੰਦਾ ਹੈ।[37] ਇਸ ਰਾਗ ਦੇ ਆਰੋਹ ਵਿਚ ਗੰਧਾਰ ਵਰਜਿਤ, ਦੋਵੇਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਹੁੰਦਾ ਹੈ। ਵਾਦੀ ਪੰਚਮ, ਸੰਵਾਦੀ ਰਿਸ਼ਭ, ਜਾਤੀ ਸ਼ਾੜਵ-ਸੰਪੂਰਣ ਤੇ ਗਾਇਨ ਸਮਾਂ ਦੁਪਹਿਰ ਦਾ ਹੈ। ਇਸ ਰਾਗ ਦਾ ਆਰੋਹ : ਸ ਰੇ ਮ ਪ, ਧ ਨ੍ਹੀ ਪ, ਨੀ ਸਂ ਤੇ ਅਵਰੋਹ : ਸਂ ਨ੍ਹੀ ਪ, ਧ ਮ ਗ ਰੇ, ਸ ਨ਼ੀ ਸ ਹੈ। ਇਸ ਦਾ ਮੁੱਖ ਅੰਗ : ਸ ਰੇ ਮ ਪ ਨੀ ਪ, ਧ ਮ

ਗ ਰੇ, ਸ ਨ਼ੀ ਪ਼ ਨ਼ੀ ਸ ਹੈ।[38] ਹਰਗੁਨਾ ਟਕਸਾਲ ਅਤੇ ਡੁਮੇਲੀ ਟਕਸਾਲ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਵਡਹੰਸ ਦੱਖਣੀ[39] ਤੇ ਮਿਸ਼ਰਤ ਵਡਹੰਸ[40] ਵਿਚ ਵੀ ਸ਼ਬਦ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।

**1.9. ਸੋਰਠਿ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਸੋਰਠਿ ਨੂੰ ਨੌਵਾਂ ਅਸਥਾਨ ਪ੍ਰਾਪਤ ਹੈ ਤੇ ਇਸ ਰਾਗ ਦੀ ਬਾਣੀ 595 ਅੰਗ ਤੋ ਆਰੰਭ ਹੁੰਦੀ ਹੈ। ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾਂ ਅਤੇ ਭਾਰਤੀ ਸੰਗੀਤ ਪਰੰਪਰਾਂ ਵਿਚ **ਖਮਾਜ ਥਾਟ** ਦੇ ਰਾਗ ਸੋਰਠਿ ਦਾ ਪ੍ਰਯੋਗ ਪ੍ਰਚਾਰ ਵਿਚ ਹੈ। ਜਿਸ ਵਿਚ ਦੋਨੋਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੇ ਆਰੋਹ ਵਿਚ ਗੰਧਾਰ, ਧੈਵਤ ਸੁਰ ਵਰਜਿਤ ਹਨ ਪ੍ਰੰਤੂ ਅਵਰੋਹ ਵਿਚ ਗੰਧਾਰ ਦਾ ਪ੍ਰਯੋਗ ਕੇਵਲ ਮੀਂਡ ਦੁਆਰਾ ਕੀਤਾ ਜਾਂਦਾ ਹੈ। ਵਾਦੀ ਰਿਸ਼ਭ, ਸੰਵਾਦੀ ਧੈਵਤ, ਜਾਤੀ ਔੜਵ-ਵਕਰ ਸੰਪੂਰਣ, ਗਾਇਨ ਸਮਾਂ ਰਾਤ ਦਾ ਦੂਸਰਾ ਪਹਿਰ ਹੈ। ਰਾਗ ਦਾ ਆਰੋਹ : ਸ ਰੇ, ਮ ਪ, ਨੀ ਸੰ ਤੇ ਅਵਰੋਹ : ਸੰ ਰੇਂ ਨੂੀ ਧ, ਮ ਪ ਧ ਮ ਗ ਰੇ, ਨ਼ੀ ਸ ਹੈ। ਇਸ ਦਾ ਮੁੱਖ ਅੰਗ : ਸ ਰੇ, ਮ ਪ, ਨੀ ਧ, ਪ, ਧ ਮ ਰੇ, ਨ਼ੀ ਸ ਹੈ।[41]

ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਸ਼ਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਰਾਗ ਸੋਰਠਿ ਦੇ ਸਰੂਪ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਸੈਦਪੁਰ ਠੱਠਾ ਟਿੱਬਾ ਟਕਸਾਲ ਤੇ ਹਰਗੁਨਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਖਮਾਜ ਥਾਟ ਦੇ ਦੋਵੇਂ ਗੰਧਾਰ ਤੇ ਦੋਵੇਂ ਨਿਸ਼ਾਦ ਵਾਲੇ ਰਾਗ ਸੋਰਠਿ ਦਾ ਸਰੂਪ ਵੀ ਪ੍ਰਾਪਤ ਹੁੰਦਾ ਹੈ ਪ੍ਰੰਤੂ ਦੌਧਰ ਟਕਸਾਲ[42]ਅਤੇ ਡੁਮੇਲੀ ਟਕਸਾਲ[43] ਵਿਚ ਵਰਤਮਾਨ ਸਮੇਂ ਪ੍ਰਚਲਿੱਤ ਸਰੂਪਾਂ ਦਾ ਹੀ ਪ੍ਰਚਾਰ ਰਿਹਾ ਹੈ।

**1.10. ਧਨਾਸਰੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਧਨਾਸਰੀ ਨੂੰ ਦਸਵਾਂ ਅਸਥਾਨ ਪ੍ਰਾਪਤ ਹੈ ਤੇ ਇਸ ਰਾਗ ਵਿਚ ਬਾਣੀ 660 ਅੰਗ ਤੋ ਆਰੰਭ ਹੁੰਦੀ ਹੈ। ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾਂ ਅਤੇ ਭਾਰਤੀ ਸੰਗੀਤ ਪਰੰਪਰਾਂ ਵਿਚ **ਕਾਫੀ ਥਾਟ** ਦੇ ਰਾਗ ਧਨਾਸਰੀ ਦਾ ਪ੍ਰਯੋਗ ਪ੍ਰਚਾਰ ਵਿਚ ਹੈ। ਜਿਸ ਵਿਚ ਗੰਧਾਰ ਤੇ ਨਿਸ਼ਾਦ ਕੋਮਲ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੇ ਆਰੋਹ ਵਿਚ ਰਿਸ਼ਭ ਤੇ ਧੈਵਤ ਵਰਜਿਤ ਹਨ। ਵਾਦੀ ਪੰਚਮ, ਸੰਵਾਦੀ ਸ਼ੜਜ, ਜਾਤੀ ਔੜਵ-ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਤੀਜਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਗੁ, ਮ ਪ, ਨੂੀ ਸੰ ਤੇ ਅਵਰੋਹ : ਸੰ ਨੂੀ ਧ ਪ, ਮ ਪ ਗੁ, ਰੇ ਸ ਹੈ। ਇਸ ਦਾ ਮੁੱਖ ਅੰਗ: ਨੂੀ ਸ ਗੁ, ਮ ਪ, ਨੀ ਧ ਪ, ਮ ਪ ਗੁ, ਰੇ ਸ ਹੈ।[44]

ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਧਨਾਸਰੀ ਰਾਗ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਪਤਾ ਲਗਦਾ ਹੈ ਕਿ ਟਕਸਾਲਾਂ ਵਿਚ ਧਨਾਸਰੀ ਦੇ ਚਾਰ ਸਰੂਪ (ਕਾਫ਼ੀ ਥਾਟ, ਮੁਲਤਾਨੀ ਅੰਗ, ਪੂਰਬੀ ਥਾਟ, ਤੇ ਭੈਰਵੀ ਥਾਟ) ਪ੍ਰਚਾਰ ਵਿਚ ਰਹੇ ਹਨ।

**ਮੁਲਤਾਨੀ ਥਾਟ** ਦੇ ਧਨਾਸਰੀ ਰਾਗ ਵਿਚ ਰਿਸ਼ਭ, ਗੰਧਾਰ, ਧੈਵਤ ਕੋਮਲ ਤੇ ਦੋਵੇਂ ਨਿਸ਼ਾਦ ਦਾ ਪ੍ਰਯੋਗ ਕੀਤਾ ਗਿਆ ਹੈ। ਆਰੋਹ ਵਿਚ ਰਿਸ਼ਭ ਤੇ ਧੈਵਤ ਵਰਜਿਤ ਹਨ। ਵਾਦੀ ਪੰਚਮ, ਸੰਵਾਦੀ ਸ਼ੜਜ, ਜਾਤੀ ਔੜਵ-ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਤੀਜਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਗੁ ਮੰ ਪ ਨੀ ਸਂ ਤੇ ਅਵਰੋਹ : ਸਂ ਨੀ਼ ਧੁ ਪ ਮੇ ਗੁ ਰੇ੍ਹ ਸ ਹੈ।[45]

**ਪੂਰਬੀ ਥਾਟ** ਦੇ ਧਾਨਸਰੀ ਵਿਚ ਰਿਸ਼ਭ, ਧੈਵਤ ਕੋਮਲ ਤੇ ਮਧਿਅਮ ਤੀਵਰ ਦਾ ਪ੍ਰਯੋਗ ਕੀਤਾ ਗਿਆ ਹੈ। ਆਰੋਹ ਵਿਚ ਰਿਸ਼ਭ ਤੇ ਧੈਵਤ ਵਰਜਿਤ ਹਨ। ਵਾਦੀ ਪੰਚਮ, ਸੰਵਾਦੀ ਸ਼ੜਜ, ਜਾਤੀ ਔੜਵ-ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਤੀਜਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਗ ਮੰ ਪ ਨੀ ਸਂ ਤੇ ਅਵਰੋਹ : ਸਂ ਨੀ ਧੁ ਪ ਮੰ ਗ ਰੇ੍ਹ ਸ ਹੈ।[46]

**ਭੈਰਵੀ ਥਾਟ** ਦੇ ਧਨਾਸਰੀ ਰਾਗ ਵਿਚ ਰਿਸ਼ਭ, ਗੰਧਾਰ, ਧੈਵਤ ਤੇ ਨਿਸ਼ਾਦ ਕੋਮਲ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਆਰੋਹ ਵਿਚ ਰਿਸ਼ਭ ਤੇ ਧੈਵਤ ਵਰਜਿਤ ਹਨ। ਵਾਦੀ ਪੰਚਮ, ਸੰਵਾਦੀ ਸ਼ੜਜ, ਜਾਤੀ ਔੜਵ-ਸੰਪੂਰਣ ਤੇ ਗਾਇਨ ਸਮਾਂ ਸਵੇਰ ਦਾ ਹੈ। ਇਸ ਰਾਗ ਦਾ ਆਰੋਹ : ਨੀ਼ ਸ ਗੁ ਮ ਪ ਨੀ਼ ਸਂ ਤੇ ਅਵਰੋਹ ਸਂ ਨੀ਼ ਧੁ ਪ, ਗੁ ਮ ਪ, ਮ ਗੁ ਰੇ੍ਹ ਸ ਹੈ।[47]

**ਕਾਫੀ ਥਾਟ** ਦੇ ਧਨਾਸਰੀ ਰਾਗ ਦੇ ਸਰੂਪ ਨੂੰ ਰਚਨਾਕਾਰ ਨੇ ਭੀਮ ਧਨਾਸਰੀ ਰਾਗ ਦਾ ਨਾਮ ਦਿੱਤਾ ਹੈ।[48] ਇਸ ਦਾ ਸਰੂਪ ਵਰਤਮਾਨ ਸਮੇਂ ਪ੍ਰਚਲਿਤ ਰਾਗ ਭੀਮਪਲਾਸੀ ਨਾਲ ਮਿਲਦਾ ਜੁਲਦਾ ਹੈ। ਇਸ ਵਿਚ ਗੰਧਾਰ ਤੇ ਨਿਸ਼ਾਦ ਕੋਮਲ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਗਿਆ ਹੈ। ਵਾਦੀ ਪੰਚਮ, ਸੰਵਾਦੀ ਸ਼ੜਜ, ਜਾਤੀ ਔੜਵ-ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਤੀਜਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਗੁ ਮ ਪ ਨੀ਼ ਸਂ ਤੇ ਅਵਰੋਹ ਸਂ ਨੀ਼ ਪ ਮ ਗੁ ਸ ਹੈ।[49]

ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਧਨਾਸਰੀ ਰਾਗ ਦੇ ਸਰੂਪਾਂ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਦੌਧਰ ਟਕਸਾਲ, ਦਮਦਮੀ ਟਕਸਾਲ, ਮਸਤੂਆਣਾ ਟਕਸਾਲ ਤੇ ਤਰਨਤਾਰਨ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਕਾਫੀ ਥਾਟ ਤੇ ਭੀਮ ਪਲਾਸੀ ਅੰਗ ਦਾ ਪ੍ਰਯੋਗ ਕੀਤਾ ਗਿਆ ਹੈ। ਹਰਗੁਨਾ ਟਕਸਾਲ ਤੇ ਡੁਮੇਲੀ ਟਕਸਾਲ ਦੀਆਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਮੁਲਤਾਨੀ ਅੰਗ, ਪੂਰਬੀ ਥਾਟ, ਭੈਰਵੀ ਥਾਟ, ਕਾਫੀ ਥਾਟ ਦਾ ਪ੍ਰਯੋਗ ਕੀਤਾ ਗਿਆ ਹੈ ਅਤੇ ਸੈਦਪੁਰ ਠੱਠਾ ਟਿੱਬਾ ਟਕਸਾਲ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਭੀਮ ਪਲਾਸੀ ਅੰਗ[50], ਖਮਾਜ ਥਾਟ, ਮੁਲਤਾਨੀ ਅੰਗ[51], ਧਨਾਸਰੀ ਅੰਗ[52], ਪੂਰਵੀ ਥਾਟ[53] ਤੇ ਭੈਰਵੀ ਥਾਟ[54] ਦਾ ਪ੍ਰਯੋਗ ਕੀਤਾ ਗਿਆ ਹੈ।

**1.11. ਜੈਤਸਰੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਜੈਤਸਰੀ ਨੂੰ ਗਿਆਰਵਾਂ ਸਥਾਨ ਪ੍ਰਾਪਤ ਹੈ ਤੇ ਇਸ ਰਾਗ ਦੀ ਬਾਣੀ 696 ਅੰਗ ਤੋਂ ਆਰੰਭ ਹੁੰਦੀ ਹੈ। ਵਰਤਮਾਨ ਸਮੇਂ ਭਾਰਤੀ ਸੰਗੀਤ ਪਰੰਪਰਾ ਅਤੇ ਗੁਰਮਤਿ ਸੰਗੀਤ ਪਰੰਪਰਾ ਵਿਚ **ਪੂਰਵੀ ਥਾਟ** ਦੇ ਰਾਗ ਜੈਤਸਰੀ ਦਾ ਪ੍ਰਯੋਗ ਪ੍ਰਚਾਰ ਵਿਚ ਹੈ। ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਜੈਤਸਰੀ ਰਾਗ ਦੀਆਂ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਸਰੂਪ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਵਿਭਿੰਨ ਟਕਸਾਲਾਂ ਵਿਚ ਪੂਰਵੀ ਥਾਟ ਦੇ ਰਾਗ ਜੈਤਸਰੀ ਦਾ ਹੀ ਪ੍ਰਯੋਗ ਪ੍ਰਚਾਰ ਵਿਚ ਰਿਹਾ ਹੈ।[55] ਜਿਸ ਵਿਚ ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਰਾਗ ਦੇ ਆਰੋਹ ਵਿਚ ਰਿਸ਼ਭ ਤੇ ਧੈਵਤ ਵਰਜਿਤ ਹਨ। ਵਾਦੀ ਗੰਧਾਰ, ਸੰਵਾਦੀ ਨਿਸ਼ਾਦ, ਜਾਤੀ ਔੜਵ-ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਚੋਥਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਗ, ਮੰ ਪ, ਨੀ ਸਂ ਤੇ ਅਵਰੋਹ ਸਂ ਨੀ ਧੁ ਪ, ਮੰ ਗ, ਮੰ ਗ, ਰੇ ਸ ਹੈ।[56]

**1.12. ਟੋਡੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਟੋਡੀ ਨੂੰ ਬਾਰਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 711 ਅੰਗ ਤੋਂ ਆਰੰਭ ਹੁੰਦੀ ਹੈ। ਵਰਤਮਾਨ ਸਮੇਂ ਭਾਰਤੀ ਸੰਗੀਤ ਪਰੰਪਰਾ ਅਤੇ ਗੁਰਮਤਿ ਸੰਗੀਤ ਪਰੰਪਰਾ ਵਿਚ **ਤੋੜੀ ਥਾਟ** ਦੇ ਅਨੁਸਾਰ ਰਾਗ ਟੋਡੀ ਦਾ ਗਾਇਨ ਪ੍ਰਚਾਰ ਵਿਚ ਹੈ। ਗੁਰਮਤਿ ਸੰਗੀਤ ਦੀਆਂ ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਵੀ ਤੋੜੀ ਥਾਟ ਦੇ ਟੋਡੀ ਰਾਗ ਦਾ ਸਰੂਪ ਪ੍ਰਾਪਤ ਹੁੰਦਾ ਹੈ। ਜਿਸ ਵਿਚ ਰਿਸ਼ਭ, ਗੰਧਾਰ, ਧੈਵਤ ਕੋਮਲ, ਮਧਿਅਮ ਤੀਵਰ ਦਾ ਪ੍ਰਯੋਗ

ਕੀਤਾ ਜਾਂਦਾ ਹੈ। ਵਾਦੀ ਧੈਵਤ, ਸੰਵਾਦੀ ਗੰਧਾਰ, ਜਾਤੀ ਸੰਪੂਰਣ-ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਆਰੋਹ : ਸ ਰੇ ਗੁ, ਮੰ ਪ ਮੰ ਧੁ, ਨੀ ਸਂ ਤੇ ਅਵਰੋਹ : ਸਂ ਨੀ ਧੁ, ਪ, ਮੰ ਗੁ ਰੇ ਗੁ ਰੇ ਸ ਹੈ।[57]

ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਲਾਵਾਂ ਵਿਚ ਪ੍ਰਯੋਗ ਕੀਤੇ ਗਏ ਰਾਗ ਟੋਡੀ ਦੇ ਸਰੂਪਾਂ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਪਤਾ ਲਗਦਾ ਹੈ ਕਿ ਹਰਗੁਨਾ ਟਕਸਾਲ[58], ਸੈਦਪੁਰ ਠੱਠਾ ਟਿਬਾ ਟਕਸਾਲ[59] ਦੀ ਸ਼ਬਦ ਰਚਨਾਵਾਂ ਵਿਚ ਇਹ ਸਰੂਪ ਹੀ ਪ੍ਰਾਪਤ ਹੁੰਦਾ ਹੈ। ਜਦੋਂ ਕਿ ਦੌਧਰ ਟਕਸਾਲ ਦੀਆਂ ਰਚਨਾਵਾਂ ਵਿਚ ਤੋੜੀ ਥਾਟ ਦੇ ਟੋਡੀ ਰਾਗ ਤੋਂ ਇਲਾਵਾ ਸ਼ੁੱਧ ਟੋਡੀ[60], ਮੁਲਤਾਨੀ ਟੋਡੀ[61], ਕਰਨਾਟੀ ਟੋਡੀ[62], ਭੁਪਾਲ ਟੋਡੀ[63] ਤੇ ਖਟ ਟੋਡੀ[64] ਵਿਚ ਸ਼ਬਦ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਡੁਮੇਲੀ ਟਕਸਾਲ ਦੇ ਪ੍ਰਸਿੱਧ ਰਚਨਾਕਾਰ ਨੇ ਵੀ ਟੋਡੀ ਰਾਗ ਦੇ ਕਈ ਪ੍ਰਕਾਰ ਮੁਲਤਾਨੀ ਟੋਡੀ, ਬਸੰਤੀ ਟੋਡੀ, ਲਛਮੀ ਟੋਡੀ, ਅੰਜਲੀ ਟੋਡੀ, ਰਾਮਕਲੀ ਟੋਡੀ, ਦਰਬਾਰੀ ਟੋਡੀ, ਬਹਾਦੁਰੀ ਟੋਡੀ, ਛਾਇਆ ਟੋਡੀ, ਲਾਚਾਰੀ ਟੋਡੀ, ਸਰਵਣ ਟੋਡੀ, ਜੈ-ਜੈ ਵੰਤੀ ਟੋਡੀ, ਬਿਲਾਸਖਾਨੀ ਟੋਡੀ, ਖਟ ਟੋਡੀ, ਦੇਸ ਟੋਡੀ, ਗੰਧਾਰੀ ਟੋਡੀ, ਭੂਪਾਲ ਟੋਡੀ, ਮੋਟਕੀ ਟੋਡੀ ਦਾ ਪ੍ਰਯੋਗ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ।[65]

**1.13. ਬੈਰਾੜੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਬੈਰਾੜੀ ਨੂੰ ਤੇਰਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 719 ਅੰਗ ਤੋਂ ਆਰੰਭ ਹੁੰਦੀ ਹੈ।ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾ ਵਿਚ **ਮਾਰਵਾ ਥਾਟ** ਦੇ ਅਨੁਸਾਰ ਰਾਗ ਬੈਰਾੜੀ ਦਾ ਗਾਇਨ ਪ੍ਰਚਾਰ ਵਿਚ ਹੈ। ਗੁਰਮਤਿ ਸੰਗੀਤ ਦੀਆਂ ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਰਾਗ ਬੈਰਾੜੀ ਦੇ ਸਰੂਪ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਪਤਾ ਲੱਗਦਾ ਹੈ ਕਿ ਸੈਦਪੁਰ ਠੱਠਾ ਟਿੱਬਾ ਟਕਸਾਲ[66], ਹਰਗੁਨਾ ਟਕਸਾਲ[67]ਵਿਚ ਮਾਰਵਾ ਥਾਟ ਦੇ ਰਾਗ ਬੈਰਾੜੀ ਦਾ ਹੀ ਪ੍ਰਯੋਗ ਪ੍ਰਚਾਰ ਵਿਚ ਰਿਹਾ ਹੈ। ਜਿਸ ਵਿਚ ਰਿਸ਼ਭ ਕੋਮਲ, ਮਧਿਅਮ ਤੀਬਰ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਗੰਧਾਰ, ਸੰਵਾਦੀ ਧੈਵਤ, ਜਾਤੀ ਵਕਰ-ਸੰਪੂਰਣ, ਗਾਇਨ ਸਮਾਂ ਦਿਨ ਦਾ ਚੌਥਾ ਪਹਿਰ ਹੈ। ਇਸ ਰਾਗ ਦਾ ਆਰੋਹ : ਨੀ ਰੇ ਗ ਪ, ਮੰ ਗ, ਮੰ ਧ ਸਂ ਤੇ ਅਵਰੋਹ ਸਂ ਨੀ ਧ ਪ, ਮੰ ਗ, ਪ ਗ, ਰੇ ਸ ਹੈ। ਇਸ ਦਾ ਮੁੱਖ ਅੰਗ: ਪ ਧ ਗ, ਮੰ ਧ, ਮੰ ਗ, ਰੇ ਗ, ਮੰ ਗ, ਰੇ ਸ ਹੈ।[68] ਡੁਮੇਲੀ ਟਕਸਾਲ[69] ਅਤੇ ਦੌਧਰ ਟਕਸਾਲ[70] ਵਿਚ ਭੈਰਵ ਥਾਟ ਦੇ ਰਾਗ

ਬੈਰਾੜੀ ਦਾ ਵੀ ਪ੍ਰਯੋਗ ਪ੍ਰਚਾਰ ਵਿਚ ਰਿਹਾ ਹੈ। ਜਿਸ ਵਿਚ ਰਿਸ਼ਭ ਕੋਮਲ, ਮਧਿਅਮ ਤੀਬਰ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਗੰਧਾਰ, ਸੰਵਾਦੀ ਧੈਵਤ, ਜਾਤੀ ਵਕਰ-ਸੰਪੂਰਣ, ਗਾਇਨ ਸਮਾਂ ਦਿਨ ਦਾ ਚੌਥਾ ਪਹਿਰ ਹੈ। ਇਸ ਰਾਗ ਦਾ ਆਰੋਹ : ਨੀ ਰੇ ਗ ਪ, ਮ' ਗ, ਮ' ਧ ਸਂ ਤੇ ਅਵਰੋਹ ਸਂ ਨੀ ਧ ਪ, ਮ' ਗ, ਪ ਗ, ਰੇ ਸ ਹੈ। ਇਸ ਦਾ ਮੁੱਖ ਅੰਗ: ਪ ਧ ਗ, ਮ' ਧ, ਮ' ਗ, ਰੇ ਗ, ਮ' ਗ, ਰੇ ਸ ਹੈ।[71]

**1.14. ਤਿਲੰਗ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਤਿਲੰਗ ਨੂੰ ਚੌਦਵਾਂ ਅਸਥਾਨ ਪ੍ਰਾਪਤ ਹੈ ਤੇ ਇਸ ਰਾਗ ਵਿਚ ਬਾਣੀ 721 ਅੰਗ ਤੋ ਆਰੰਭ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਿਲੰਗ ਰਾਗ ਦੇ ਸਿਰਲੇਖ ਹੇਠ ਦੋ ਰਾਗ ਪ੍ਰਕਾਰ ਉਪਲੱਬਧ ਹੁੰਦੇ ਹਨ।

1. ਤਿਲੰਗ[72], 2. ਤਿਲੰਗ ਕਾਫ਼ੀ[73]।

ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾਂ ਅਤੇ ਭਾਰਤੀ ਸੰਗੀਤ ਪਰੰਪਰਾਂ ਵਿਚ **ਖਮਾਜ ਥਾਟ** ਦੇ ਰਾਗ ਤਿਲੰਗ ਦਾ ਪ੍ਰਯੋਗ ਪ੍ਰਚਾਰ ਵਿਚ ਹੈ।[74] ਸੈਦਪੁਰ ਠੱਠਾ ਟਿੱਬਾ ਟਕਸਾਲ[75], ਹਰਗੁਨ ਟਕਸਾਲ[76], ਡੁਮੇਲੀ ਟਕਸਾਲ[77], ਦੌਧਰ ਟਕਸਾਲ[78] ਅਤੇ ਪੁਰਾਤਨ ਰਬਾਬੀਆਂ[79] ਤੋਂ ਪ੍ਰਾਪਤ ਸੰਗੀਤਕ ਸਮੱਗਰੀ ਵਿਚੋਂ ਖਮਾਜ ਥਾਟ ਦੇ ਰਾਗ ਤਿਲੰਗ ਦਾ ਹੀ ਪ੍ਰਯੋਗ ਟਕਸਾਲੀ ਸ਼ਬਦ ਰਚਨਾਵਾਂ ਵਿਚ ਕੀਤਾ ਗਿਆ ਹੈ। ਜਿਸ ਵਿਚ ਦੋਨੋਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਰਾਗ ਵਿਚ ਰਿਸ਼ਭ ਤੇ ਧੈਵਤ ਵਰਜਿਤ ਸੁਰ ਹਨ। ਵਾਦੀ ਗੰਧਾਰ, ਸੰਵਾਦੀ ਨਿਸ਼ਾਦ, ਜਾਤੀ ਔੜਵ ਔੜਵ ਤੇ ਗਾਇਨ ਸਮਾਂ ਦਿਨ ਦਾ ਤੀਜਾ ਪਹਿਰ ਹੈ। ਇਸ ਦਾ ਆਰੋਹ : ਸ ਗ, ਮ ਪ, ਨੀ ਸਂ ਤੇ ਅਵਰੋਹ : ਸਂ ਨ੍ਹੀ ਪ, ਮ ਗ, ਸ ਹੈ। ਇਸ ਰਾਗ ਦਾ ਮੁੱਖ ਅੰਗ : ਨੀ ਸ ਗ ਮ ਪ, ਨੀ ਪ, ਗ ਮ ਗ, ਸ ਹੈ।[80] ਦੌਧਰ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਮਿਸ਼ਰਤ ਤਿਲੰਗ ਰਾਗ ਦਾ ਵੀ ਪ੍ਰਯੋਗ ਕੀਤਾ ਗਿਆ ਹੈ।[81] ਡੁਮੇਲੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਤਿਲੰਗ ਜੋਗ[82] ਤੇ ਮਾਰੂ ਤਿਲੰਗ[83] ਦਾ ਵੀ ਪ੍ਰਯੋਗ ਕੀਤਾ ਗਿਆ ਹੈ।

**1.15. ਸੂਹੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਸੂਹੀ ਨੂੰ ਪੰਦਰਵਾ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 728 ਅੰਗ ਤੋਂ ਆਰੰਭ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਹੀ ਰਾਗ ਦੇ ਦੋ ਪ੍ਰਕਾਰ ਸੂਹੀ ਕਾਫੀ ਤੇ ਸੂਹੀ ਲਲਿਤ ਦਰਜ ਹਨ।[84] ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾ ਵਿਚ

**ਬਿਲਾਵਲ ਥਾਟ** ਦਾ ਰਾਗ ਸੂਹੀ ਪ੍ਰਚਲਿਤ ਹੈ। ਜਿਸ ਵਿਚ ਦੋਵੇਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਪੰਚਮ, ਸੰਵਾਦੀ ਸ਼ੜਜ, ਜਾਤੀ ਸੰਪੂਰਣ-ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਰਾਗ ਦਾ ਆਰੋਹ: ਸ ਰੇ ਗ ਮ ਪ, ਨੀ ਧ ਨੀ ਸਂ ਤੇ ਅਵਰੋਹ : ਸਂ ਨੀ਼ ਧ ਪ, ਮ ਗ, ਰੇ ਗ ਰੇ ਸ ਹੈ। ਇਸ ਰਾਗ ਦਾ ਮੁੱਖ ਅੰਗ : ਸਂ ਨੀ਼ ਪ, ਮ ਗ ਰੇ ਗ, ਮ ਗ ਰੇ ਸ ਹੈ।[85]

ਡੁਮੇਲੀ ਟਕਸਾਲ ਦੀਆਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ **ਕਾਫੀ ਥਾਟ** ਦੇ ਸੂਹੀ ਰਾਗ ਦਾ ਪ੍ਰਯੋਗ ਕੀਤਾ ਗਿਆ ਹੈ। ਜਿਸ ਵਿਚ ਗੰਧਾਰ ਕੋਮਲ, ਆਰੋਹ ਵਿਚ ਨਿਸ਼ਾਦ ਸ਼ੁੱਧ ਤੇ ਅਵਰੋਹ ਵਿਚ ਕੋਮਲ ਨਿਸ਼ਾਦ ਦਾ ਪ੍ਰਯੋਗ ਕੀਤਾ ਗਿਆ ਹੈ। ਆਰੋਹ ਵਿਚ ਧੈਵਤ ਵਰਜਿਤ ਹੋਣ ਕਾਰਨ ਜਾਤੀ ਸ਼ਾੜਵ-ਸੰਪੂਰਣ ਹੈ। ਆਰੋਹ: ਸ ਰੇ ਗੁ ਮ, ਪ ਨੀ਼ ਪ, ਨੀ ਸਂ ਤੇ ਅਵਰੋਹ : ਸਂ ਨੀ਼ ਧ ਪ, ਮ ਗੁ ਮ, ਰੇ ਸ ਹੈ।[86]

ਸੈਦਪੁਰ ਠੱਠਾ ਟਿਬਾ ਟਕਸਾਲ ਦੀਆਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਰਾਗ ਸੂਹੀ ਦੇ ਤਿੰਨ ਵੱਖ ਵੱਖ ਸਰੂਪ ਪ੍ਰਾਪਤ ਹੁੰਦੇ ਹਨ। **ਬਿਲਾਵਲ ਥਾਟ** ਦੇ ਸਰੂਪ ਵਿਚ ਧੈਵਤ ਵਰਜਿਤ, ਵਾਦੀ ਮਧਿਅਮ, ਸੰਵਾਦੀ ਸ਼ੜਜ, ਜਾਤੀ ਸ਼ਾੜਵ-ਸ਼ਾੜਵ ਤੇ ਗਾਇਨ ਸਮਾਂ ਦਿਨ ਦਾ ਹੈ। ਇਸ ਰਾਗ ਦਾ ਆਰੋਹ : ਸ ਰੇ ਗ ਮ ਪ ਨੀ ਸਂ ਤੇ ਅਵਰੋਹ : ਸਂ ਨੀ ਪ, ਮ ਪ ਗ ਰੇ ਸ ਹੈ।[87]

ਦੂਜਾ ਸਰੂਪ **ਕਾਫੀ ਥਾਟ** ਦਾ ਹੈ ਜਿਸ ਵਿਚ ਗੰਧਾਰ ਕੋਮਲ, ਆਰੋਹ ਵਿਚ ਕੋਮਲ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਗਿਆ ਹੈ। ਧੈਵਤ ਵਰਜਿਤ, ਵਾਦੀ ਮਧਿਅਮ, ਸੰਵਾਦੀ ਸ਼ੜਜ, ਜਾਤੀ ਸ਼ਾੜਵ-ਸ਼ਾੜਵ ਹੈ। ਰਾਗ ਦਾ ਆਰੋਹ : ਸ ਰੇ ਗੁ ਮ ਪ ਨੀ ਸਂ ਤੇ ਅਵਰੋਹ : ਸਂ ਨੀ਼ ਪ ਮ ਗੁ ਰੇ ਸ ਹੈ।[88]

ਤੀਜਾ ਸਰੂਪ **ਬਿਲਾਵਲ ਥਾਟ** ਦਾ ਸੰਪੂਰਣ-ਸੰਪੂਰਣ ਜਾਤੀ ਦਾ ਹੈ। ਇਸ ਸਰੂਪ ਦਾ ਪ੍ਰਯੋਗ ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾ ਵਿਚ ਪ੍ਰਚਲਿਤ ਹੈ।[89]

ਉਪਰੋਕਤ ਸੂਹੀ ਰਾਗ ਦੇ ਤਿੰਨਾਂ ਹੀ ਸਰੂਪਾਂ ਦਾ ਪ੍ਰਯੋਗ ਹਰਗੁਨਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਵੀ ਕੀਤਾ ਗਿਆ ਹੈ।[90] ਡੁਮੇਲੀ ਟਕਸਾਲ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਸੂਹੀ ਲਲਿਤ ਰਾਗ ਦਾ ਪ੍ਰਯੋਗ ਵੀ ਕੀਤਾ ਗਿਆ ਹੈ ਜਿਹੜਾ ਮਾਰਵਾ ਥਾਟ ਦਾ ਰਾਗ ਹੈ।[91] ਹਰਗੁਨਾ ਟਕਸਾਲ ਅਤੇ ਸੈਦਪੁਰ ਠੱਠਾ ਟਿੱਬਾ ਟਕਸਾਲ ਵਿਚ ਸੂਹੀ ਕਾਫੀ, ਸੂਹੀ ਲਲਿਤ ਤੇ ਸੂਹੀ ਦੱਖਣੀ ਵਿਚ ਵੀ ਸ਼ਬਦ

ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।[92] ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਸਰੂਪਾਂ ਦੇ ਤੁਲਨਾਤਮਕ ਸਰਵੇਖਨ ਤੋਂ ਸਪੱਸ਼ਟ ਹੁੰਦਾ ਹੈ ਕਿ ਟਕਸਾਲਾਂ ਵਿਚ ਸੂਹੀ ਰਾਗ ਦੇ ਤਿੰਨ ਸਰੂਪਾਂ ਦਾ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ।

**1.16. ਬਿਲਾਵਲ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਬਿਲਾਵਲ ਨੂੰ ਸੋਲਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 794 ਅੰਗ ਤੋਂ ਆਰੰਭ ਹੁੰਦੀ ਹੈ। ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾ ਤੇ ਭਾਰਤੀ ਸੰਗੀਤ ਪਰੰਪਰਾ ਵਿਚ **ਬਿਲਾਵਲ ਥਾਟ** ਦਾ ਰਾਗ ਬਿਲਾਵਲ ਪ੍ਰਚਲਿਤ ਹੈ। ਇਸ ਵਿਚ ਸਾਰੇ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਵਾਦੀ ਧੈਵਤ, ਸੰਵਾਦੀ ਗੰਧਾਰ, ਜਾਤੀ ਸੰਪੂਰਣ -ਸੰਪੂਰਣ, ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਰੇ ਗ, ਮ ਪ, ਧ, ਨੀ ਸ ਤੇ ਅਵਰੋਹ : ਸਂ ਨੀ ਧ, ਪ, ਮ, ਗ, ਰੇ ਸ ਹੈ। ਇਸ ਰਾਗ ਦਾ ਮੁੱਖ ਅੰਗ : ਗ ਰੇ ਗ ਪ, ਧ, ਪ ਮ ਗ, ਮ ਰੇ ਸ ਹੈ।[93] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲ ਦੇ ਦੋ ਹੋਰ ਪ੍ਰਕਾਰ ਵੀ ਦਰਜ ਹਨ। ਬਿਲਾਵਲ ਦੱਖਣੀ ਤੇ ਬਿਲਾਵਲ ਮੰਗਲ। ਹਰਗੁਨਾ ਟਕਸਾਲ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਬਿਲਾਵਲ ਦੱਖਣੀ ਤੇ ਬਿਲਾਵਲ ਮੰਗਲ ਦੇ ਸਰੂਪ ਵੀ ਪ੍ਰਾਪਤ ਹੁੰਦੇ ਹਨ। ਹਰਗੁਨਾ ਟਕਸਾਲ ਤੋਂ ਇਲਾਵਾ ਹੋਰ ਕਿਸੇ ਵੀ ਟਕਸਾਲ ਵਿਚ ਇਹਨਾ ਰਾਗ ਸਰੂਪਾਂ ਦਾ ਪ੍ਰਯੋਗ ਪ੍ਰਾਪਤ ਨਹੀਂ ਹੁੰਦਾ।

ਦੌਧਰ ਟਕਸਾਲ ਤੇ ਸੈਦਪੁਰ ਠੱਠਾ ਟਿਬਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਅਲਹੀਆ ਬਿਲਾਵਲ[94], ਏਮਨੀ ਬਿਲਾਵਲ[95], ਸ਼ੁੱਧ ਬਿਲਾਵਲ[96], ਸੁਕਲ ਬਿਲਾਵਲ[97] ਦਾ ਵੀ ਪ੍ਰਯੋਗ ਕੀਤਾ ਗਿਆ। ਡੁਮੇਲੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਸੰਤ ਸਰਵਣ ਸਿੰਘ ਗੰਧਰਵ ਨੇ ਆਪਣੀ ਪੁਸਤਕ *ਸੁਰ ਸਿਮਰਨ ਸੰਗੀਤ* (ਭਾਗ ਤੀਜਾ) ਵਿਚ ਬਿਲਾਵਲ ਰਾਗ ਦੇ ਕਈ ਪ੍ਰਕਾਰ, ਸੁਕਲ ਬਿਲਾਵਲ, ਏਮਨੀ ਬਿਲਾਵਲ, ਨਟ ਬਿਲਾਵਲ, ਸ਼ੁੱਧ ਬਿਲਾਵਲ, ਅਲੈਹੀਆ ਬਿਲਾਵਲ, ਦੇਵਰਿਗੀ ਬਿਲਾਵਲ, ਯਮਨੀ ਬਿਲਾਵਲ, ਨਟ ਬਿਲਾਵਲ, ਸਰਪਰਦਾ ਬਿਲਾਵਲ, ਲਲਿਤ ਬਿਲਾਵਲ, ਜੈਜ ਬਿਲਾਵਲ, ਕਕੁੰਭ ਬਿਲਾਵਲ, ਬੰਗਾਰ ਬਿਲਾਵਲ, ਸੂਹਾ ਬਿਲਾਵਲ, ਲੱਛਾ ਸਾਖ ਬਿਲਾਵਲ, ਆਸਾ ਬਿਲਾਵਲ ਦਾ ਵਰਨਣ ਕੀਤਾ ਗਿਆ ਹੈ।

**1.17. ਗੋਂਡ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਗੋਂਡ ਨੂੰ ਸਤਾਰਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 859 ਅੰਗ ਤੋਂ ਆਰੰਭ ਹੁੰਦੀ ਹੈ। ਭਾਰਤੀ ਸੰਗੀਤ ਪਰੰਪਰਾ ਵਿਚ ਰਾਗ ਗੋਂਡ ਦਾ ਵਰਨਣ ਨਹੀਂ ਮਿਲਦਾ ਇਹ ਗੁਰਮਤਿ ਸੰਗੀਤ ਪਰੰਪਰਾ ਦਾ ਮੌਲਿਕ ਰਾਗ ਹੈ। ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾ ਵਿਚ **ਬਿਲਾਵਲ ਥਾਟ** ਦੇ ਰਾਗ ਗੋਂਡ ਦਾ ਪ੍ਰਚਲਣ ਹੈ।

ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਵੀ ਬਿਲਾਵਲ ਥਾਟ ਦੇ ਰਾਗ ਗੋਂਡ ਦਾ ਸਰੂਪ ਪ੍ਰਾਪਤ ਹੁੰਦਾ ਹੈ। ਜਿਸ ਵਿਚ ਵਾਦੀ ਸ਼ੜਜ, ਸੰਵਾਦੀ ਮਧਿਅਮ, ਜਾਤੀ ਸੰਪੂਰਣ -ਸੰਪੂਰਣ, ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਰਾਗ ਵਿਚ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਰਾਗ ਦਾ ਆਰੋਹ : ਸ ਰੇ ਗ ਮ, ਪ ਧ ਨੀ ਧ ਨੀ ਸਂ ਤੇ ਅਵਰੋਹ : ਸਂ ਨੀ ਧ ਨੀ ਪ, ਮ ਗ, ਰੇ ਸ ਹੈ। ਇਸ ਰਾਗ ਦਾ ਮੁੱਖ ਅੰਗ : ਰੇ ਗ ਮ, ਪ ਮ, ਮ ਪ ਨੀ ਧ ਨੀ ਪ, ਧ ਮ ਗ ਮ ਗ।[98] ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਰਾਗ ਗੌਂਡ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਪਤਾ ਲਗਦਾ ਹੈ ਕਿ ਦੌਧਰ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਬਿਲਾਵਲ ਥਾਟ ਦੇ ਗੌਂਡ ਰਾਗ ਤੋਂ ਇਲਾਵਾ, ਗੌਂਡ ਸਾਰੰਗ ਤੇ ਮਿਸ਼ਰਤ ਗੋਂਡ ਸਾਰੰਗ ਰਾਗ ਵਿਚ ਵੀ ਸ਼ਬਦ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।[99] ਜਦੋਂ ਕਿ ਡੁਮੇਲੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਸੰਤ ਸਰਵਣ ਸਿੰਘ ਗੰਧਰਵ ਨੇ ਆਪਣੀ ਪੁਸਤਕ *ਸੁਰ ਸਿਮਰਨ ਸੰਗੀਤ* (ਭਾਗ ਚੌਥਾ) ਵਿਚ ਗੋਂਡ ਰਾਗ ਦੇ ਬਹੁਤ ਸਾਰੇ ਰਾਗ ਪ੍ਰਕਾਰਾਂ ਸਰਵਣ ਗੋਂਡ, ਰੀਤ ਗੋਂਡ, ਦੇਸ਼ ਗੋਂਡ, ਅਨੰਤ ਗੋਂਡ, ਚੰਦ੍ਰਿਕਾ ਗੋਂਡ, ਪੰਤ ਗੋਂਡ, ਨਾਰਾਇਣ ਗੋਂਡ, ਗੰਧਰਵ ਗੋਂਡ, ਸਾਰੰਗ ਗੋਂਡ ਵਿਚ ਸ਼ਬਦ ਰਚਨਾਵਾਂ ਨੂੰ ਸੁਰਲਿਪੀਬੱਧ ਕੀਤਾ ਹੈ।

**1.18. ਰਾਮਕਲੀ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਰਾਮਕਲੀ ਨੂੰ ਅਠਾਰਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 876 ਅੰਗ ਤੋਂ ਆਰੰਭ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਵਿਚ ਰਾਮਕਲੀ ਰਾਗ ਦਾ ਇਕ ਹੋਰ ਰਾਗ ਪ੍ਰਕਾਸ ਰਾਮਕਲੀ ਦਖਣੀ ਉਪਲਬੱਧ ਹੁੰਦੇ ਹਨ। ਵਰਤਮਾਨ ਸਮੇਂ ਭਾਰਤੀ ਸੰਗੀਤ ਪਰੰਪਰਾ ਤੇ ਗੁਰਮਤਿ ਸੰਗੀਤ ਪਰੰਪਰਾ ਵਿਚ **ਭੈਰਵ ਥਾਟ** ਦਾ ਰਾਗ ਰਾਮਕਲੀ ਪ੍ਰਚਾਰ ਵਿਚ ਹੈ।[100]

ਦੌਧਰ ਟਕਸਾਲ[101], ਡੁਮੇਲੀ ਟਕਸਾਲ[102], ਸੈਦਪੁਰ ਠੱਠਾ ਟਿੱਬਾ ਟਕਸਾਲ[103] ਅਤੇ ਹਰਗੁਨਾ ਟਕਸਾਲ[104] ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਸਰੂਪ ਦਾ ਤੁਲਨਾਤਮਕ ਸਰਵੇਖਣ

ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਟਕਸਾਲ ਵਿਚ ਭੈਰਵ ਥਾਟ ਦੇ ਰਾਗ ਰਾਮਕਲੀ ਦਾ ਹੀ ਪ੍ਰਯੋਗ ਪ੍ਰਚਲਿਤ ਰਿਹਾ ਹੈ ਜਿਸ ਵਿਚ ਰਿਸ਼ਭ, ਧੈਵਤ ਕੋਮਲ, ਦੋਨੋਂ ਮਧਿਅਮ, ਦੋਨੋਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਹੈ। ਆਰੋਹ ਵਿਚ ਰਿਸ਼ਭ ਵਰਜਿਤ ਹੈ। ਵਾਦੀ ਪੰਚਮ, ਸੰਵਾਦੀ ਰਿਸ਼ਭ, ਜਾਤੀ ਸ਼ਾੜਵ-ਸੰਪੂਰਣ, ਗਾਇਨ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਰਾਗ ਦਾ ਆਰੋਹ : ਸ ਗ ਮ ਪ, ਧ, ਨੀ ਸਂ ਤੇ ਅਵਰੋਹ ਸਂ ਨੀ ਧੁ, ਪ, ਮਂ ਪ ਧੁ ਨੁੀ ਧੁ ਪ, ਗ ਮ ਰੁੇ ਸ ਹੈ। ਇਸ ਦਾ ਮੁੱਖ ਅੰਗ : ਧੁ ਪ, ਮਂ ਪ ਧੁ ਨੁੀ ਧੁ ਪ, ਮ ਗ ਰੁੇ ਸ ਹੈ।[105]

**1.19. ਨਟ-ਨਰਾਇਣ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਨਟ ਨਰਾਇਣ ਨੂੰ ਉਨੀਂਵਾ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 975 ਅੰਗ ਤੋਂ ਆਰੰਭ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਨਟ ਨਰਾਇਣ ਦਾ ਇਕ ਹੋਰ ਪ੍ਰਕਾਰ ਰਾਗ ਨਟ ਵੀ ਦਰਜ ਹੈ। ਭਾਰਤੀ ਸੰਗੀਤ ਪਰੰਪਰਾ ਵਿਚ ਮੱਧ ਕਾਲ ਵਿਚ ਪ੍ਰਚਲਿਤ ਰਾਗ-ਰਾਗਣੀ ਵਰਗੀਕਰਣ ਵਿਚ ਸ਼ਿਵ ਮੱਤ ਤੇ ਕਾਲੀਨਾਥ ਮੱਤ ਵਿਚ ਨਟ-ਨਾਰਾਇਣ ਨੂੰ ਛੇ ਪੁਰਸ ਰਾਗਾਂ ਦੀ ਸ਼੍ਰੇਣੀ ਵਿਚ ਰੱਖਿਆ ਹੈ।[106] ਵਰਤਮਾਨ ਸਮੇਂ ਭਾਰਤੀ ਸੰਗੀਤ ਪਰੰਪਰਾ ਤੇ ਗੁਰਮਤਿ ਸੰਗੀਤ ਪਰੰਪਰਾ ਵਿਚ **ਬਿਲਾਵਲ ਥਾਟ** ਦਾ ਰਾਗ ਨਟ ਨਰਾਇਣ ਪ੍ਰਚਾਰ ਵਿਚ ਹੈ।[107]

ਸੈਦਪੁਰ ਠੱਠਾ ਟਿੱਬਾ ਟਕਸਾਲ[108], ਹਰਗੁਨਾ ਟਕਸਾਲ[109], ਡਮੇਲੀ ਟਕਸਾਲ[110] ਅਤੇ ਰਬਾਬੀਆਂ[111] ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਰਾਗ ਨਟ-ਨਰਾਇਣ ਦੇ ਸਰੂਪ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਸਾਰੀਆਂ ਹੀ ਰਾਗ ਨਟ-ਨਰਾਇਣ ਦੀ ਸ਼ਬਦ ਰਚਨਾਵਾਂ ਵਿਚ ਬਿਲਾਵਲ ਥਾਟ ਦੇ ਰਾਗ ਨਟ-ਨਰਾਇਣ ਦਾ ਪ੍ਰਯੋਗ ਕੀਤਾ ਗਿਆ ਹੈ। ਜਿਸ ਵਿਚ ਦੋਨੋਂ ਮਧਿਅਮ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅਵਰੋਹ ਵਿਚ ਗੰਧਾਰ ਤੇ ਧੈਵਤ ਸੁਰਾਂ ਦਾ ਅਲਪ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਰਿਸ਼ਭ, ਸੰਵਾਦੀ ਸ਼ੜਜ ਜਾਤੀ ਸੰਪੂਰਣ -ਔੜਵ, ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਮ ਗ ਮ ਰੇ, ਮਂ ਪ ਧ ਨੀ ਸਂ ਤੇ ਅਵਰੋਹ: ਸਂ ਧ ਪ ਮਂ ਧ ਪ, ਗ ਮ ਰੇ ਸ ਹੈ। ਇਸ ਰਾਗ ਦਾ ਮੁੱਖ ਅੰਗ: ਸ ਗ ਮ ਰੇ ਪ, ਮਂ ਧ ਪ, ਮ ਗ ਮ, ਰੇ ਸ ਰੇ ਸ ਹੈ।[112]

ਗੁਰਮਤਿ ਸੰਗੀਤ ਵਿਚ ਪ੍ਰਚਲਿਤ ਵਿਭਿੰਨ ਟਕਸਾਲਾਂ ਵਿਚੋਂ ਸਿਰਫ ਡੁਮੇਲੀ ਟਕਸਾਲ ਨੇ ਹੀ ਨਟ-ਨਰਾਇਣ ਦੇ ਵੱਖ-ਵੱਖ ਰਾਗ ਪ੍ਰਕਾਰਾ ਹੰਸ ਨਟ, ਕਾਮੋਦ ਨਟ, ਛਾਇਆ ਨਟ, ਸਾਵਨੀ ਨਟ, ਸਿੰਘ ਸਰਵਣ ਨਟ, ਹਮੀਰ ਨਟ ਤੇ ਕਾਫੀ ਥਾਟ ਦੇ ਨਟ-ਨਰਾਇਣ ਰਾਗ ਦਾ ਪ੍ਰਯੋਗ ਆਪਣੀਆਂ ਸ਼ਬਦ ਰਚਨਾਵਾ ਵਿਚ ਕੀਤਾ ਹੈ।[113]

**1.20. ਮਾਲੀ ਗਉੜਾ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਮਾਲੀ ਗਉੜਾ ਨੂੰ ਵੀਹਵਾਂ ਸਥਾਨ ਪ੍ਰਾਪਤ ਹੈ। ਵਰਤਮਾਨ ਸਮੇਂ ਭਾਰਤੀ ਸੰਗੀਤ ਪਰੰਪਰਾ ਤੇ ਗੁਰਮਤਿ ਸੰਗੀਤ ਪਰੰਪਰਾ ਵਿਚ **ਮਾਰਵਾ ਥਾਟ** ਦਾ ਰਾਗ ਮਾਲੀ ਗਉੜਾ ਪ੍ਰਚਲਿਤ ਹੈ। ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਰਾਗ ਮਾਲੀ ਗਉੜਾ ਦੇ ਸਰੂਪ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਸਾਰੀਆਂ ਹੀ ਰਾਗ ਮਾਲੀ ਗਉੜਾ ਦੀਆਂ ਸ਼ਬਦ ਰਚਨਾਵਾਂ ਵਿਚ ਮਾਰਵਾ ਥਾਟ ਦੇ ਰਾਗ ਮਾਲੀ ਗਉੜਾ ਦਾ ਪ੍ਰਯੋਗ ਕੀਤਾ ਗਿਆ ਹੈ। ਜਿਸ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਤੇ ਦੋਵੇਂ ਧੈਵਤ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਰਿਸ਼ਭ, ਸੰਵਾਦੀ ਪੰਚਮ, ਜਾਤੀ ਸੰਪੂਰਣ-ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਚੌਥਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਰੇ੍, ਗ ਮੰ ਪ, ਧ ਨੀ ਧ ਸਂ ਹੈ ਤੇ ਅਵਰੋਹ ਸਂ ਨੀ ਧੁ ਪ, ਮੰ ਨੀ ਧ ਮ। ਗ ਰੇ੍, ਸ ਹੈ। ਇਸ ਰਾਗ ਦਾ ਮੁੱਖ ਅੰਗ ਸਂ ਨੀ ਧੁ ਪ, ਮੰ ਨੀ ਧ ਮੰ ਗ ਰੇ੍, ਸ ਹੈ।[114] ਮਾਲੀ ਗਉੜਾ ਰਾਗ ਦਾ ਪ੍ਰਯੋਗ ਸਿਰਫ ਹਰਗੁਨਾ ਟਕਸਾਲ[115] ਸੈਦਪੁਰ ਠੱਠਾ ਟਿਬਾ ਟਕਸਾਲ[116] ਤੇ ਡੁਮੇਲੀ ਟਕਸਾਲ[117] ਦੀਆਂ ਸ਼ਬਦ ਰਚਨਾਵਾਂ ਵਿਚ ਹੀ ਪ੍ਰਾਪਤ ਹੁੰਦਾ ਹੈ। ਡੁਮੇਲੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਕਲਿਆਣ ਥਾਟ[118], ਖਮਾਜ ਥਾਟ[119] ਅਤੇ ਕਲਿਆਣ ਥਾਟ ਦੋਵੇਂ ਮਧਿਅਮ ਵਾਲਾ ਸਰੂਪ ਵੀ ਪ੍ਰਾਪਤ ਹੁੰਦਾ ਹੈ।[120]

**1.21. ਮਾਰੂ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਮਾਰੂ ਨੂੰ ਇੱਕੀਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 989 ਅੰਗ ਤੋਂ ਆਰੰਭ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਮਾਰੂ ਦੇ ਦੋ ਰਾਗ ਪ੍ਰਕਾਰ ਮਾਰੂ ਕਾਫੀ ਤੇ ਮਾਰੂ ਦੱਖਣੀ ਵੀ ਦਰਜ ਹਨ। ਵਰਤਮਾਨ ਸਮੇਂ ਭਾਰਤੀ ਸੰਗੀਤ ਪਰੰਪਰਾ ਤੇ ਗੁਰਮਤਿ ਸੰਗੀਤ ਪਰੰਪਰਾ ਵਿਚ **ਖਮਾਜ ਥਾਟ** ਦੇ ਰਾਗ ਮਾਰੂ ਦਾ ਪ੍ਰਚਲਣ ਹੈ।[121] ਟਕਸਾਲੀ ਪਰੰਪਰਾ ਵਿਚ ਪ੍ਰਯੋਗ ਕੀਤੇ ਗਏ ਰਾਗ ਸਰੂਪ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਪਤਾ ਲਗਦਾ ਹੈ ਕਿ ਟਕਸਾਲੀ

ਸ਼ਬਦ ਰਚਨਾਵਾਂ ਵਿਚੋਂ ਮਾਰੂ ਰਾਗ ਦੇ ਚਾਰ ਸਰੂਪ ਪ੍ਰਾਪਤ ਹੁੰਦੇ ਹਨ : ਖਮਾਜ ਥਾਟ[122], ਬਿਲਾਵਲ ਥਾਟ[123], ਮਾਰਵਾ ਥਾਟ[124] ਅਤੇ ਕਲਿਆਣ ਥਾਟ।[125]

**ਖਮਾਜ ਥਾਟ** ਦੇ ਮਾਰੂ ਰਾਗ ਵਿਚ ਦੋਵੇਂ ਮਧਿਅਮ, ਦੋਵੇਂ ਧੈਵਤ, ਦੋਵੇਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੇ ਆਰੋਹ ਵਿਚ ਰਿਸ਼ਭ ਵਰਜਿਤ ਹੈ। ਵਾਦੀ ਗੰਧਾਰ, ਸੰਵਾਦੀ ਨਿਸ਼ਾਦ, ਜਾਤੀ ਸ਼ਾੜਵ ਸੰਪੂਰਣ ਤੇ ਗਾਇਨ ਸਮਾਂ ਦਿਨ ਦਾ ਤੀਜਾ ਪਹਿਰ ਹੈ। ਰਾਗ ਦਾ ਆਰੋਹ : ਸ ਗ ਮ ਪ, ਧ ਨੀ ਸਂ ਤੇ ਅਵਰੋਹ : ਸਂ ਨ੍ਹੀ ਧ ਪ, ਮਂ ਪ, ਧ੍ਹ ਨੀ ਧ੍ਹ ਪ, ਮ ਗ ਰੇ ਸ ਹੈ।[126]

**ਬਿਲਾਵਲ ਥਾਟ** ਦੇ ਮਾਰੂ ਰਾਗ ਵਿਚ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਰਾਗ ਦੇ ਆਰੋਹ ਵਿਚ ਰਿਸ਼ਭ ਤੇ ਧੈਵਤ ਸੁਰ ਵਰਜਿਤ ਹਨ। ਜਾਤੀ ਔੜਵ ਸੰਪੂਰਣ ਹੈ। ਵਾਦੀ ਗੰਧਾਰ, ਸੰਵਾਦੀ ਨਿਸ਼ਾਦ ਗਾਇਨ ਸਮਾਂ ਦਿਨ ਦਾ ਤੀਜਾ ਪਹਿਰ ਹੈ। ਮਾਰੂ ਰਾਗ ਦਾ ਇਹ ਪ੍ਰਕਾਰ ਰਾਗ ਮਾਰੂ ਬਿਹਾਗ ਨਾਲ ਮਿਲਦਾ ਜੁਲਦਾ ਹੈ। ਪਰੰਤੂ ਮਾਰੂ ਬਿਹਾਗ ਵਿਚ ਦੋਵੇਂ ਮਧਿਅਮ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਰਾਗ ਦਾ ਆਰੋਹ : ਸ ਮ, ਗ ਮ ਪ ਨੀ ਸ ਤੇ ਅਵਰੋਹ : ਸਂ ਨੀ ਧ ਪ, ਧ ਮ, ਪ ਗ, ਮ ਗ ਰੇ ਸ ਹੈ।[127]

**ਮਾਰਵਾ ਥਾਟ** ਦੇ ਮਾਰੂ ਰਾਗ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ, ਪੰਚਮ ਵਰਜਿਤ ਅਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਗੰਧਾਰ, ਸੰਵਾਦੀ ਨਿਸ਼ਾਦ, ਜਾਤੀ ਸ਼ਾੜਵ-ਸ਼ਾੜਵ ਤੇ ਗਾਇਨ ਸਮਾਂ ਸ਼ਾਮ ਦਾ ਹੈ। ਇਸ ਰਾਗ ਦਾ ਆਰੋਹ : ਨੀ ਰੇ੍ ਗ ਮਂ ਧ ਨੀ ਰੇ੍, ਸ ਤੇ ਅਵਰੋਹ : ਸਂ ਰੇ੍ਂ ਨੀ ਧ, ਮਂ ਗ ਰੇ੍ ਸ ਹੈ।[128] ਡੁਮੇਲੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਕਲਿਆਣ ਅੰਗ ਦੇ ਮਾਰੂ ਰਾਗ ਦਾ ਸਰੂਪ ਵੀ ਪ੍ਰਾਪਤ ਹੁੰਦਾ ਹੈ।[129]

ਤੁਲਨਾਤਮਕ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਦੌਧਰ ਟਕਸਾਲ, ਦਮਦਮੀ ਟਕਸਾਲ ਮਸਤੂਆਣਾ ਟਕਸਾਲ ਤੇ ਜਵੱਦੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਖਮਾਜ ਥਾਟ ਦੇ ਮਾਰੂ ਰਾਗ ਦਾ ਹੀ ਪ੍ਰਯੋਗ ਕੀਤਾ ਗਿਆ ਹੈ। ਜਦੋਂ ਕਿ ਹਰਗੁਨਾ ਟਕਸਾਲ, ਸੈਦਪੁਰ ਠੱਠਾ ਟਿਬਾ ਟਕਸਾਲ ਤੇ ਡੁਮੇਲੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਬਿਲਾਵਲ ਥਾਟ ਤੇ ਮਾਰਵਾ ਥਾਟ ਦੇ ਮਾਰੂ ਰਾਗ ਦਾ ਪ੍ਰਯੋਗ ਵੀ ਕੀਤਾ ਗਿਆ ਹੈ ਪਰੰਤੂ ਵਾਦੀ, ਸੰਵਾਦੀ ਤੇ ਆਰੋਹ ਵਿਚ ਕੁੱਝ ਅੰਤਰ ਹੈ।

**1.22. ਤੁਖਾਰੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਤੁਖਾਰੀ ਨੂੰ ਬਾਈਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 1107 ਅੰਗ ਤੋਂ ਆਰੰਭ ਹੁੰਦੀ ਹੈ। ਭਾਰਤੀ ਸੰਗੀਤ ਗ੍ਰੰਥ ਵਿਚ ਰਾਗ ਤੁਖਾਰੀ ਦਾ ਵਰਨਣ ਨਹੀਂ ਪ੍ਰਾਪਤ ਹੁੰਦਾ, ਇਹ ਗੁਰਮਤਿ ਸੰਗੀਤ ਪਰੰਪਰਾ ਦਾ ਮੌਲਿਕ ਰਾਗ ਹੈ। ਵਰਤਮਾਨ ਸਮੇਂ **ਤੋੜੀ ਥਾਟ** ਦੇ ਰਾਗ ਤੁਖਾਰੀ ਦਾ ਪ੍ਰਚਾਰ ਹੈ। ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਤੋੜੀ ਥਾਟ ਦੇ ਤੁਖਾਰੀ ਰਾਗ ਵਿਚ ਗੰਧਾਰ ਕੋਮਲ, ਮਧਿਅਮ ਤੀਵਰ, ਦੋਵੇਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਪੰਚਮ, ਸੰਵਾਦੀ ਸ਼ੜਜ, ਜਾਤੀ ਔੜਵ-ਸੰਪੂਰਣ, ਗਾਇਨ ਸਮਾਂ ਦਿਨ ਦਾ ਚੌਥਾ ਪਹਿਰ ਹੈ। ਇਸ ਰਾਗ ਦਾ ਆਰੋਹ : ਨੀ ਸ, ਗੁ ਮੰ ਪ, ਨੀ ਸਂ ਤੇ ਅਵਰੋਹ : ਸਂ ਨੀ ਧ ਪ, ਨੁ਼ੀ ਧ ਪ, ਮੰ ਗੁ ਰੇ ਸ ਹੈ। ਇਸ ਰਾਗ ਦਾ ਮੁੱਖ ਅੰਗ : ਪ ਨੁ਼ੀ ਧ ਪ, ਮੰ ਪ ਮੰ ਗੁ ਰੇ ਸ ਹੈ।[130]

ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਤੁਖਾਰੀ ਰਾਗ ਦੇ ਸਰੂਪ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਹਰਗੁਨਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਪੂਰਵੀ ਥਾਟ[131], ਖਮਾਜ ਥਾਟ[132] ਤੇ ਤੋੜੀ ਥਾਟ[133] ਦੇ ਰਾਗ ਤੁਖਾਰੀ ਦੀਆਂ ਸ਼ਬਦ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਜਦੋਂ ਕਿ ਬਾਕੀ ਡੁਮੇਲੀ ਟਕਸਾਲ ਵਿਚ ਤੋੜੀ ਥਾਟ[134], ਆਸਾਵਰੀ ਥਾਟ[135] ਅਤੇ ਖਮਾਜ ਥਾਟ[136] ਵਾਲੇ ਤੁਖਾਰੀ ਰਾਗ ਵਿਚ ਸ਼ਬਦ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।

**1.23. ਕੇਦਾਰਾ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਕੇਦਾਰਾ ਨੂੰ ਤੇਈਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 1118 ਅੰਗ ਤੋਂ ਆਰੰਭ ਹੁੰਦੀ ਹੈ। ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾ ਤੇ ਭਾਰਤੀ ਸੰਗੀਤ ਪਰੰਪਰਾ ਵਿਚ **ਕਲਿਆਣ ਥਾਟ** ਦਾ ਰਾਗ ਕੇਦਾਰ ਪ੍ਰਚਾਰ ਵਿਚ ਹੈ।[137]

ਸੈਦਪੁਰ ਠੱਠਾ ਟਿੱਬਾ ਟਕਸਾਲ[138], ਹਰਗੁਨਾ ਟਕਸਾਲ[139], ਦੌਧਰ ਟਕਸਾਲ[140] ਅਤੇ ਰਬਾਬੀਆਂ[141] ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਵੀ ਕਲਿਆਣ ਥਾਟ ਦੇ ਰਾਗ ਕੇਦਾਰਾ ਦਾ ਪ੍ਰਯੋਗ ਕੀਤਾ ਗਿਆ ਹੈ। ਜਿਸ ਵਿਚ ਦੋਵੇਂ ਮਧਿਅਮ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਆਰੋਹ ਵਿਚ ਰਿਸ਼ਭ, ਧੈਵਤ ਤੇ ਅਵਰੋਹ ਵਿਚ ਗੰਧਾਰ ਸੁਰ ਵਰਜਿਤ ਹਨ। ਵਾਦੀ ਮਧਿਅਮ, ਸੰਵਾਦੀ ਸ਼ੜਜ, ਜਾਤੀ

ਔੜਵ-ਸ਼ਾੜਵ, ਗਾਇਨ ਸਮਾਂ ਰਾਤ ਦਾ ਦੂਸਰਾ ਪਹਿਰ ਹੈ।ਇਸ ਦਾ ਆਰੋਹ : ਸ ਮ, ਗ ਮ ਪ, ਧ ਪ, ਨੀ ਧ ਸਂ ਅਤੇ ਅਵਰੋਹ : ਸ ਨੀ ਧ ਪ, ਮੰ ਪ ਧ ਪ ਮ, ਪ ਮ, ਰੇ ਸ ਹੈ।[142]

ਡੁਮੇਲੀ ਟਕਸਾਲ ਤੋਂ ਪ੍ਰਾਪਤ ਸੰਤ ਸਰਵਣ ਸਿੰਘ ਗੰਧਰਵ ਦੀ ਪੁਸਤਕ *ਸੁਰ ਸਿਮਰਨ ਸੰਗੀਤ* (ਭਾਗ ਚੌਥਾ) ਵਿਚ ਕੇਦਾਰਾ ਰਾਗ ਦੇ ਕਈ ਰਾਗ ਪ੍ਰਕਾਰਾ ਸ਼ੁੱਧ ਕੇਦਾਰ, ਮਲੂਹਾ ਕੇਦਾਰ, ਸੰਗਮ ਕੇਦਾਰ, ਆਡੰਬਰੀ ਕੇਦਾਰ, ਵੈਣੀ ਕੇਦਾਰ, ਜਲਧਰ ਕੇਦਾਰ, ਨਟ ਕੇਦਾਰ, ਚਾਂਦਨੀ ਕੇਦਾਰ, ਸ਼ਿਆਮ ਕੇਦਾਰ, ਅਨੰਦੀ ਕੇਦਾਰ, ਬਸੰਤ ਕੇਦਾਰ, ਕੇਦਾਰ ਬਹਾਰ, ਸਿੰਘ ਸਰਵਣ ਕੇਦਾਰ ਵਿਚ ਸ਼ਬਦ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।[143] ਜਦੋਂ ਕਿ ਬਾਕੀ ਟਕਸਾਲਾਂ ਵਿਚੋਂ ਸਿਰਫ ਕਲਿਆਣ ਥਾਟ ਦੇ ਕੇਦਾਰਾ ਰਾਗ ਦੀਆਂ ਹੀ ਸ਼ਬਦ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।

**1.24. ਭੈਰਉ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਭੈਰਉ ਨੂੰ ਚੌਵੀਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 1124 ਅੰਗ ਤੋਂ ਆਰੰਭ ਹੁੰਦੀ ਹੈ। ਵਰਤਮਾਨ ਸਮੇਂ ਭਾਰਤੀ ਸੰਗੀਤ ਪਰੰਪਰਾ ਤੇ ਗੁਰਮਤਿ ਸੰਗੀਤ ਪਰੰਪਰਾ ਵਿਚ **ਭੈਰਵ ਥਾਟ** ਦਾ ਭੈਰਉ ਰਾਗ ਪ੍ਰਚਾਰ ਵਿਚ ਹੈ। ਗੁਰਮਤਿ ਸੰਗੀਤ ਦੀਆਂ ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਵੀ ਭੈਰਵ ਥਾਟ ਦੇ ਭੈਰਉ ਰਾਗ ਦਾ ਸਰੂਪ ਪ੍ਰਾਪਤ ਹੁੰਦਾ ਹੈ। ਜਿਸ ਵਿਚ ਰਿਸ਼ਭ, ਧੈਵਤ ਕੋਮਲ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਧੈਵਤ, ਸੰਵਾਦੀ ਰਿਸ਼ਭ, ਜਾਤੀ ਸੰਪੂਰਣ-ਸੰਪੂਰਣ, ਗਾਇਨ ਸਮਾਂ ਸਵੇਰ ਦਾ ਹੈ। ਇਸ ਰਾਗ ਦਾ ਆਰੋਹ : ਸ ਰੁੇ, ਗ ਮ ਪ, ਧੁ, ਨੀ ਸਂ ਤੇ ਅਵਰੋਹ : ਸਂ ਨੀ ਧੁ, ਧੁ ਪ, ਗ ਮ ਰੁੇ ਰੁੇ ਸ ਹੈ। ਇਸ ਦਾ ਮੁੱਖ ਅੰਗ : ਗ ਮ ਧੁ, ਧੁ ਪ, ਗ ਮ ਰੁੇ ਰੁੇ ਸ ਹੈ।[144]

ਦੌਧਰ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਭੈਰਉ ਰਾਗ ਦੇ ਛੇ ਹੋਰ ਰਾਗ ਪ੍ਰਕਾਰਾ ਅਹੀਰ ਭੈਰਵ, ਅਨੰਦ ਭੈਰਵ, ਮਿਸ਼ਰਤ ਭੈਰਵ, ਮਿਸਰਤ ਨਟ ਭੈਰਵ ਤੇ ਬੰਗਾਲ ਭੈਰਵ ਵਿਚ ਵੀ ਸ਼ਬਦ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।[145] ਜਦੋਂ ਕਿ ਡੁਮੇਲੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਭੈਰਵ ਦੇ ਹੋਰ ਕਈ ਰਾਗ ਪ੍ਰਕਾਰਾ ਸਰਵਣ ਭੈਰਉ, ਮੰਗਲ ਭੈਰਉ, ਬੈਰਾਗੀ ਭੈਰਉ, ਕੌਸੀ ਭੈਰਉ, ਸ਼ਿਵਮਤ ਭੈਰਉ, ਬੰਗਾਲ ਭੈਰਉ, ਪ੍ਰਭਾਤ ਭੈਰਉ, ਬੀਹੜ ਭੈਰਉ, ਬੈਰਾੜੀ ਭੈਰਉ, ਮਹੀਂਦਰ ਭੈਰਉ ਤੇ ਕਬੀਰ ਭੈਰਉ ਦਾ ਪ੍ਰਯੋਗ ਕੀਤਾ ਗਿਆ ਹੈ।[146]

**1.25. ਬਸੰਤ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਬਸੰਤ ਨੂੰ ਪੰਚੀਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਦੀ ਬਾਣੀ 1168 ਅੰਗ ਤੋਂ ਆਰੰਭ ਹੁੰਦੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਵਿਚ ਬਸੰਤ ਰਾਗ ਦੇ ਅਧੀਨ ਇਕ ਹੋਰ ਰਾਗ, ਬਸੰਤ ਹਿੰਡੋਲ ਵੀ ਦਰਜ ਹੈ। ਵਰਤਮਾਨ ਸਮੇਂ ਭਾਰਤੀ ਸੰਗੀਤ ਪਰੰਪਰਾ ਵਿਚ ਬਸੰਤ ਰਾਗ ਨੂੰ **ਪੂਰਵੀ ਥਾਟ** ਦੇ ਅੰਤਰਗਤ ਗਾਇਆ ਜਾਂਦਾ ਹੈ। ਜਿਸ ਵਿਚ ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਰਾਗ ਦੇ ਆਰੋਹ ਵਿਚ ਰਿਸ਼ਭ ਤੇ ਨਿਸ਼ਾਦ ਵਰਜਿਤ ਹਨ। ਵਾਦੀ ਤਾਰ ਸ਼ੜਜ, ਸੰਵਾਦੀ ਪੰਚਮ, ਜਾਤੀ ਔੜਵ ਸੰਪੂਰਣ ਤੇ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਹ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਇਸ ਰਾਗ ਦਾ ਆਰੋਹ : ਸ ਗ ਮ ਧੁ ਰੇੁ ਸੰ ਤੇ ਅਵਰੋਹ : ਸੰ ਰੇੁ ਨੀ ਧੁ ਪ, ਮੇਂ ਗ, ਰੇੁ ਸ, ਸ ਮ ਮੇਂ ਮ ਗ ਮੇਂ ਗ, ਰੇੁ ਸ ਹੈ। ਇਸ ਮੁੱਖ ਅੰਗ : ਮੇਂ ਧੁ ਰੇੁ, ਸੰ ਰੇੁ ਨੀ ਧੁ ਪ, ਮੇਂ ਗ ਰ ਸ, ਸ ਮ ਮੇਂ ਮ ਰੇੁ, ਰੇੁ ਸ ਹੈ।[147]

ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾ ਵਿਚ ਪੂਰਵੀ ਥਾਟ ਦੇ ਨਾਲੋਂ **ਬਿਲਾਵਲ ਥਾਟ** ਦਾ ਰਾਗ ਬਸੰਤ ਵਧੇਰੇ ਪ੍ਰਚਾਰ ਵਿਚ ਹੈ। ਜਿਸ ਵਿਚ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੇ ਆਰੋਹ ਵਿਚ ਰਿਸ਼ਭ ਤੇ ਪੰਚਮ ਸੁਰ ਦਾ ਪ੍ਰਯੋਗ ਨਹੀ ਕੀਤਾ ਜਾਦਾ ਜਦੋਂ ਕੀ ਅਵਰੋਹ ਵਿਚ ਸੱਤ ਹੀ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਤਾਰ ਸ਼ੜਜ, ਸੰਵਾਦੀ ਮਧਿਅਮ, ਜਾਤੀ ਔੜਵ ਸੰਪੂਰਣ ਤੇ ਗਾਇਨ ਸਮਾਂ ਸਵੇਰ ਤੇ ਬਸੰਤ ਰੁੱਤ ਸਮੇਂ ਹਰ ਸਮੇਂ ਗਾਇਆ ਜਾਂਦਾ ਹੈ। ਇਸ ਰਾਗ ਦਾ ਆਰੋਹ : ਸ ਗ ਮ ਧ ਨੀ ਸੰ ਤੇ ਅਵਰੋਹ : ਸੰ ਨੀ ਧ ਪ ਮ, ਗ ਰੇ ਸ ਹੈ। ਇਸ ਦਾ ਮੁੱਖ ਅੰਗ : ਗ ਮ ਧ ਨੀ ਸੰ, ਸੰ ਨੀ ਧ ਪ ਮ, ਗ ਰੇ ਸ ਹੈ।[148]

ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਰਾਗ ਬਸੰਤ ਦੇ ਸੱਤ ਸਰੂਪਾਂ ਦਾ ਵਰਨਣ ਕੀਤਾ ਗਿਆ ਹੈ ਤੇ ਸ਼ਬਦ ਰਚਨਾਵਾਂ ਵੀ ਪ੍ਰਾਪਤ ਹੁੰਦੀਆਂ ਹਨ। ਕਲਿਆਨ ਥਾਟ, ਮਾਰਵਾ ਥਾਟ, ਪੂਰਵੀ ਥਾਟ, ਖਮਾਜ ਥਾਟ, ਕਾਫੀ ਥਾਟ, ਬਿਲਾਵਲ ਥਾਟ, ਕਾਫੀ ਥਾਟ (ਬੁੱਢਾ ਬਸੰਤ)।

ਹਰਗੁਨਾ ਟਕਸਾਲ ਤੇ ਸੈਦਪੁਰ ਠੱਠਾ ਟਿਬਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ **ਕਲਿਆਨ ਥਾਟ** ਦੇ ਰਾਗ ਬਸੰਤ ਵਿਚ ਦੋਵੇਂ ਮਧਿਅਮ, ਰਿਸ਼ਭ ਸ਼ੁੱਧ ਦੁਰਬਲ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ

ਕੀਤਾ ਗਿਆ ਹੈ। ਵਾਦੀ ਤਾਰ ਸ਼ੜਜ, ਸੰਵਾਦੀ ਗੰਧਾਰ, ਜਾਤੀ ਔੜਵ ਵਕਰ ਸ਼ਾੜਵ ਤੇ ਗਾਇਨ ਸਮਾਂ ਸਵੇਰ ਤੇ ਬਸੰਤ ਰੁੱਤ ਵਿਚ ਹਰ ਸਮੇਂ ਗਾਇਨ ਕੀਤਾ ਜਾਂਦਾ ਹੈ। ਇਸ ਰਾਗ ਦਾ ਆਰੋਹ : ਸ ਗ, ਮ ਮ॑ ਮ ਗ, ਮ ਮ॑ ਧ ਨੀ ਸਂ ਤੇ ਅਵਰੋਹ : ਸਂ ਰੇ ਨੀ ਧ, ਮ॑ ਗ ਸ ਹੈ। ਇਸ ਰਾਗ ਦਾ ਸਵਰ ਵਿਸਥਾਰ : ਮ॑ ਧ ਨੀ ਸਂ ਰੇਂ ਨੀ, ਧ ਮ॑, ਗ, ਸ, ਸ ਮ ਮ॑ ਮ ਗ ਸ ਹੈ।[149]

ਹਰਗੁਨਾ ਟਕਸਾਲ, ਸੈਦਪੁਰ ਠੱਠਾ ਟਿਬਾ ਟਕਸਾਲ ਤੇ ਡੁਮੇਲੀ ਟਕਸਾਲ ਦੀ ਸ਼ਬਦ ਰਚਨਾਵਾ ਵਿਚ **ਮਾਰਵਾ ਥਾਟ** ਦੇ ਬਸੰਤ ਰਾਗ ਦਾ ਵੀ ਪ੍ਰਯੋਗ ਕੀਤਾ ਗਿਆਹੈ। ਇਸ ਸਰੂਪ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਗਿਆ ਹੈ। ਆਰੋਹ ਵਿਚ ਰਿਸ਼ਭ ਦਾ ਪ੍ਰਯੋਗ ਨਹੀਂ ਕੀਤਾ ਗਿਆ। ਵਾਦੀ ਤਾਰ ਸ਼ੜਜ, ਸੰਵਾਦੀ ਗੰਧਾਰ, ਜਾਤੀ ਵਕਰ ਔੜਵ-ਸ਼ਾੜਵ, ਤੇ ਗਾਇਨ ਸਮਾਂ ਰਾਤ ਦਾ ਹੈ। ਇਸ ਰਾਗ ਦਾ ਆਰੋਹ : ਸ ਗ ਮ॑ ਧ ਨੀ ਰੇ੍ ਸਂ ਤੇ ਅਵਰੋਹ : ਸਂ ਰੇ੍ ਨੀ ਧ ਮ॑ ਗ ਸ ਹੈ। ਇਸ ਰਾਗ ਦਾ ਸਰੂਪ ਸੋਹਣੀ ਰਾਗ ਨਾਲ ਮਿਲਦਾ-ਜੁਲਦਾ ਹੈ ਅਤੇ ਕਈ ਰਚਨਾਵਾਂ ਵਿਚ ਇਸ ਨੂੰ ਸੋਹਣੀ ਬਸੰਤ ਵੀ ਲਿਖਿਆ ਹੋਇਆ ਹੈ।[150]

ਡੁਮੇਲੀ ਟਕਸਾਲ ਤੇ ਹਰਗੁਨਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ **ਖਮਾਜ ਥਾਟ** ਦੇ ਰਾਗ ਬਸੰਤ ਦਾ ਵੀ ਪ੍ਰਯੋਗ ਕੀਤਾ ਗਿਆਹੈ। ਇਸ ਸਰੂਪ ਵਿਚ ਦੋਵੇਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਗਿਆ ਹੈ। ਆਰੋਹ ਵਿਚ ਰਿਸ਼ਭ ਤੇ ਅਵਰੋਹ ਵਿਚ ਧੈਵਤ ਵਰਜਿਤ ਸੁਰ ਹਨ। ਵਾਦੀ ਤਾਰ ਸ਼ੜਜ, ਸੰਵਾਦੀ ਮਧਿਅਮ, ਜਾਤੀ ਸ਼ਾੜਵ-ਸ਼ਾੜਵ ਤੇ ਗਾਨਿ ਸਮਾਂ ਬਸੰਤ ਰੁੱਤ ਹੈ। ਇਸ ਰਾਗ ਦਾ ਆਰੋਹ : ਨੀ ਸ, ਗ ਮ ਪ, ਮ ਨ੍ਹੀ ਧ ਨੀ ਸ ਤੇ ਅਵਰੋਹ : ਸਂ ਨ੍ਹੀ ਪ ਮ ਪ ਗ ਮ ਰੇ ਸ ਹੈ। ਇਸ ਰਾਗ ਦਾ ਮੁੱਖ ਅੰਗ : ਮ ਪ ਗ ਮ, ਨ੍ਹੀ ਧ ਨ੍ਹੀ ਧ ਨ੍ਹੀ ਪ, ਮ ਪ ਗ ਮ ਰੇ ਸ, ਨੀ ਸ, ਗ ਮ ਪ, ਮ ਧ ਨੀ ਸਂ, ਰੇ ਸਂ, ਨ੍ਹੀ ਪ, ਗ ਮ, ਧ ਪ, ਗ ਮ ਰੇ ਸ ਹੈ।[151]

ਸੈਦਪੁਰ ਠੱਠਾ ਟਿੱਬਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ **ਕਾਫੀ ਥਾਟ** ਦੇ ਰਾਗ ਬਸੰਤ ਦਾ ਪ੍ਰਯੋਗ ਕੀਤਾ ਗਿਆਹੈ।[152] ਇਸ ਸਰੂਪ ਵਿਚ ਗੰਧਾਰ ਕੋਮਲ ਦਾ ਪ੍ਰਯੋਗ ਕੀਤਾ ਗਿਆ ਹੈ। ਵਾਦੀ, ਸੰਵਾਦੀ, ਜਾਤੀ ਤੇ ਗਾਇਨ ਸਮਾਂ ਇਕ ਸਮਾਨ ਹੀ ਹੈ। ਸੈਦਪੁਰ ਠੱਠਾ ਟਿੱਬਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ

ਕਾਫੀ ਅੰਗ ਦੇ ਇਕ ਹੋਰ ਬਸੰਤ ਰਾਗ ਦਾ ਪ੍ਰਯੋਗ ਕੀਤਾ ਗਿਆ ਹੈ ਜਿਸ ਨੂੰ ਰਚਨਾਕਾਰ ਨੇ ਬੁੱਢਾ ਬਸੰਤ ਲਿਖਿਆ ਹੈ। ਇਸ ਦਾ ਗਾਇਨ ਪੁਰਾਣੇ ਰਾਗੀ ਸਿੰਘ ਕਰਦੇ ਸਨ। ਇਹ ਰਾਗ ਅੱਜ ਕੱਲ ਪ੍ਰਚਲਿਤ ਨਹੀ ਹੈ। ਇਸ ਵਿਚ ਦੋਵੇਂ ਗੰਧਾਰ, ਦੋਵੇਂ ਧੈਵਤ, ਦੋਵੇਂ ਨਿਸ਼ਾਦ ਦਾ ਪ੍ਰਯੋਗ ਕੀਤਾ ਜਾਂਦਾ ਸੀ ਅਤੇ ਬਾਕੀ ਸਾਰੇ ਸ਼ੁੱਧ ਸੁਰ ਲੱਗਦੇ ਸਨ। ਇਸ ਰਾਗ ਦੀ ਮੁੱਖ ਸਵਰ ਸੰਗਤੀ : ਪ ਰੇ ਗੁ ਰੇ ਸ ਹੈ। ਭਾਈ ਅਵਤਾਰ ਸਿੰਘ ਅਨੁਸਾਰ, "ਸਾਡੇ ਪੂਜਨੀਕ ਪਿਤਾ ਜੀ ਦੇ ਉਸਤਾਦ ਬਾਬਾ ਸਰਧਾ ਸਿੰਘ ਇਸ ਨੂੰ ਬੁਢਾ ਬਸੰਤ ਆਖਿਆ ਕਰਦੇ ਸਨ।[153]

ਦੌਧਰ ਟਕਸਾਲ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਸ਼ੁੱਧ ਬਸੰਤ, ਬਸੰਤ ਅਨੂਪ, ਬਸੰਤ ਪੂਰਵੀ ਦਾ ਪ੍ਰਯੋਗ ਵੀ ਕੀਤਾ ਗਿਆ ਹੈ।[154] ਹਰਗੁਨਾ ਟਕਸਾਲ ਵਿਚ ਪੂਰਵੀ ਥਾਟ ਤੇ ਮਾਰਵਾ ਥਾਟ, ਬਿਲਾਵਲ ਥਾਟ ਦੇ ਬਸੰਤ ਰਾਗ ਵਿਚ ਸ਼ਬਦ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।[155] ਟਕਸਾਲੀ ਪਰੰਪਰਾ ਵਿਚੋਂ ਪ੍ਰਾਪਤ ਬਸੰਤ ਰਾਗ ਦੇ ਸੱਤਾ ਹੀ ਸਰੂਪਾਂ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਵੇਂ ਸਾਰੀਆਂ ਹੀ ਟਕਸਾਲਾਂ ਦੇ ਰਚਨਾਕਾਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਰਾਗ ਤਤਕਰੇ ਅਨੁਸਾਰ ਬਸੰਤ ਰਾਗ ਵਿਚ ਦਰਜ ਬਾਣੀ ਨੂੰ ਨਿਰਧਾਰਿਤ ਰਾਗ ਅਨੁਸਾਰ ਹੀ ਸੁਰ ਲਿਪੀ ਬੰਧ ਕੀਤਾ ਹੈ ਪ੍ਰੰਤੂ ਰਾਗ ਸਰੂਪ ਵਿਚ ਭਿੰਨਤਾ ਪਾਈ ਗਈ ਹੈ। ਰਾਗ ਦਾ ਸਰੂਪ, ਥਾਟ, ਵਾਦੀ ਸੰਵਾਦੀ ਤੇ ਸੁਰ ਵੱਖਰੇ-ਵੱਖਰੇ ਹਨ।

**1.26. ਸਾਰੰਗ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਸਾਰੰਗ ਨੂੰ ਛੱਬੀਵਾਂ ਸਥਾਨ ਪ੍ਰਾਪਤ ਹੈ। ਵਰਤਮਾਨ ਸਮੇਂ ਭਾਰਤੀ ਸੰਗੀਤ ਪਰੰਪਰਾ ਅਤੇ ਗੁਰਮਤਿ ਸੰਗੀਤ ਪਰੰਪਰਾ ਵਿਚ ਕਾਫੀ ਥਾਟ ਦਾ ਰਾਗ ਸਾਰੰਗ ਪ੍ਰਚਾਰ ਵਿਚ ਹੈ।[156] ਗੁਰਮਤਿ ਸੰਗੀਤ ਦੀਆਂ ਸੀਨਾ-ਬ-ਸੀਨਾ ਪ੍ਰਚਲਿਤ ਟਕਸਾਲੀ ਸ਼ਬਦ ਰਚਨਾਵਾਂ ਵਿਚ ਵੀ **ਕਾਫੀ ਥਾਟ** ਦੇ ਸਾਰੰਗ ਰਾਗ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿਚ ਦੋਨੋਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਗੰਧਾਰ ਤੇ ਧੈਵਤ ਵਰਜਿਤ ਸਵਰ ਹਨ। ਵਾਦੀ ਰਿਸ਼ਭ, ਸੰਵਾਦੀ ਪੰਚਮ, ਜਾਤੀ ਔੜਵ-ਔੜਵ ਤੇ ਗਾਇਨ ਸਮਾਂ ਦਿਨ ਦਾ ਤੀਜਾ ਪਹਿਰ ਹੈ। ਇਸ ਰਾਗ ਦਾ ਮੁੱਖ ਅੰਗ : ਨ਼ੀ ਸ ਰੇ, ਮ ਰੇ, ਪ ਮ ਰੇ, ਨੀ ਸ ਹੈ।[157]

ਡੁਮੇਲੀ ਟਕਸਾਲ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਸਾਰੰਗ ਰਾਗ ਦੇ ਕਈ ਪ੍ਰਕਾਰ ਜਿਵੇਂ ਸਾਰੰਗ ਗੌਲ, ਗੌਂਡ ਸਾਰੰਗ, ਮੀਆ ਕੀ ਸਾਰੰਗ, ਵਡਹੰਸ ਸਾਰੰਗ, ਮਧਮਾਦੀ ਸਾਰੰਗ, ਸਾਮੰਤ ਸਾਰੰਗ, ਸਰਵਨ ਸਾਰੰਗ, ਸੁਰਟਿ ਸਾਰੰਗ, ਸੁਰ ਸਾਰੰਗ, ਗੁਰਦੇਵ ਸਾਰੰਗ, ਸਾਰੰਗਾ ਸਾਰੰਗ ਦਾ ਪ੍ਰਯੋਗ ਵੀ ਕੀਤਾ ਗਿਆ

ਹੈ।[158] ਸੈਦਪੁਰ ਠੱਠਾ ਟਿਬਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਸ਼ੁੱਧ ਸਾਰੰਗ, ਸਾਮੰਤ ਸਾਰੰਗ, ਨੂਰ ਸਾਰੰਗ, ਗੌਂਡ ਸਾਰੰਗ ਦਾ ਪ੍ਰਯੋਗ ਵੀ ਪ੍ਰਾਪਤ ਹੁੰਦੀਆਂ ਹਨ।[159] ਦੌਧਰ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਸ਼ੁੱਧ ਸਾਰੰਗ ਤੇ ਬ੍ਰਿੰਦਾਵਨੀ ਸਾਰੰਗ ਦਾ ਪ੍ਰਯੋਗ ਕੀਤਾ ਗਿਆ ਹੈ।[160]

**1.27. ਮਲਾਰ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਮਲਾਰ ਨੂੰ ਸਤਾਈਵਾਂ ਸਥਾਨ ਪ੍ਰਾਪਤ ਹੈ ਤੇ ਇਸ ਰਾਗ ਵਿਚ ਬਾਣੀ 1258 ਅੰਗ ਤੋਂ ਆਰੰਭ ਹੁੰਦੀ ਹੈ। ਭਾਰਤੀ ਸੰਗੀਤ ਪਰੰਪਰਾ ਵਿਚ ਰਾਗ ਮਲਾਰ ਦੇ ਕਈ ਸਰੂਪ ਪ੍ਰਾਪਤ ਹੁੰਦੇ ਹਨ ਪ੍ਰੰਤੂ ਵਰਤਮਾਨ ਸਮੇਂ **ਕਾਫੀ ਥਾਟ** ਦੇ ਰਾਗ ਮਲਾਰ ਦਾ ਪ੍ਰਯੋਗ ਵਧੇਰੇ ਪ੍ਰਚਾਰ ਵਿਚ ਹੈ। ਇਸ ਰਾਗ ਵਿਚ ਗੰਧਾਰ ਕੋਮਲ ਦੋਵੇਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਰਾਗ ਦਾ ਵਾਦੀ ਸ਼ੜਜ, ਸੰਵਾਦੀ ਪੰਚਮ, ਜਾਤੀ ਸ਼ਾੜਵ-ਸੰਪੂਰਣ ਤੇ ਗਾਇਨ ਸਮਾਂ ਮੱਧ ਰਾਤ ਦਾ ਹੈ। ਇਹ ਇਕ ਰੁੱਤ ਕਾਲੀਨ ਰਾਗ ਹੈ ਅਤੇ ਵਰਖਾ ਰੁੱਤ ਵਿਚ ਹਰ ਸਮੇਂ ਗਾਇਨ ਕੀਤਾ ਜਾ ਸਕਦਾ ਹੈ। ਇਸ ਰਾਗ ਦਾ ਆਰੋਹ : ਸ ਰੇ ਮ ਰੇ, ਪ, ਨ੍ਹੀ ਧ ਨੀ ਸ ਤੇ ਅਵਰੋਹ : ਸ ਨ੍ਹੀ ਪ, ਮ ਪ ਗੁ ਮ ਰੇ ਸ ਹੈ।

ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾ ਵਿਚ **ਖਮਾਜ ਥਾਟ** ਦੇ ਰਾਗ ਮਲਾਰ ਦਾ ਪ੍ਰਚਲਣ ਹੈ।[161] ਵੱਖ-ਵੱਖ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਇਸ ਸਰੂਪ ਦਾ ਹੀ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਵਿਚ ਦੋਵੇਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਮਾਧਿਅਮ, ਸੰਵਾਦੀ ਸ਼ੜਜ, ਜਾਤੀ ਸੰਪੂਰਣ-ਸੰਪੂਰਣ ਤੇ ਗਾਇਨ ਸਮਾਂ ਰਾਤ ਦਾ ਤੀਜਾ ਪਹਿਰ (ਬਰਸਾਤ ਦੀ ਰੁੱਤ ਵਿਚ ਹਰ ਸਮੇਂ) ਹੈ। ਰਾਗ ਦਾ ਆਰੋਹ : ਸ ਰੇ ਗ ਮ, ਮ ਰੇ ਪ, ਨ੍ਹੀ ਧ ਨੀ ਸ ਤੇ ਅਵਰੋਹ : ਸਂ ਧ ਨ੍ਹੀ ਪ ਮ, ਗ ਮ ਰੇ ਸ ਹੈ। ਇਸ ਰਾਗ ਦਾ ਮੁੱਖ ਅੰਗ : ਸ ਰੇ ਗ ਮ, ਮ ਰੇ ਪ, ਧ ਨ੍ਹੀ ਪ ਮ, ਰੇ ਸ ਹੈ।[162]

ਸੈਦਪੁਰ ਠੱਠਾ ਟਿਬਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਮਲਾਰ ਦੇ ਜਿਹੜੇ ਸਰੂਪ ਦਾ ਪ੍ਰਯੋਗ ਕੀਤਾ ਗਿਆ ਹੈ। ਉਸ ਵਿਚ ਗੰਧਾਰ ਤੇ ਨਿਸ਼ਾਦ ਸੁਰ ਵਰਜਿਤ ਹਨ। ਰਚਨਾਕਾਰ ਅਨੁਸਾਰ ਇਹ ਮਲਾਰ ਸਭ ਤੋਂ ਪੁਰਾਣਾ ਹੈ। ਜਿਸ ਦਾ ਪ੍ਰਯੋਗ ਪੁਰਾਤਨ ਰਾਗੀ ਰਬਾਬੀ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ। ਇਹ ਮਲਾਰ ਖਮਾਜ ਥਾਟ ਦਾ ਹੈ। ਜਿਸ ਦਾ ਵਾਦੀ ਮਧਿਅਮ, ਸੰਵਾਦੀ ਸ਼ੜਜ, ਜਾਤੀ ਔੜਵ-

ਔੜਵ ਤੇ ਗਾਇਨ ਸਮਾਂ ਵਰਖਾ ਰੁੱਤ ਹੈ। ਇਸ ਰਾਗ ਦਾ ਆਰੋਹ : ਸ ਰੇ ਮ, ਮ ਪ, ਧ ਸਂ ਤੇ ਅਵਰੋਹ : ਸਂ ਧ, ਪ, ਮ ਰੇ ਸ ਹੈ।[163]

ਸੈਦਪੁਰ ਠੱਠਾ ਟਿਬਾ ਟਕਸਾਲ ਦੀਆਂ ਰਚਨਾਵਾਂ ਵਿਚ ਰਾਗ ਮੀਆ ਕੀ ਮਲਾਰ, ਮੇਘ ਮਲਾਰ, ਮੇਘ, ਦੇਸ ਮਲਾਰ ਤੇ ਸੂਰਦਾਸੀ ਮਲਾਰ ਦਾ ਵੀ ਪ੍ਰਯੋਗ ਕੀਤਾ ਗਿਆ ਹੈ।[164] ਡਮੇਲੀ ਟਕਸਾਲ ਵਿਚ ਸਰਵਣ ਮਲ੍ਹਾਰ, ਮੀਰਾ ਮਲ੍ਹਾਰ, ਰਾਮਦਾਸੀ ਮਲ੍ਹਾਰ, ਅਰੁਣ ਮਲ੍ਹਾਰ, ਸੋਰਠਿ ਮਲ੍ਹਾਰ, ਜਲਧਰ ਮਲ੍ਹਾਰ, ਦੇਸ ਮਲ੍ਹਾਰ ਤੇ ਅੜਾਨਾ ਮਲ੍ਹਾਰ ਵਿਚ ਸ਼ਬਦ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।[165] ਜਦੋਂ ਕਿ ਹਰਗੁਨਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਗੰਧਾਰ, ਧੈਵਤ ਵਰਜਿਤ ਮਲ੍ਹਾਰ ਤੇ ਗੰਧਾਰ, ਨਿਸ਼ਾਦ ਵਰਜਿਤ ਮਲ੍ਹਾਰ ਦਾ ਪ੍ਰਯੋਗ ਵੀ ਕੀਤਾ ਗਿਆ ਹੈ।[166] ਦੌਧਰ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਕਾਫੀ ਥਾਟ ਦੇ ਹੀ ਮਲ੍ਹਾਰ ਰਾਗ ਦਾ ਹੀ ਪ੍ਰਯੋਗ ਕੀਤਾ ਹੈ।[167]

ਟਕਸਾਲ ਪਰੰਪਰਾ ਵਿਚੋਂ ਪ੍ਰਾਪਤ ਮਲਾਰ ਰਾਗ ਦੇ ਸਰੂਪਾਂ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਵੇਂ ਸਾਰੀਆਂ ਹੀ ਟਕਸਾਲਾਂ ਦੇ ਰਚਨਾਕਾਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਰਾਗ ਤਤਕਰੇ ਅਨੁਸਾਰ ਮਲਾਰ ਰਾਗ ਵਿਚ ਦਰਜ ਬਾਣੀ ਨੂੰ ਨਿਰਧਾਰਿਤ ਰਾਗ ਅਨੁਸਾਰ ਹੀ ਸੁਰ ਲਿਪੀ ਬੱਧ ਕੀਤਾ ਹੈ ਪ੍ਰੰਤੂ ਰਾਗ ਸਰੂਪ ਵਿਚ ਭਿੰਨਤਾ ਪਾਈ ਗਈ ਹੈ ਜਿਸ ਵਿਚ ਰਾਗ ਦਾ ਸਰੂਪ, ਥਾਟ, ਵਾਦੀ ਸੰਵਾਦੀ ਤੇ ਸੁਰ ਵੱਖਰੇ-ਵੱਖਰੇ ਹਨ।

**1.28. ਕਾਨੜਾ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਕਾਨੜਾ ਨੂੰ ਅਠਾਈਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 1294 ਅੰਗ ਤੋਂ ਆਰੰਭ ਹੁੰਦੀ ਹੈ। ਭਾਰਤੀ ਸੰਗੀਤ ਪਰੰਪਰਾ ਵਿਚ ਕਾਨੜਾ ਰਾਗ ਦੇ ਕਈ ਸਰੂਪ ਪ੍ਰਚਲਿਤ ਹਨ। ਵਰਤਮਾਨ ਸਮੇਂ **ਆਸਾਵਰੀ ਥਾਟ** ਦੇ ਰਾਗ ਕਾਨੜਾ ਦੇ ਵਧੇਰੇ ਪ੍ਰਚਾਰ ਹੈ। ਇਸ ਰਾਗ ਵਿਚ ਗੰਧਾਰ, ਧੈਵਤ, ਨਿਸ਼ਾਦ ਕੋਮਲ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਰਿਸ਼ਭ, ਸੰਵਾਦੀ ਪੰਚਮ, ਜਾਤੀ ਵਕਰ ਸੰਪੂਰਣ ਗਾਇਨ ਸਮਾਂ ਰਾਤ ਦਾ ਤੀਜਾ ਪਹਿਰ ਹੈ। ਇਸ ਰਾਗ ਦੀ ਆਰੋਹ : ਸ ਰੇ ਗੁ ਮ, ਮ ਪ ਧੁ ਨੁੀ ਪ, ਮ ਪ ਧੁ ਨੁੀ ਸ ਤੇ ਅਵਰੋਹ : ਸ ਧੁ ਨੁੀ ਪ, ਮ ਪ, ਗੁ ਮ ਰੇ ਸ ਹੈ। ਇਸ ਰਾਗ ਦਾ ਮੁੱਖ ਅੰਗ : ਨੁੀ ਸ ਰੇ, ਗ ਮ ਰੇ ਸ ਮ ਪ ਧੁ ਨੁੀ ਪ ਮ ਪ ਗੁ ਮ ਰੇ ਸ ਹੈ।[168]

ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾ ਵਿਚ **ਕਾਫੀ ਥਾਟ** ਦੇ ਰਾਗ ਕਾਨੜਾ ਦਾ ਪ੍ਰਯੋਗ ਪ੍ਰਚਾਰ ਵਿਚ ਹੈ। ਇਸ ਵਿਚ ਗੰਧਾਰ ਕੋਮਲ, ਦੋਵੇਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਰਾਗ ਵਿਚ ਧੈਵਤ ਸੁਰ ਦਾ ਪ੍ਰਯੋਗ ਨਹੀ ਕੀਤਾ ਜਾਂਦਾ ਹੈ। ਵਾਦੀ ਪੰਚਮ, ਸੰਵਾਦੀ ਧੈਵਤ, ਜਾਤੀ ਸ਼ਾੜਵ-ਸ਼ਾੜਵ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਰੇ ਗੁ, ਮ ਪ, ਨੀ ਸ ਤੇ ਅਵਰੋਹ ਸ ਨੁੀ ਪ, ਮ ਪ, ਗੁ ਮ ਰੇ ਸ ਹੈ। ਇਸ ਦਾ ਮੁੱਖ ਅੰਗ : ਸ ਰੇ ਗੁ, ਮ ਰੇ ਸ ਰੇ ਨੀ ਸ, ਰੇ ਪ ਗ, ਮ ਰੇ ਸ ਹੈ।[169] ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਕਾਨੜਾ ਰਾਗ ਦੇ ਅਲੱਗ-ਅਲੱਗ ਰਾਗ ਸਰੂਪਾਂ ਚ ਪ੍ਰਯੋਗ ਕੀਤਾ ਗਿਆ ਹੈ।

ਸੈਦਪੁਰ ਠੱਠਾ ਟਿਬਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਆਸਾਵਰੀ ਥਾਟ[170] ਤੇ ਕਾਫੀ ਥਾਟ[171] ਦੇ ਰਾਗ ਕਾਨੜਾ ਦਾ ਪ੍ਰਯੋਗ ਕੀਤਾ ਗਿਆ ਹੈ। ਕਾਫੀ ਥਾਟ ਦੇ ਰਾਗ ਕਾਨੜਾ ਦੇ ਆਰੋਹ ਵਿਚ ਧੈਵਤ ਸੁਰ ਵਰਜਿਤ ਹੈ। ਇਸ ਰਾਗ ਵਿਚ ਗੰਧਾਰ ਕੋਮਲ, ਦੋਵੇਂ ਨਿਸ਼ਾਦ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਦੇ ਅਵਰੋਹ ਵਿਚ ਧੈਵਤ ਸੁਰ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਵਾਦੀ ਪੰਚਮ, ਸੰਵਾਦੀ ਸ਼ੜਜ, ਜਾਤੀ ਸ਼ਾੜਵ-ਸੰਪੂਰਣ ਤੇ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਰੇ ਗੁ ਮ ਪ ਨੀ ਸ ਤੇ ਅਵਰੋਹ : ਸ ਨੁੀ ਧ, ਨੁੀ ਪ, ਮ ਪ, ਗ ਮ ਰੇ ਸ ਹੈ।[172] ਕਾਨੜਾ ਦੇ ਇਸ ਸਰੂਪ ਦਾ ਪ੍ਰਯੋਗ ਪੁਰਾਤਨ ਰਾਗੀ ਸਿੰਘਾਂ ਤੇ ਰਬਾਬੀਆਂ ਨੇ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ।

ਹਰਗੁਨਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਧੈਵਤ ਸ਼ੁੱਧ ਤੇ ਦੋਵੇਂ ਨਿਸ਼ਾਦ ਵਾਲਾ ਸਰੂਪ ਤੇ ਧੈਵਤ ਸ਼ੁੱਧ ਤੇ ਕੋਮਲ ਨਿਸ਼ਾਦ ਵਾਲੇ ਸਰੂਪ ਦਾ ਪ੍ਰਯੋਗ ਵੀ ਕੀਤਾ ਗਿਆ ਹੈ।[173] ਦੌਧਰ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਦਰਬਾਰੀ ਕਾਨੜਾ ਗੰਧਾਰ, ਧੈਵਤ ਤੇ ਨਿਸ਼ਾਦ ਕੋਮਲ ਵਾਲੇ ਸਰੂਪ ਦਾ ਪ੍ਰਯੋਗ ਕੀਤਾ ਗਿਆ ਹੈ।[174]

ਡੁਮੇਲੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਕਾਨੜਾ ਰਾਗ ਦੇ ਕਈ ਪ੍ਰਕਾਰ ਜਿਵੇ ਦਰਬਾਰੀ ਕਾਨੜਾ, ਬਾਗੇਸ੍ਰੀ ਕਾਨੜਾ, ਦਰਬਾਰੀ ਕਾਨੜਾ, ਅੜਾਨਾ ਕਾਨੜਾ, ਕੋਸੀ ਕਾਨੜਾ, ਗੁੰਜੀ ਕਾਨੜਾ, ਸ਼ਿਆਮ ਕਾਨੜਾ, ਕਾਫੀ ਕਾਨੜਾ, ਰੇਵਤੀ ਕਾਨੜਾ, ਨਾਇਕੀ ਕਾਨੜਾ, ਸੂਹਾ ਕਾਨੜਾ, ਸੁਘਰਾਈ ਕਾਨੜਾ, ਮੁੰਦਰਿਕਾ ਕਾਨੜਾ, ਕਾਨੜਾ ਮਲ੍ਹਾਰ, ਬਾਗੇਸ੍ਰੀ ਕਾਨੜਾ, ਦੇਵਸਾਖ ਕਾਨੜਾ, ਅਭੋਗੀ ਕਾਨੜਾ, ਹੁਸੈਨੀ ਕਾਨੜਾ,

ਰਾਇਸਾ ਕਾਨੜਾ, ਸ਼ਾਹਾਨਾ ਕਾਨੜਾ, ਜਯੰਤ ਕਾਨੜਾ, ਸਰਵਣ ਕਾਨੜਾ, ਮਾਲਗੁੰਜੀ ਕਾਨੜਾ, ਬਾਗੇਸ੍ਰੀ, ਗਾਗੇਸ੍ਰੀ ਕਾਨੜਾ, ਅਨੰਦਪੁਰੀ ਕਾਨੜਾ ਦਾ ਪ੍ਰਯੋਗ ਸ਼ਬਦ ਰਚਨਾਂ ਵਿਚ ਕੀਤਾ ਹੈ।[175]

ਟਕਸਾਲਾਂ ਤੋਂ ਪ੍ਰਾਪਤ ਕਾਨੜਾ ਰਾਗ ਦੇ ਸਰੂਪ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਹਰ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਕਾਨੜਾ ਰਾਗ ਦੇ ਸਰੂਪ ਵਿਚ ਭਿੰਨਤਾ ਪਾਈ ਜਾਂਦੀ ਹੈ। ਰਾਗ ਦੇ ਸਰੂਪ, ਥਾਟ, ਵਾਦੀ-ਸੰਵਾਦੀ, ਤੇ ਸੁਰਾਂ ਵਿਚ ਬਹਤ ਅੰਤਰ ਹੈ ਪ੍ਰੰਤੂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਰਾਗ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਤਤਕਰੇ ਅਨੁਸਾਰ ਇਕ ਸਮਾਨ ਹੈ।

**1.29. ਕਲਿਆਣ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਕਲਿਆਣ ਨੂੰ ਉੱਨਤੀਵਾਂ ਸਥਾਨ ਪ੍ਰਾਪਤ ਹੈ। ਭਾਰਤੀ ਸੰਗੀਤ ਪਰੰਪਰਾ ਅਤੇ ਗੁਰਮਤਿ ਸੰਗੀਤ ਪਰੰਪਰਾ ਵਿਚ **ਕਲਿਆਣ ਥਾਟ** ਦੇ ਅੰਤਰਗਤ ਰਾਗ ਕਲਿਆਣ ਦਾ ਗਾਇਨ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਦੀ ਟਕਸਾਲੀ ਪਰੰਪਰਾ ਵਿਚ ਸੀਨਾ-ਬ-ਸੀਨਾ ਪ੍ਰਚੱਲਿਤ ਸ਼ਬਦ ਰਚਨਾਵਾਂ ਵਿਚ ਕਲਿਆਣ ਥਾਟ ਦੇ ਅਨੁਸਾਰ ਰਾਗ ਕਲਿਆਣ ਦਾ ਪ੍ਰਯੋਗ ਕੀਤਾ ਗਿਆ ਹੈ।[176] ਜਿਸ ਵਿਚ ਮਧਿਅਮ ਤੀਵਰ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਗੰਧਾਰ, ਸੰਵਾਦੀ ਨਿਸ਼ਾਦ, ਜਾਤੀ ਸੰਪੂਰਣ-ਸੰਪੂਰਣ ਤੇ ਗਾਇਨ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਰਾਗ ਦਾ ਆਰੋਹ : ਨੀ ਰੇ ਗ, ਮੰ ਪ, ਮੰ ਧ, ਨੀ ਸਂ ਤੇ ਅਵਰੋਹ : ਸਂ ਨੀ ਧ ਪ, ਮੰ ਗ, ਰੇ ਨ਼ੀ ਰੇ ਸ ਹੈ।ਰਾਗ ਦਾ ਸੁਰ ਵਿਸਥਾਰ : ਨੀ ਰੇ ਗ, ਗ ਰੇ ਗ ਮੰ ਪ ਰੇ, ਨ਼ੀ ਰੇ ਸ ਹੈ।[177]

ਦੌਧਰ ਟਕਸਾਲ ਦੀਆਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਸ਼ੁੱਧ ਕਲਿਆਣ, ਯਮਨ ਕਲਿਆਣ ਤੇ ਸ੍ਰੀ ਕਲਿਆਣ ਰਾਗ ਵਿਚ ਸ਼ਬਦ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।[178] ਜਦੋਂ ਕਿ ਸੈਦਪੁਰ ਠੱਠਾ ਟਿੱਬਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਏਮਨ ਕਲਿਆਣ, ਸ਼ੁੱਧ ਕਲਿਆਣ, ਹਮੀਰ ਕਲਿਆਣ, ਪੂਰੀਆਂ ਕਲਿਆਣ ਤੇ ਸਾਵਨੀ ਕਲਿਆਣ ਦਾ ਪ੍ਰਯੋਗ ਕੀਤਾ ਗਿਆ ਹੈ।[179]

ਡੁਮੇਲੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਕਲਿਆਣ ਰਾਗ ਦੇ ਬਹੁਤ ਸਾਰੇ ਰਾਗ ਪ੍ਰਕਾਰਾਂ ਦਾ ਪ੍ਰਯੋਗ ਕੀਤਾ ਗਿਆ ਹੈ ਜਿਵੇਂ : ਸੁਧ ਕਲਿਆਣ, ਹਮੀਰ ਕਲਿਆਣ, ਪੂਰੀਆ ਕਲਿਆਣ, ਸਾਵਨੀ

ਕਲਿਆਣ, ਭੂਪ ਕਲਿਆਣ, ਇਮਨ ਕਲਿਆਣ, ਸ਼ੁੱਧ ਕਲਿਆਣ, ਸ਼ਿਵ ਕਲਿਆਣ, ਦੁਰਗਾ ਕਲਿਆਣ, ਆਨੰਦ ਕਲਿਆਣ, ਸਾਮੰਤ ਕਲਿਆਣ, ਰਾਜ ਕਲਿਆਣ, ਹਮੀਰ ਕਲਿਆਣ, ਮਧੁ ਕਲਿਆਣ, ਗੌਰ ਕਲਿਆਣ, ਜੈਤ ਕਲਿਆਣ, ਸ਼ਿਆਮ ਕਲਿਆਣ, ਸ਼ੁਭ ਕਲਿਆਣ, ਲਛਮੀ ਕਲਿਆਣ, ਹੇਮ ਕਲਿਆਣ ਪੂਰਵਾ ਕਲਿਆਣ।[180] ਗੋਰਖ ਕਲਿਆਣ, ਨਵਕਲਿਆਣ, ਸਾਵਨੀ ਕਲਿਆਣ, ਕਲਿਆਣ ਬਸੰਤ, ਪੰਚ ਕਲਿਆਣ, ਖਵਾਜਾ ਕਲਿਆਣ, ਜਲਧਰ ਕਲਿਆਣ, ਹੰਸ ਕਲਿਆਣ, ਮੋਹਨ ਕਲਿਆਣ, ਸਰਸ ਕਲਿਆਣ, ਕਲਿਆਣ ਕੇਸਰੀ, ਚੰਦਰ ਕਲਿਆਣ।[181]

ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਦੇ ਤੁਲਨਾਤਮਕ ਸਰਵੇਖਣ ਤੋਂ ਸਪੱਸ਼ਟ ਹੁੰਦਾ ਹੈ ਕਿ ਵਿਭਿੰਨ ਟਕਸਾਲਾਂ ਵਿਚ ਕਲਿਆਣ ਰਾਗ ਦਾ ਸਰੂਪ ਇਕ ਸਮਾਨ ਹੀ ਪ੍ਰਚਾਰ ਵਿਚ ਰਿਹਾ ਹੈ ਪ੍ਰੰਤੂ ਕਈ ਟਕਸਾਲਾਂ ਵਿਚੋਂ ਕਲਿਆਣ ਰਾਗ ਦੇ ਕਈ ਰਾਗ ਪ੍ਰਕਾਰਾਂ ਵਿਚ ਵੀ ਸ਼ਬਦ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।

**1.30. ਪ੍ਰਭਾਤੀ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਪ੍ਰਭਾਤੀ ਨੂੰ ਤੀਂਹਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 1327 ਅੰਗ ਤੋਂ ਆਰੰਭ ਹੁੰਦੀ ਹੈ। ਭਾਰਤੀ ਸੰਗੀਤ ਪਰੰਪਰਾ ਵਿਚ ਰਾਗ ਪ੍ਰਭਾਤੀ ਦਾ ਵਰਨਣ ਨਹੀਂ ਮਿਲਦਾ। ਇਹ ਗੁਰਮਤਿ ਸੰਗੀਤ ਪਰੰਪਰਾ ਦਾ ਮੌਲਿਕ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭਾਤੀ ਰਾਗ ਦੇ ਤਿੰਨ ਰਾਗ ਪ੍ਰਕਾਰ ਪ੍ਰਭਾਤੀ ਦੱਖਣੀ, ਪ੍ਰਭਾਤੀ ਬਿਭਾਸ ਤੇ ਬਿਭਾਸ ਪ੍ਰਭਾਤੀ ਦਰਜ ਹਨ।

ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾ ਵਿਚ **ਬਿਲਾਵਲ ਥਾਟ** ਦਾ ਰਾਗ ਪ੍ਰਭਾਤੀ ਪ੍ਰਚਲਿਤ ਹੈ। ਜਿਸ ਦੇ ਆਰੋਹ ਵਿਚ ਮਧਿਅਮ, ਨਿਸ਼ਾਦ ਸੁਰ ਵਰਜਿਤ ਤੇ ਅਵਰੋਹ ਵਿਚ ਸਿਰਫ ਮਧਿਅਮ ਸੁਰ ਵਰਜਿਤ ਹੈ। ਵਾਦੀ ਸ਼ੜਜ, ਸੰਵਾਦੀ ਪੰਚਮ, ਜਾਤੀ ਔੜਵ - ਸਾੜਵ ਤੇ ਗਾਇਨ ਸਮਾਂ ਸਵੇਰ ਦਾ ਪਹਿਲਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਰੇ ਗ ਪ ਧ ਸਂ ਅਵਰੋਹ : ਸਂ ਨੀ ਧ ਨੀ ਪ, ਗ ਰੇ ਸ ਹੈ। ਇਸ ਰਾਗ ਦਾ ਮੁੱਖ ਅੰਗ : ਪ ਧ ਸਂ, ਨੀ ਧ ਨੀ ਪ, ਪ ਧ, ਗ ਪ ਧ ਪ ਗ ਰੇ ਸ।[182]

ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚੋਂ ਪ੍ਰਾਪਤ ਪ੍ਰਭਾਤੀ ਰਾਗ ਦੇ ਸਰੂਪ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਪਤਾ ਲੱਗਦਾ ਹੈ ਕਿ ਰਬਾਬੀ ਅਤੇ ਟਕਸਾਲੀ ਕੀਰਤਨਕਾਰ ਪ੍ਰਭਾਤੀ

ਰਾਗ ਦੇ ਤਿੰਨ ਸਰੂਪ (ਕਲਿਆਣ ਥਾਟ, ਭੈਰਵ ਥਾਟ, ਬਿਲਾਵਲ ਥਾਟ) ਦਾ ਪ੍ਰਯੋਗ ਕੀਰਤਨ ਵਿਚ ਕਰਦੇ ਸਨ।

**ਕਲਿਆਣ ਥਾਟ** ਦੇ ਪ੍ਰਭਾਤੀ ਰਾਗ ਦੇ ਆਰੋਹ ਵਿਚ ਮਧਿਅਮ ਤੇ ਨਿਸ਼ਾਦ ਸੁਰ ਵਰਜਿਤ ਹਨ ਤੇ ਅਵਰੋਹ ਵਿਚ ਮਧਿਅਮ ਸੁਰ ਵਰਜਿਤ ਹੈ। ਵਾਦੀ ਸ਼ੜਜ, ਸੰਵਾਦੀ ਪੰਚਮ, ਜਾਤੀ ਔੜਵ-ਸੰਪੂਰਣ ਤੇ ਗਾਇਨ ਸਮਾਂ ਪ੍ਰਭਾਤ ਦਾ ਹੈ। ਇਸ ਪ੍ਰਭਾਤੀ ਦੇ ਗਾਇਨ ਦਾ ਪ੍ਰਚਾਰ ਪੁਰਾਤਨ ਰਾਗੀ ਸਿੰਘ ਤੇ ਰਬਾਬੀ ਵਿਚ ਰਿਹਾ ਹੈ। ਇਸ ਦਾ ਆਰੋਹ : ਸ ਰੇ ਗ ਪ ਧ ਸਂ ਤੇ ਅਵਰੋਹ ਸਂ ਨੀ ਧ ਪ ਗ ਰੇ ਸ ਹੈ।ਸਵਰ ਵਿਸਥਾਰ : ਪ ਧ ਸਂ, ਨੀ ਧ ਨੀ ਪ, ਗ ਰੇ ਗ ਪ ਧ ਸਂ, ਧ ਪ ਗ ਰੇ ਸ।[183]

**ਭੈਰਵ ਥਾਟ** ਦੇ ਪ੍ਰਭਾਤੀ ਰਾਗ ਵਿਚ ਰਿਸ਼ਭ, ਧੈਵਤ ਕੋਮਲ, ਦੋਵੇਂ ਮਧਿਅਮ ਤੇ ਬਾਕੀ ਸਾਰੇ ਸ਼ੁੱਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਮਧਿਅਮ, ਸੰਵਾਦੀ ਸ਼ੜਜ, ਜਾਤੀ ਸੰਪੂਰਣ-ਸੰਪੂਰਣ ਤੇ ਗਾਇਨ ਸਮਾਂ ਸਵੇਰ ਦਾ ਹੈ। ਆਰੋਹ : ਸ ਰੇ੍ ਗ ਮ, ਮ। ਮ ਗ, ਮ ਪ ਧ੍ਹ ਨੀ ਸ ਤੇ ਅਵਰੋਹ ਸਂ ਨੀ ਧ੍ਹ ਪ ਮ, ਮ। ਮ ਗ, ਰੇ੍ ਸ।[184]

**ਬਿਲਾਵਲ ਥਾਟ** ਦੇ ਪ੍ਰਭਾਤੀ ਰਾਗ ਦਾ ਸਰੂਪ ਵਰਤਮਾਨ ਪ੍ਰਚਲਿਤ ਸਰੂਪ ਹੈ। ਜਿਹੜਾ ਪਹਿਲਾ ਦਿੱਤਾ ਜਾ ਚੁੱਕਾ ਹੈ। ਸੈਦਪੁਰ ਠੱਠਾ ਟਿਬਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਮਾਰਵਾ ਥਾਟ ਦੇ ਪ੍ਰਭਾਤੀ ਬਿਭਾਸ ਰਾਗ ਦਾ ਵੀ ਵਰਨਣ ਕੀਤਾ ਗਿਆ ਹੈ।[185] ਟਕਸਾਲਾਂ ਤੋਂ ਪ੍ਰਾਪਤ ਰਚਨਾਵਾਂ ਦਾ ਤੁਲਨਤਾਮਕ ਸਰਵੇਖਣ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਦੌਧਰ ਟਕਸਾਲ, ਮਸਤੂਆਣਾ ਟਕਸਾਲ, ਦਮਦਮੀ ਟਕਸਾਲ ਤੇ ਜਵੱਦੀ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਬਿਲਾਵਲ ਥਾਟ ਦੇ ਪ੍ਰਭਾਤੀ ਰਾਗ ਦਾ ਪ੍ਰਯੋਗ ਕੀਤਾ ਗਿਆ ਹੈ ਜਦੋਂ ਕਿ ਹਰਗੁਨਾ ਟਕਸਾਲ, ਡੁਮੇਲੀ ਟਕਸਾਲ ਤੇ ਸੈਦਪੁਰ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਉਪਰੋਕਤ ਤਿੰਨਾਂ ਹੀ ਪ੍ਰਕਾਰ ਦੇ ਪ੍ਰਭਾਤੀ ਰਾਗ ਵਿਚ ਸ਼ਬਦ ਰਚਨਾਵਾ ਪ੍ਰਾਪਤ ਹੁੰਦੀਆਂ ਹਨ।

**1.31. ਜੈਜਾਵੰਤੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਜੈਜਾਵੰਤੀ ਨੂੰ ਇਕੱਤੀਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਵਿਚ ਬਾਣੀ 1352 ਅੰਗ ਤੋਂ ਆਰੰਭ ਹੁੰਦੀ ਹੈ। ਵਰਤਮਾਨ ਸਮੇਂ ਭਾਰਤੀ ਸੰਗੀਤ

ਪਰੰਪਰਾ ਅਤੇ ਗੁਰਮਤਿ ਸੰਗੀਤ ਪਰੰਪਰਾ ਵਿਚ **ਖਮਾਜ ਥਾਟ** ਦੇ ਰਾਗ ਜੈਜਾਵੰਤੀ ਦਾ ਪ੍ਰਯੋਗ ਪ੍ਰਚਾਰ ਵਿਚ ਹੈ।[186]

ਸੈਦਪੁਰ ਠੱਠਾ ਟਿੱਬਾ ਟਕਸਾਲ[187], ਡੁਮੇਲੀ ਟਕਸਾਲ[188] ਅਤੇ ਹਰਗੁਨਾ ਟਕਸਾਲ[189] ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚੋਂ ਪ੍ਰਾਪਤ ਜੈਜਾਵੰਤੀ ਰਾਗ ਦੇ ਸਰੂਪ ਦਾ ਤੁਲਾਨਤਮਕ ਸਰਵੇਖਣ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਟਕਸਾਲਾਂ ਵਿਚ ਖਮਾਜ ਥਾਟ ਦੇ ਰਾਗ ਜੈਜਾਵੰਤੀ ਦਾ ਹੀ ਪ੍ਰਯੋਗ ਪ੍ਰਚਾਰ ਵਿਚ ਰਿਹਾ ਹੈ। ਇਸ ਰਾਗ ਵਿਚ ਦੋਨੋਂ ਗੰਧਾਰ, ਦੋਨੋਂ ਨਿਸ਼ਾਦ ਤੇ ਬਾਕੀ ਸਾਰੇ ਸ਼ੁੱਧ ਸੁਰਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਦੀ ਰਿਸ਼ਭ, ਸੰਵਾਦੀ ਪੰਚਮ, ਜਾਤੀ ਸ਼ਾੜਵ- ਸੰਪੂਰਣ ਤੇ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਰਾਗ ਦਾ ਆਰੋਹ : ਸ ਰੇ ਗ ਮ ਪ, ਨੀ ਸਂ ਤੇ ਅਵਰੋਹ ਸਂ ਨ਼ੀ ਧ ਪ, ਧ ਮ, ਰੇ ਗ਼ੁ ਰੇ ਸ ਹੈ। ਇਸ ਰਾਗ ਦਾ ਸਵਰ ਵਿਸਥਾਰ ਰੇ ਗ਼ੁ ਰੇ ਸ, ਨ਼ੀ ਸ ਧ਼ ਨ਼ੀ ਰੇ।

## 2. ਟਕਸਾਲਾਂ ਤੋਂ ਪ੍ਰਾਪਤ ਤਾਲਾਂ ਦਾ ਤੁਲਨਾਤਮਕ ਸਰਵੇਖਣ

ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ ਵਿਚੋਂ ਪ੍ਰਾਪਤ ਸੰਗੀਤ ਸਮੱਗਰੀ ਦਾ ਅਧਿਐਨ ਕਰਨ ਤੋਂ ਬਹੁਤ ਸਾਰੇ ਪ੍ਰਚਲਿਤ ਤੇ ਅਪ੍ਰਚਲਿਤ ਤਾਲਾਂ ਦਾ ਵਰਨਣ ਪ੍ਰਾਪਤ ਹੁੰਦਾ ਹੈ। ਇਨ੍ਹਾਂ ਤਾਲਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਟਕਸਾਲੀ ਕੀਰਤਨਕਾਰਾਂ ਨੇ ਆਪਣੀਆਂ ਸ਼ਬਦ ਰਚਨਾਵਾਂ ਵਿਚ ਗਾਇਨ ਸ਼ੈਲੀਆਂ ਅਨੁਸਾਰ ਤਾਲ ਦਾ ਪ੍ਰਯੋਗ ਕੀਤਾ ਹੈ। ਸਰਵੇਖਣ ਦੇ ਅਧਾਰ ਤੇ ਇਨ੍ਹਾਂ ਰਚਨਾਵਾਂ ਵਿਚ ਕਈ ਅਜਿਹੇ ਤਾਲਾਂ ਦਾ ਪ੍ਰਯੋਗ ਵੀ ਪ੍ਰਾਪਤ ਹੁੰਦਾ ਹੈ ਜਿਹੜੇ ਵਰਤਮਾਨ ਸਮੇਂ ਪ੍ਰਚਾਰ ਵਿਚ ਨਹੀਂ ਹਨ ਪ੍ਰੰਤੂ ਟਕਸਾਲੀ ਸ਼ਬਦ ਰਚਨਾਵਾਂ ਵਿਚ ਇਨ੍ਹਾਂ ਤਾਲਾਂ ਦਾ ਪ੍ਰਯੋਗ ਪ੍ਰਚਾਰ ਵਿਚ ਰਿਹਾ ਹੈ। ਇਸ ਤੋਂ ਇਲਾਵਾ ਪ੍ਰਾਪਤ ਰਚਨਾਵਾਂ ਦਾ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਟਕਸਾਲਾਂ ਵਿਚ ਪ੍ਰਚਲਿਤ ਤਾਲਾਂ ਦੇ ਬੋਲਾਂ ਵਿਚ ਵੀ ਭਿੰਨਤਾ ਪਾਈ ਜਾਦੀ ਹੈ। ਇਸ ਲਈ ਅਸੀਂ ਆਪਣੇ ਖੋਜ ਕਾਰਜ ਦੇ ਇਸ ਅਧਿਆਇ ਵਿਚ ਟਕਸਾਲਾਂ ਤੋਂ ਪ੍ਰਾਪਤ ਅਜਿਹੇ ਨਿਮਨਲਿਖਿਤ ਤਾਲਾਂ ਦਾ ਤੁਲਨਾਤਮਕ ਸਰਵੇਖਣ ਕੀਤਾ ਹੈ ਜਿਨ੍ਹਾਂ ਦੇ ਬੋਲਾਂ ਵਿਚ ਭਿੰਨਤਾ ਪਾਈ ਗਈ ਹੈ।

**2.1 ਮੱਤ ਤਾਲ** ਭਾਰਤੀ ਸੰਗੀਤ ਪਰੰਪਰਾ ਵਿਚ ਪ੍ਰਚਲਿਤ ਤਾਲ ਦੀ ਸ੍ਰੇਣੀ ਵਿਚ ਆਉਂਦਾ ਹੈ। ਇਸ ਤਾਲ ਦੇ ਨੌ ਮਾਤਰਾ, ਦੋ-ਤਿੰਨ-ਚਾਰ ਮਾਤਰਵਾਂ ਦੇ ਤਿੰਨ ਵਿਭਾਗ ਹਨ। ਪਹਿਲੀ, ਤੀਸਰੀ ਤੇ ਛੇਵੀਂ ਮਾਤਰਾ ਤੇ ਤਾਲੀ ਹੈ। ਭਾਰਤੀ ਸੰਗੀਤ ਪਰੰਪਰਾ ਵਿਚ ਮੱਤ ਤਾਲ ਦੇ ਪ੍ਰਚਲਿਤ ਬੋਲ : *ਧਿੰ ਤਿਟਕਿਟ, ਧਿੰ ਧਿੰ ਨਾ, ਧਾ ਧਾਗੇ ਨਧਾ ਤਿਟਕਿਟ* ਹਨ[190] ਤੇ ਇਹ ਤਬਲੇ ਤੇ ਬੰਦ ਬੋਲਾਂ ਦੇ ਰੂਪ ਵਿਚ ਵਜਾਈ ਜਾਂਦੀ ਹੈ ਪ੍ਰੰਤੂ ਟਕਸਾਲ ਪਰੰਪਰਾ ਵਿਚ ਇਸ ਤਾਲ ਨੂੰ ਖੁੱਲੇ ਬੋਲਾਂ ਦੇ ਰੂਪ ਵਿਚ ਪਖਾਵਜ ਤੇ ਵਜਾਇਆ ਜਾਂਦਾ ਹੈ। ਟਕਸਾਲ ਤੋਂ ਪ੍ਰਾਪਤ ਤਾਲ ਸਰੂਪਾਂ ਦਾ ਤੁਲਨਾਤਮਿਕ ਸਰਵੇਖਣ ਕਰਨ ਤੋਂ ਪਤਾ ਲਗਦਾ ਹੈ ਕਿ ਮੱਤ ਤਾਲ ਨੂੰ ਵਿਭਿੰਨ ਟਕਸਾਲਾਂ ਵਿਚ ਅਲੱਗ-ਅਲੱਗ ਬੋਲਾਂ ਤੋਂ ਵਜਾਇਆ ਜਾਂਦਾ ਰਿਹਾ ਹੈ ਜਿਵੇਂ ਡੁਮੇਲੀ ਟਕਸਾਲ ਦੇ ਪ੍ਰਚੱਲਿਤ ਬੋਲਾਂ ਵਿਚ *ਧਾ ਧਿੜ, ਨਰਾ ਧਿੜ ਨਰਾ, ਤਿਟ ਕੱਤਾ ਗਦੀ ਗਿਨਾ* ਦਾ ਪ੍ਰਯੋਗ ਕੀਤਾ ਜਾਂਦਾ ਹੈ।[191] ਜਦੋਂ ਕਿ ਦੌਧਰ ਟਕਸਾਲ ਤੇ ਦਮਦਮੀ ਟਕਸਾਲ ਦੇ ਪ੍ਰਚਲਿਤ ਬੋਲਾਂ ਵਿਚ *ਧੀ ਨਾ, ਧੀ ਧੀ ਨਾ, ਤਿਟਕਿਟ ਧਾਤਿਟ ਕਿਟਧਾ ਤਿਟਕਿਟ* ਦਾ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ।[192] ਟਕਸਾਲ ਪਰੰਪਰਾ ਵਿਚ ਮਤ ਤਾਲ ਦਾ ਇਕ ਹੋਰ ਸਰੂਪ *ਧਾ ਧਿੰ, ਨਕ ਧਿੰ ਨਕ, ਤਿਟ ਕਤਾ ਗਦੀ ਗਨੀ* ਵੀ ਪ੍ਰਾਪਤ ਹੁੰਦਾ ਹੈ।[193] ਇਸ ਤਾਲ ਦਾ ਪ੍ਰਯੋਗ ਦਮਦਮੀ ਟਕਸਾਲ, ਦੌਧਰ ਟਕਸਾਲ, ਸੈਦਪੁਰ ਠੱਠਾ ਟਿੱਬਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਕੀਤਾ ਗਿਆ ਹੈ ਤੇ ਇਹ ਟਕਸਾਲੀ ਪਰੰਪਰਾ ਦਾ ਇਕ ਵਿਸ਼ੇਸ਼ ਪ੍ਰਚਲਿਤ ਤਾਲ ਹੈ।

**2.2 ਧਮਾਰ ਤਾਲ** ਦਾ ਪ੍ਰਯੋਗ ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਕੀਤਾ ਗਿਆ ਹੈ ਅਤੇ ਇਸ ਤਾਲ ਦਾ ਪ੍ਰਯੋਗ ਗੁਰਮਤਿ ਸੰਗੀਤ ਪਰੰਪਰਾ ਤੇ ਭਾਰਤੀ ਸੰਗੀਤ ਪਰੰਪਰਾ ਵਿਚ ਪ੍ਰਚਲਿਤ ਹੈ। ਇਸ ਤਾਲ ਦੇ ਚੋਦਾ ਮਾਤਰਾ, ਪੰਜ-ਦੋ-ਤਿੰਨ-ਚਾਰ ਮਾਤਰਵਾ ਦੇ ਚਾਰ ਵਿਭਾਗ ਹਨ। ਪਹਿਲੀ, ਛੇਵੀ, ਗਿਆਰਵੀ ਮਾਤਰਾ ਤੇ ਤਾਲੀ ਅਤੇ ਅੱਠਵੀਂ ਮਾਤਰਾ ਖਾਲੀ ਹੁੰਦੀ ਹੈ। ਟਕਸਾਲਾਂ ਤੋਂ ਪ੍ਰਾਪਤ ਧਮਾਰ ਤਾਲ ਦੇ ਬੋਲਾਂ ਦਾ ਤੁਲਨਾਤਮਕ ਸਰਵੇਖਣ ਕਰਨ ਤੇ ਪਤਾ ਲਗਦਾ ਹੈ ਕਿ ਵਿਭਿੰਨ ਟਕਸਾਲਾਂ ਵਿਚ ਇਸ ਤਾਲ ਨੂੰ ਅਲੱਗ-ਅਲੱਗ ਬੋਲਾਂ ਤੋਂ ਵਜਾਇਆ ਜਾਂਦਾ ਰਿਹਾ ਹੈ। ਟਕਸਾਲੀ ਪਰੰਪਰਾ ਵਿਚ ਇਸ ਤਾਲ ਨੂੰ ਪੰਜਾਬੀ ਧਮਾਰ ਵੀ ਕਿਹਾ ਜਾਂਦਾ ਹੈ। ਇਹ ਪਖਾਵਜ ਤੇ ਖੁੱਲੇ ਬੋਲਾਂ ਦੇ ਰੂਪ ਵਿਚ ਵਜਾਈ ਜਾਂਦੀ ਹੈ। ਪੰਜਾਬੀ ਧਮਾਰ ਦੇ ਬੋਲ ਇਸ ਪ੍ਰਕਾਰ ਹਨ :

*ਤਾ ਧਿੰ ਙਕਿੜ ਧਿੰ ਧਿੰ, ਧਾਗੇ ਤਿਟਕਿਟ, ਧਾਗੇ ਨਾਤੀ ਙਨ, ਤਾ ਤਿਟਕਿਟ ਤਾ ਤਿਟਕਿਟ।*[194]

ਵਿਭਿੰਨ ਟਕਸਾਲਾਂ ਵਿਚ ਉਪਰੋਕਤ ਬੋਲਾਂ ਦਾ ਹੀ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ ਪ੍ਰੰਤੂ ਡਮੇਲੀ ਟਕਸਾਲ ਵਿਚ ਧਮਾਰ ਦਾ ਇਕ ਹੋਰ ਸਰੂਪ ਵੀ ਪ੍ਰਚਾਰ ਵਿਚ ਰਿਹਾ ਹੈ ਜਿਸ ਦੇ ਬੋਲ ਇਸ ਪ੍ਰਕਾਰ ਹਨ : *ਤ੍ਰਕ ਧਿੰ ਤਿਰਕਿਟ ਧਿੰ ਧਿੰ, ਧਾਗੇ ਤਿਟਕਤ, ਧਾਗੇ ਤਿ ਤਿਟਕਤਾ, ਤਾ ਤਿਟਕਤਾ ਤਾ ਤਿਟਕਤਾ।*[195] ਇਸ ਤਾਲ ਦਾ ਪ੍ਰਯੋਗ ਪੁਰਾਤਨ ਰਾਗੀ, ਰਬਾਬੀ ਕੀਰਤਨਕਾਰ, ਧਰੁਪਦ, ਧਮਾਰ ਅੰਗ ਦੇ ਸ਼ਬਦਾਂ ਵਿਚ ਅਤੇ ਵਿਲੰਬਿਤ ਲੈਅ ਦੀਆਂ ਗਾਇਨ ਸ਼ੈਲੀਆਂ ਨਾਲ ਕਰਦੇ ਸਨ।

**2.3 ਫਰੋਦਸਤ ਤਾਲ** ਟਕਸਾਲੀ ਪਰੰਪਰਾ ਦਾ ਇਕ ਪ੍ਰਚਲਿਤ ਤੇ ਮਹੱਤਵਪੂਰਨ ਤਾਲ ਹੈ ਇਸ ਤਾਲ ਦਾ ਪ੍ਰਯੋਗ ਵਿਭਿੰਨ ਟਕਸਾਲਾਂ ਦੀਆਂ ਸ਼ਬਦ ਰਚਨਾਵਾਂ ਵਿਚ ਕੀਤਾ ਗਿਆ ਹੈ। ਇਹ 14 ਮਾਤਰਾਵਾਂ ਦਾ ਤਾਲ ਹੈ ਅਤੇ ਦੋ-ਦੋ ਮਾਤਰਾਵਾਂ ਦੇ ਸੱਤ ਵਿਭਾਗ, ਪਹਿਲੀ, ਪੰਜਵੀ, ਨੌਵੀ, ਗਿਆਰਵੀਂ, ਤੇਰਵੀਂ ਮਾਤਰਾ ਤੇ ਤਾਲੀ ਅਤੇ ਤੀਸਰੀ, ਸੱਤਵੀਂ ਮਾਤਰਾ ਖਾਲੀ ਹੁੰਦੀ ਹੈ। ਇਸ ਤਾਲ ਦਾ ਪ੍ਰਯੋਗ ਪੁਰਾਤਨ ਰਾਗੀ, ਰਬਾਬੀ ਕੀਰਤਨਕਾਰ ਧਰੁਪਦ, ਅਸਟਪਦੀ, ਪਦੇ ਗਾਇਨ ਸ਼ੈਲੀਆਂ ਨਾਲ ਵਿਲੰਬਿਤ ਲੈਅ ਵਿਚ ਕਰਦੇ ਰਹੇ ਹਨ, ਗੁਰਮਤਿ ਸੰਗੀਤ ਪਰੰਪਰਾ ਵਿਚ ਪ੍ਰਚਲਿਤ ਵਿਭਿੰਨ ਟਕਸਾਲਾਂ ਵਿਚੋਂ ਪ੍ਰਾਪਤ ਤਾਲ ਸਰੂਪ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਪਤਾ ਲੱਗਦਾ ਹੈ ਕਿ ਇਸ ਤਾਲ ਨੂੰ ਅਲੱਗ-ਅਲੱਗ ਬੋਲਾਂ ਤੋਂ ਵਜਾਇਆ ਜਾਂਦਾ ਸੀ ਜਿਵੇਂ ਡਮੇਲੀ ਟਕਸਾਲ ਦੇ ਬੋਲ : *ਧਿੰ ਧਿੰ,ਧਾਗੇ ਤਿਰਕਿਟ, ਤੂ ਨਾ, ਕ ਤਾ, ਧਿੰਨ, ਕਧਾ, ਤਿਰਕਿਟ ਧਿੰਨ, ਕਧਾ ਤਿਰਕਿਟ।*[196] ਦੌਧਰ ਟਕਸਾਲ ਦੇ ਪ੍ਰਚਲਿਤ ਬੋਲ ਇਸ ਪ੍ਰਕਾਰ ਹਨ : *ਧਿੰ ਤਿਰਕਿਟ, ਧਿੰ ਧਿੰ, ਧਾ ਧਾ, ਟੇ ਤੀ, ਧਾਤਿਟ ਕਿਟਧੇ, ਨਕ ਧਾਤਿਟ, ਕਿਵਧੇ ਨਕ।*[197] ਮਸਤੂਆਣਾ ਟਕਸਾਲ ਤੋਂ ਪ੍ਰਾਪਤ ਬੋਲ ਇਸ ਪ੍ਰਕਾਰ ਹਨ : *ਧਿੰ ਕਿਟ, ਧਿੰ ਧਿੰ, ਧਾ ਧਾ, ਟੇ ਤੀ, ਧਾਤਿਰ ਕਿੜਧਿੰ, ਨਕ ਧਾਤਿਰ, ਕਿੜ ਧਿੰਨਕ।* ਸੈਦਪੁਰ ਠੱਠਾ ਟਿੱਬਾ ਟਕਸਾਲ ਵਿਚ ਫਰੋਦਸਤ ਤਾਲ ਦੇ ਪ੍ਰਚੱਲਿਤ ਬੋਲ ਇਸ ਪ੍ਰਕਾਰ ਹਨ : *ਧਿੰ ਧਿੰ ਧਾਗੇ ਤ੍ਰਿਕਟ ਤਿ ਨਾ ਕ ਤੀ ਧਾਤ੍ਰਿ ਕੜਧਿੰ ऽਨਗ ਧਾਤ੍ਰਿ ਕੜਧਿੰ ऽਗਨ।*[198]

**4.4 ਸੂਲ ਤਾਲ** ਦੇ ਕਈ ਸਰੂਪ ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸੰਗੀਤ ਸਮੱਗਰੀ ਵਿਚ ਪ੍ਰਾਪਤ ਹੁੰਦੇ ਹਨ। ਭਾਰਤੀ ਸੰਗੀਤ ਪਰੰਪਰਾ ਵਿਚ ਇਸ ਤਾਲ ਨੂੰ ਸੂਲਤਾਲ, ਡਮੇਲੀ, ਟਕਸਾਲ ਵਿਚ ਸੁਲਫਾਕਤਾ ਅਤੇ ਮਸਤੂਆਣਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਅਸੂਲੇਫਾਖਿਤਾ ਕਿਹਾ ਗਿਆ ਹੈ। ਟਕਸਾਲਾਂ ਤੋਂ ਪ੍ਰਾਪਤ ਸੂਲ ਤਾਲ ਦੇ ਸਰੂਪ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਪਤਾ ਲਗਦਾ ਹੈ ਕਿ ਵਿਭਿੰਨ ਟਕਸਾਲਾਂ

ਵਿਚ ਇਸ ਤਾਲ ਨੂੰ ਅਲੱਗ-ਅਲੱਗ ਬੋਲਾਂ ਤੋਂ ਵਜਾਇਆ ਜਾਂਦਾ ਰਿਹਾ ਹੈ। ਇਸ ਤਾਲ ਦੀਆਂ ਦਸ ਮਾਤਰਾਵਾਂ, ਦੋ-ਦੋ ਮਾਤਰਾ ਦੇ ਪੰਜ ਵਿਭਾਗ ਅਤੇ ਪਹਿਲੀ, ਪੰਜਵੀਂ, ਸੱਤਵੀਂ, ਮਾਤਰਾਂ ਤੇ ਤਾਲੀ ਅਤੇ ਤੀਸਰੀ, ਨੌਵੀ ਮਾਤਰਾ ਤੇ ਖਾਲੀ ਹੁੰਦੀ ਹੈ। ਤਾਲ ਦੇ ਬੋਲ ਇਸ ਪ੍ਰਕਾਰ ਹਨ : *ਧਾ ਧਾ, ਦਿੰ ਤਾ, ਕਿਟ ਧਾ, ਤਿਟ ਕਤਾ, ਗਦੀ ਗਿਨਾ।*[199]

ਦੌਧਰ ਟਕਸਾਲ ਤੇ ਮਸਤੂਆਣਾ ਟਕਸਾਲ ਵਿਚ ਇਸ ਤਾਲ ਦੇ ਬੰਦ ਬੋਲ : *ਧਾ ਤਿਰਕਿਟ, ਧਿੰ ਨਾ, ਗੇ ਤੀ, ਧਾ ਧਾ, ਤਿੰ ਨਾ* ਦਾ ਪ੍ਰਯੋਗ ਪ੍ਰਚਾਰ ਵਿਚ ਰਿਹਾ ਹੈ।[200] ਜਦੋਂ ਕਿ ਡੁਮੇਲੀ ਟਕਸਾਲ ਤੇ ਸੈਦਪੁਰ ਠੱਠਾ ਟਿਬਾ ਟਕਸਾਲ ਵਿਚ ਬੰਦ ਤੇ ਖੁੱਲੇ ਦੋਵਾਂ ਹੀ ਪ੍ਰਕਾਰ ਦੇ ਬੋਲਾਂ ਦਾ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ। ਬੋਲ ਇਸ ਪ੍ਰਕਾਰ ਹਨ : *ਧਾਗੇ ਤਿਟ, ਕਤਾ ਗਦੀ, ਗਿਨ ਤਾਧੇ, ਤਿਟ, ਕਤਾ, ਗਦੀ ਗਿਨਾ।* ਦੂਜਾ ਸਰੂਪ : *ਧਾਤਿ ਧਾਗੇ, ਧਾਗੇ ਤਿਰਕਿਟ, ਤਕਤਾ ਤਾਤੀ, ਤਾਗੇ ਧਾਗੇ, ਤਿਰਕਿਟ ਤਕਤਾ।* ਤੀਜਾ ਸਰੂਪ : *ਧਾ, ਦਿੰ ਦਿੰ, ਤਾ, ਤਿਟ ਕਤਾ, ਗਦੀ ਗਿਨਾ।*[201]

2.5 **ਰੂਪਕ ਤਾਲ** ਦੇ ਕਈ ਸਰੂਪ ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸੰਗੀਤ ਸਮੱਗਰੀ ਵਿਚ ਪ੍ਰਾਪਤ ਹੁੰਦੇ ਹਨ। ਵਿਭਿੰਨ ਟਕਸਾਲਾਂ ਤੋਂ ਪ੍ਰਾਪਤ **ਰੂਪਕ ਤਾਲ** ਦੀਆਂ ਰਚਨਾਵਾਂ ਵਿਚ ਇਸ ਨੂੰ ਢਾਈਆ ਤਾਲ ਵੀ ਲਿਖਿਆ ਹੋਇਆ ਹੈ। ਟਕਸਾਲਾਂ ਤੋਂ ਪ੍ਰਾਪਤ ਰੂਪਕ ਤਾਲ ਦੇ ਸਰੂਪ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਪਤਾ ਲਗਦਾ ਹੈ ਕਿ ਵਿਭਿੰਨ ਟਕਸਾਲਾਂ ਵਿਚ ਇਸ ਤਾਲ ਨੂੰ ਅਲੱਗ-ਅਲੱਗ ਬੋਲਾਂ ਤੋਂ ਵਜਾਇਆ ਜਾਂਦਾ ਰਿਹਾ ਹੈ। ਦੌਧਰ ਟਕਸਾਲ ਤੇ ਡੁਮੇਲੀ ਟਕਸਾਲ ਵਿਚ ਇਸ ਤਾਲ ਨੂੰ ਪਖਾਵਜ ਤੇ ਵਜਾਉਣ ਦਾ ਪ੍ਰਚਾਰ ਰਿਹਾ ਹੈ। ਇਸ ਤਾਲ ਦੇ ਸੱਤ ਮਾਤਰਾ, ਤਿੰਨ-ਦੋ-ਦੋ ਮਾਤਰਵਾਂ ਦੇ ਤਿੰਨ ਵਿਭਾਗ ਅਤੇ ਪਹਿਲੀ, ਚੌਥੀ, ਛੇਵੀਂ, ਮਾਤਰਾ ਤੇ ਤਾਲੀ ਹੁੰਦੀ ਹੈ। ਤਾਲ ਦੇ ਬੋਲ ਇਸ ਪ੍ਰਕਾਰ ਹਨ : *ਧਾ ਧੁੰ ਤਾ, ਤਿਟ ਕਤਾ, ਗਦੀ ਗਿਨਾ।* ਦੂਜਾ ਸਰੂਪ : *ਤਿੰ ਤਿੰ ਤਿਟਕਤਾ, ਧਿੰ ਧਿੰ, ਧਾਗੇ ਤਿਟਕਤਾ।*[202]

2.6 **ਝੱਪਤਾਲ** ਭਾਰਤੀ ਸੰਗੀਤ ਪਰੰਪਰਾ ਦਾ ਇਕ ਪ੍ਰਚਲਿਤ ਤਾਲ ਹੈ। ਇਸ ਤਾਲ ਦਾ ਪ੍ਰਯੋਗ ਤਬਲੇ ਤੇ ਬੰਦ ਬੋਲਾਂ ਦੇ ਰੂਪ ਵਿਚ ਕੀਤਾ ਜਾਂਦਾ ਹੈ। ਇਸ ਤਾਲ ਵਿਚ ਦਸ ਮਾਤਰਾ, ਦੋ, ਤਿੰਨ, ਦੋ ਤਿੰਨ ਮਾਤਰਾ ਦੇ ਚਾਰ ਵਿਭਾਗ ਤੇ ਪਹਿਲੀ, ਤੀਸਰੀ, ਅੱਠਵੀਂ, ਮਾਤਰਾ ਤੇ ਤਾਲੀ ਅਤੇ ਛੇਵੀਂ ਮਾਤਰਾ ਤੇ ਖਾਲੀ ਹੁੰਦੀ ਹੈ। ਗੁਰਮਤਿ ਸੰਗੀਤ ਪਰੰਪਰਾ ਵਿਚ ਇਸ ਤਾਲ ਦੇ ਬੋਲਾਂ ਦਾ ਪ੍ਰਯੋਗ ਬੰਦ ਤੇ ਖੁਲੇ ਦੋਵੇਂ ਹੀ ਪ੍ਰਕਾਰ

ਨਾਲ ਕੀਤਾ ਜਾਂਦਾ ਹੈ। ਟਕਸਾਲਾਂ ਤੋਂ ਪ੍ਰਾਪਤ ਝੱਪਤਾਲ ਦੇ ਸਰੂਪ ਦਾ ਤੁਲਨਾਤਮਕ ਸਰਵੇਖਣ ਕਰਨ ਤੋਂ ਪਤਾ ਲਗਦਾ ਹੈ ਕਿ ਵਿਭਿੰਨ ਟਕਸਾਲਾਂ ਵਿਚ ਇਸ ਤਾਲ ਨੂੰ ਅਲੱਗ-ਅਲੱਗ ਬੋਲਾਂ ਤੋਂ ਵਜਾਇਆ ਜਾਂਦਾ ਰਿਹਾ ਹੈ। ਦੌਧਰ ਟਕਸਾਲ ਵਿਚ ਪ੍ਰਚੱਲਿਤ ਝੱਪਤਾਲ ਦੇ ਬੋਲ ਇਸ ਪ੍ਰਕਾਰ ਹਨ : *ਧਿੰ ਤਿਟਕਿਟ ਧੀਂ ਨਾ ਗੇ ਤੀਂ ਧਾ ਧਾ ਤੂ ਨਾ।*[203] ਸੈਦਪੁਰ ਠੱਠਾ ਟਿੱਬਾ ਟਕਸਾਲ ਵਿਚ ਪ੍ਰਚੱਲਿਤ ਝੱਪਤਾਲ ਦੇ ਬੋਲ ਇਸ ਪ੍ਰਕਾਰ ਹਨ : *ਧਾ ਤ੍ਰਿਕਟ ਧਿੰ ਨਾ ਕ ਤੀ ਧਾ ਧਾ ਤਿੰ ਨਾ।*[204] ਡੁਮੇਲੀ ਟਕਸਾਲ ਤੋਂ ਪ੍ਰਾਪਤ ਝਪਤਾਲ ਦੇ ਸਰੂਪ ਵਿਚ ਇਸ ਨੂੰ ਪਖਾਵਜ ਤੇ ਖੁੱਲੇ ਬੋਲਾਂ ਦੇ ਰੂਪ ਵਿਚ ਵੀ ਵਜਾਇਆ ਜਾਂਦਾ ਰਿਹਾ ਹੈ। ਬੋਲ ਇਸ ਪ੍ਰਕਾਰ ਹਨ : *ਧਿੰ ਨਾ ਤਿਟ, ਧਿੰਨ Sਧਾ, ਕਿੰਨਾ ਤਿਟ, ਧਿੰਨ Sਧਾ ਧਿੰਨਾ*, ਦੂਜਾ ਸਰੂਪ : *ਧਿੰ ਤਿਟਕਤਾ, ਧਿੰ ਧਿੰ ਤਾ, ਕ ਤਾ, ਧਾਗੇ ਨਾਤੀ ਤਿਟਕਤਾ।*[205]

2.7 **ਗਜਝੱਪਾ ਤਾਲ** ਦਾ ਪ੍ਰਯੋਗ ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਕੀਤਾ ਗਿਆ ਹੈ। ਇਹ ਟਕਸਾਲੀ ਪਰੰਪਰਾ ਦਾ ਪ੍ਰਚਲਿਤ ਤਾਲ ਹੈ ਤੁਲਨਾਤਮਕ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਵਿਭਿੰਨ ਟਕਸਾਲ ਵਿਚ ਪ੍ਰਚਲਿਤ ਗਜਝੱਪਾ ਤਾਲ ਦੇ ਬੋਲਾਂ ਵਿਚ ਭਿੰਨਤਾ ਪਾਈ ਜਾਂਦੀ ਹੈ ਅਤੇ ਟਕਸਾਲਾਂ ਵਿਚ ਇਸ ਤਾਲ ਨੂੰ ਅਲੱਗ-ਅਲੱਗ ਬੋਲਾਂ ਤੋਂ ਵਜਾਇਆ ਜਾਂਦਾ ਰਿਹਾ ਹੈ। ਇਸ ਤਾਲ ਵਿਚ ਪੰਦਰਾ ਮਾਤਰਾ, ਚਾਰ, ਚਾਰ, ਤਿੰਨ, ਚਾਰ ਮਾਤਰਾ ਦੇ ਚਾਰ ਵਿਭਾਗ, ਪਹਿਲੀ, ਪੰਜਵੀਂ, ਬਾਰਵੀਂ ਮਾਤਰਾ ਤੇ ਖਾਲੀ ਅਤੇ ਨੌਵੀ ਮਾਤਰਾ ਤੇ ਖਾਲੀ ਹੁੰਦੀ ਹੈ, ਦੋਧਰ ਟਕਸਾਲ, ਦਮਦਮੀ ਟਕਸਾਲ, ਤਰਨਤਾਰਨ ਟਕਸਾਲ ਵਿਚ ਪ੍ਰਚਲਿਤ ਬੋਲ : *ਧਾS ਧਿੰਨ ਨਕ ਤਕ, ਧਾS ਧਿੰਨ ਨਕ ਤਕ, ਤਿੰਨ ਨਕ ਤਕ, ਤਿਟ ਕਤਾ ਗਦੀ ਗਿਨਾ।*[206]

ਡੁਮੇਲੀ ਟਕਸਾਲ ਵਿਚ ਪ੍ਰਚਲਿਤ ਬੋਲ : *ਧੀਕ ਧੀਕ ਧਿੰਨਾ ਗਿਨਾ, ਧੀਕ ਧੀਕ ਧਿੰਨਾ ਗਿੰਨਾ, ਤੀਕ ਤਿੰਨਾ ਕਿਨਾ, ਧੀਕ ਧੀਕ ਧਿੰਨਾ ਗਿਨਾ।*[207] ਇਸ ਤਾਲ ਦਾ ਪ੍ਰਯੋਗ ਵਿਲੰਬਿਤ ਲੈਯ ਦੀਆਂ ਗਾਇਨ ਸ਼ੈਲੀਆਂ ਨਾਲ ਕੀਤਾ ਜਾਂਦਾ ਹੈ। ਇਸ ਤਾਲ ਨੂੰ ਪਖਾਵਜ ਅਤੇ ਖੁਲੇ ਬੋਲਾਂ ਵਿਚ ਵਜਾਇਆ ਜਾਂਦਾ ਹੈ।

### 3. ਟਕਸਾਲਾਂ ਤੋਂ ਪ੍ਰਾਪਤ ਗਾਇਨ ਸੈਲੀਆਂ ਦਾ ਤੁਲਨਾਤਮਕ ਸਰਵੇਖਣ

ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਾਸਤਰੀ ਤੇ ਲੋਕ ਅੰਗ ਦੀ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਗਿਆ ਹੈ। ਇਨ੍ਹਾਂ ਰਚਨਾਵਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਟਕਸਾਲੀ ਕੀਰਤਨਕਾਰਾਂ ਨੇ ਬਾਣੀ ਵਿਚ ਦਰਜ ਸੰਕੇਤਾਂ ਅਨੁਸਾਰ ਹੀ ਗਾਇਨ ਸ਼ੈਲੀਆਂ ਦਾ ਪ੍ਰਯੋਗ ਕਰਦੇ ਸਨ। ਤੁਲਨਤਾਮਕ ਸਰਵੇਖਣ ਕਰਨ ਤੋਂ ਪਤਾ ਲੱਗਦਾ ਹੈ ਕਿ ਟਕਸਾਲੀ ਕੀਰਤਨਕਾਰਾਂ ਦੀਆਂ ਸ਼ਬਦ ਰਚਨਾਵਾਂ ਵਿਚ *ਧਰੁਪਦ, ਧਮਾਰ ,ਪੜਤਾਲ* ਤੇ ਖਿਆਲ ਗਾਇਨ ਸ਼ੈਲੀਆਂ ਦਾ ਵਧੇਰੇ ਪ੍ਰਯੋਗ ਕੀਤਾ ਗਿਆ ਹੈ।

**ਦੌਂਧਰ ਟਕਸਾਲ** ਤੋਂ ਪ੍ਰਾਪਤ ਰਚਨਾਵਾਂ ਵਿਚ ਧਰੁਪਦ[208], ਧਮਾਰ[209] ਤੇ ਖਿਆਲ ਗਾਇਨ ਸ਼ੈਲੀ ਦੀਆਂ ਬੰਦਿਸ਼ਾਂ ਪ੍ਰਾਪਤ ਹੋਇਆ ਹੈ। ਕਈ ਸ਼ਬਦ ਪੜਤਾਲ ਰੂਪ ਦੇ ਵਿਚ ਵੀ ਪ੍ਰਾਪਤ ਹੁੰਦੇ ਹਨ। ਜਦੋਂ ਕਿ ਵਧੇਰੇ ਸ਼ਬਦ ਪੜਤਾਲ ਰੂਪ ਦੇ ਵਿਚ ਵੀ ਪ੍ਰਾਪਤ ਹੁੰਦੇ ਹਨ।

**ਮਸਤੂਆਣਾ ਟਕਸਾਲ** ਦੀਆਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ *ਧਰੁਪਦ, ਧਮਾਰ, ਖਿਆਲ, ਪੜਤਾਲ* ਤੇ *ਗੁਲਦਸ਼ਤਾ* ਗਾਇਨ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ। ਇਨ੍ਹਾਂ ਰਚਨਾਵਾਂ ਵਿਚ ਵਧੇਰੇ ਰਚਨਾਵਾਂ ਉਸਤਾਦ ਜਸਵੰਤ ਸਿੰਘ ਤੀਬਰ ਦੀਆਂ ਹਨ। ਜਿਹੜੇ ਕਿ ਦੌਧਰ ਟਕਸਾਲ ਦੇ ਉਸਤਾਦ ਜੈਮਲ ਸਿੰਘ ਦੇ ਸ਼ਾਗਿਰਦ ਸਨ। ਜਿਸ ਕਾਰਨ ਇਨ੍ਹਾਂ ਦੀਆਂ ਸ਼ਬਦ ਰਚਨਾਵਾਂ ਵਿਚ ਵੀ ਦੌਧਰ ਟਕਸਾਲ ਦੀ ਗਾਇਕੀ ਦਾ ਅਸਰ ਸਪਸ਼ਟ ਨਜ਼ਰ ਆਉਂਦਾ ਹੈ। ਇਨ੍ਹਾਂ ਦੀਆਂ ਰਚਨਾਵਾਂ ਵਿਚ ਦੌਧਰ ਟਕਸਾਲ ਵਿਚ ਪ੍ਰਚਲਿਤ ਤਾਲ ਤੇ ਗਾਇਨ ਸ਼ੈਲੀਆਂ ਦਾ ਹੀ ਪ੍ਰਯੋਗ ਕੀਤਾ ਗਿਆ ਪ੍ਰਤੀਤ ਹੁੰਦਾ ਹੈ। ਮਸਤੂਆਣਾ ਟਕਸਾਲ ਦੇ ਉਸਤਾਦ ਭਾਈ ਸੁਰਜੀਤ ਸਿੰਘ ਦੀਆਂ ਸ਼ਬਦ ਰਚਨਾਵਾਂ ਵਿਚ ਕਈ ਬੰਦਿਸ਼ਾਂ ਗੁਲਦਸ਼ਤਾ ਸ਼ੈਲੀ ਵਿਚ ਵੀ ਹਨ।[210] ਇਹ ਰਚਨਾਵਾਂ ਮਸਤੂਆਣਾ ਟਕਸਾਲ ਦੀਆਂ ਵਿਸ਼ੇਸ਼ ਬੰਦਿਸ਼ਾਂ ਵਿਚ ਆਉਦੀਆਂ ਹਨ। ਇਸ ਗਾਇਨ ਸ਼ੈਲੀ ਦਾ ਪ੍ਰਯੋਗ ਦੂਜੀਆਂ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਾਪਤ ਨਹੀਂ ਹੁੰਦਾ।

**ਸੈਦਪੁਰ ਠੱਠਾ ਟਿਬਾ ਟਕਸਾਲ** ਤੋਂ ਪ੍ਰਾਪਤ ਰਚਨਾਵਾਂ ਵਿਚ ਧਰੁਪਦ, ਧਮਾਰ, ਪੜਤਾਲ ਤੇ ਖਿਆਲ ਅੰਗ ਦੀਆਂ ਸ਼ਾਸ਼ਤਰੀ ਗਾਇਨ ਸ਼ੈਲੀਆਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਟਕਸਾਲ ਦੀਆਂ

ਰਚਨਾਵਾਂ ਵਿਚ *ਹੋਲੀ* ਗਾਇਨ ਸ਼ੈਲੀ ਦੇ ਅੰਤਰਗਤ ਬੰਦਿਸ਼ਾਂ ਵੀ ਪ੍ਰਾਪਤ ਹੁੰਦੀ ਹੈ।[211] ਸੈਦਪੁਰ ਠੱਠਾ ਟਿਬਾ ਟਕਸਾਲ ਦੀਆਂ ਰਚਨਾਵਾਂ ਵਿਚ ਲੋਕ ਅੰਗ ਤੋਂ ਵਾਰਾਂ,[212] ਲਾਵਾਂ,[213] ਅਲਾਹੁਣੀਆਂ,[214]ਘੋੜੀਆਂ[215] ਤੇ ਸ਼ਬਦ ਰੀਤਾਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਟਕਸਾਲ ਤੋਂ ਪ੍ਰਾਪਤ ਰਚਨਾਵਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨੌ ਧੁਨੀਆਂ ਨੂੰ ਵਾਰਾਂ ਦੇ ਰੂਪ ਵਿਚ ਗਾਇਨ ਕੀਤੀਆਂ ਬੰਦਿਸ਼ਾਂ ਵੀ ਪ੍ਰਾਪਤ ਹੁੰਦੀਆਂ ਹਨ।

**ਡੁਮੇਲੀ ਟਕਸਾਲ** ਦੀਆਂ ਰਚਨਾਵਾਂ ਵਿਚ ਕੁੱਝ ਰਚਨਾਵਾਂ ਧਰੁਪਦ, ਧਮਾਰ ਤੇ ਪੜਤਾਲ ਗਾਇਨ ਸ਼ੈਲੀ ਵਿਚ ਦਰਜ ਹਨ ਪ੍ਰੰਤੂ ਵਧੇਰੇ ਰਚਨਾਵਾਂ ਖਿਆਲ ਗਾਇਨ ਸ਼ੈਲੀ ਵਿਚ ਹੀ ਦਰਜ ਹਨ। ਤਰਨਤਾਰਨ ਟਕਸਾਲ, ਸਿੰਘਾਂ ਵਾਲੀ ਟਕਸਾਲ ਅਤੇ ਹਰਗੁਨਾ ਟਕਸਾਲ ਦੀਆਂ ਸ਼ਬਦ ਰਚਨਾਵਾਂ ਵਿਚ ਵੀ ਵਧੇਰੇ ਪ੍ਰਯੋਗ ਖਿਆਲ ਗਾਇਨ ਸ਼ੈਲੀ ਵਿਚ ਪ੍ਰਾਪਤ ਹੁੰਦੀਆਂ ਹਨ।[216] ਉਪਰੋਕਤ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਦੇ ਤੁਲਨਾਤਮਕ ਅਧਿਐਨ ਤੋਂ ਅਸੀਂ ਕਹਿ ਸਕਦੇ ਹਾਂ ਕਿ ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਸ਼ਾਸਤਰੀ ਅਤੇ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਗਿਆ ਹੈ।

ਗੁਰਮਤਿ ਸੰਗੀਤ ਪਰੰਪਰਾ ਵਿਚ ਪ੍ਰਚਲਿਤ ਟਕਸਾਲਾਂ ਤੋਂ ਪ੍ਰਾਪਤ ਸੰਗੀਤ ਸਮੱਗਰੀ ਦੇ ਤੁਲਨਾਤਮਕ ਅਧਿਐਨ ਵਿਚ ਅਸੀਂ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਦਰਜ ਰਾਗ, ਤਾਲ ਅਤੇ ਗਾਇਨ ਸ਼ੈਲੀਆਂ ਦਾ ਤੁਲਨਾਤਮਕ ਅਧਿਐਨ ਕੀਤਾ ਹੈ। ਟਕਸਾਲਾਂ ਤੋਂ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਮੁੱਖ ਰਾਗ ਅਤੇ 31 ਰਾਗ ਪ੍ਰਕਾਰਾਂ ਤੋਂ ਇਲਾਵਾ ਭਾਰਤੀ ਸੰਗੀਤ ਵਿਚ ਪ੍ਰਚਲਿਤ ਅਤੇ ਅਪ੍ਰਚਿਲਤ ਮੌਲਿਕ ਰਾਗ ਸਰੂਪ ਪ੍ਰਾਪਤ ਹੁੰਦੇ ਹਨ।

ਗੁਰੂ ਕਾਲ ਤੋਂ ਬਾਅਦ ਰਾਗੀ ਤੇ ਰਬਾਬੀ ਕੀਰਤਨਕਾਰਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਲਈ ਤੇ ਆਪਣੇ ਆਪ ਨੂੰ ਦੂਜੇ ਕੀਰਤਨਕਾਰਾਂ ਤੋਂ ਉੱਤਮ ਸਾਬਤ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਵਿਚ ਦਰਜ ਰਾਗਾਂ ਤੋਂ ਇਲਾਵਾ ਭਾਰਤੀ ਸੰਗੀਤ ਵਿਚ ਪ੍ਰਚਲਿਤ ਰਾਗਾਂ ਦਾ ਵੀ ਪ੍ਰਯੋਗ ਕੀਰਤਨ ਵਿਚ ਕਰਨਾ ਸ਼ੁਰੂ ਕਰ ਦਿੱਤਾ। ਨਤੀਜਾ ਇਹ ਹੋਇਆ ਕਿ ਗੁਰਮਤਿ ਸੰਗੀਤ ਪਰੰਪਰਾ ਵਿਚ ਬਹੁਤ ਸਾਰੇ ਅਜਿਹੇ ਰਾਗਾਂ ਵਿਚ ਕੀਰਤਲ ਹੋਣ ਲੱਗ ਪਿਆ। ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀ ਹਨ। ਰਾਗੀ ਅਤੇ ਰਬਾਬੀ ਕੀਰਤਨਕਾਰਾਂ ਨੇ ਨਿਰਧਾਰਿਤ ਰਾਗਾਂ ਨੂੰ ਛੱਡ ਕੇ ਆਪਣੀ ਮਰਜ਼ੀ ਨਾਲ ਕਿਸੇ ਦੀ ਵੀ ਰਾਗ ਵਿਚ ਸ਼ਬਦ ਦਾ ਗਾਇਨ ਕਰਨਾ ਆਰੰਭ ਕਰ ਦਿੱਤਾ। ਜਿਸ ਦੇ ਕਾਰਨ ਗੁਰਮਤਿ ਸੰਗੀਤ

ਪਰੰਪਰਾ ਵਿਚ ਸੀਨਾ-ਬ-ਸੀਨਾ ਪ੍ਰਚਲਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਦੇ ਸਰੂਪ ਲੁਪਤ ਹੋਣ ਲੱਗ ਪਏ । ਟਕਸਾਲਾਂ ਤੋਂ ਪ੍ਰਾਪਤ ਸੰਗੀਤਕ ਸਮਗਰੀ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਰਾਗ ਦੇ ਕਈ-ਕਈ ਸਰੂਪ ਪ੍ਰਚਲਿਤ ਹੋ ਗਏ ਸਨ।

ਉਪਰੋਕਤ ਅਧਿਆਇ ਵਿਚ ਗੁਰਮਤਿ ਸੰਗੀਤ ਦੀਆਂ ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸੰਗੀਤਕ ਸਮਗਰੀ ਦਾ ਤੁਲਨਾਤਮਿਕ ਸਰਵੇਖਣ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਮੁੱਖ ਰਾਗਾਂ ਦੇ ਵਿਭਿੰਨ ਪ੍ਰਾਪਤ ਸਰੂਪਾਂ ਦਾ ਸਰਵੇਖਣ ਕੀਤਾ ਗਿਆ ਹੈ। ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਬਹੁਤ ਸਾਰੇ ਅਜਿਹੇ ਰਾਗ ਸਰੂਪ ਪ੍ਰਾਪਤ ਹੋਏ ਹਨ ਜਿਹੜੇ ਵਰਤਮਾਨ ਸਮੇਂ ਪ੍ਰਚਲਿਤ ਨਹੀਂ ਹਨ ਪ੍ਰੰਤੂ ਪੁਰਾਤਨ ਟਕਸਾਲੀ ਕੀਰਤਨਕਾਰਾਂ ਤੋਂ ਇਨ੍ਹਾਂ ਰਾਗਾਂ ਦੇ ਸਰੂਪ ਉਪਲਬਧ ਹੁੰਦੇ ਹਨ। ਭਾਈ ਬਲਬੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਜੋ ਕਿ ਤਰਨਤਾਰਨ ਟਕਸਾਲ ਨਾਲ ਸਬੰਧਿਤ ਹਨ, ਦੀਆਂ ਰਚਨਾਵਾਂ ਵਿਚ ਦੇਵਗੰਧਾਰੀ, ਬਸੰਤ, ਮਲਹਾਰ, ਕਾਨੜਾ, ਸੂਹੀ, ਮਾਲੀ ਗਉੜਾ, ਮਾਰੂ ਅਤੇ ਤੁਖਾਰੀ ਰਾਗ ਦੇ ਕਈ ਅਪ੍ਰਚਲਿਤ ਪ੍ਰਕਾਰ ਪ੍ਰਾਪਤ ਹੋਏ ਹਨ। ਅਸੀਂ ਆਪਣੇ ਇਸ ਖੋਜ ਕਾਰਜ ਵਿਚ ਰਾਗਾਂ ਦਾ ਆਪਸੀ ਤੁਲਨਾਤਮਕ ਵਿਸ਼ਲੇਸ਼ਣ ਨਾ ਕਰਦੇ ਹੋਏ ਪ੍ਰਾਪਤ ਸਰੂਪਾਂ ਦਾ ਤੁਲਨਾਤਮਕ ਸਰਵੇਖਣ ਕੀਤਾ ਹੈ। ਇਸ ਅਧਿਆਇ ਦੇ ਅੰਤਰਗਤ ਟਕਸਾਲੀ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਪ੍ਰਚਲਿਤ ਅਤੇ ਅਪ੍ਰਚਲਿਤ ਤਾਲਾਂ ਦੇ ਅਲੱਗ-ਅਲੱਗ ਬੋਲਾਂ ਦੇ ਸਰੂਪ ਵੀ ਪ੍ਰਾਪਤ ਹੋਏ ਹਨ ਜਿਵੇਂ ਕਿ ਧਮਾਰ ਤਾਲ ਦੇ ਕਈ ਟਕਸਾਲਾਂ ਵਿਚ ਵਿਭਿੰਨ ਬੋਲ ਪ੍ਰਚਲਿਤ ਰਹੇ ਹਨ। ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਦੇ ਤੁਲਨਾਤਮਕ ਸਰਵੇਖਣ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਟਕਸਾਲੀ ਕੀਰਤਨਕਾਰ ਅਲੱਗ-ਅਲੱਗ ਗਾਇਨ ਸ਼ੈਲੀ ਲਈ ਵਿਭਿੰਨ ਤਾਲਾਂ ਦਾ ਪ੍ਰਯੋਗ ਕਰਦੇ ਸਨ। ਖੋਜ ਕਾਰਜ ਦੇ ਇਸ ਅਧਿਆਇ ਵਿਚ ਟਕਸਾਲੀ ਸ਼ਬਦ ਰਚਨਾਵਾਂ ਤੋਂ ਪ੍ਰਾਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਮੁੱਖ ਰਾਗਾਂ ਦਾ ਤੁਲਨਾਤਮਕ ਸਰਵੇਖਣ ਕੀਤਾ ਗਿਆ ਹੈ।

## ਹਵਾਲੇ ਤੇ ਪਦ ਟਿੱਪਣੀਆਂ

1 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 98

2 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 19.

3 ਤਾਰਾ ਸਿੰਘ (ਪ੍ਰੋ.), **ਭਗਤ ਰਾਗ ਰਤਨਾਵਲੀ**, ਪੰਨਾ 105

4 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਛੇਵਾਂ), ਪੰਨਾ 19.

5 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 3.

6 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਪਹਿਲਾ), ਪੰਨਾ 492.

7 ਸਿਮ੍ਰਤੀ ਗ੍ਰੰਥ, **ਅਦੁੱਤੀ ਗੁਰਮਤਿ ਸੰਗੀਤ ਸੰਮੇਲਨ**, 1991, ਪੰਨਾ

8 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 99

9 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 27.

10 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਅਰਜਨ ਦੇਵ ਰਾਗ ਰਤਨਾਵਲੀ**, ਪੰਨਾ 39

11 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 27.

12 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਅਰਜਨ ਦੇਵ ਰਾਗ ਰਤਨਾਵਲੀ**, ਪੰਨਾ 39

13 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਛੇਵਾਂ), ਪੰਨਾ 38.

14 ਉਹੀ, ਪੰਨਾ 42.

15 ਉਹੀ, ਪੰਨਾ 46.

16 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 102

17 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 37.

18 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਅਰਜਨ ਦੇਵ ਰਾਗ ਰਤਨਾਵਲੀ**, ਪੰਨਾ 100

19 ਸੁਰਜੀਤ ਸਿੰਘ (ਉਸਤਾਦ), **ਗੁਰਮਤਿ ਸੰਗੀਤ ਪੱਧਤੀ ਵਿਚ ਗਉੜੀ ਦੇ ਪਰਕਾਰ**, ਪੰਨਾ 15.

20 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 114

21 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 155.

22 ਉਹੀ, ਪੰਨਾ 171.

23 ਉਹੀ, ਪੰਨਾ 172.

24 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਤੀਜਾ), ਪੰਨਾ 21.

25 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 117.

26 ਸਿਮ੍ਰਤੀ ਗ੍ਰੰਥ, **ਅਦੁੱਤੀ ਗੁਰਮਤਿ ਸੰਗੀਤ ਸੰਮੇਲਨ**, ਪੰਨਾ 16.

27 ਉਹੀ, ਪੰਨਾ 19.

28 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 118.

29 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 220.

30 ਉਹੀ, ਪੰਨਾ 189.

31 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**, ਪੰਨਾ 90.

32 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 213.

33 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 20.

34 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 225.

35 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**, ਪੰਨਾ 98.

36 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਚੌਥਾ), ਪੰਨਾ 232.

37 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਅਮਰਦਾਸ ਰਾਗ ਰਤਨਾਵਲੀ**, ਪੰਨਾ 91.

38 ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 120.

39 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਛੇਵਾਂ), ਪੰਨਾ 90.

40 ਉਹੀ, ਪੰਨਾ 93.

41 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 122.

42 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 428.

43 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਛੇਵਾਂ), ਪੰਨਾ 96.

44 ਸਿਮ੍ਰਤੀ ਗ੍ਰੰਥ, **ਅਦੁੱਤੀ ਗੁਰਮਤਿ ਸੰਗੀਤ ਸੰਮੇਲਨ**, ਪੰਨਾ

45 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 353.

46 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਛੇਵਾਂ), ਪੰਨਾ 114.

47 ਤਾਰਾ ਸਿੰਘ (ਪ੍ਰੋ.), **ਭਗਤ ਰਾਗ ਰਤਨਾਵਲੀ**, ਪੰਨਾ 10.

48 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 349.

49 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 266.

50 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 349.

51 ਉਹੀ, ਪੰਨਾ 353.

52 ਉਹੀ, ਪੰਨਾ 366.

53 ਉਹੀ, ਪੰਨਾ 362.

54 ਉਹੀ, ਪੰਨਾ 364.

55 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਤੀਜਾ), ਪੰਨਾ 163.

56 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 124.

57 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**, ਪੰਨਾ 126.

58 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਅਰਜਨ ਦੇਵ ਰਾਗ ਰਤਨਾਵਲੀ**, ਪੰਨਾ 447

59 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 393.

60 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 457.

61 ਉਹੀ, ਪੰਨਾ 465.

62 ਉਹੀ, ਪੰਨਾ 466.

63 ਉਹੀ, ਪੰਨਾ 468.

64 ਉਹੀ, ਪੰਨਾ 410.

65 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਚੌਥਾ), ਪੰਨਾ 294 ਤੋਂ 363 ਤੱਕ

66 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 421.

67 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**, ਪੰਨਾ 134.

68 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 125.

69 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਛੇਵਾਂ), ਪੰਨਾ 118.

70 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 478.

71 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 125.

72 **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 721

73 ਉਹੀ,ਪੰਨਾ 726

74 ਸਿਮ੍ਰਤੀ ਗ੍ਰੰਥ, **ਅਦੁੱਤੀ ਗੁਰਮਤਿ ਸੰਗੀਤ ਸੰਮੇਲਨ**, ਪੰਨਾ 65

75 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 431.

76 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**, ਪੰਨਾ 140.

77 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਛੇਵਾਂ), ਪੰਨਾ 130.

78 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 413.

79 ਗਿਆਨ ਸਿੰਘ ਐਬਟਾਬਾਦ, **ਗੁਰਬਾਣੀ ਸੰਗੀਤ** (ਭਾਗ ਪਹਿਲਾ),ਪੰਨਾ 147.

80 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 125.

81 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 419.

82 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਛੇਵਾਂ), ਪੰਨਾ 138.

83 ਉਹੀ, ਪੰਨਾ 143.

84 **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 793

85 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 127.

86 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਛੇਵਾਂ), ਪੰਨਾ 146.

87 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 455.

88 ਉਹੀ, ਪੰਨਾ 474.

89 ਉਹੀ, ਪੰਨਾ 471.

90 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਅਮਰਦਾਸ ਰਾਗ ਰਤਨਾਵਲੀ**, ਪੰਨਾ 107.

91 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਛੇਵਾਂ), ਪੰਨਾ 151.

92 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 474.

93 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 130.

94 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 58.

95 ਉਹੀ, ਪੰਨਾ 599.

96 ਉਹੀ, ਪੰਨਾ 507.

97 ਉਹੀ, ਪੰਨਾ 507.

98 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 132.

99 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 303.

100 ਕਰਤਾਰ ਸਿੰਘ (ਪ੍ਰੋ.), **ਗੁਰਮਤਿ ਸੰਗੀਤ ਦਰਪਣ**, ਪੰਨਾ 57

101 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 357.

102 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਚੌਥਾ), ਪੰਨਾ 401.

103 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 525.

104 ਤਾਰਾ ਸਿੰਘ (ਪ੍ਰੋ.), **ਭਗਤ ਰਾਗ ਰਤਨਾਵਲੀ**, ਪੰਨਾ 58.

105 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 134.

106 ਕਰਤਾਰ ਸਿੰਘ (ਪ੍ਰੋ.), **ਗੁਰਮਤਿ ਸੰਗੀਤ ਦਰਪਣ** (ਭਾਗ ਦੂਜਾ), ਪੰਨਾ 96

107 ਸਿਮ੍ਰਤੀ ਗ੍ਰੰਥ, **ਅਦੁੱਤੀ ਗੁਰਮਤਿ ਸੰਗੀਤ ਸੰਮੇਲਨ**, ਪੰਨਾ 65

108 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 545.

109 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**, ਪੰਨਾ 213.

110 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਚੌਥਾ), ਪੰਨਾ 426.

111 ਗਿਆਨ ਸਿੰਘ ਐਬਟਾਬਾਦ, **ਗੁਰਬਾਣੀ ਸੰਗੀਤ** (ਭਾਗ ਦੂਜਾ),ਪੰਨਾ 182.

112 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 135.

113 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਚੌਥਾ), ਪੰਨਾ 426, 434, 437, 443, 446, 449, 452.

114 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 137.

115 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**, ਪੰਨਾ 223.

116 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 561.

117 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਛੇਵਾਂ), ਪੰਨਾ 180.

118 ਉਹੀ, ਪੰਨਾ 201.

119 ਉਹੀ,ਪੰਨਾ 198.

120 ਉਹੀ, ਪੰਨਾ 192.

121 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 138.

122 ਤਾਰਾ ਸਿੰਘ (ਪ੍ਰੋ.), **ਭਗਤ ਰਾਗ ਰਤਨਾਵਲੀ**, ਪੰਨਾ 68.

123 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਅਰਜਨ ਦੇਵ ਰਾਗ ਰਤਨਾਵਲੀ**, ਪੰਨਾ 662.

124 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਅਮਰਦਾਸ ਰਾਗ ਰਤਨਾਵਲੀ**, ਪੰਨਾ 129.

125 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਛੇਵਾਂ), ਪੰਨਾ 201.

126 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 571.

127 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਅਰਜਨ ਦੇਵ ਰਾਗ ਰਤਨਾਵਲੀ**, ਪੰਨਾ 662

128 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**, ਪੰਨਾ 230.

129 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਛੇਵਾਂ), ਪੰਨਾ 201.

130 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 140

131 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**, ਪੰਨਾ 246.

132 ਉਹੀ, ਪੰਨਾ 247.

133 ਉਹੀ, ਪੰਨਾ 245.

134 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਛੇਵਾਂ), ਪੰਨਾ 218.

135 ਉਹੀ, ਪੰਨਾ 223.

136 ਉਹੀ, ਪੰਨਾ 157.

137 ਸਿਮ੍ਰਤੀ ਗ੍ਰੰਥ, **ਅਦੁੱਤੀ ਗੁਰਮਤਿ ਸੰਗੀਤ ਸੰਮੇਲਨ**, ਪੰਨਾ 23

138 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 595.

139 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**, ਪੰਨਾ 255.

140 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 300.

141 ਗਿਆਨ ਸਿੰਘ ਐਬਟਾਬਾਦ, **ਗੁਰਬਾਣੀ ਸੰਗੀਤ** (ਭਾਗ ਦੂਜਾ),ਪੰਨਾ 209.

142 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 141.

143 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਚੌਥਾ), ਪੰਨਾ 456 ਤੋਂ 507.

144 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 142.

145 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 331 ਤੋਂ 344.

146 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਚੌਥਾ), ਪੰਨਾ 132 ਤੋਂ 185.

147 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 143.

148 ਸਿਮ੍ਰਤੀ ਗ੍ਰੰਥ, **ਅਦੁੱਤੀ ਗੁਰਮਤਿ ਸੰਗੀਤ ਸੰਮੇਲਨ**, ਪੰਨਾ 15.

149 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 665.

150 ਉਹੀ, ਪੰਨਾ 700.

151 ਉਹੀ, ਪੰਨਾ 709.

152 ਉਹੀ, ਪੰਨਾ 732.

153 ਉਹੀ, ਪੰਨਾ 733.

154 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 484-485, 487

155 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**, ਪੰਨਾ 268, 274.

156 ਸਿਮ੍ਰਤੀ ਗ੍ਰੰਥ, **ਅਦੁੱਤੀ ਗੁਰਮਤਿ ਸੰਗੀਤ ਸੰਮੇਲਨ**, ਪੰਨਾ 15.

157 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 146.

158 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਪੰਜਵਾਂ), ਪੰਨਾ 251 ਤੋਂ 313.

159 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 785 ਤੋਂ 796.

160 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 234 ਤੋਂ 237.

161 ਕਰਤਾਰ ਸਿੰਘ (ਪ੍ਰੋ.), **ਗੁਰਮਤਿ ਸੰਗੀਤ ਦਰਪਣ**, ਪੰਨਾ 332.

162 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 147.

163 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 801 ਤੋਂ 832.

164 ਉਹੀ, ਪੰਨਾ 336 ਤੋਂ 410.

165 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ), ਪੰਨਾ 410.

166 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਅਰਜਨ ਦੇਵ ਰਾਗ ਰਤਨਾਵਲੀ**, ਪੰਨਾ 845

167 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 247.

168 ਕਰਤਾਰ ਸਿੰਘ (ਪ੍ਰੋ.), **ਗੁਰਮਤਿ ਸੰਗੀਤ ਦਰਪਣ** (ਭਾਗ ਦੂਜਾ), ਪੰਨਾ 365

169 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 148.

170 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 880.

171 ਉਹੀ, ਪੰਨਾ 837.

172 ਉਹੀ, ਪੰਨਾ 837.

173 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਅਰਜਨ ਦੇਵ ਰਾਗ ਰਤਨਾਵਲੀ**, ਪੰਨਾ 872

174 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 450.

175 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਪੰਜਵਾਂ), ਪੰਨਾ 414 ਤੋਂ 533.

176 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 149.

177 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**, ਪੰਨਾ 327.

178 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 275 ਤੋਂ 288.

179 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 893 ਤੋਂ 921.

180 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਪੰਜਵਾਂ), ਪੰਨਾ 552 ਤੋਂ 605.

181 ਉਹੀ, (ਭਾਗ ਛੇਵਾਂ), ਪੰਨਾ 247 ਤੋਂ 268.

182 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 150.

183 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 929.

184 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਅਰਜਨ ਦੇਵ ਰਾਗ ਰਤਨਾਵਲੀ**, ਪੰਨਾ 928

185 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 936.

186 ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 153.

187 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 949.

188 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਪੰਜਵਾਂ), ਪੰਨਾ 284.

189 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ**, ਪੰਨਾ 174.

190 ਕਰਤਾਰ ਸਿੰਘ (ਪ੍ਰੋ.), **ਗੁਰਮਤਿ ਸੰਗੀਤ ਦਰਪਣ**, ਪੰਨਾ 396.

191 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਚੌਥਾ), ਪੰਨਾ 114.

192 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 47.

193 ਨਿੱਜੀ ਮੁਲਾਕਾਤ ਉਸਤਾਦ ਲਾਲ ਸਿੰਘ, ਮਸਤੂਆਣਾ ਟਕਸਾਲ, ਮਿਤੀ 15-5-2015.

194 ਸੁਰਜੀਤ ਸਿੰਘ (ਉਸਤਾਦ), **ਤਾਲ ਰਤਨ**, ਪੰਨਾ 302.

195 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਚੌਥਾ), ਪੰਨਾ 127.

196 ਉਹੀ,ਪੰਨਾ 112.

197 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 47.

198 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ xxx.

199 ਉਹੀ, ਪੰਨਾ xxx.

200 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 46.

201 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਚੌਥਾ), ਪੰਨਾ 107.

202 ਉਹੀ, ਪੰਨਾ 83.

203 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 46.

204 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ xxxi.

205 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਚੌਥਾ), ਪੰਨਾ 95.

206 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 48.

207 ਸਰਵਣ ਸਿੰਘ ਗੰਧਰਵ (ਸੰਤ), **ਸੁਰ ਸਿਮਰਨ ਸੰਗੀਤ** (ਭਾਗ ਚੌਥਾ), ਪੰਨਾ 124.

208 ਜਸਵੰਤ ਸਿੰਘ ਤੀਬਰ (ਰਾਗੀ), **ਸੰਗੀਤ ਸਾਗਰ**, ਪੰਨਾ 184.

209 ਉਹੀ, ਪੰਨਾ 144.

210 ਸੁਰਜੀਤ ਸਿੰਘ (ਉਸਤਾਦ), **ਰਾਗਮਾਲਾ ਰਤਨਾਕਰ**, ਪੰਨਾ

211 ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ 737.

212 ਉਹੀ, ਪੰਨਾ 953 ਤੋਂ 981

213 ਉਹੀ, ਪੰਨਾ 985.

214 ਉਹੀ, ਪੰਨਾ 251.

215 ਉਹੀ, ਪੰਨਾ 257.

216 ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**, ਪੰਨਾ 327.

ਅਧਿਆਇ ਪੰਜਵਾਂ

# ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਵਰਤਮਾਨ ਸਾਰਥਿਕਤਾ

ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਟਕਸਾਲ ਸਥਾਪਿਤ ਕਰਨ ਦਾ ਆਦੇਸ਼ ਪ੍ਰਾਪਤ ਕਰਨ ਉਪਰੰਤ ਸਿੱਖ ਧਰਮ ਵਿਚ ਟਕਸਾਲ ਪਰੰਪਰਾ ਦਾ ਆਗਮਨ ਹੋਇਆ ਜਿਸ ਵਿਚ ਇਕ ਅਕਾਲ ਪੁਰਖ ਪਰਮਾਤਮਾ ਦਾ ਪਰਮ ਸਤਿ ਜਾਣਨ ਲਈ ਵਿਧੀਵਤ ਗੁਰਸ਼ਬਦ ਦਾ ਸ਼ੁੱਧ ਉਚਾਰਨ, ਸੰਥਿਆ, ਵਿਆਖਿਆ, ਅੱਖਰ ਬੋਧ, ਗੁਰਬਾਣੀ ਬੋਧ ਕੀਰਤਨ ਦੀ ਸਿਖਲਾਈ ਦਾ ਉਚਿੱਤ ਪ੍ਰਬੰਧ ਹੁੰਦਾ ਸੀ ਜਿਸ ਦੇ ਸਦਕਾ ਗੁਰਬਾਣੀ ਅਤੇ ਕੀਰਤਨ ਦੀ ਮਰਿਆਦਾ ਸਿੱਖ ਸੰਗੀਤ ਵਿਚ ਪ੍ਰਵਾਹ ਅਧੀਨ ਰਹੀ। ਗੁਰੂ ਕਾਲ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਇਹ ਸਿਖਲਾਈ ਦੇ ਸਥਾਨ ਭਾਵ ਟਕਸਾਲਾਂ ਜਾਂ ਤਾਂ ਲੁਪਤ ਹੋ ਗਈਆਂ ਹਨ ਜਾਂ ਆਪਣੇ ਪਰਿਵਰਤਿਤ ਰੂਪ ਵਿਚ ਹਨ। ਇਨ੍ਹਾਂ ਟਕਸਾਲਾਂ ਦੇ ਕਾਰਨ ਹੀ ਸਾਡੇ ਕੋਲ ਪੁਰਾਤਨ ਕੀਰਤਨ, ਸ਼ਬਦ ਰਚਨਾਵਾਂ (ਵਿਭਿੰਨ ਗਾਇਨ ਸ਼ੈਲੀਆਂ ਤੇ ਅਧਾਰਿਤ), ਵਿਭਿੰਨ ਰਾਗ, ਤਾਲ ਅਤੇ ਉਨ੍ਹਾਂ ਦੇ ਸਰੂਪ, ਸਾਜਾਂ ਦੀ ਵਾਦਨ ਸ਼ੈਲੀ ਆਦਿ ਸ਼ਬਦ ਕੀਰਤਨ ਦਾ ਇਕ ਹਿੱਸਾ ਰਹੀਆਂ ਹਨ। ਇਸ ਲਈ ਸਿੱਖ ਧਰਮ ਦੀ ਟਕਸਾਲ ਪਰੰਪਰਾ ਨੂੰ ਇਤਿਹਾਸਿਕ ਪੱਖੋਂ ਸਰਵੇਖਣ ਦੀ ਦ੍ਰਿਸ਼ਟੀ ਨਾਲ ਇਸ ਦੀ ਵਰਤਮਾਨ ਸਥਿਤੀ ਅਤੇ ਸਿਖਲਾਈ ਪੱਖੋਂ ਇਸ ਦੀ ਸਾਰਥਿਕਤਾ ਨੂੰ ਅਧਿਐਨ ਦਾ ਹਿੱਸਾ ਬਣਾਇਆ ਗਿਆ ਹੈ।

## 1. ਟਕਸਾਲਾਂ ਦੀ ਵਰਤਮਾਨ ਸਥਿਤੀ

ਵਰਤਮਾਨ ਸੰਦਰਭ ਵਿਚ ਇਤਿਹਾਸਿਕ ਸਰਵੇਖਣ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਗੁਰੂ ਕਾਲ ਤੋਂ ਬਾਅਦ ਹੋਂਦ ਵਿਚ ਕਈ ਨਿਮਨਲਿਖਤ ਟਕਸਾਲ ਆਈਆਂ ਜਿਵੇਂ ਦਮਦਮੀ ਟਕਸਾਲ, ਸੇਵਾਪੰਥੀ ਟਕਸਾਲ ਤਰਨਤਾਰਨ ਟਕਸਾਲ, ਸੈਦਪੁਰ ਠੱਠਾ ਟਿੱਬਾ ਟਕਸਾਲ, ਦੌਧਰ ਟਕਸਾਲ, ਮਸਤੂਆਣਾ ਟਕਸਾਲ, ਹਰਗੁਨਾ ਟਕਸਾਲ, ਸਿੰਘਾਂਵਾਲੀ ਟਕਸਾਲ, ਡੁਮੇਲੀ ਟਕਸਾਲ ਅਤੇ ਜਵੱਦੀ ਟਕਸਾਲ। ਇਤਿਹਾਸਿਕ ਪੱਖੋਂ ਇਨ੍ਹਾਂ ਟਕਸਾਲਾਂ ਤੇ ਨਿੱਜੀ ਤੌਰ ਤੇ ਜਾ ਕੇ ਇਨ੍ਹਾਂ ਦਾ ਸਰਵੇਖਣ ਕੀਤਾ ਗਿਆ ਕਿ ਇਹ

ਟਕਸਾਲਾਂ ਕਦੋਂ ਆਰੰਭ ਹੋਇਆ ਅਤੇ ਵਰਤਮਾਨ ਸਮੇਂ ਇਨ੍ਹਾਂ ਦੀ ਸਥਿਤੀ ਦਾ ਨਿਰੀਖਣ ਵੀ ਕੀਤਾ ਗਿਆ ਹੈ ਜਿਸ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ :

**ਦਮਦਮੀ ਟਕਸਾਲ** ਗੁਰੂ ਕਾਲ ਦੇ ਦੌਰਾਨ ਹੋਂਦ ਵਿਚ ਆਈ ਸਭ ਤੋਂ ਪੁਰਾਤਨ ਟਕਸਾਲ ਹੈ। ਇਹ ਗੁਰਮਤਿ ਸੰਗੀਤ ਦੇ ਪ੍ਰਚਾਰ ਪਸਾਰ ਵਿਚ ਵਿਸ਼ੇਸ਼ ਭੂਮਿਕਾ ਨਿਭਾ ਰਹੀ ਹੈ। ਟਕਸਾਲ ਦੀ ਸਿਖਲਾਈ ਗੁਰਬਾਣੀ ਬੋਧ ਅਤੇ ਸੰਧਿਆ ਤੱਕ ਸੀਮਤ ਨਾ ਰਹਿ ਕੇ ਕੀਰਤਨ ਅਤੇ ਤੰਤੀ ਸਾਜਾਂ ਦੀ ਸਿਖਲਾਈ ਤੱਕ ਵਿਕਸਿਤ ਰਹੀ ਹੈ। ਵਰਤਮਾਨ ਸਮੇਂ ਟਕਸਾਲ ਦਾ ਮੁੱਖ ਸਥਾਨ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਵਿਖੇ ਸਥਿਤ ਹੈ ਜਿੱਥੇ ਇਕ ਸਕੂਲ ਦੀ ਸਥਾਪਨਾ ਵੀ ਕੀਤੀ ਗਈ ਹੈ। ਇਸ ਸਕੂਲ ਵਿਚ ਟਕਸਾਲ ਦੇ ਵਿੱਦਿਆਰਥੀਆਂ ਨੂੰ ਆਰੰਭਿਕ ਵਿੱਦਿਆ ਤੋਂ ਲੈ ਕੇ ਬਾਰ੍ਹਵੀਂ ਕਲਾਸ ਤੱਕ ਦੀ ਪੜ੍ਹਾਈ ਦੇ ਨਾਲ ਗੁਰਮਤਿ ਸੰਗੀਤ ਅਤੇ ਗੁਰਬਾਣੀ ਸੰਥਿਆ ਦੀ ਟਕਸਾਲੀ ਵਿੱਦਿਆ ਵੀ ਦਿੱਤੀ ਜਾਂਦੀ ਹੈ। ਟਕਸਾਲ ਵਿਚ ਗ਼ਰੀਬ ਅਤੇ ਬੇਸਹਾਰਾ ਬੱਚਿਆਂ ਦੀ ਦੇਖ-ਰੇਖ ਲਈ ਉਚਿੱਤ ਪ੍ਰਬੰਧ ਕੀਤਾ ਗਿਆ ਹੈ। ਟਕਸਾਲ ਦੇ ਵਿੱਦਿਆਰਥੀਆਂ ਲਈ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ। ਮੌਜੂਦਾ ਮੁਖੀ ਬਾਬਾ ਹਰਨਾਮ ਸਿੰਘ ਦੀ ਅਗਵਾਈ ਵਿਚ ਟਕਸਾਲ ਦੇ ਪੁਰਾਣੇ ਵਿਦਿਆਰਥੀਆਂ ਤੋਂ ਇਲਾਵਾ ਭਾਈ ਜਸਪਾਲ ਸਿੰਘ ਵਿਦਿਆਰਥੀਆ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਤੰਤੀ ਸਾਜਾਂ ਨਾਲ ਦੇ ਰਹੇ ਹਨ। ਦਮਦਮੀ ਟਕਸਾਲ ਵਰਤਮਾਨ ਸਮੇਂ ਬਤੌਰ ਟਕਸਾਲ ਹੀ ਕਾਰਜਸ਼ੀਲ ਹੈ।[1]

**ਸੇਵਾਪੰਥੀ ਟਕਸਾਲ** ਭਾਈ ਘਨੱਈਆ ਜੀ ਤੋਂ ਆਰੰਭ ਹੋਈ ਟਕਸਾਲ (ਸੰਪਰਦਾਇ) ਵਰਤਮਾਨ ਸਮੇਂ ਤੱਕ ਸਿੱਖੀ ਸਿਧਾਂਤਾਂ ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇ ਰਹੀ ਹੈ। ਭਾਈ ਘਨੱਈਆ ਜੀ ਦੇ ਜਨਮ ਅਸਥਾਨ ਪਿੰਡ ਸੋਦਰਾ (ਪਾਕਿਸਤਾਨ) ਤੋਂ ਆਰੰਭ ਹੋਈ ਇਸ ਟਕਸਾਲ ਦੇ ਪੰਜਾਬ, ਹਰਿਆਣਾ ਅਤੇ ਦਿੱਲੀ ਵਿਚ 42 ਟਿਕਾਣੇ ਜਾਂ ਸ਼ਾਖਾਵਾਂ ਹਨ ਜਿਨ੍ਹਾਂ ਵਿਚ ਭਾਈ ਘਨੱਈਆ ਜੀ ਦੇ ਨਾਮ ਤੇ ਕਈ ਸਕੂਲ ਤੇ ਵਿਦਿਆਲੇ ਸਥਾਪਿਤ ਕੀਤੇ ਗਏ ਹਨ।[2] ਵਰਤਮਾਨ ਸਮੇਂ ਸੇਵਾ ਪੰਥੀ ਟਕਸਾਲ (ਸੰਪ੍ਰਦਾਇ) ਦਾ ਮੁੱਖ ਸਥਾਨ ਗੋਨਿਆਣਾ ਮੰਡੀ ਜ਼ਿਲ੍ਹਾ ਬਠਿੰਡਾ ਵਿਖੇ ਸਥਿਤ ਹੈ। ਮੌਜੂਦਾ ਮੁਖੀ ਮਹੰਤ ਕਾਹਨ ਸਿੰਘ ਦੀ ਅਗਵਾਈ ਵਿਚ ਗੋਨਿਆਣਾ ਮੰਡੀ ਵਾਲੇ ਡੇਰੇ ਵਿਚ ਭਾਈ ਜਗਤਾਂ ਜੀ ਦੇ ਨਾਮ ਤੇ ਸਕੂਲ ਅਤੇ ਕਾਲਜ ਚਲਾਇਆ ਜਾ ਰਿਹਾ ਹੈ। ਜਿਸ ਵਿਚ ਵਿਦਿਆਰਥੀਆਂ ਨੂੰ ਗੁਰਮਤਿ ਵਿੱਦਿਆ ਦੇ ਨਾਲ ਅਕਾਦਮਿਕ ਪੱਧਰ ਦੀ ਵਿੱਦਿਆ ਦਾ

ਗਿਆਨ ਦਿੱਤਾ ਜਾਂਦਾ ਹੈ। ਸੇਵਾਪੰਥੀ ਸੰਪਰਦਾਇ ਨੂੰ ਭਾਵੇਂ ਗੁਰਮਤਿ ਸੰਗੀਤ ਦੇ ਵਿਦਵਾਨਾਂ ਨੇ ਟਕਸਾਲ ਸ਼ਬਦ ਨਾਲ ਸੰਬੋਧਿਤ ਕੀਤਾ ਹੈ[3] ਪ੍ਰੰਤੂ ਵਰਤਮਾਨ ਸਮੇਂ ਸੇਵਾਪੰਥੀ ਮਹਾਂਪੁਰਸ਼ ਸੰਪਰਦਾਇ ਸ਼ਬਦ ਦਾ ਪ੍ਰਯੋਗ ਹੀ ਕਰਦੇ ਹਨ। ਸੰਪਰਦਾਇ ਦੇ ਵੱਖ-ਵੱਖ ਸਥਾਨਾਂ ਨੂੰ ਟਿਕਾਣਾ ਜਾਂ ਡੇਰਾ ਸ਼ਬਦ ਨਾਲ ਸੰਬੋਧਿਤ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਅਧੀਨ ਕਾਰਜਸ਼ੀਲ ਵਿੱਦਿਅਕ ਸੰਸਥਾਵਾਂ ਦੇ ਨਾਮ ਸੰਪ੍ਰਦਾਇ ਦੇ ਮਹਾਪੁਰਸ਼ਾਂ ਦੇ ਨਾਮ ਤੇ ਹੀ ਰੱਖੇ ਗਏ ਹਨ ਜਿਵੇਂ:- ਭਾਈ ਆਸਾ ਸਿੰਘ ਗਰਲਜ਼ ਕਾਲਜ ਗੋਨਿਆਣਾ ਮੰਡੀ।[4]

**ਤਰਨਤਾਰਨ ਟਕਸਾਲ** ਗੁਰੂ ਕਾਲ ਦੌਰਾਨ (ਗੁਰੂ ਅਰਜਨ ਦੇਵ ਜੀ) ਕੀਰਤਨ ਕੇਂਦਰ ਦੇ ਰੂਪ ਵਿਚ ਆਰੰਭ ਹੋਈ ਕੀਰਤਨ ਪਰੰਪਰਾ ਨੂੰ ਰਾਗੀ ਤੇ ਰਬਾਬੀ ਕੀਰਤਨਕਾਰਾਂ ਨੇ ਪੀੜ੍ਹੀ ਦਰ ਪੀੜ੍ਹੀ ਕਾਇਮ ਰੱਖਿਆ। ਇਸ ਪਰੰਪਰਾ ਦੇ ਵਿਕਾਸ ਵਿਚ ਪੁਰਾਤਨ ਕੀਰਤਨਕਾਰਾਂ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਕੀਰਤਨਕਾਰਾਂ ਦੀਆਂ ਕਈ ਪੀੜ੍ਹੀਆਂ ਦੇ ਯੋਗਦਾਨ ਨੂੰ ਧਿਆਨ ਵਿਚ ਰੱਖਦੇ ਹੋਏ ਵਿਦਵਾਨਾਂ ਨੇ ਤਰਨਤਾਰਨ ਸਾਹਿਬ ਨੂੰ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਪਾ ਰਹੀਆਂ ਟਕਸਾਲਾਂ ਦੇ ਵਿਚ ਸ਼ਾਮਿਲ ਕੀਤਾ ਹੈ। ਵਰਤਮਾਨ ਸਮੇਂ ਭਾਵੇਂ ਤਰਨਤਾਰਨ ਟਕਸਾਲ ਕਿਸੇ ਸਥਾਨ ਤੇ ਸਥਾਪਿਤ ਨਹੀਂ ਹੈ ਪ੍ਰੰਤੂ ਭਾਈ ਬਲਬੀਰ ਸਿੰਘ ਇਸ ਟਕਸਾਲ ਦੇ ਧਰੁਵ ਕੀਰਤਨਕਾਰ ਵਜੋਂ ਮੌਜੂਦ ਹਨ ਜਿਨ੍ਹਾਂ ਦੀਆਂ ਕਈ ਪੀੜੀਆਂ ਟਕਸਾਲ ਨਾਲ ਸਬੰਧਿਤ ਰਹੀਆਂ ਹਨ।[5] ਭਾਈ ਸਾਹਿਬ ਨੇ ਆਪ ਵੀ ਤਰਨਤਾਰਨ ਟਕਸਾਲ ਤੋਂ ਗੁਰਮਤਿ ਸੰਗੀਤ ਦੀ ਵਿੱਦਿਆ ਪ੍ਰਾਪਤ ਕੀਤੀ ਹੈ। ਮੌਜੂਦਾ ਸਮੇਂ ਜ਼ਰੂਰਤ ਹੈ ਕਿ ਇਨ੍ਹਾਂ ਦੀ ਅਗਵਾਈ ਵਿਚ ਇਨ੍ਹਾਂ ਦੀਆਂ ਪੀੜੀ ਦੀ ਲੁਪਤ ਹੋ ਰਹੀ ਗਾਇਕੀ ਨੂੰ ਟਕਸਾਲ ਦੇ ਰੂਪ ਵਿਚ ਸਥਾਪਿਤ ਕੀਤਾ ਜਾਵੇ ਤਾਂ ਜੋ ਆਉਣ ਵਾਲੀਆਂ ਗੁਰਮਤਿ ਸੰਗੀਤ ਦੀਆਂ ਪੀੜੀਆਂ ਲਈ ਇਨ੍ਹਾਂ ਦੀ ਟਕਸਾਲੀ ਗਾਇਕੀ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

**ਸੈਦਪੁਰ ਠੱਠਾ ਟਿੱਬਾ ਟਕਸਾਲ** ਦੇ ਧਰੁਵ ਕੀਰਤਨਕਾਰ ਭਾਈ ਜਵਾਲਾ ਸਿੰਘ ਦੀਆਂ ਪੂਰਵਲੀਆਂ ਅਤੇ ਅਗਲੇਰੀਆਂ ਕਈ ਪੀੜ੍ਹੀਆਂ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਪਾਉਂਦੀ ਰਹੀਆਂ ਹਨ। [6]ਇਨ੍ਹਾਂ ਦੇ ਕਈ ਪੀੜ੍ਹੀਆਂ ਦੇ ਯੋਗਦਾਨ ਸਦਕਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ 1 ਦਸੰਬਰ 2006 ਨੂੰ ਇਸ ਘਰਾਣੇ ਨੂੰ ਟਕਸਾਲ ਵਜੋਂ ਮਾਨਤਾ ਪ੍ਰਦਾਨ ਕੀਤੀ ਹੈ ਪ੍ਰੰਤੂ ਵਰਤਮਾਨ ਸਮੇਂ ਇਸ ਘਰਾਣੇ ਦੇ 12ਵੀਂ ਪੀੜ੍ਹੀ ਦੇ ਕੀਰਤਨਕਾਰ ਭਾਈ ਕੁਲਤਾਰ ਸਿੰਘ ਕਿਸੇ ਨਿਸ਼ਚਿਤ ਸਥਾਨ ਤੇ ਟਕਸਾਲ ਨੂੰ ਸਥਾਪਿਤ

ਕਰਕੇ ਵਿੱਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਨਹੀਂ ਦੇ ਰਹੇ ਅਤੇ ਨਾ ਹੀ ਟਕਸਾਲ ਦਾ ਕੋਈ ਸਥਾਪਿਤ ਸਥਾਨ ਪੁਰਾਤਨ ਸਮੇਂ ਤੋਂ ਹੀ ਰਿਹਾ ਹੈ ਪ੍ਰੰਤੂ ਭਾਈ ਸਾਹਿਬ ਆਪਣੀ ਪਰੰਪਰਿਕ ਪਰਿਵਾਰਕ ਸ਼ਬਦ ਕੀਰਤਨ ਦੀ ਮਰਿਆਦਾ ਨੂੰ ਦੇਸ਼ਾ ਵਿਦੇਸ਼ ਵਿਚ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਵਿਚ ਪਰਵਾਹਿਤ ਕਰ ਰਹੇ ਹਨ। ਇਸ ਟਕਸਾਲ ਦੇ ਕੀਰਤਨਕਾਰਾਂ ਨੇ ਸਿਰਫ਼ ਆਪਣੇ ਹੀ ਪਰਿਵਾਰਕ ਮੈਂਬਰਾਂ ਨੂੰ ਕੀਰਤਨ ਦੀ ਸਿਖਲਾਈ ਦਿੱਤੀ ਹੈ ਜਿਸ ਕਾਰਨ ਵਰਤਮਾਨ ਸਮੇਂ ਵੀ ਇਹ ਇਕ ਘਰਾਣੇ ਦੇ ਰੂਪ ਵਿਚ ਹੀ ਕਾਰਜ ਕਰ ਰਹੇ ਹਨ।

**ਦੌਧਰ ਟਕਸਾਲ** ਨੇ ਗੁਰਮਤਿ ਸੰਗੀਤ ਦੇ ਨੇਤਰਹੀਣ ਵਿੱਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦੇਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਦੌਧਰ ਟਕਸਾਲ ਦੇ ਕੀਰਤਨਕਾਰਾਂ ਨੇ ਪੁਰਾਤਨ ਟਕਸਾਲੀ ਪਰੰਪਰਾ ਨੂੰ ਵਰਤਮਾਨ ਸਮੇਂ ਤੱਕ ਉਸੇ ਰੂਪ ਵਿਚ ਕਾਇਮ ਰੱਖਿਆ ਹੈ। ਟਕਸਾਲ ਤੋਂ ਵਿੱਦਿਆ ਪ੍ਰਾਪਤ ਕਰਕੇ ਬਹੁਤ ਸਾਰੇ ਵਿਦਿਆਰਥੀ ਦੇਸ਼ਾਂ ਵਿਦੇਸ਼ਾਂ ਵਿਚ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ। ਟਕਸਾਲ ਦੀ ਆਰੰਭਤਾ ਸਮੇਂ ਬਾਬਾ ਸੁਧਾ ਸਿੰਘ ਨੇ ਜਿਸ ਸਥਾਨ ਤੋਂ ਇਹ ਕਾਰਜ ਆਰੰਭ ਕੀਤੇ ਸਨ ਮੌਜੂਦਾ ਸਮੇਂ ਬਾਬਾ ਲਖਵੀਰ ਸਿੰਘ ਦੀ ਅਗਵਾਈ ਵਿਚ ਉਸੇ ਪ੍ਰਕਾਰ ਚੱਲ ਰਹੇ ਹਨ। ਪਹਿਲਾ ਇਸ ਟਕਸਾਲ ਵਿਚ ਸਿਰਫ ਨੇਤਰਹੀਣ ਵਿਦਿਆਰਥੀਆਂ ਨੂੰ ਹੀ ਕੀਰਤਨ ਦੀ ਸਿਖਲਾਈ ਦਿੱਤੀ ਜਾਂਦੀ ਸੀ ਪ੍ਰੰਤੂ ਵਰਤਮਾਨ ਸਮੇਂ ਅਜਿਹਾ ਕੋਈ ਨਿਯਮ ਨਹੀਂ ਹੈ। ਮੌਜੂਦਾ ਮੁਖੀ ਬਾਬਾ ਲਖਵੀਰ ਸਿੰਘ ਨੇ ਦੌਧਰ ਟਕਸਾਲ ਤੋਂ ਹੀ ਵਿੱਦਿਆ ਪ੍ਰਾਪਤ ਕੀਤੀ ਹੈ। ਆਪ ਟਕਸਾਲ ਦੇ ਵਿਕਾਸ ਲਈ ਨਿਰੰਤਰ ਕਾਰਜਸ਼ੀਲ ਰਹਿੰਦੇ ਹਨ। ਆਪ ਦੀ ਅਗਵਾਈ ਵਿਚ ਦੌਧਰ ਟਕਸਾਲ ਵਿਖੇ ਵਿਦਿਆਰਥੀਆਂ ਲਈ ਇਕ ਸੁੰਦਰ ਇਮਾਰਤ ਦੀ ਉਸਾਰੀ ਕਰਵਾਈ ਜਾ ਰਹੀ ਹੈ। ਟਕਸਾਲ ਦੀ ਵਰਤਮਾਨ ਸਾਰਥਿਕਤਾ ਦੇ ਸਬੰਧ ਵਿਚ ਦੇਖੀਏ ਤਾਂ ਜਿਸ ਪ੍ਰਕਾਰ ਦੂਜੀਆਂ ਟਕਸਾਲਾਂ ਨੇ ਆਪਣਾ ਸਰੂਪ ਪਰਿਵਰਤਿਤ ਕਰਕੇ ਸਕੂਲਾਂ ਜਾਂ ਵਿਦਿਆਲਿਆਂ ਦਾ ਸਰੂਪ ਧਾਰਨ ਕਰ ਲਿਆ ਹੈ ਦੌਧਰ ਟਕਸਾਲ ਦੇ ਸਰੂਪ ਵਿਚ ਕੋਈ ਪਰਿਵਰਤਨ ਨਹੀਂ ਹੋਇਆ ਅੱਜ ਵੀ ਇੱਥੇ ਵਿਦਿਆਰਥੀਆਂ ਨੂੰ ਅਕਾਦਮਿਕ ਵਿੱਦਿਆ ਦੀ ਥਾਂ ਟਕਸਾਲੀ ਵਿੱਦਿਆ (ਕੀਰਤਨ ਅਤੇ ਗੁਰਬਾਣੀ ਸੰਥਿਆ) ਦੀ ਹੀ ਸਿਰਫ ਸਿਖਲਾਈ ਦਿੱਤੀ ਜਾਂਦੀ ਹੈ।[7] ਟਕਸਾਲ ਦੇ ਵਿਦਿਆਰਥੀ ਉਸਤਾਦ ਸੁਰਜੀਤ ਸਿੰਘ ਸਮੇਂ ਸਮੇਂ ਟਕਸਾਲ ਵਿਚ ਆ ਕੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦਿੰਦੇ ਹਨ

ਭਾਵੇਂ ਮੌਜੂਦਾ ਸਮੇਂ ਟਕਸਾਲ ਵਿਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਘੱਟ ਗਈ ਹੈ ਪ੍ਰੰਤੂ ਬਾਬਾ ਲਖਵੀਰ ਸਿੰਘ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧਾ ਕਰਨ ਲਈ ਇੱਛੁਕ ਹਨ।

**ਮਸਤੂਆਣਾ ਟਕਸਾਲ** ਵਰਤਮਾਨ ਸਮੇਂ ਗੁਰਮਤਿ ਵਿੱਦਿਆ ਦਾ ਇਕ ਵੱਡਾ ਕੇਂਦਰ ਬਣ ਚੁੱਕੀ ਹੈ। ਅੱਜ ਕੱਲ੍ਹ ਇੱਥੇ ਦੋ ਗੁਰਮਤਿ ਸੰਗੀਤ ਵਿਦਿਆਲਾ, ਇੱਕ ਸਕੂਲ ਅਤੇ ਦੋ ਕਾਲਜ ਚੱਲ ਰਹੇ ਹਨ। ਮੌਜੂਦਾ ਸਮੇਂ ਇਕ ਵਿਦਿਆਲੇ ਵਿਚ ਉਸਤਾਦ ਜਸਵੰਤ ਸਿੰਘ ਦੇ ਸ਼ਾਗਿਰਦ ਭਾਈ ਲਾਲ ਸਿੰਘ ਅਤੇ ਦੂਜੇ ਵਿਦਿਆਲੇ ਵਿਚ ਭਾਈ ਅਵਤਾਰ ਸਿੰਘ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਰਹੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲੇ ਦੇ ਗੁਰਮਤਿ ਸੰਗੀਤ ਵਿਭਾਗ ਅਤੇ ਗੁਰਮਤਿ ਸੰਗੀਤ ਚੇਅਰ ਦੇ ਯੋਗਦਾਨ ਸਦਕਾ ਮਸਤੂਆਣਾ ਟਕਸਾਲ ਦੀਆਂ ਪੁਰਾਤਨ ਸ਼ਬਦ ਰਚਨਾਵਾਂ ਨੂੰ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ।[8] ਅਸੀਂ ਉਮੀਦ ਕਰਦੇ ਹਾਂ ਕਿ ਮਸਤੂਆਣਾ ਟਕਸਾਲ ਆਉਣ ਵਾਲੀਆਂ ਗੁਰਮਤਿ ਸੰਗੀਤ ਦੀਆਂ ਪੀੜ੍ਹੀਆਂ ਲਈ ਸਦਾ ਮਾਰਗ ਦਰਸ਼ਨ ਕਰਦੀ ਰਹੇਗੀ।

**ਹਰਗੁਨਾ ਟਕਸਾਲ** ਦੀ ਸਥਾਪਨਾ ਬਾਬਾ ਇੰਦਰ ਸਿੰਘ ਨੇ ਭਾਈ ਸੰਪੂਰਨ ਸਿੰਘ ਦੇ ਸਹਿਯੋਗ ਨਾਲ ਕੀਤੀ ਸੀ। ਭਾਈ ਸੰਪੂਰਨ ਸਿੰਘ ਆਪਣੇ ਸਮੇਂ ਦੇ ਪ੍ਰਸਿੱਧ ਸੰਗੀਤ ਵਿਦਵਾਨ ਸਨ। ਭਾਈ ਸੰਪੂਰਨ ਸਿੰਘ ਨੇ ਇਲਾਕੇ ਦੇ ਹੋਣਹਾਰ ਵਿਦਿਆਰਥੀਆਂ ਨੂੰ ਆਪਣੇ ਕੋਲ ਰੱਖ ਕੇ ਗੁਰਮਤਿ ਸੰਗੀਤ ਦੀ ਸਿਖਲਾਈ ਦਿੱਤੀ। ਆਪ ਦੇ ਸ਼ਾਗਿਰਦਾ ਵਿਚ ਪ੍ਰੋ: ਤਾਰਾ ਸਿੰਘ, ਉਸਤਾਦ ਸਾਗਰ ਮਸਤਾਨਾ ਅਤੇ ਉਸਤਾਦ ਜਸਵੰਤ ਸਿੰਘ ਭੰਵਰਾ ਪ੍ਰਮੁੱਖ ਹਨ।[9] ਵਰਤਮਾਨ ਸਮੇਂ ਭਾਵੇਂ ਹਰਗੁਨਾ ਟਕਸਾਲ ਦਾ ਸਥਾਨਿਕ ਵਜੂਦ ਕਾਇਮ ਨਹੀਂ ਰਹਿ ਸਕਿਆ ਪ੍ਰੰਤੂ ਟਕਸਾਲ ਦੀ ਪੁਨਰ ਸਥਾਪਤੀ ਲਈ ਸੰਨ 2013 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲੇ ਨੇ ਇਸ ਟਕਸਾਲ ਦੀ ਪੁਨਰ ਸਥਾਪਤੀ ਲਈ ਇਕ ਸੈਮੀਨਾਰ ਆਯੋਜਿਤ ਕਰਵਾਇਆ। ਵਰਤਮਾਨ ਸਮੇਂ ਟਕਸਾਲ ਦੇ ਵਿਦਿਆਰਥੀ ਪ੍ਰੋ: ਤਾਰਾ ਸਿੰਘ ਦੇ ਸ਼ਾਗਿਰਦਾ ਦਾ ਇਕ ਸ਼ਿਸ਼ ਮੰਡਲ ਗੁਰਮਤਿ ਸੰਗੀਤ ਦਾ ਪ੍ਰਚਾਰ ਪ੍ਰਸਾਰ ਕਰ ਰਿਹਾ ਹੈ ਜਿਸ ਵਿਚ ਡਾ. ਗੁਰਨਾਮ ਸਿੰਘ, ਡਾ. ਬਚਿੱਤਰ ਸਿੰਘ, ਡਾ. ਨਿਵੇਦਿਤਾ ਉੱਪਲ, ਡਾ. ਅਲੰਕਾਰ ਸਿੰਘ ਅਤੇ ਡਾ. ਜਬਰ ਜੰਗ ਸਿੰਘ ਆਦਿ ਸ਼ਾਮਿਲ ਹਨ।

**ਸਿੰਘਾਂਵਾਲੀ ਟਕਸਾਲ-** ਘਰਾਣੇਦਾਰ ਰਬਾਬੀਆਂ ਦੀ ਗਾਇਕੀ ਤੋਂ ਦੂਰ ਮੋਗਾ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਵਿੱਚ 1916 ਈ: ਵਿੱਚ ਰਾਗੀ ਪ੍ਰਤਾਪ ਸਿੰਘ ਨੇ ਗੁਰਮਤਿ ਵਿਦਿਆਲੇ ਦਾ ਆਰੰਭ ਕੀਤਾ। ਇਸ ਵਿਦਿਆਲੇ ਨੂੰ ਇਤਿਹਾਸ ਵਿਚ ਸਿੰਘਾਂਵਾਲੀ ਟਕਸਾਲ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਰਾਗੀ ਪ੍ਰਤਾਪ ਸਿੰਘ ਨੇ ਇਸ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਕਰਨ ਲਈ ਵਿਦਿਆਰਥੀਆਂ ਨੂੰ ਆਪਣੇ ਕੋਲ ਰੱਖ ਕੇ ਗੁਰਬਾਣੀ ਸੰਥਿਆ ਅਤੇ ਗੁਰਮਤਿ ਸੰਗੀਤ ਦੀ ਸਿਖਲਾਈ ਦੇਣੀ ਆਰੰਭ ਕਰ ਦਿੱਤੀ ਜਿਸ ਨਾਲ ਇਹ ਵਿਦਿਆਲਾ ਟਕਸਾਲ ਦੇ ਰੂਪ ਵਿਚ ਪ੍ਰਸਿੱਧ ਹੋਇਆ।[10] ਵਰਤਮਾਨ ਸਮੇਂ ਸਿੰਘਾਂਵਾਲੀ ਟਕਸਾਲ ਆਪਣੀ ਸਾਰਥਿਕਤਾ ਕਾਇਮ ਨਹੀਂ ਰੱਖ ਸਕੀ ਪ੍ਰੰਤੂ ਹੁਣ ਪਿੰਡ ਦੇ ਬਜ਼ੁਰਗ ਇਹ ਕੋਸ਼ਿਸ਼ ਕਰ ਰਹੇ ਹਨ ਕਿ ਟਕਸਾਲ ਨੂੰ ਦੁਬਾਰਾ ਵਿਕਸਿਤ ਕੀਤਾ ਜਾ ਸਕੇ। ਇਸ ਕਾਰਜ ਲਈ ਭਾਈ ਰਣਜੀਤ ਸਿੰਘ (ਬੁੱਢਾ ਜੋਹੜ ਵਿਦਿਆਲੇ ਵਾਲੇ) ਪਿੰਡ ਵਿਚ ਰਹਿ ਕੇ ਵਿਦਿਆਰਥੀਆਂ ਨੂੰ ਕੀਰਤਨ ਦੀ ਸਿਖਲਾਈ ਦੇ ਰਹੇ ਹਨ ਤਾਂ ਜੋ ਟਕਸਾਲ ਦੀ ਨਿਰੰਤਰਤਾ ਨੂੰ ਕਾਇਮ ਰੱਖਿਆ ਜਾ ਸਕੇ।

**ਡੁਮੇਲੀ ਟਕਸਾਲ** ਦੇ ਵਿਦਵਾਨ ਉਸਤਾਦ ਸੰਤ ਸਰਵਣ ਸਿੰਘ (ਗੰਧਰਵ) ਨੇ ਟਕਸਾਲ ਦੀ ਗਾਇਨ ਸ਼ੈਲੀ ਦਾ ਦੇਸ਼ਾਂ ਵਿਦੇਸ਼ਾਂ ਵਿਚ ਜਾ ਕੇ ਪ੍ਰਚਾਰ ਕੀਤਾ। ਸੰਤ ਸਰਵਣ ਸਿੰਘ ਗੰਧਰਵ ਦੇ ਸਮੇਂ ਟਕਸਾਲ ਵਿਚ ਬਹੁਤ ਸਾਰੇ ਵਿਦਿਆਰਥੀ ਗੁਰਮਤਿ ਸੰਗੀਤ ਦੀ ਵਿੱਦਿਆ ਹਾਸਿਲ ਕਰ ਰਹੇ ਸਨ ਅਤੇ ਟਕਸਾਲ ਨੇ ਬਹੁਤ ਪ੍ਰਸਿੱਧੀ ਹਾਸਿਲ ਕੀਤੀ ਸੀ। ਸੰਤ ਸਰਵਣ ਸਿੰਘ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਵਿਚ ਅਹਿਮ ਯੋਗਦਾਨ ਨਿਭਾਇਆ ਹੈ ਪ੍ਰੰਤੂ ਵਰਤਮਾਨ ਸਮੇਂ ਡੁਮੇਲੀ ਟਕਸਾਲ ਵਿਚ ਮੌਜੂਦਾ ਮੁਖੀ ਸੰਤ ਪ੍ਰੀਤਮ ਸਿੰਘ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਨਹੀਂ ਦੇ ਰਹੇ ਪ੍ਰੰਤੂ ਸੰਤ ਸਰਵਣ ਸਿੰਘ ਜੀ ਦੁਆਰਾ ਸੰਤ ਦਲੀਪ ਸਿੰਘ ਜੀ ਦੇ ਨਾਂ ਤੇ ਸ਼ੁਰੂ ਕੀਤਾ ਸਕੂਲ ਵਰਤਮਾਨ ਸਮੇਂ ਕਾਲਜ ਦਾ ਰੂਪ ਧਾਰਨ ਕਰ ਗਿਆ ਹੈ ਜਿਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਚਲਾਇਆ ਜਾ ਰਿਹਾ ਹੈ।[11] ਇਸ ਕਾਲਜ ਵਿਚ ਸੰਤ ਸਰਵਣ ਸਿੰਘ ਗੰਧਰਵ ਜੀ ਦੀ ਗੁਰਮਤਿ ਸੰਗੀਤ ਪ੍ਰਤੀ ਯੋਗਦਾਨ ਨੂੰ ਦੇਖਦੇ ਹੋਏ ਉੱਥੇ ਦੇ ਸੰਗੀਤ ਵਿਭਾਗ ਦੇ ਮੁਖੀ ਪ੍ਰੋ: ਰਣਜੀਤ ਸਿੰਘ ਨੇ ਡੁਮੇਲੀ ਟਕਸਾਲ ਤੇ ਪੀਐੱਚ.ਡੀ ਦਾ ਖੋਜ ਕਾਰਜ ਕੀਤਾ ਅਤੇ ਕਾਲਜ ਵਿਚ ਸੰਤ ਸਰਵਣ ਸਿੰਘ ਗੰਧਰਵ ਸੰਗੀਤ ਵਿਭਾਗ ਦੀ ਸਥਾਪਨਾ ਕੀਤੀ ਹੈ। ਆਪ ਵਿੱਦਿਆਰਥੀਆਂ ਨੂੰ ਡੁਮੇਲੀ ਟਕਸਾਲ ਦੀ ਟਕਸਾਲੀ ਗਾਇਕੀ ਦਾ ਗਿਆਨ ਪ੍ਰਦਾਨ ਕਰ ਰਹੇ ਹਨ।

**ਜਵੱਦੀ ਟਕਸਾਲ** : 1985 ਈ: ਵਿਚ ਸੰਤ ਬਾਬਾ ਸੁੱਚਾ ਸਿੰਘ ਦੁਆਰਾ ਸਥਾਪਿਤ ਜਵੱਦੀ ਟਕਸਾਲ ਅੱਜ ਦੇ ਸਮੇਂ ਵਿਚ ਸਥਾਪਿਤ ਹੋਈ ਟਕਸਾਲ ਹੈ। ਇਸ ਟਕਸਾਲ ਵਿਚ ਗੁਰਮਤਿ ਸੰਗੀਤ ਦੇ ਸਿਧਾਂਤਾਂ ਅਨੁਸਾਰ ਗੁਰੂ ਸਾਹਿਬਾਨ ਦੁਆਰਾ ਵਰੋਸਾਈ ਲੁਪਤ ਹੋ ਰਹੀ ਸ਼ਬਦ ਕੀਰਤਨ ਪਰੰਪਰਾ, ਸਾਜਾਂ ਨੂੰ ਪੁਨਰ ਸੁਰਜੀਤ ਕਰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ, ਗਾਇਨ ਸ਼ੈਲੀਆਂ ਨੂੰ ਮੁੜ ਤੋਂ ਨਿਸਚਿਤਤਾ ਪ੍ਰਦਾਨ ਕਰਨ ਅਤੇ ਉਸ ਵਾਸਤੇ ਅਗਾਮੀ ਕਾਰਜਾਂ ਨੂੰ ਜਾਰੀ ਰੱਖਣਾ ਇਸ ਟਕਸਾਲ ਦੀ ਵਿਸ਼ੇਸ਼ਤਾ ਰਹੀ ਹੈ।[12]ਟਕਸਾਲ ਵਿਚ ਵਿੱਦਿਆਰਥੀਆਂ ਨੂੰ ਪੁਰਾਤਨ ਰਵਾਇਤੀ ਅਨੁਸਾਰ ਗੁਰਮਤਿ ਸੰਗੀਤ ਦੀ ਸਿਖਲਾਈ ਨਿਰਧਾਰਿਤ ਰਾਗਾਂ ਤੇ ਤੰਤੀ ਸਾਜਾਂ ਰਾਹੀਂ ਦਿੱਤੀ ਜਾ ਰਹੀ ਹੈ ਤਾਂ ਜੋ ਆਉਣ ਵਾਲੇ ਕੀਰਤਨਕਾਰ ਤਰਜ਼ ਪ੍ਰਧਾਨ ਕੀਰਤਨ ਨਾ ਕਰਨ। ਇਸ ਟਕਸਾਲ ਵਿਚ ਸਮੇਂ-ਸਮੇਂ ਗੁਰਮਤਿ ਸੰਗੀਤ ਦੇ ਸਿਧਾਂਤ ਦੀ ਪ੍ਰੋੜ੍ਹਤਾ ਲਈ ਵਿਭਿੰਨ ਸੈਮੀਨਾਰ ਅਤੇ ਵਰਕਸ਼ਾਪ ਲਗਾਈਆਂ ਜਾਂਦੀਆਂ ਹਨ। ਵਰਤਮਾਨ ਸਮੇਂ ਸੰਤ ਅਮੀਰ ਸਿੰਘ ਜੀ ਇਸ ਟਕਸਾਲ ਦੀ ਅਗਵਾਈ ਕਰ ਰਹੇ ਹਨ।

## 2. ਟਕਸਾਲਾਂ ਦੇ ਸਮਾਨੰਤਰ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਪਾ ਰਹੀਆਂ ਸੰਸਥਾਵਾਂ

ਭਾਵੇਂ 1704 ਈ: ਤੋਂ 1985 ਤੱਕ ਦੇ ਸਮੇਂ ਦੌਰਾਨ ਸਥਾਪਿਤ ਹੋਈਆਂ ਇਹ ਟਕਸਾਲਾਂ ਸਮੇਂ ਦੇ ਬਦਲਦੇ ਹਾਲਾਤ ਅਨੁਸਾਰ ਆਪਣੀ ਹੋਂਦ ਕਾਇਮ ਰੱਖ ਸਕੀਆਂ ਜਾਂ ਨਹੀਂ ਇਹ ਉਨ੍ਹਾਂ ਦੀ ਉਪਰੋਕਤ ਵਰਤਮਾਨ ਸਥਿਤੀ ਦੇ ਅਧਿਐਨ ਤੋਂ ਪਤਾ ਚੱਲ ਜਾਂਦਾ ਹੈ ਪ੍ਰੰਤੂ ਇਸ ਦੇ ਨਾਲ-ਨਾਲ ਸਿੱਖੀ ਸਿਧਾਂਤਾਂ ਬਾਰੇ ਚੇਤਨਤਾ ਜਾਂ ਜਾਗਰੂਕਤਾ ਲਈ ਸਿੰਘ ਸਭਾ ਲਹਿਰ ਨੇ ਜ਼ੋਰ ਫੜਿਆ ਅਤੇ ਹਰ ਪਿੰਡ ਜਾਂ ਨਗਰ ਵਿਚ ਸਿੰਘ ਸਭਾ ਗੁਰਦੁਆਰਾ ਸਥਾਪਿਤ ਕਰਕੇ ਸਿੱਖ ਰਹਿਤ ਮਰਿਆਦਾ ਤੇ ਪਹਿਰਾ ਦੇਣਾ ਆਰੰਭ ਕੀਤਾ ਜਿਸ ਕਾਰਨ ਉਦਾਸੀ ਜਾਂ ਨਿਰਮਲੇ ਮਹੰਤਾਂ ਦੇ ਡੇਰਿਆਂ ਦਾ ਪ੍ਰਭਾਵ ਘੱਟ ਗਿਆ ਕਿਉਂਕਿ ਇਨ੍ਹਾਂ ਵਿਚ ਅਕਾਦਮਿਕ ਵਿੱਦਿਆ ਦਾ ਕੋਈ ਉਚਿੱਤ ਪ੍ਰਬੰਧ ਨਹੀਂ ਸੀ ਸਮੇਂ ਦੀ ਹਾਣੀ ਹੁੰਦੇ ਹੋਏ ਇਹ ਜ਼ਰੂਰੀ ਹੋ ਗਿਆ ਕਿ ਸਿੱਖ ਬੱਚਿਆਂ ਨੂੰ ਗੁਰਮਤਿ ਦੇ ਨਾਲ ਅਕਾਦਮਿਕ ਵਿੱਦਿਆ ਦਾ ਗਿਆਨ ਵੀ ਦਿੱਤਾ ਜਾਵੇ। ਇਸ ਮਨੋਰਥ ਦੀ ਪੂਰਤੀ ਲਈ 1904 ਤੋਂ ਵਰਤਮਾਨ ਸਮੇਂ ਤੱਕ ਬਹੁਤ ਸਾਰੀਆਂ ਵਿੱਦਿਅਕ ਸੰਸਥਾਵਾਂ ਹੋਂਦ ਵਿਚ ਆਈਆਂ

ਜਿਨ੍ਹਾਂ ਵਿੱਚੋਂ ਕੁਝ ਪ੍ਰਮੁੱਖ ਸੰਸਥਾਵਾਂ ਦੇ ਯੋਗਦਾਨ ਨੂੰ ਖੋਜ ਕਾਰਜ ਦਾ ਹਿੱਸਾ ਬਣਾਉਂਦੇ ਹੋਏ ਇਨ੍ਹਾਂ ਸੰਸਥਾਵਾਂ ਦਾ ਵਰਣਨ ਇਸ ਪ੍ਰਕਾਰ ਹੈ:

**ਚੀਫ਼ ਖਾਲਸਾ ਦੀਵਾਨ** : ਗੁਰਮਤਿ ਸੰਗੀਤ ਦੀ ਪੁਨਰ ਸਥਾਪਤੀ ਦੇ ਇਤਿਹਾਸ ਵਿਚ ਚੀਫ਼ ਖਾਲਸਾ ਦੀਵਾਨ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਚੀਫ਼ ਖਾਲਸਾ ਦੀਵਾਨ ਨੇ ਗੁਰਮਤਿ ਸੰਗੀਤ ਵਿਰਾਸਤ ਦੇ ਮਹੱਤਵ ਨੂੰ ਪਛਾਣਦਿਆਂ ਇਸ ਨੂੰ ਵਿਦਿਅਕ ਪ੍ਰਚਾਰ ਪ੍ਰਸਾਰ ਦਾ ਅਨਿਖੜ ਅੰਗ ਬਣਾਇਆ ਗਿਆ। ਚੀਫ਼ ਖਾਲਸਾ ਦੀਵਾਨ ਵਲੋਂ ਗੁਰਮਤਿ ਸੰਗੀਤ ਦੇ ਖੇਤਰ ਵਿਚ ਕਈ ਇਤਿਹਾਸਕ ਤੇ ਵਿਲੱਖਣ ਕਾਰਜ ਕੀਤੇ ਗਏ। ਗੁਰਮਤਿ ਸੰਗੀਤ ਦੀ ਪੁਨਰ ਸਥਾਪਤੀ ਅਤੇ ਪ੍ਰਚਾਰ ਲਈ ਚੀਫ਼ ਖਾਲਸਾ ਦੀਵਾਨ ਵਲੋਂ ਗੁਰਮਤਿ ਸੰਗੀਤ ਸਬੰਧੀ ਮਹੱਤਵਪੂਰਨ ਪ੍ਰਕਾਸ਼ਨਾਵਾਂ, ਗੁਰਮਤਿ ਸੰਗੀਤਕਾਰਾਂ ਅਤੇ ਉਨ੍ਹਾਂ ਦੀ ਕਲਾ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਯਤਨ ਕੀਤੇ ਗਏ ਹਨ। ਇਸੇ ਲੜੀ ਅਨੁਸਾਰ ਵਿੱਦਿਅਕ ਖੇਤਰ ਵਿਚ ਚੀਫ਼ ਖਾਲਸਾ ਦੀਵਾਨ ਨੇ ਬਹੁ ਦਿਸ਼ਾਵੀ ਕਾਰਜਾਂ ਦੇ ਨਾਲ-ਨਾਲ ਗੁਰਮਤਿ ਸੰਗੀਤ ਸਬੰਧੀ ਇਸ ਸੰਸਥਾ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਚੀਫ਼ ਖਾਲਸਾ ਦੀਵਾਨ ਨੇ ਗੁਰਮਤਿ ਸੰਗੀਤ ਦੇ ਸੰਸਥਾਗਤ ਪ੍ਰਚਾਰ ਲਈ 1904 ਵਿਚ ਸੈਂਟਰਲ ਯਤੀਮਖਾਨੇ ਦੀ ਸਥਾਪਨਾ ਕੀਤੀ। 1904 ਤੋਂ 1927 ਤੱਕ ਇਹ ਯਤੀਮਖਾਨਾ ਰੇਲਵੇ ਸਟੇਸ਼ਨ ਦੇ ਕੋਲ ਨਹਿਰੀ ਵਿਭਾਗ ਦੇ ਸਾਹਮਣੇ ਇਕ ਕਿਰਾਏ ਦੇ ਮਕਾਨ ਵਿਚ ਕਾਰਜ ਕਰਦਾ ਰਿਹਾ ਅਤੇ 1927 ਈ. ਵਿਚ ਯਤੀਮਖਾਨਾ ਦਾ ਨਿਰਮਾਣ ਪੁਤਲੀ ਘਰ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। 1935 ਵਿਚ ਇਸੇ ਸਥਾਨ `ਤੇ ਹੀ ਇਕ `ਸੂਰਮਾ ਸਿੰਘ ਆਸ਼ਰਮ` ਦੀ ਸਥਾਪਨਾ ਕੀਤੀ ਗਈ। ਭਾਈ ਵੀਰ ਸਿੰਘ ਜੀ ਦੇ ਯਤਨਾਂ ਨਾਲ ਇਥੇ ਹੀ ਚੀਫ਼ ਖਾਲਸਾ ਦੀਵਾਨ ਦੀ ਧਰਮ ਪ੍ਰਚਾਰ ਕਮੇਟੀ ਵਲੋਂ `ਗੁਰਮਤਿ ਵਿਦਿਆਲੇ` ਦੀ ਸਥਾਪਨਾ ਹੋਈ। ਇਸ ਆਸ਼ਰਮ ਤੇ ਵਿਦਿਆਲੇ ਦਾ ਮਨੋਰਥ ਤਾਲੀਮ ਯਾਫਤਾ ਕੀਰਤਨੀਏ, ਗ੍ਰੰਥੀ ਸਿੰਘ ਤੇ ਪ੍ਰਚਾਰਕ ਤਿਆਰ ਕਰਨਾ ਸੀ। ਇਸੇ ਤਰ੍ਹਾਂ ਚੀਫ਼ ਖਾਲਸਾ ਦੀਵਾਨ ਵਲੋਂ ਹੀ ਭਾਈ ਹੀਰਾ ਸਿੰਘ ਸੰਗੀਤ ਵਿਦਿਆਲੇ ਦੀ ਸਥਾਪਨਾ ਵੀ ਕੀਤੀ ਗਈ ਹੈ। ਚੀਫ਼ ਖਾਲਸਾ ਦੀਵਾਨ ਦੇ ਗੁਰਮਤਿ ਸੰਗੀਤ ਸਬੰਧੀ ਕੀਤੇ ਉਪਰਾਲਿਆਂ `ਤੇ ਝਾਤ ਮਾਰੀਏ ਤਾਂ ਪੁਸਤਕ `ਗੁਰਮਤਿ ਸੰਗੀਤ ਪਰ ਹੁਣ ਤੱਕ ਮਿਲੀ ਖੋਜ` ਇਸ ਸਬੰਧ ਵਿਚ ਮਹੱਤਵਪੂਰਨ ਸਰੋਤ ਹੈ ਜਿਸ ਵਿਚ ਇਸ ਵਿਸ਼ੇ ਦੀ ਸਾਰਥਿਕਤਾ ਦਰਸਾਉਂਦਿਆਂ ਗੁਰਮਤਿ ਸੰਗੀਤ ਸਬੰਧੀ ਸਿਧਾਂਤਕ ਤੇ ਕਿਰਿਆਤਮਕ ਰਚਨਾਵਾਂ ਤੇ ਸੰਗੀਤਕ ਸਮਗਰੀ ਦਾ ਸੰਗ੍ਰਹਿ ਕੀਤਾ ਗਿਆ ਹੈ। ਵਰਤਮਾਨ ਸਮੇਂ ਚੀਫ਼

ਖਾਲਸਾ ਦੀਵਾਨ ਵੱਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪਾਸਾਰ ਲਈ ਕਈ ਵਿੱਦਿਅਕ ਸੰਸਥਾਵਾਂ ਚਲਾਈਆਂ ਜਾ ਰਹੀਆਂ ਹਨ।

**ਸਿੱਖ ਮਿਸ਼ਨਰੀ ਕਾਲਜਾਂ** : ਸ੍ਰੀ ਨਨਕਾਣਾ ਸਾਹਿਬ ਦੇ ਗੁਰਧਾਮਾਂ ਨੂੰ 21 ਫਰਵਰੀ, 1921 ਨੂੰ ਸ਼ਾਂਤਮਈ ਢੰਗ ਨਾਲ ਸ਼ਹਾਦਤਾਂ ਦੇ ਕੇ ਅਜ਼ਾਦ ਕਰਵਾਉਣ ਵਾਲੇ ਸ਼ਹੀਦਾਂ ਦੀ ਯਾਦ ਵਿਚ ਸਥਾਪਨਾ ਕੀਤੀ ਗਈ। ਇਸ ਕਾਲਜ ਦਾ ਮੰਤਵ ਸਿੱਖੀ ਦਾ ਅਕਾਦਮਿਕ ਰੂਪ ਵਿਚ ਪ੍ਰਚਾਰ ਕਰਨਾ ਸੀ। ਗੁਰਬਾਣੀ, ਸਿੱਖ ਸਿਧਾਂਤ, ਸਿੱਖ ਇਤਿਹਾਸ ਅਤੇ ਗੁਰਮਤਿ ਸੰਗੀਤ ਦੇ ਵਿਰਸੇ ਦੇ ਪ੍ਰਚਾਰ ਲਈ ਵਿਦਵਾਨ ਗ੍ਰੰਥੀ, ਪ੍ਰਚਾਰਕ ਅਤੇ ਕੀਰਤਨੀਆਂ ਦੀ ਸਿਖਲਾਈ ਇਸ ਸੰਸਥਾ ਦਾ ਵਿਸ਼ੇਸ਼ ਟੀਚਾ ਮਿਥਿਆ ਗਿਆ। ਸਿੱਖ ਪੰਥ ਦੀ ਇਸ ਇਤਿਹਾਸਕ ਸਿਖਿਆ ਸੰਸਥਾਨ ਦਾ ਪਹਿਲਾ ਸੈਸ਼ਨ ਆਰੰਭ 1927 ਵਿਚ ਆਰੰਭ ਹੋਇਆ। ਗੁਰਮਤਿ ਸੰਗੀਤ ਦੇ ਖੇਤਰ ਵਿਚ ਇਸ ਸੰਸਥਾ ਦੇ ਸਤਿਕਾਰਯੋਗ ਅਧਿਆਪਕਾਂ ਵਿਚ ਉਸਤਾਦ ਅਵਤਾਰ ਸਿੰਘ ਨਾਜ਼, ਉਸਤਾਦ ਮਹਿੰਗਾ ਸਿੰਘ, ਭਾਈ ਨਿਰਮਲ ਸਿੰਘ, ਸੁਰਜੀਤ ਸਿੰਘ ਅਤੇ ਪ੍ਰਿੰ. ਬਲਦੇਵ ਸਿੰਘ ਆਦਿ ਦਾ ਨਾਮ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਮਤਿ ਸੰਗੀਤ ਦੇ ਵਿਕਾਸ ਲਈ ਕਈ ਵਿਦਿਆਲਿਆ ਅਤੇ ਮਿਸ਼ਨਰੀ ਕਾਲਜਾਂ ਦੀ ਸਥਾਪਨਾ ਕੀਤੀ ਜਿਨ੍ਹਾਂ ਵਿਚ ਸੰਤ ਫਤਹਿ ਸਿੰਘ ਚੰਨਣ ਸਿੰਘ ਸਿੱਖ ਮਿਸ਼ਨਰੀ ਕਾਲਜ ਬੁੱਢਾ ਜੋਹੜ, ਗੰਗਾ ਨਗਰ, ਰਾਜਸਥਾਨ; ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ, ਬਠਿੰਡਾ (1991); ਸੰਗੀਤ ਇੰਸਟੀਚਿਊਟ, ਤਲਵੰਡੀ ਸਾਬੋ, ਬਠਿੰਡਾ (1997); ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਆਨੰਦਪੁਰ ਸਾਹਿਬ, ਰੋਪੜ (1999); ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ, ਸੁਲਤਾਨਪੁਰ ਲੋਧੀ, ਕਪੂਰਥਲਾ (2007); ਗੁਰਮਤਿ ਸੰਗੀਤ ਅਕੈਡਮੀ ਸੈਖੂਪੁਰਾ ਮੰਚੂਰੀ, ਜਿਲ੍ਹਾ ਕਰਨਾਲ, ਹਰਿਆਣਾ (2007), ਗੁਰੂ ਨਾਨਕ ਗੁਰਮਤਿ ਵਿਦਿਆਲਾ, ਡੇਰਾ ਬਾਬਾ ਨਾਨਕ, ਗੁਰਦਾਸਪੁਰ (2006); ਸ਼ਹੀਦ ਬਾਬਾ ਦੀਪ ਸਿੰਘ ਗੁਰਮਤਿ ਵਿਦਿਆਲਾ, ਬਖਸ਼ੀ ਵਾਲੀ ਕੋਠੀ, ਬਰਨਾਲਾ (2007); ਗੁਰਮਤਿ ਸੰਗੀਤ ਵਿਦਿਆਲਾ, ਗੁ: ਸਿਧਸਰ ਸਾਹਿਬ, ਕਾਲਾਮਾਲਾ ਛਾਪਾ, ਬਰਨਾਲਾ (2009); ਗੁਰਮਤਿ ਸੰਗੀਤ ਵਿਦਿਆਲਾ, ਸ਼ਾਹਜਨਪੁਰ, ਯੂ.ਪੀ; ਸੰਤ ਕਰਤਾਰ ਸਿੰਘ ਜੀ ਖਾਲਸਾ ਗੁਰਮਤਿ ਅਤੇ ਕੀਰਤਨ ਵਿਦਿਆਲਾ, ਪਿੰਡ ਭੁਰਾਕੋਹਨਾ, ਜਿਲ੍ਹਾ ਤਰਨਤਾਰਨ (2010); ਭਾਈ ਗੁਰਦਾਸ ਗੁਰਮਤਿ ਵਿਦਿਆਲਾ, ਗੁ: ਮੰਜੀ ਸਾਹਿਬ, ਆਲਮਗੀਰ, ਲੁਧਿਆਣਾ (2010) ਵਿਸ਼ੇਸ਼ ਹਨ। ਸਿੱਖ

ਮਿਸ਼ਨਰੀ ਕਾਲਜਾਂ ਦੇ ਬਹੁਤ ਸਾਰੇ ਕੀਰਤਨੀਏ ਦੇਸ਼ ਵਿਦੇਸ਼ ਵਿਚ ਕੀਰਤਨ ਦੀ ਸੇਵਾ ਕਰ ਰਹੇ ਹਨ। 1927 ਤੋਂ 2018 ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਨਿਰੰਤਰ ਯੋਗਦਾਨ ਪਾਇਆ ਹੈ ਅਤੇ ਕੀਰਤਨੀਆਂ ਦੀਆਂ ਕਈ ਪੀੜ੍ਹੀਆਂ ਨੂੰ ਸਿੱਖ ਮਿਸ਼ਨਰੀ ਕਾਲਜਾਂ ਵਿਚ ਤਿਆਰ ਕੀਤਾ ਹੈ। ਸ੍ਰੀ ਦਰਬਾਰ ਸਾਹਿਬ ਦੀ ਕੀਰਤਨ ਪਰੰਪਰਾ ਵਿਚ ਇਨ੍ਹਾਂ ਕੀਰਤਨੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਕੀਤੇ ਜਾ ਰਹੇ ਯਤਨ ਸ਼ਲਾਘਾਯੋਗ ਹਨ ।

**ਗੁਰਮਤਿ ਵਿਦਿਆਲਾ ਰਕਾਬਗੰਜ ਦਿੱਲੀ** : ਗੁਰਦੁਆਰਾ ਰਕਾਬਗੰਜ ਵਿਖੇ ਸਥਾਪਤ ਗੁਰਮਤਿ ਵਿਦਿਆਲਾ ਪਿਛਲੇ ਨੌ ਦਹਾਕਿਆਂ ਤੋਂ ਗੁਰਮਤਿ ਸੰਗੀਤ ਦੇ ਪ੍ਰਚਾਰਕ, ਕੀਰਤਨੀਏ ਤੇ ਵਿਆਖਿਆਕਾਰ ਨੂੰ ਵਿਧੀ ਪੂਰਵਕ ਸਿਖਲਾਈ ਦੇ ਰਿਹਾ ਹੈ।ਗੁਰਮਤਿ ਵਿਦਿਆਲਾ (ਗੁਰਦੁਆਰਾ ਰਕਾਬਗੰਜ, ਦਿੱਲੀ) ਦੀ ਸਥਾਪਨਾ 1930 ਵਿਚ ਗੁਰੂ ਨਾਨਕ ਵਿਦਿਆ ਭੰਡਾਰ ਟਰਸਟ, ਨਵੀਂ ਦਿੱਲੀ ਦੁਆਰਾ ਸਰਦਾਰ ਧਰਮ ਸਿੰਘ ਦੇ ਯਤਨਾਂ ਦੁਆਰਾ ਕੀਤੀ ਗਈ। ਸਰਦਾਰ ਧਰਮ ਸਿੰਘ ਨੇ ਦਿੱਲੀ, ਯੂ.ਪੀ. ਤੇ ਆਲੇ ਦੁਆਲੇ ਦੇ ਇਲਾਕੇ ਵਿਚ ਸਿੱਖੀ ਦੇ ਪ੍ਰਚਾਰ ਲਈ 1924 ਵਿਚ ਗੁਰੂ ਨਾਨਕ ਵਿਦਿਆ ਟਰਸਟ ਭੰਡਾਰ, ਨਵੀਂ ਦਿੱਲੀ ਦੀ ਸਥਾਪਨਾ ਕੀਤੀ ਗਈ ਅਤੇ ਇਸ ਟਰਸਟ ਦੁਆਰਾ ਗੁਰਮਤਿ ਵਿਦਿਆਲੇ ਦਾ ਆਰੰਭ ਹੋਇਆ ਜਿਸਦੇ ਪਹਿਲੇ ਮੁਖੀ ਗਿਆਨੀ ਹਰਦਿੱਤ ਸਿੰਘ ਨੂੰ ਥਾਪਿਆ ਗਿਆ।ਗਿਆਨੀ ਹਰਦਿਤ ਸਿੰਘ ਨੇ ਖਾਲਸਾ ਪ੍ਰਚਾਰਕ ਵਿਦਿਆਲਾ, ਤਰਨਤਾਰਨ ਵਿਖੇ ਪੰਡਤ ਨੱਥੂ ਰਾਮ ਜੀ ਤੋਂ ਸੰਗੀਤ ਵਿਦਿਆ ਪ੍ਰਾਪਤ ਕੀਤੀ। ਗਿਆਨੀ ਹਰਦਿੱਤ ਸਿੰਘ ਨੇ 1967 ਤੱਕ ਇਹ ਸੇਵਾ ਨਿਭਾਈ ਕੀਤੀ। ਉਪਰੰਤ ਗਿਆਨੀ ਕਿਸ਼ਨ ਸਿੰਘ ਪ੍ਰਵਾਨਾ ਕੁਝ ਸਮਾਂ ਵਿਦਿਆਲੇ ਵਿਚ ਗੁਰਮਤਿ ਸੰਗੀਤ ਦੀ ਸਿੱਖਿਆ ਦਿੰਦੇ ਰਹੇ। 1967 ਤੋਂ ਬਾਅਦ ਭਾਈ ਦਿਆਲ ਸਿੰਘ ਨੂੰ ਇਸ ਵਿਦਿਆਲੇ ਦਾ ਮੁਖੀ ਥਾਪਿਆ ਗਿਆ। ਭਾਈ ਦਿਆਲ ਸਿੰਘ ਨੇ ਗੁਰਮਤਿ ਵਿਦਿਆਲੇ ਤੋਂ ਹੀ 1946 ਤੋਂ 1951 ਤੱਕ ਸਿਖਿਆ ਪ੍ਰਾਪਤ ਕੀਤੀ। ਆਪ ਦਿਲਰੁਬਾ ਤੇ ਸਾਰੰਦਾ ਤੰਤੀ ਸਾਜ਼ ਦੇ ਵਾਦਕ ਵੀ ਸਨ। ਆਪ ਨੇ 1939 ਵਿਚ ਸ੍ਰੀ ਹਰਿਮੰਦਰ ਸਾਹਿਬ ਵਿਚ ਵੀ ਦਿਲਰੁਬਾ ਵਾਦਕ ਵਜੋਂ ਸੇਵਾ ਕੀਤੀ। ਆਪ ਰਬਾਬੀ ਭਾਈ ਤਾਬਾ ਅਤੇ ਸ. ਗਿਆਨ ਸਿੰਘ ਐਬਟਾਬਾਦ (ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ ਦੇ ਸੰਗ੍ਰਹਿਕ ਅਤੇ ਕੀਰਤਨੀਏ) ਦੀ ਸੰਗਤ ਵਿਚ ਰਹੇ। ਇਨ੍ਹਾਂ ਦੀ ਪ੍ਰੇਰਨਾ ਨਾਲ ਪ੍ਰਿੰ. ਦਿਆਲ ਸਿੰਘ ਨੇ

ਗੁਰਮਤਿ ਸੰਗੀਤ ਨੂੰ ਆਪਣੀਆਂ ਲਿਖਤਾਂ ਦੁਆਰਾ ਅਮੀਰ ਬਣਾਇਆ। ਪ੍ਰਿੰ. ਦਿਆਲ ਸਿੰਘ ਨੇ 1957 ਤੋਂ 2012 ਤੱਕ ਗੁਰਮਤਿ ਵਿਦਿਆਲੇ ਦੀ ਸੇਵਾ ਕੀਤੀ। ਗੁਰਮਤਿ ਵਿਦਿਆਲੇ ਦੇ ਵਿਦਿਆਰਥੀ, ਕੀਰਤਨੀਏ, ਗ੍ਰੰਥੀ ਤੇ ਪ੍ਰਚਾਰਕ ਦੇਸ਼ਾਂ ਵਿਦੇਸ਼ਾਂ ਵਿਚ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ। ਗੁਰਮਤਿ ਵਿਦਿਆਲੇ ਵਿਚ ਪ੍ਰਚਲਿਤ ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੀ ਵਿਸ਼ੇਸ਼ ਵਿਰਾਸਤ ਹਨ।

**ਗੁਰਮਤਿ ਸੰਗੀਤ ਬਾਲ ਵਿਦਿਆਲਾ ਰਿਸ਼ੀਕੇਸ਼** : ਪੰਜਾਬ ਦੀ ਧਰਤੀ ਤੋਂ ਦੂਰ ਸਫਲਤਾ ਨਾਲ ਸਿੱਖੀ ਪ੍ਰਚਾਰ ਦੇ ਮਨੋਰਥ ਨਾਲ ਗੁਰਮਤਿ ਅਤੇ ਸੰਗੀਤ ਦੀ ਵਿਦਿਆ ਦਾ ਪਸਾਰਾ ਕਰਨ ਵਾਲੀ ਸੰਸਥਾ ਗੁਰਮਤਿ ਸੰਗੀਤ ਬਾਲ ਵਿਦਿਆਲਾ ਰਿਸ਼ੀਕੇਸ਼ ਦੀ ਸਥਾਪਨਾ 1960 ਵਿਚ ਹੋਈ। ਜਿਸ ਦੇ ਮੁਖ ਟਰੱਸਟੀ ਸ. ਗੁਰਬਖਸ਼ ਸਿੰਘ ਬਿੰਦਰਾ ਸਨ। ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਮੁੱਢਲੇ ਮੈਂਬਰ ਬਾਬਾ ਗੁਰਮੱਖ ਸਿੰਘ ਲੁਧਿਆਣੇ ਵਾਲਿਆਂ ਦਾ ਅਤੇ ਗਿਆਨੀ ਭਗਤ ਸਿੰਘ ਦਾ ਇਸ ਸਬੰਧੀ ਵਿਸ਼ੇਸ਼ ਸਹਿਯੋਗ ਰਿਹਾ। ਗੁਰਮਤਿ ਸੰਗੀਤ ਬਾਲ ਵਿਦਿਆਲੇ ਵਿਚ ਸਵਰਗੀ ਭਾਈ ਸਾਧੂ ਸਿੰਘ ਦੇਹਰਾਦੂਨ ਦਾ ਵਿਸ਼ੇਸ਼ ਯੋਗਦਾਨ ਵੀ ਰਿਹਾ। ਭਾਈ ਸਾਧੂ ਸਿੰਘ ਤੋਂ ਇਲਾਵਾ ਪੰਥ ਦੇ ਪ੍ਰਸਿੱਧ ਕੀਰਤਨੀਏ ਪਦਮ ਸ੍ਰੀ ਭਾਈ ਨਿਰਮਲ ਸਿੰਘ ਖਾਲਸਾ ਵੀ ਇਸ ਵਿਦਿਆਲੇ ਵਿਚ ਬਤੌਰ ਸੰਗੀਤ ਅਧਿਆਪਕ ਕੁਝ ਸਮਾਂ ਸੇਵਾ ਨਿਭਾਉਂਦੇ ਰਹੇ ਹਨ। ਗੁਰਮਤਿ ਸੰਗੀਤ ਦੇ ਵਿਦਵਾਨ ਪ੍ਰਿੰ. ਦਿਆਲ ਸਿੰਘ ਦੇ ਪਰਮ ਸ਼ਿਸ਼ ਭਾਈ ਕੰਵਰਪਾਲ ਸਿੰਘ ਵੀ ਇਸ ਵਿਦਿਆਲੇ ਵਿਚ ਅਧਿਆਪਕ ਦੀ ਸੇਵਾ ਨਿਭਾਉਂਦੇ ਰਹੇ ਹਨ ਅਤੇ ਹੁਣ ਵੀ ਸਮੇਂ ਸਮੇਂ ਆਪਣੀਆਂ ਸੇਵਾਵਾਂ ਅਰਪਿਤ ਕਰਦੇ ਆ ਰਹੇ ਹਨ। ਵਰਤਮਾਨ ਸਮੇਂ ਸ. ਨਰਿੰਦਰਜੀਤ ਸਿੰਘ ਬਿੰਦਰਾ ਸਥਾਨਕ ਟਰੱਸਟੀ ਭਾਵਨਾ ਨਾਲ ਸੇਵਾ ਵਿਚ ਨਿਰੰਤਰ ਯਤਨਸ਼ੀਲ ਹਨ। ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ, ਸ. ਮਦਨ ਸਿੰਘ ਲੁਧਿਆਣਾ, ਸ. ਜਨਕ ਸਿੰਘ ਦਿੱਲੀ ਅਤੇ ਸ. ਰਵਿੰਦਰ ਸਿੰਘ ਲਖਨਊ, ਸਮੂਹ ਸੰਗਤਾਂ ਦੇ ਸਹਿਯੋਗ ਨਾਲ ਜਿੱਥੇ ਹੇਮਕੁੰਟ ਸਾਹਿਬ ਦੀ ਯਾਤਰਾ ਦਾ ਪ੍ਰਬੰਧ ਕਰ ਰਹੇ ਹਨ, ਉੱਥੇ ਸਿੱਖੀ ਪ੍ਰਚਾਰ ਵਿੱਚ ਵੀ ਬਹੁਤ ਵੱਡਾ ਯੋਗਦਾਨ ਪਾ ਰਹੇ ਹਨ।

**ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ 17 ਦਸੰਬਰ, 1999 ਨੂੰ ਕੀਤਾ। ਪ੍ਰੋ. ਕਰਤਾਰ ਸਿੰਘ ਨੂੰ ਇਸ ਦਾ ਡਾਇਰੈਕਟਰ ਥਾਪਿਆ ਗਿਆ ਜੋ ਬੜੀ ਤਨਦੇਹੀ ਨਾਲ ਸਮਰਪਿਤ ਹੋ ਕੇ

ਇਹ ਸੇਵਾ ਕਰ ਰਹੇ ਹਨ। ਪ੍ਰੋ. ਕਰਤਾਰ ਸਿੰਘ ਨੇ ਆਪਣੇ ਨਾਲ ਭਾਈ ਪਿਆਰਾ ਸਿੰਘ ਪਦਮ ਨੂੰ ਤੰਤੀ ਸਾਜ਼ਾਂ ਦੀ ਸਿਖਲਾਈ ਲਈ ਰਖਿਆ। ਇਥੇ 10+2 ਪਾਸ ਵਿਦਿਆਰਥੀ ਦਾਖਲਾ ਲੈ ਕੇ ਕੀਰਤਨ ਗਾਇਨ (ਤੰਤੀ ਸਾਜ਼ਾਂ ਸਹਿਤ) ਤੇ ਤਬਲਾ ਵਾਦਨ ਦੀ ਸਿੱਖਿਆ ਲੈਂਦੇ ਹਨ। ਗੁਰਮਤਿ ਸੰਗੀਤ ਅਕੈਡਮੀ ਨੇ ਪ੍ਰੋ. ਕਰਤਾਰ ਸਿੰਘ ਦੀ ਅਗਵਾਈ ਵਿਚ ਆਪਣੇ ਸਥਾਪਨਾ ਮਨੋਰਥ ਦੀ ਪੂਰਤੀ ਲਈ ਸਾਰਥਕ ਯੋਗਦਾਨ ਪਾਇਆ ਹੈ।

### 3. ਗੁਰਮਤਿ ਸੰਗੀਤ ਦੀ ਵਿਸ਼ੇ ਵਜੋਂ ਆਰੰਭਤਾ

ਗੁਰਮਤਿ ਸੰਗੀਤ ਦੇ ਇਤਿਹਾਸ ਵਿਚ ਇਸ ਦੀ ਸਿੱਖਿਆ ਟਕਸਾਲਾਂ ਵਿਚ ਗੈਰ-ਰਸਮੀ ਤੌਰ ਤੇ ਪੀੜ੍ਹੀ-ਦਰ-ਪੀੜ੍ਹੀ ਵਿਕਸਿਤ ਹੁੰਦੀ ਰਹੀ। ਗੁਰਮਤਿ ਸੰਗੀਤ ਪਰੰਪਰਾ ਦੀ ਟਕਸਾਲੀ ਵਿੱਦਿਆ ਦੇ ਨਾਲ-ਨਾਲ ਅਕਾਦਮਿਕਤਾਂ ਦਾ ਆਰੰਭ ਜ਼ਿਆਦਾ ਪੁਰਾਣਾ ਨਹੀਂ ਹੈ ਇਸ ਦਾ ਆਰੰਭ ਚੀਫ਼ ਖ਼ਾਲਸਾ ਦੀਵਾਨ ਵੱਲੋਂ ਕੀਤਾ ਗਿਆ, ਸੰਸਥਾ ਵੱਲੋਂ ਗੁਰਮਿਤ ਸੰਗੀਤ ਦੇ ਅਕਾਦਮਿਕ ਵਿਕਾਸ ਲਈ 40 ਵੀਂ ਸਰਬ ਹਿੰਦ ਐਜੂਕੇਸ਼ਨ (1957 ਈ:) ਵਿਚ ਮਤਾ ਪਾਸ ਕੀਤਾ ਗਿਆ ਜਿਸ ਦੇ ਅੰਤਰਗਤ ਗੁਰਮਤਿ ਸੰਗੀਤ ਤੇ ਹੁਣ ਤੱਕ ਹੋਈ ਕੁੱਲ ਖੋਜ ਦਾ ਨਿਰੀਖਣ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਦੇ ਸਿੱਟੇ ਵਜੋਂ ਚੀਫ਼ ਖ਼ਾਲਸਾ ਦੀਵਾਨ ਨੇ ਗੁਰਮਤਿ ਸੰਗੀਤ ਤੇ ਹੁਣ ਤੱਕ ਹੋਈ ਖੋਜ ਨੂੰ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ। ਇਸੇ ਲੜੀ ਅਨੁਸਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ (1962) ਤੋਂ ਤੁਰੰਤ ਬਾਅਦ ਹੀ ਗੁਰਮਤਿ ਸੰਗੀਤ ਦੇ ਵਿਹਾਰਿਕ ਸਰੂਪ ਨੂੰ ਕ੍ਰਮਬੱਧ ਕਰਨ ਅਤੇ ਉਸ ਦੇ ਵਿਕਾਸ ਪ੍ਰਤੀ ਚੇਤੰਨ ਰਹਿੰਦੇ ਹੋਏ ਯੂਨੀਵਰਸਿਟੀ ਵਿਚ ਕੁੱਝ ਉਪਰਾਲੇ ਆਰੰਭ ਕੀਤੇ ਗਏ। ਇਨ੍ਹਾਂ ਉਪਰਾਲਿਆਂ ਵਿਚ ਸੰਨ 1968 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ ਕੀਰਤਨ ਦਰਬਾਰਾਂ ਦਾ ਆਯੋਜਨ ਕਰਕੇ ਨਿਰਧਾਰਿਤ ਰਾਗਾਂ ਵਿਚ ਅਤੇ ਪੁਰਾਤਨ ਰੀਤਾਂ ਅਨੁਸਾਰ ਗਾਏ ਜਾਣ ਵਾਲੇ ਸ਼ਬਦ ਕੀਰਤਨ ਨੂੰ ਰਿਕਾਰਡ ਕਰਨਾ ਵੀ ਸ਼ੁਰੂ ਕੀਤਾ। ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ 1968 ਵਿਚ ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਤੋਂ ਗੁਰਬਾਣੀ ਸੰਗੀਤ, 'ਪ੍ਰਾਚੀਨ ਰੀਤ ਰਤਨਾਵਲੀ' ਪੁਸਤਕ ਲਿਖਵਾਈ ਗਈ। ਜਿਸ ਵਿਚ ਉਨ੍ਹਾਂ ਨੇ ਪੁਰਾਤਨ ਕੀਰਤਨ ਸ਼ੈਲੀ ਦੀਆਂ ਰੀਤਾਂ ਨੂੰ ਦਰਜ ਕੀਤਾ ਗਿਆ। ਗੁਰਮਿਤ ਸੰਗੀਤ ਦੇ ਵਿਹਾਰਿਕ ਸਰੂਪ ਦੀ ਸਾਂਭ ਸੰਭਾਲ ਪੱਖੋਂ ਇਹ ਪਹਿਲਾਂ ਕਦਮ ਸੀ। ਇਸ ਪਿੱਛੋਂ ਪੰਜਾਬੀ ਯੂਨੀਵਰਸਿਟੀ ਵੱਲੋਂ ਗੁਰਮਤਿ

ਸੰਗੀਤ ਸਬੰਧੀ ਵਿਸ਼ੇਸ਼ ਸੈਮੀਨਾਰ ਅਤੇ ਪ੍ਰਾਜੈਕਟ ਆਰੰਭ ਕੀਤੇ ਗਏ। ਸੰਨ 1990 ਵਿਚ ਯੂ.ਜੀ.ਸੀ. (ਯੂਨੀਵਰਸਿਟੀ ਗਰਾਂਟਸ ਕਮਿਸ਼ਨ) ਦੇ ਸਹਿਯੋਗ ਨਾਲ 'ਗੁਰਮਤਿ ਸੰਗੀਤ: ਵਿਭਿੰਨ ਪਰਿਪੇਖ` ਸੈਮੀਨਾਰ ਅਤੇ ਗੁਰਮਤਿ ਸੰਗੀਤ ਸੰਮੇਲਨਾਂ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਸੰਗੀਤ, ਗੁਰਮਤਿ ਸੰਗੀਤ ਤੇ ਗੁਰਬਾਣੀ ਦੇ ਪ੍ਰਸਿੱਧ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਸਤੁਤ ਕੀਤੇ। ਇਸ ਸੈਮੀਨਾਰ ਵਿਚ ਗੁਰਮਤਿ ਸੰਗੀਤ ਨੂੰ ਅਕਾਦਮਿਕ ਪੱਧਰ ਤੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀ ਪੱਧਰ ਦੀ ਪੜਾਈ ਵਿਚ ਵਿਸ਼ੇ ਵਜੋਂ ਮਾਨਤਾ ਦੀ ਮੰਗ ਰੱਖੀ ਗਈ। ਇਸ ਉਪਰੰਤ 17 ਅਪ੍ਰੈਲ, 1991 ਨੂੰ ਚੰਡੀਗੜ੍ਹ ਵਿਖੇ ਗੁਰਮਤਿ ਸੰਗੀਤ ਸੁਸਾਇਟੀ, ਚੰਡੀਗੜ੍ਹ ਵੱਲੋਂ ਗੁਰਮਤਿ ਸੰਗੀਤ ਵਿਸ਼ੇ ਤੇ 'ਗੁਰਮਤਿ ਸੰਗੀਤ ਵਿਰਸਾ ਅਤੇ ਵਰਤਮਾਨ` ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਗੁਰਮਤਿ ਸੰਗੀਤ ਨੂੰ ਇਕ ਵਿਸ਼ੇ ਵਜੋਂ ਲਾਗੂ ਕਰਵਾਉਣ ਲਈ ਮਤਾ ਪਾਸ ਕੀਤਾ ਗਿਆ। ਗੁਰਮਤਿ ਸੰਗੀਤ ਦੀ ਅਕਾਦਮਿਕਤਾਂ ਵਿਸ਼ੇ ਵਜੋਂ ਆਰੰਭ ਉਦੋਂ ਹੋਇਆ ਜਦੋਂ ਗੁਰਮਤਿ ਸੰਗੀਤ ਪ੍ਰਤਿ ਚੇਤੰਨ ਵਿਦਵਾਨਾਂ ਦੇ ਉੱਦਮਾਂ ਸਦਕਾ ਪਹਿਲੀ ਵਾਰ ਸੰਨ 1992-93 ਵਿਚ ਇਸ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 10+2 ਦੇ ਪਾਠਕ੍ਰਮ ਵਿਚ ਸ਼ਾਮਿਲ ਕਰ ਲਿਆ ਗਿਆ। ਇਸ ਉਪਰੰਤ ਸੰਨ 1994 ਵਿਚ ਪ੍ਰੋ ਗੁਰਦੀਪ ਸਿੰਘ ਰੰਧਾਵਾ, ਵਾਈਸ ਚਾਂਸਲਰ ਦੀ ਸਰਪ੍ਰਸਤੀ ਅਧੀਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਬੀ.ਏ. ਦੇ ਪਾਠਕ੍ਰਮ ਵਿਚ ਤੀਸਰਾ ਹਿੱਸਾ ਅਤੇ ਐਮ.ਏ. ਦੇ ਪਾਠਕ੍ਰਮ ਵਿਚ 'ਗੁਰਮਤਿ ਸੰਗੀਤ ਦਾ ਇਤਿਹਾਸ` ਅਤੇ 'ਸਾਇੰਟਿਫਿਕ ਸਟੱਡੀ ਆਫ਼ ਗੁਰਮਤਿ ਸੰਗੀਤ` ਦੇ ਪਰਚੇ ਲਾਜ਼ਮੀ ਕੀਤੇ ਗਏ।

### 4. ਗੁਰਮਤਿ ਸੰਗੀਤ ਦਾ ਅਕਾਦਮਿਕ ਵਿਕਾਸ

ਗੁਰਮਤਿ ਸੰਗੀਤ ਦੀ ਉਚੇਰੀ ਅਕਾਦਮਿਕ ਸਿੱਖਿਆ ਦੇਣ ਦੇ ਉਦੇਸ਼ ਨਾਲ ਅਤੇ 'ਗੁਰਮਤਿ ਸੰਗੀਤ ਵਿਚ ਖੋਜ ਕਾਰਜ ਨੂੰ ਉਤਸ਼ਾਹਿਤ ਕਰਨ ਹਿਤ 26 ਮਾਰਚ 2003 ਵਿਚ 'ਗੁਰਮਤਿ ਸੰਗੀਤ ਚੇਅਰ` ਦੀ ਸਥਾਪਨਾ ਕੀਤੀ ਗਈ ਜਿਸ ਵਿਚ ਬੀਬੀ ਜਸਬੀਰ ਕੌਰ ਖ਼ਾਲਸਾ, ਚੇਅਰ ਪਰਸਨ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ ਨਵੀਂ ਦਿੱਲੀ ਅਤੇ ਸ੍ਰ: ਸਵਰਨ ਸਿੰਘ ਬੋਪਾਰਾਏ, ਤਤਕਾਲੀਨ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਦਾ ਵਿਸ਼ੇਸ਼ ਯੋਗਦਾਨ ਸੀ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ 2004 ਵਿਚ ਗੁਰਮਤਿ ਸੰਗੀਤ ਵਿਭਾਗ ਦੀ ਸਥਾਪਨਾ ਹੋਈ। ਡਾ. ਗੁਰਨਾਮ ਸਿੰਘ, ਵਿਭਾਗ ਦੇ ਬਾਨੀ ਪ੍ਰੋਫੈਸਰ ਅਤੇ ਮੁਖੀ ਦੀ ਕੁਸ਼ਲ ਦੇਖ-ਰੇਖ ਵਿਚ ਵਿਭਾਗ ਆਰੰਭ ਹੋਇਆ। ਵਿਭਾਗ ਦੀ ਸਥਾਪਨਾ ਤੋਂ ਬਾਅਦ 2006 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਬੀ.ਏ. ਵਿਚ ਗੁਰਮਤਿ ਸੰਗੀਤ ਨੂੰ ਇੱਕ ਚੋਣਵੇਂ ਵਿਸ਼ੇ ਵਜੋਂ ਮਾਨਤਾ ਮਿਲੀ। ਇਸ ਤੋਂ ਉਪਰੰਤ ਗਾਇਨ ਅਤੇ ਵਾਦਨ ਦੇ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਪੱਧਰ ਤੇ ਕਈ ਕੋਰਸ ਅਰੰਭੇ ਗਏ।

ਗੁਰਮਤਿ ਸੰਗੀਤ ਵਿਭਾਗ ਵੱਲੋਂ ਵਿਦੇਸ਼ਾਂ ਵਿਚ ਵੀ ਗੁਰਮਤਿ ਸੰਗੀਤ ਦੀ ਭਰਪੂਰ ਲਹਿਰ ਚਲਾਈ ਜਾ ਰਹੀ ਹੈ। ਇੱਥੋਂ ਦੇ ਅਹੁਦੇਦਾਰ ਵਿਦੇਸ਼ ਜਾ ਰਹੇ ਹਨ ਅਤੇ ਵਿਦੇਸ਼ਾਂ ਤੋਂ ਗੁਰਮਤਿ ਸੰਗੀਤ ਦੇ ਕਾਰਜ ਕਰਤਾਵਾਂ ਅਤੇ ਅਧਿਕਾਰੀਆਂ ਨੂੰ ਇੱਥੇ ਨਿਮੰਤਰਿਤ ਕਰਕੇ ਗੁਰਮਤਿ ਗਾਇਨ ਕਰਵਾਇਆ ਜਾ ਰਿਹਾ ਹੈ। ਅਜਿਹਾ ਆਦਾਨ-ਪ੍ਰਦਾਨ ਨਿਸ਼ਚੇ ਹੀ ਗੁਰਮਤਿ ਸੰਗੀਤ ਦੇ ਅਤਿ ਵਿਸਤਰਿਤ ਘੇਰੇ ਦਾ ਸੂਚਕ ਹੈ। ਦੇਸ਼ ਵਿਦੇਸ਼ਾਂ ਵਿਚ ਗੁਰਮਤਿ ਸੰਗੀਤ ਦੇ ਵਿਕਾਸ ਹਿਤ ਪੰਜਾਬੀ ਯੂਨੀਵਰਸਿਟੀ ਨੇ ਕਾਰਜ ਉਲੀਕਦਿਆਂ ਕੁਝ ਕਾਰਜ ਬੜੇ ਅਗਾਂਹਵਧੂ ਹਨ। ਇਨ੍ਹਾਂ ਵਿੱਚੋਂ ਭਾਈ ਸਾਹਿਬ, ਭਾਈ ਰਣਧੀਰ ਸਿੰਘ ਆਨ ਲਾਈਨ ਗੁਰਮਤਿ ਸੰਗੀਤ ਲਾਇਬਰੇਰੀ, ਸੰਤ ਸੁੱਚਾ ਸਿੰਘ ਆਰਕਾਈਵਜ਼ ਅਤੇ ਵੀਡੀਓ ਸੀਡੀਜ਼ ਅਤੇ ਡਾਕੂਮੈਂਟਰੀ ਫ਼ਿਲਮਾਂ ਵਿਸ਼ੇਸ਼ ਵਰਣਨ ਯੋਗ ਹਨ। ਗੁਰਮਤਿ ਸੰਗੀਤ ਦੀ ਅਕਾਦਮਿਕਤਾਂ ਦੀ ਲਹਿਰ ਵਿਚ ਸਭ ਤੋਂ ਵਧੇਰੇ ਆਧੁਨਿਕ ਤਕਨੀਕੀ ਉਛਾਲ ਉਦੋਂ ਆਇਆ ਜਦੋਂ ਵਿਭਾਗ ਦੇ 'ਗੁਰਮਤਿ ਗਿਆਨ ਆਨ ਲਾਈਨ ਸਟੱਡੀ ਸੈਂਟਰ ਵੱਲੋਂ ਸਾਲ 2013 ਤੋਂ ਗੁਰਮਤਿ ਗਿਆਨ ਆਨ ਲਾਈਨ ਟੀਚਿੰਗ ਪ੍ਰੋਗਰਾਮ ਆਰੰਭ ਕੀਤਾ ਗਿਆ ਜਿਸ ਦੇ ਅੰਤਰਗਤ ਆਨ ਲਾਈਨ ਸਟੱਡੀ ਸੈਂਟਰ ਦੀ ਡਾਇਰੈਕਟਰ ਡਾ. ਅੰਮ੍ਰਿਤਪਾਲ ਕੌਰ ਦੀ ਸੁਚੱਜੀ ਸੇਧ ਸਦਕਾ ਆਨ ਲਾਈਨ ਟੀਚਿੰਗ ਲਈ ਪਾਠ ਤਿਆਰ ਕੀਤੇ ਜਾਂਦੇ ਹਨ ਅਤੇ ਇੱਥੋਂ ਤੱਕ ਕਿ ਇਨ੍ਹਾਂ ਦੀ ਪ੍ਰੀਖਿਆ ਵੀ ਆਨ ਲਾਈਨ ਹੀ ਕਰਵਾਈ ਜਾਂਦੀ ਹੈ।

ਉਪਰੋਕਤ ਵਰਣਨ ਦੇ ਆਧਾਰਤ ਦੇਖਿਆ ਜਾਵੇ ਤਾਂ ਟਕਸਾਲ ਉਸ ਸਥਾਨ ਨੂੰ ਮੰਨਿਆ ਗਿਆ ਹੈ ਜਿੱਥੇ ਗੁਰਮਤਿ ਅਨੁਸਾਰ ਸਿੱਖਾਂ ਦੀ ਰਹਿਣੀ ਬਹਿਣੀ ਅਤੇ ਕੀਰਤਨ ਬੋਧ ਰਾਹੀਂ ਵਿਧੀ ਵੱਧ ਸਿਖਲਾਈ ਦਿੱਤੀ ਜਾਂਦੀ ਸੀ। ਖੋਜ ਕਾਰਜ ਵਿਚ ਟਕਸਾਲ ਪਰੰਪਰਾ ਦਾ ਇਤਿਹਾਸਕ ਸਰਵੇਖਣ ਕੇਵਲ ਸ਼ਬਦ ਕੀਰਤਨ ਦੇ ਸੰਦਰਭ ਵਿਚ ਕੀਤਾ ਹੈ। ਬੇਸ਼ੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਅਨੁਸਾਰ ਟਕਸਾਲ

ਸ਼ਬਦ ਵਿਚ ਸੁਰਤ ਦਾ ਦ੍ਰਿਸ਼ਟਾਂਤ ਦੇ ਕੇ ਇਕ ਗੁਰਸਿੱਖ ਦੀ ਜੀਵਨ ਜਾਂਚ ਉਸ ਦੀ ਸੁਰਤਿ ਦੀ ਘਾੜਤ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਭਾਵ ਕਿ ਗੁਰ ਮਰਿਆਦਾ,ਗੁਰਬਾਣੀ ਅਤੇ ਸ਼ਬਦ ਕੀਰਤਨ ਦੇ ਪੱਖਾਂ ਨੂੰ ਘੜਨ ਦੇ ਸਥਾਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਟਕਸਾਲ ਸ਼ਬਦ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਟਕਸਾਲਾਂ ਦੇ ਇਤਿਹਾਸਕ ਸਰਵੇਖਣ ਤੋਂ ਇਹ ਤੱਤ ਸਾਹਮਣੇ ਆਏ ਹਨ ਕਿ ਜਿਨ੍ਹਾਂ ਟਕਸਾਲਾਂ ਨੂੰ ਖੋਜ ਕਾਰਜ ਦਾ ਹਿੱਸਾ ਬਣਾਇਆ ਗਿਆ ਹੈ ਉਨ੍ਹਾਂ ਵਿਚੋਂ ਦਮਦਮੀ ਟਕਸਾਲ, ਦੌਧਰ ਟਕਸਾਲ ਅਤੇ ਜਵੱਦੀ ਟਕਸਾਲ ਵਰਤਮਾਨ ਸਮੇਂ ਬਤੌਰ ਟਕਸਾਲ ਵਜੋਂ ਹੀ ਕਾਰਜ ਕਰ ਰਹੀਆਂ ਸਨ ਪਰੰਤੂ ਵਰਤਮਾਨ ਸਮੇਂ ਕਈ ਟਕਸਾਲਾਂ ਵਿਦਿਆਲਿਆ ਜਾਂ ਸੰਸਥਾਵਾਂ (ਟਰੱਸਟ) ਦੇ ਰੂਪ ਵਿਚ ਪਰਿਵਰਤਿਤ ਹੋ ਚੁੱਕੀਆਂ ਹਨ ਜਿਨ੍ਹਾਂ ਵਿਚ ਮਸਤੂਆਣਾ ਟਕਸਾਲ, ਸੇਵਾਪੰਥੀ ਟਕਸਾਲ, ਡੁਮੇਲੀ ਟਕਸਾਲ ਅਤੇ ਸਿੰਘਾਂ ਵਾਲੀ ਟਕਸਾਲ ਪ੍ਰਮੁੱਖ ਹਨ। ਤਰਨਤਾਰਨ ਟਕਸਾਲ ਅਤੇ ਸੈਦਪੁਰ ਠੱਠਾ ਟਿੱਬਾ ਟਕਸਾਲ ਦਾ ਸਰਵੇਖਣ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਦਿਆਂ ਇਹ ਤੱਥ ਸਾਹਮਣੇ ਆਏ ਹਨ ਕਿ ਇਨ੍ਹਾਂ ਟਕਸਾਲਾਂ ਦੀ ਸਿਖਲਾਈ ਵਿੱਦਿਆ ਤਿੰਨ ਪੀੜ੍ਹੀਆਂ ਤੋਂ ਵਧੇਰੇ ਪ੍ਰਵਾਹਿਤ ਰਹੀ ਹੈ। ਇਨ੍ਹਾਂ ਟਕਸਾਲਾਂ ਦੇ ਕੀਰਤਨਕਾਰਾਂ ਨੇ ਆਪਣੇ ਹੀ ਪਰਿਵਾਰਕ ਮੈਂਬਰਾਂ ਨੂੰ ਵਧੇਰੇ ਕੀਰਤਨ ਦੀ ਸਿਖਲਾਈ ਦਿੱਤੀ ਹੈ। ਇਸ ਲਈ ਇਨ੍ਹਾਂ ਨੂੰ ਟਕਸਾਲ ਦੀ ਬਜਾਏ ਗੁਰਮਤਿ ਸੰਗੀਤ ਦੇ ਘਰਾਣਿਆਂ ਵਜੋਂ ਵੀ ਜਾਣਿਆ ਜਾ ਸਕਦਾ ਹੈ ਕਿਉਂਕਿ ਇਹ ਨਿਸ਼ਚਿਤ ਸਥਾਨ ਵਜੋਂ ਕਾਰਜ ਨਹੀਂ ਕਰ ਰਹੀਆਂ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਅਤੇ ਗੁਰਮਤਿ ਸੰਗੀਤ ਚੇਅਰ ਨੇ ਇਨ੍ਹਾਂ ਟਕਸਾਲਾਂ ਦੀ ਕਈ ਪੀੜ੍ਹੀਆਂ ਤੋਂ ਪ੍ਰਚਲਿਤ ਪੁਰਾਤਨ ਟਕਸਾਲੀ ਵਿੱਦਿਆ ਨੂੰ ਸੁਰੱਖਿਅਤ ਰੱਖਣ ਲਈ ਵਿਸ਼ੇਸ਼ ਉਪਰਾਲੇ ਕੀਤੇ ਹਨ। ਇਸ ਮੁਹਿੰਮ ਸਦਕਾ ਲੁਪਤ ਹੋ ਰਹੀਆਂ ਟਕਸਾਲਾਂ ਜਿਨ੍ਹਾਂ ਵਿਚ ਹਰਗੁਨਾ ਟਕਸਾਲ ਅਤੇ ਮਸਤੂਆਣਾ ਟਕਸਾਲ ਪੁਨਰ ਸੁਰਜੀਤ ਕਰਨ ਲਈ ਪੁਰਨੂਰ ਸੈਮੀਨਾਰ ਕਰਵਾਏ ਗਏ ਹਨ।

ਟਕਸਾਲਾਂ ਦੇ ਸਰਵੇਖਣ ਤੋਂ ਇਹ ਪਤਾ ਲੱਗਦਾ ਹੈ ਕਿ ਟਕਸਾਲੀ ਵਿੱਦਿਆ ਦਾ ਧਾਰਨੀ ਗੁਰਮਤਿ ਸੰਗੀਤ ਦਾ ਇਕ ਸਿੱਖਿਆਰਥੀ ਪੂਰਨ ਤੌਰ `ਤੇ ਸੰਗੀਤ ਪੱਖੋਂ ਭਾਵ ਕਿ ਸੰਗੀਤ ਦੇ ਸਾਰੇ ਪੱਖ ਜਿਵੇਂ ਰਾਗ,ਤਾਲ, ਗਾਇਨ ਸ਼ੈਲੀਆਂ, ਵਾਦਨ ਸ਼ੈਲੀਆਂ ਤੋਂ ਪਰਿਪੂਰਨ ਹੁੰਦਾ ਹੈ। ਗੁਰਮਤਿ ਸੰਗੀਤ ਦੇ ਹਵਾਲੇ ਨਾਲ ਗੁਰਮਤਿ ਦੀ ਮਰਿਆਦਾ, ਰਹਿਣੀ-ਬਹਿਣੀ, ਗੁਰ ਇਤਿਹਾਸ, ਗੁਰਬਾਣੀ ਉਚਾਰਨ ਅਤੇ ਕੀਰਤਨ ਆਦਿ

ਸਾਰੇ ਪਰਕਰਨ ਦਾ ਚੰਗਾ ਗਿਆਤਾ ਹੁੰਦਾ ਹੈ, ਇਸ ਲਈ ਟਕਸਾਲੀ ਵਿਰਸੇ ਨੂੰ ਸੰਭਾਲਣ ਲਈ ਅਕਾਦਮਿਕ ਪੱਧਰ `ਤੇ ਇਸ ਨੂੰ ਸਵੀਕਾਰਦਿਆਂ ਹੋਇਆਂ ਸੈਮੀਨਾਰ ਕਰਵਾ ਕੇ ਟਕਸਾਲਾਂ ਨੂੰ ਪੁਨਰ ਸੁਰਜੀਤ ਕਰਨ ਦੇ ਉਪਰਾਲੇ ਕੀਤੇ ਗਏ ਪਰੰਤੂ ਕੁਝ ਸਮੇਂ ਬਾਅਦ ਕੋਈ ਵਿਸ਼ੇਸ਼ ਲਾਭ ਨਹੀਂ ਪ੍ਰਾਪਤ ਹੋਇਆ।

ਇਸ ਤੋਂ ਇਲਾਵਾ ਟਕਸਾਲਾਂ ਵਿਚ ਸ਼ਬਦ ਕੀਰਤਨ ਦੀ ਮੌਲਿਕਤਾ ਵੱਲੋਂ ਕਈ ਵਾਰ ਅਨਿਸ਼ਚਿਤਤਾ ਪਾਈ ਜਾਂਦੀ ਸੀ, ਕਿਉਂਕਿ ਉਸਤਾਦ ਕੀਰਤਨਕਾਰ ਆਪਣੀ ਅਲਪ ਜਾਂ ਵਧੇਰੇ ਸਮਰੱਥਾ ਅਨੁਸਾਰ ਵਿਦਿਆਰਥੀਆਂ ਨੂੰ ਸਿਖਲਾਈ ਦਿੰਦੇ ਸਨ। ਸਿਖਲਾਈ ਸਮੇਂ ਉਮਰ ਜਾਂ ਸਿਖਲਾਈ ਦਾ ਸਮਾਂ ਨਿਸ਼ਚਿਤ ਨਹੀਂ ਹੁੰਦਾ ਸੀ। ਸਿਰਫ਼ ਗੁਰਮਤਿ ਪੱਧਰ `ਤੇ ਹੀ ਸਿਖਲਾਈ ਦਿੱਤੀ ਜਾਂਦੀ ਸੀ ਪ੍ਰੰਤੂ ਸਮੇਂ ਦੇ ਹਾਣੀ ਹੁੰਦਿਆਂ ਇਹ ਟਕਸਾਲਾਂ ਗੁਰਮਤਿ ਦੇ ਨਾਲ-ਨਾਲ ਅਕਾਦਮਿਕ ਪੱਧਰ ਤੇ ਜਾਗਰੂਕ ਹੋਣ ਕਾਰਨ ਵਿਦਿਆਲਿਆ, ਸਕੂਲਾਂ ਜਾਂ ਅਕੈਡਮੀਆਂ ਵਿਚ ਪਰਿਵਰਤਿਤ ਹੋ ਗਈਆਂ। ਮੌਜੂਦਾ ਸਮੇਂ ਟਕਸਾਲ ਦੇ ਨਾਮਕਰਨ ਤੇ ਕੋਈ ਵੀ ਸੰਸਥਾ ਹੋਂਦ ਵਿਚ ਨਹੀਂ ਆ ਰਹੀ ਕਿਉਂਕਿ ਜਦੋਂ ਵੀ ਗੁਰਮਤਿ ਸੰਗੀਤ ਦੀ ਸਿਖਲਾਈ ਦੀ ਕੋਈ ਅਜਿਹੀ ਸੰਸਥਾ ਹੋਂਦ ਵਿਚ ਆਉਂਦੀ ਹੈ ਤਾਂ ਹਰ ਇਕ ਦੀ ਕੋਸ਼ਿਸ਼ ਹੁੰਦੀ ਹੈ ਕਿ ਆਪਣੀ ਸਥਾਪਤ ਕੀਤੀ ਸੰਸਥਾ ਦਾ ਨਾਮ ਕਿਸੇ ਵਿਸ਼ੇਸ਼ ਜਨ ਜਾਂ ਮਹਾਂਪੁਰਸ਼ ਦੇ ਨਾਂ `ਤੇ ਰੱਖਿਆ ਜਾਵੇ। ਇਸ ਲਈ ਕਹਿ ਸਕਦੇ ਹਾਂ ਕਿ ਆਪਣੇ ਪਰੰਪਰਿਕ ਸ਼ਬਦਾਂ ਦੀ ਮੌਲਿਕਤਾ ਤੋਂ ਲਾਪਰਵਾਹ ਹੁੰਦੇ ਹੋਏ ਅਜਿਹਾ ਹੋ ਰਿਹਾ ਹੈ ਜਿਸ ਨਾਲ ਟਕਸਾਲ ਸ਼ਬਦ ਲੁਪਤ ਹੁੰਦਾ ਜਾ ਰਿਹਾ ਹੈ। ਅਸਲੀਅਤ ਇਹ ਹੈ ਕਿ ਇਨ੍ਹਾਂ ਗੁਰੂ ਕਾਲ ਤੋਂ ਚਲੀਆਂ ਆ ਰਹੀਆਂ ਟਕਸਾਲਾਂ ਦੇ ਸਦਕਾ ਹੀ ਅੱਜ ਸ਼ਬਦ ਕੀਰਤਨ ਦੀ ਪਰੰਪਰਾ ਸਾਡੇ ਤੱਕ ਪਹੁੰਚੀ ਹੈ। ਇਹ ਨਿੱਜੀ ਵਿਚਾਰ ਹੈ ਕਿ ਸ਼ਬਦ ਕੀਰਤਨ ਦੇ ਸਿਖਲਾਈ ਕੇਂਦਰਾਂ ਨੂੰ ਟਕਸਾਲ ਦਾ ਨਾਂ ਦੇ ਕੇ ਤੇ ਉਸ ਵਿਚ ਸ਼ਬਦ ਕੀਰਤਨ ਦੇ ਸੰਪੂਰਨ ਸਿਧਾਂਤਕ ਤੇ ਵਿਹਾਰਕ ਗਿਆਨ ਦੀ ਸਿਖਲਾਈ ਵਿਧੀ ਵੱਧ ਢੰਗ ਨਾਲ ਦਿੰਦੇ ਹੋਏ ਇਸ ਦੀ ਸਾਰਥਿਕਤਾ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਰਹੀ ਗੱਲ ਕਿ ਗੁਰਮਤਿ ਸੰਗੀਤ ਦਾ ਗਿਆਨ ਦੇ ਰਹੀਆਂ ਅਜਿਹੀਆਂ ਵਿੱਦਿਅਕ ਸੰਸਥਾਵਾਂ ਦੇ ਸਥਾਨ ਨੂੰ ਟਕਸਾਲ ਦਾ ਨਾਂ ਹੀ ਦਿੱਤਾ ਜਾਵੇ ਜਾਂ ਕੋਈ ਆਧੁਨਿਕ ਨਾਮ। ਇਸ ਤੇ ਜ਼ੋਰ ਨਾ ਪਾਉਂਦੇ ਹੋਏ ਇਸ ਗੱਲ ਵੱਲ ਧਿਆਨ ਦਿੱਤਾ ਜਾਵੇ ਕਿ ਜੇ ਟਕਸਾਲ ਦਾ ਸ਼ਾਬਦਿਕ ਨਾਂ ਨਹੀਂ ਹੈ ਪਰੰਤੂ ਉਸ ਦੀ ਅੰਦਰੂਨੀ ਸੰਰਚਨਾ ਗੁਰਮਤਿ ਦੀ ਧਾਰਨੀ ਹੁੰਦੀ ਹੋਈ ਟਕਸਾਲੀ ਵਿੱਦਿਆ ਨੂੰ ਸਾਰਥਿਕ ਕਰੇ ਤਾਂ ਠੀਕ ਹੈ ਭਾਵ ਗੁਰਮਤਿ ਸੰਗੀਤ ਦੀ ਟਕਸਾਲੀ ਵਿੱਦਿਆ ਨੂੰ ਆਧੁਨਿਕ ਅਕਾਦਮਿਕ

ਸੰਸਥਾਵਾਂ ਵਿਚ ਨਿਸ਼ਚਿਤ ਵਿਧੀ ਵਿਧਾਨ ਅਨੁਸਾਰ ਗੁਰਮਤਿ ਸੰਗੀਤ ਦੀ ਸਿਧਾਂਤਿਕ, ਵਿਹਾਰਿਕ ਅਤੇ ਇਤਿਹਾਸਕ ਮਰਿਆਦਾ ਦੁਆਰਾ ਇਕ ਨਿਯਮ ਅਨੁਸਾਰ ਲਾਗੂ ਕਰੀਏ ਤਾਂ ਇਹ ਵਿੱਦਿਆ ਗੁਰਮਤਿ ਸੰਗੀਤ ਦੇ ਲਈ ਲਾਹੇਵੰਦ ਰਹੇਗੀ ਅਤੇ ਸਾਰਥਿਕਤਾ ਦੀ ਕਸੌਟੀ ਤੇ ਉੱਤਰੇਗੀ।

## ਹਵਾਲੇ ਅਤੇ ਪਦ-ਟਿੱਪਣੀਆ

[1] ਗੁਰਨਾਮ ਸਿੰਘ (ਡਾ.), **ਦਮਦਮੀ ਟਕਸਾਲ ਦਾ ਗੁਰਮਤਿ ਸੰਗੀਤ ਵਿਚ ਯੋਗਦਾਨ,** ਅਜੀਤ ਵਿਸ਼ੇਸ਼ ਅੰਕ, ਧਰਮ ਤੇ ਵਿਰਸਾ, ਮਿਤੀ 21/8/2012, ਪੰਨਾ 8.

[2] ਲਾਲ ਚੰਦ ਭਾਈ (ਸੰਤ), ***ਸ੍ਰੀ ਸੰਤ ਰਤਨ ਮਾਲਾ***, ਪੰਨਾ 7

[3] ਗੁਰਨਾਮ ਸਿੰਘ (ਡਾ.), **ਕਲੇਰਾਂ, ਸੇਵਾਪੰਥੀ, ਸਿੰਘਾਂ ਅਤੇ ਡੁਮੇਲੀ : ਕੀਰਤਨ ਟਕਸਾਲ**, ਅਜੀਤ ਵਿਸ਼ੇਸ਼ ਅੰਕ, ਧਰਮ ਤੇ ਵਿਰਸਾ, ਮਿਤੀ 9/10/ 2012, ਪੰਨਾ 8.

[4] ਨਿਜੀ ਮੁਲਾਕਾਤ, ਬਾਬਾ ਸੁੰਦਰ ਸਿੰਘ ਟਿਕਾਣਾ ਭਾਈ ਰਾਮ ਕਿਸ਼ਨ ਸੇਵਾ ਪੰਥੀ ਪਟਿਆਲਾ, ਮਿਤੀ 30/06/2016

[5] ਨਿਰਮਲ ਸਿੰਘ ਖਾਲਸਾ (ਪਦਮ ਸ੍ਰੀ) **ਗੁਰਮਤਿ ਸੰਗੀਤ ਦੇ ਅਨਮੋਲ ਰਤਨ**, ਪੰਨਾ 206

[6] ਗੁਰਨਾਮ ਸਿੰਘ (ਡਾ.), **ਸੈਦਪੁਰ ਠੱਠਾ ਟਿੱਬਾ ਸ਼ਬਦ ਕੀਰਤਨ ਦੀ ਪ੍ਰਾਚੀਨ ਟਕਸਾਲ**,ਅਜੀਤ ਵਿਸ਼ੇਸ਼ ਅੰਕ, ਧਰਮ ਤੇ ਵਿਰਸਾ, ਮਿਤੀ 16/10/2012, ਪੰਨਾ 8.

[7] ਨਿਜੀ ਮੁਲਾਕਾਤ, ਬਾਬਾ ਲਖਵੀਰ ਮੁਖੀ, ਮੁਖੀ ਦੋਧਰ ਟਕਸਾਲ, ਮਿਤੀ 6-11-2014.

[8] ਗੁਰਨਾਮ ਸਿੰਘ (ਡਾ.), **ਸ਼ਬਦ ਕੀਰਤਨ ਦੀ ਮਸਤੂਆਣਾ ਟਕਸਾਲ**, ਅਜੀਤ ਵਿਸ਼ੇਸ਼ ਅੰਕ, ਧਰਮ ਤੇ ਵਿਰਸਾ, ਮਿਤੀ 18/9/2012, ਪੰਨਾ 8.

[9] ਗੁਰਨਾਮ ਸਿੰਘ (ਡਾ.), **ਸ਼ਬਦ ਕੀਰਤਨ ਦੀ ਹਰਗਨਾ ਟਕਸਾਲ**,ਅਜੀਤ ਵਿਸ਼ੇਸ਼ ਅੰਕ, ਧਰਮ ਤੇ ਵਿਰਸਾ, ਮਿਤੀ 25/9/2012, ਪੰਨਾ 8.

[10] ਗੁਰਨਾਮ ਸਿੰਘ (ਡਾ.), **ਕਲੇਰਾਂ, ਸੇਵਾਪੰਥੀ, ਸਿੰਘਾਂ ਅਤੇ ਡੁਮੇਲੀ : ਕੀਰਤਨ ਟਕਸਾਲ**, ਅਜੀਤ ਵਿਸ਼ੇਸ਼ ਅੰਕ, ਧਰਮ ਤੇ ਵਿਰਸਾ, ਮਿਤੀ 9/10/ 2012, ਪੰਨਾ 8

[11] ਨਿਜੀ ਮੁਲਾਕਾਤ, ਪ੍ਰੋ. ਰਣਜੀਤ ਸਿੰਘ (ਡੁਮੇਲੀ), ਮਿਤੀ 23/6/2014

[12] ਜਸਬੀਰ ਕੌਰ (ਡਾ.), **ਗੁਰਮਤਿ ਸੰਗੀਤ ਦੀ ਇਤਿਹਾਸਕ ਵਿਲੱਖਣਤਾ**, ਪੰਨਾ 127

# ਉਪਸੰਹਾਰ

ਸਿੱਖ ਧਰਮ ਵਿਚ ਗੁਰਮਤਿ ਸੰਗੀਤ ਪਰੰਪਰਾ ਦੀ ਸਿੱਖਿਆ ਵਿਧੀ ਦਾ ਪ੍ਰਬੰਧ ਧਰਮਸਾਲਾ ਤੋ ਆਰੰਭ ਹੋਇਆਂ ਪ੍ਰੰਤੂ ਵਰਤਮਾਨ ਸੰਦਰਭ ਵਿਚ ਧਰਮਸਾਲਾ ਦੇ ਅਰਥ ਸ਼ਰਨਾਰਥੀਆਂ ਦੀਆਂ ਸਰਾਂਵਾਂ ਤੱਕ ਸੀਮਤ ਰਹਿ ਗਏ ਹਨ। ਇਸ ਲਈ ਗੁਰੂ ਸਾਹਿਬਾਨਾਂ ਦੇ ਸਮੇਂ ਸਥਾਪਿਤ ਹੋਇਆ ਇਨ੍ਹਾਂ ਧਰਮਸ਼ਾਲਾ, ਧਾਰਮਿਕ ਸਥਾਨਾਂ ਜਾਂ ਕੀਰਤਨ ਸਥਾਨਾਂ ਨੂੰ ਅਸੀਂ ਕੀਰਤਨ ਕੇਂਦਰਾਂ ਵਜੋਂ ਜਾਣ ਸਕਦੇ ਹਾਂ। ਟਕਸਾਲ ਪਰੰਪਰਾ ਦੀ ਧਰਾਤਲ ਤੇ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਦੀ ਸਥਾਪਨਾ ਕਰਕੇ ਇੱਥੇ ਨਾਮ ਸਿਮਰਨ ਅਤੇ ਸਵੇਰੇ ਸ਼ਾਮ ਕੀਰਤਨ ਕਰਨ ਦੀ ਪ੍ਰਥਾ ਆਰੰਭ ਕੀਤੀ ਸਮੇਂ ਅਨੁਸਾਰ ਇਸ ਪਰੰਪਰਾ ਨੂੰ ਬਾਕੀ ਗੁਰੂ ਸਾਹਿਬਾਨਾਂ ਨੇ ਵੀ ਆਪਣੇ ਆਪਣੇ ਸਥਾਨਾਂ ਤੇ ਆਰੰਭ ਰੱਖਿਆ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ ਪਰੰਤੂ ਗੁਰੂ ਸਾਹਿਬ ਤੋਂ ਬਾਅਦ ਇਸ ਨੂੰ ਸਿੱਖਾਂ ਦੀ ਪਹਿਲੀ ਟਕਸਾਲ ਵਜੋਂ ਸੰਬੋਧਿਤ ਕੀਤਾ ਗਿਆ। ਇਸ ਟਕਸਾਲ ਦਾ ਮੁੱਖ ਕੰਮ ਗੁਰਬਾਣੀ ਦੇ ਅਰਥ ਬੋਧ ਤਕ ਹੀ ਸੀਮਤ ਸਨ, ਪਰ ਸਮੇਂ ਦੇ ਨਾਲ ਟਕਸਾਲਾਂ ਵਿਚ ਵਿਦਿਆਰਥੀਆਂ ਨੂੰ ਸ਼ਬਦ ਕੀਰਤਨ ਅਤੇ ਗੁਰਮਤਿ ਰਹਿਣੀ ਬਹਿਣੀ ਦੀ ਸਿਖਲਾਈ ਵੀ ਦਿੱਤੀ ਜਾਣ ਲੱਗ ਪਈ ਸੀ। ਗੁਰੂ ਕਾਲ ਤੋਂ ਬਾਦ ਅਨੇਕਾਂ ਸੰਤਾ-ਮਹਾਂਪੁਰਸ਼ਾਂ ਨੇ ਵੱਖ ਵੱਖ ਇਲਾਕਿਆਂ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਕਰਨ ਲਈ ਕੀਰਤਨ ਕੇਂਦਰਾਂ ਜਾਂ ਟਕਸਾਲਾਂ ਦੀ ਸਥਾਪਨਾ ਕੀਤੀ। ਇਸ ਪਰੰਪਰਾ ਦੇ ਆਰੰਭ ਹੋਣ ਨਾਲ ਗੁਰੂ ਘਰ ਦੇ ਵਰੋਸਾਏ ਰਾਗੀ, ਰਬਾਬੀ ਕੀਰਤਨਕਾਰਾਂ ਨੇ ਆਪਣੀ ਕਲਾ ਨੂੰ ਅੱਗੇ ਆਪਣੇ ਵੰਸ਼ਜਾਂ ਅਤੇ ਵਿਦਿਆਰਥੀਆਂ ਨੂੰ ਸਿਖਾਉਣਾ ਆਰੰਭ ਕਰ ਦਿੱਤਾ, ਜਿਸ ਨਾਲ ਸਿੱਖ ਧਰਮ ਵਿਚ ਕੀਰਤਨ ਸਿੱਖਣ ਤੇ ਸਿਖਾਉਣ ਲਈ (ਗੁਰੂ ਸ਼ਿਸ਼) ਪਰੰਪਰਾ ਦਾ ਆਰੰਭ ਹੋਇਆ ਅਤੇ ਕਈ ਟਕਸਾਲਾਂ ਹੋਂਦ ਵਿਚ ਆਈਆਂ।

ਵਰਤਮਾਨ ਸਮੇਂ ਗੁਰਮਤਿ ਸੰਗੀਤ ਸਬੰਧੀ ਵਿਸ਼ਵ ਪੱਧਰ ਤੇ ਅਧਿਐਨ ਤੇ ਖੋਜ-ਕਾਰਜ ਹੋ ਰਹੇ ਹਨ। ਕਈ ਸੰਗੀਤ ਵਿਦਵਾਨਾਂ ਨੇ ਗੁਰਮਤਿ ਸੰਗੀਤ ਸਬੰਧੀ ਗ੍ਰੰਥ ਤੇ ਪੁਸਤਕਾਂ ਦੀ ਰਚਨਾ ਕੀਤੀ ਹੈ। ਇਸ ਸਾਰੇ ਖੋਜ ਕਾਰਜ ਵਿਚ ਗੁਰਮਤਿ ਸੰਗੀਤ ਨਾਲ ਸਬੰਧਿਤ ਕਈ ਵਿਸ਼ਿਆਂ ਤੇ ਖੋਜ-ਕਾਰਜ ਕੀਤਾ ਗਿਆ ਹੈ

ਪ੍ਰੰਤੂ ਟਕਸਾਲ ਪਰੰਪਰਾ ਜਿਸ ਦਾ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਵੱਡਾ ਯੋਗਦਾਨ ਹੈ। ਕਿਉਂਕਿ ਟਕਸਾਲਾਂ ਦੇ ਕਾਰਨ ਹੀ ਅਸੀਂ ਗੁਰੂ ਸਾਹਿਬਾਨ ਦੁਆਰਾ ਵਰੋਸਾਇ ਸ਼ਬਦ ਕੀਰਤਨ ਪਰੰਪਰਾ ਦਾ ਜੀਵੰਤ ਰੂਪ ਸਿੱਖ ਸੰਗਤ ਵਿਚ ਪ੍ਰਵਾਹ ਅਧੀਨ ਹੈ ਅਤੇ ਸਿੱਖੀ ਜੀਵਨ ਦਾ ਇਕ ਅਟੁੱਟ ਹਿੱਸਾ ਹੈ। ਟਕਸਾਲਾਂ ਦੇ ਇਸ ਵਿਸ਼ੇ 'ਤੇ ਸਮੇਂ ਦੇ ਬਦਲਦੇ ਹਾਲਾਤਾਂ ਕਰਕੇ ਕੁਝ ਟਕਸਾਲਾਂ ਕਾਰਜਸ਼ੀਲ ਰਹੀਆਂ ਪ੍ਰੰਤੂ ਕੁਝ ਟਕਸਾਲਾਂ ਦੇ ਰੂਪ ਪਰਿਵਰਤਿਤ ਹੋ ਗਏ। ਇਸ ਵਿਸ਼ੇ 'ਤੇ ਅਜੇ ਤਕ ਕੋਈ ਖੋਜ ਕਾਰਜ ਨਹੀਂ ਕੀਤਾ ਗਿਆ। ਇੱਥੋਂ ਤੱਕ ਕਿ ਟਕਸਾਲਾਂ ਦੇ ਮੁਖੀ ਜਾਂ ਕੀਰਤਨਕਾਰਾਂ ਨੇ ਵੀ ਟਕਸਾਲਾਂ ਦੀ ਕੋਈ ਇਤਿਹਾਸਕ ਜਾਣਕਾਰੀ ਜਾਂ ਸੰਗੀਤਕ ਸਮਗਰੀ ਦੀ ਸੰਭਾਲ ਨਹੀਂ ਕੀਤੀ ਜਿਸ ਦੇ ਕਾਰਨ ਗੁਰਮਤਿ ਸੰਗੀਤ ਦਾ ਵਿਸ਼ਾਲ ਭੰਡਾਰ ਲੁਪਤ ਹੋ ਗਿਆ। ਸਿੱਖ ਧਰਮ ਨਾਲ ਸਬੰਧਿਤ ਇਤਿਹਾਸਕ ਸਰੋਤਾਂ ਵਿਚ ਟਕਸਾਲ ਪਰੰਪਰਾ ਦੀ ਸੰਖੇਪ ਜਾਣਕਾਰੀ ਮਿਲਦੀ ਹੈ ਪ੍ਰੰਤੂ ਅੱਜ ਦੇ ਸੰਦਰਭ ਵਿਚ ਟਕਸਾਲਾਂ ਦਾ ਕੀ ਵਜੂਦ ਹੈ ਅਤੇ ਇਹ ਕਿਸ ਪ੍ਰਕਾਰ ਕਾਰਜ ਕਰ ਰਹੀਆਂ ਹਨ, ਇੱਥੋਂ ਤਕ ਕਿ ਗੁਰਮਤਿ ਸੰਗੀਤ ਦੇ ਵਿਕਾਸ ਅਤੇ ਇਸ ਨੂੰ ਸਥਾਈ ਰੂਪ ਵਿਚ ਸਥਾਪਤ ਕਰਨ ਲਈ ਇਤਿਹਾਸਕ ਪੱਖੋਂ ਟਕਸਾਲਾਂ ਦੀ ਹੋਂਦ ਅਤੇ ਪਰਿਵਰਤਿਤ ਰੂਪ ਸਬੰਧੀ ਸੁਤੰਤਰ ਖੋਜ ਦੀ ਲੋੜ ਮਹਿਸੂਸ ਕਰਦਿਆਂ ਅਸੀਂ "**ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਇਤਿਹਾਸਕ ਸਰਵੇਖਣ**" ਨੂੰ ਆਪਣੇ ਖੋਜ ਕਾਰਜ ਦਾ ਵਿਸ਼ਾ ਬਣਾਇਆ ਹੈ। ਇਸ ਖੋਜ ਕਾਰਜ ਅਧੀਨ ਅਸੀਂ ਆਪਣੇ ਖੋਜ ਕਾਰਜ ਨੂੰ ਹੇਠ ਲਿਖੇ ਪੰਜ ਅਧਿਆਇ ਵਿਚ ਵਿਭਾਜਿਤ ਕੀਤਾ ਹੈ।

## ਪ੍ਰਸਤਾਵਿਤ ਅਧਿਆਇ ਵੰਡ

**ਅਧਿਆਇ ਪਹਿਲਾ : ਗੁਰਮਤਿ ਸੰਗੀਤ ਵਿਚ ਟਕਸਾਲ ਪਰੰਪਰਾ: ਸਰੂਪਗਤ ਅਧਿਐਨ**

**ਅਧਿਆਇ ਦੂਜਾ : ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਵਿਕਾਸਾਤਮਕ ਅਧਿਐਨ**

**ਅਧਿਆਇ ਤੀਜਾ : ਟਕਸਾਲ ਪਰੰਪਰਾ ਦੀ ਸੰਗੀਤਕ ਸਮਗਰੀ : ਸਰੂਪਗਤ ਵਿਸ਼ਲੇਸ਼ਣ**

**ਅਧਿਆਇ ਚੌਥਾ : ਟਕਸਾਲ ਪਰੰਪਰਾ ਦੀ ਸੰਗੀਤਕ ਸਮਗਰੀ : ਤੁਲਨਾਤਮਕ ਸਰਵੇਖਣ**

**ਅਧਿਆਇ ਪੰਜਵਾਂ : ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਵਰਤਮਾਨ ਸਾਰਥਿਕਤਾ**

ਅਧਿਆਇ ਪਹਿਲਾ **ਗੁਰਮਤਿ ਸੰਗੀਤ ਵਿਚ ਟਕਸਾਲ ਪਰੰਪਰਾ : ਸਰੂਪਗਤ ਵਿਸ਼ਲੇਸ਼ਣ** ਦੇ ਅੰਤਰਗਤ ਸਿੱਖ ਧਰਮ ਤੋਂ ਪਹਿਲਾਂ ਹਰ ਪ੍ਰਕਾਰ ਦੀ ਸਿੱਖਿਆ ਦਾ ਪ੍ਰਬੰਧ ਗੁਰਕੁਲ ਜਾਂ ਆਸ਼ਰਮ ਵਿਚ ਹੁੰਦਾ ਸੀ ਕਿਉਂ ਜੋ ਟਕਸਾਲ ਸ਼ਬਦ ਦਾ ਉੱਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਆਇਆ ਹੈ ਅਤੇ ਗੁਰੂ ਕਾਲ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਨਾਲ ਟਕਸਾਲਾਂ ਸਥਾਪਿਤ ਹੋਈਆਂ, ਜਿਸ ਵਿਚ ਗੁਰਬਾਣੀ ਬੋਧ ਅਤੇ ਇਸ ਦੇ ਸੰਚਾਰ ਵਿਧੀਆਂ ਭਾਵ ਵਿਆਖਿਆ ਕੀਰਤਨ ਦੀ ਨਿਸ਼ਚਿਤ ਸਿਖਲਾਈ ਦਾ ਪ੍ਰਬੰਧ ਹੁੰਦਾ ਸੀ ਕਿਉਂਕਿ ਸ਼ਬਦ ਨੂੰ ਸਿੱਖ ਧਰਮ ਵਿਚ ਗੁਰੂ ਦਾ ਦਰਜਾ ਪ੍ਰਾਪਤ ਹੈ, ਇਸ ਲਈ ਗੁਰਬਾਣੀ ਵਿਚਲੇ ਪਰਮ ਸਤਿ ਨੂੰ ਜਾਣਨ ਲਈ ਉਸ ਦੇ ਨਿਸ਼ਚਿਤ ਵਿਧੀ ਵਿਧਾਨ ਰਾਹੀਂ ਮਰਿਆਦਾ ਨੂੰ ਜਾਣਨਾ ਜ਼ਰੂਰੀ ਸੀ ਇਸ ਲਈ ਆਰੰਭ ਵਿਚ ਤਾਂ ਇਨ੍ਹਾਂ ਟਕਸਾਲਾਂ ਵਿਚ ਗੁਰਬਾਣੀ ਸੰਥਿਆ, ਗੁਰਬਾਣੀ ਵਿਆਖਿਆ ਤਕ ਸੀਮਤ ਸੀ ਅਤੇ ਸ਼ਬਦ ਕੀਰਤਨ ਇਸ ਦਾ ਇਕ ਹਿੱਸਾ ਸੀ। ਗੁਰੂ ਕਾਲ ਤੋਂ ਬਾਅਦ ਕਈ ਸੰਤਾਂ ਮਹਾਂਪੁਰਸ਼ਾਂ ਨੇ ਵੱਖ-ਵੱਖ ਇਲਾਕਿਆਂ ਵਿਚ ਟਕਸਾਲਾਂ ਸਥਾਪਿਤ ਕੀਤੀਆਂ। ਇਸ ਪਰੰਪਰਾ ਦੇ ਆਰੰਭ ਹੋਣ ਨਾਲ ਗੁਰੂ ਘਰ ਦੇ ਵਰੋਸਾਏ ਰਾਗੀ ਰਬਾਬੀ ਕੀਰਤਨਕਾਰਾਂ ਨੇ ਆਪਣੀ ਕਲਾ ਨੂੰ ਅੱਗੇ ਆਪਣੇ ਵੰਸ਼ਜਾਂ ਅਤੇ ਵਿਦਿਆਰਥੀਆਂ ਨੂੰ ਸਿਖਾਉਣਾ ਆਰੰਭ ਕਰ ਦਿੱਤਾ, ਜਿਸ ਨਾਲ ਸਿੱਖ ਧਰਮ ਵਿਚ ਕੀਰਤਨ ਸਿੱਖਣ ਅਤੇ ਸਿਖਾਉਣ ਲਈ ਗੁਰੂ ਸ਼ਿਸ਼ ਪਰੰਪਰਾ ਦਾ ਆਰੰਭ ਹੋਇਆ ਜਿਸ ਕਾਰਨ ਕਈ ਟਕਸਾਲਾਂ ਹੋਂਦ ਵਿਚ ਆਈਆਂ।

ਸ਼ਬਦ ਕੀਰਤਨ ਦੀ ਮਰਿਆਦਾ ਦਾ ਜੋ ਸਰੂਪ ਵਰਤਮਾਨ ਸਮੇਂ ਸਾਡੇ ਕੋਲ ਹੈ ਇਨ੍ਹਾਂ ਟਕਸਾਲਾਂ ਦੇ ਕਾਰਨ ਹੀ ਹੈ। ਕਿਉਂਕਿ ਇਨ੍ਹਾਂ ਟਕਸਾਲਾਂ ਵਿਚ ਗੁਰੂ ਕਾਲ ਤੋਂ ਬਾਅਦ ਕੀਰਤਨ ਦੀ ਸਿਖਲਾਈ ਸੀਨਾ-ਬ-ਸੀਨਾ ਕੀਰਤਨਕਾਰਾਂ ਵਿਚ ਪ੍ਰਚਲਿਤ ਰਹਿਣ ਕਾਰਨ ਸਿੱਖ ਸੰਗਤ 'ਚ ਜੀਵੰਤ ਰੂਪ ਵਿਚ ਪ੍ਰਵਾਹ ਅਧੀਨ ਰਹੀ ਹੈ। ਇਸ ਅਧਿਆਇ ਵਿਚ ਵੱਖ-ਵੱਖ ਇਤਿਹਾਸਕ ਸਰੋਤਾਂ, ਗ੍ਰੰਥਾਂ ਅਤੇ ਗੁਰਮਤਿ ਸੰਗੀਤ ਵਿਦਵਾਨਾਂ ਤੋਂ ਟਕਸਾਲਾਂ ਦੀਆਂ ਮਿਲੀਆਂ ਪਰਿਭਾਸ਼ਾਵਾਂ ਨੂੰ ਦਰਜ ਕਰਕੇ ਟਕਸਾਲਾਂ ਦਾ ਸ਼ਾਬਦਿਕ ਅਤੇ ਪਰਿਭਾਸ਼ਿਕ ਤੌਰ 'ਤੇ ਅਧਿਐਨ ਕੀਤਾ ਹੈ। ਆਪਣੇ ਖੋਜ ਕਾਰਜ ਦੇ ਪਹਿਲੇ ਅਧਿਆਇ ਵਿਚ ਅਸੀਂ ਗੁਰਮਤਿ ਸੰਗੀਤ ਅਨੁਸਾਰ ਟਕਸਾਲ ਪਰੰਪਰਾ ਦੇ ਸਰੂਪ ਦਾ ਅਧਿਐਨ ਕੀਤਾ ਹੈ।

ਸਿੱਖ ਧਰਮ ਵਿਚ ਟਕਸਾਲ ਪਰੰਪਰਾ ਦੇ ਪਿਛੋਕੜ ਵਿਚ ਗੁਰੂ ਸਾਹਿਬਾਨ ਦੇ ਸਮੇਂ ਸਥਾਪਿਤ ਹੋਏ ਸੰਸਥਾਗਤ ਪੱਧਰ ਤੇ ਸਥਾਪਿਤ ਧਾਰਮਿਕ ਸਥਾਨ ਸੀ, ਜਿੱਥੇ ਬਾਣੀ ਅਤੇ ਸ਼ਬਦ ਕੀਰਤਨ ਦੀ ਮਰਿਆਦਾ

ਇਕ ਪ੍ਰਸਤੁਤੀ ਅਤੇ ਸਿੱਖਿਆ ਦਾ ਰੂਪ ਧਾਰਨ ਕਰ ਗਿਆ। ਵਰਤਮਾਨ ਅਧਿਐਨ ਦੀ ਦ੍ਰਿਸ਼ਟੀ ਤੋਂ ਵੱਖ-ਵੱਖ ਗੁਰੂ ਸਾਹਿਬਾਨ ਦੇ ਸਮੇਂ ਸਥਾਪਿਤ ਹੋਏ ਇਨ੍ਹਾਂ ਕੀਰਤਨ ਸਥਾਨਾਂ ਜਾਂ ਧਾਰਮਿਕ ਸਥਾਨਾਂ ਨੂੰ ਅਸੀਂ ਕੀਰਤਨ ਕੇਂਦਰ ਵਜੋਂ ਜਾਣ ਸਕਦੇ ਹਾਂ। ਇਨ੍ਹਾਂ ਕੀਰਤਨ ਕੇਂਦਰਾਂ ਦੀ ਵਿਹਾਰਿਕ ਮਰਿਆਦਾ ਵਿਚੋਂ ਗੁਰਮਤਿ ਸੰਗੀਤ ਦੇ ਕਿਰਿਆਤਮਿਕ ਸਰੂਪ ਦੀ ਪ੍ਰਾਪਤੀ ਹੁੰਦੀ ਹੈ। ਵੱਖ-ਵੱਖ ਗੁਰੂ ਸਾਹਿਬਾਨ ਦੇ ਸਮੇਂ ਸਥਾਪਿਤ ਹੋਏ ਕੀਰਤਨ ਕੇਂਦਰਾਂ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਕਰਤਾਰਪੁਰ ਸਾਹਿਬ, ਗੁਰੂ ਅੰਗਦ ਦੇਵ ਜੀ ਦੇ ਸਮੇਂ ਖਡੂਰ ਸਾਹਿਬ, ਗੁਰੂ ਅਮਰਦਾਸ ਜੀ ਦੇ ਸਮੇਂ ਗੋਇੰਦਵਾਲ ਸਾਹਿਬ, ਗੁਰੂ ਰਾਮਦਾਸ ਜੀ ਦੇ ਸਮੇਂ ਅੰਮ੍ਰਿਤਸਰ ਸਾਹਿਬ, ਗੁਰੂ ਅਰਜਨ ਦੇਵ ਜੀ ਦੇ ਸਮੇਂ ਤਰਨਤਾਰਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਕੀਰਤਪੁਰ ਸਾਹਿਬ, ਗੁਰੂ ਤੇਗ ਬਹਾਦਰ ਜੀ ਸਮੇਂ ਅਨੰਦਪੁਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦਮਦਮਾ ਸਾਹਿਬ ਵਿਸ਼ੇਸ਼ ਹਨ। ਗੁਰੂ ਕਾਲ ਦੇ ਇਨ੍ਹਾਂ ਕੀਰਤਨ ਕੇਂਦਰਾਂ ਵਿਚ ਸਵੇਰੇ ਆਸਾ ਦੀ ਵਾਰ ਅਤੇ ਸ਼ਾਮ ਨੂੰ ਸੋਦਰ ਦੀ ਬਾਣੀ ਦੀ ਮਰਿਆਦਾ ਆਰੰਭ ਹੋਈ। ਇਹੋ ਨਹੀਂ ਹੌਲੀ-ਹੌਲੀ ਕੀਰਤਨ ਚਉਕੀਆਂ, ਸਾਜ਼ਾਂ ਦੀ ਵਾਦਨ ਪਰੰਪਰਾ, ਰਾਗੀ ਰਬਾਬੀ ਢਾਡੀਆਂ ਦੀ ਪਰੰਪਰਾ, ਰਾਗ ਪਰੰਪਰਾ ਆਦਿ ਵਿਕਸਿਤ ਹੁੰਦੀਆਂ ਹੋਈਆਂ ਇਹ ਸ਼ਬਦ ਕੀਰਤਨ ਪਰੰਪਰਾ ਦਾ ਹਿੱਸਾ ਬਣਦੀਆਂ ਹੋਈਆਂ ਸਿੱਖ ਧਰਮ ਦੀ ਮਰਿਆਦਾ ਬਣ ਗਈਆਂ ਅਤੇ ਪੀੜ੍ਹੀ-ਦਰ-ਪੀੜ੍ਹੀ ਗੁਰੂ ਘਰ ਦੇ ਵਰੋਸਾਏ ਕੀਰਤਨਕਾਰਾਂ ਨੇ ਆਪਣੀ ਕਲਾ ਨੂੰ ਅੱਗੇ ਆਪਦੇ ਵੰਸ਼ਜਾਂ ਅਤੇ ਵਿਦਿਆਰਥੀਆਂ ਨੂੰ ਸਿਖਾਉਣਾ ਆਰੰਭ ਕਰ ਦਿੱਤਾ ਜਿਸ ਦੇ ਨਾਲ ਕੀਰਤਨ ਕੇਂਦਰ ਬਾਅਦ ਵਿਚ ਟਕਸਾਲਾਂ ਦਾ ਰੂਪ ਧਾਰਨ ਕਰ ਗਏ, ਜਿਨ੍ਹਾਂ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਥਾਪਿਤ ਹੋਏ ਕੀਰਤਨ ਕੇਂਦਰ ਦਮਦਮਾ ਸਾਹਿਬ ਲਈ ਗੁਰੂ ਸਾਹਿਬ ਵਜੋਂ ਟਕਸਾਲ ਸਥਾਪਿਤ ਕਰਨ ਦਾ ਆਦੇਸ਼ ਪ੍ਰਾਪਤ ਹੋਇਆ। ਟਕਸਾਲ ਦੀ ਅੰਦਰੂਨੀ ਬਣਤਰ ਤੋਂ ਪਹਿਲਾਂ ਅਸੀਂ ਇਸ ਅਧਿਆਇ ਵਿਚ ਟਕਸਾਲ ਦੇ ਕੋਸ਼ਗਤ ਸ਼ਾਬਦਿਕ ਅਰਥ ਕੀਤੇ ਹਨ ਜਿਸ ਅਨੁਸਾਰ ਟਕਸਾਲ ਤੋਂ ਭਾਵ ਟਕੇ ਜਾਂ ਸਿੱਕੇ ਬਣਾਉਣ ਦੇ ਸਥਾਨ ਨੂੰ ਕਿਹਾ ਜਾਂਦਾ ਹੈ ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਟਕਸਾਲ ਤੋਂ ਭਾਵ ਸਤਿ ਸੰਗਤ ਲਈ ਵੀ ਕਰ ਲਿਆ ਜਾਂਦਾ ਹੈ। ਗੁਰਮਤਿ ਸੰਗੀਤ ਪਰੰਪਰਾ ਅਧੀਨ ਟਕਸਾਲ ਉਹ ਖਰਾ ਸਥਾਨ ਹੈ ਜਿੱਥੇ ਸ਼ਬਦ ਅਤੇ ਸੰਗੀਤ ਦੀ ਸੰਯੁਕਤ ਮਿੱਲਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਸ਼ਚਿਤ ਵਿਧੀ ਵਿਧਾਨ ਅਨੁਸਾਰ ਘੜਿਆ ਜਾ ਸਕੇ ਤਾਂ ਜੋ ਉਸ ਸਥਾਨ ਦਾ ਟਕਸਾਲ ਆਪਣੇ ਪਰਮਾਰਥ ਅਤੇ ਸੰਸਾਰਿਕ ਗੁਣਾਂ ਨਾਲ ਗੁਰਮਤਿ ਦਾ ਸੰਦੇਸ਼

ਸਾਰਥਿਕ ਕਰ ਸਕੇ। ਪਰਿਭਾਸ਼ਿਕ ਤੌਰ 'ਤੇ ਸਿੱਖ ਸੰਗੀਤ ਵਿਦਵਾਨਾਂ ਨੇ ਗੁਰਮਤਿ ਸੰਗੀਤ ਪਰੰਪਰਾ ਅਨੁਸਾਰ ਸ਼ਬਦ ਕੀਰਤਨ ਦੀ ਸਿਖਲਾਈ ਲਈ ਪ੍ਰਮਾਣਿਕ ਅਤੇ ਪ੍ਰਵਾਨਿਤ ਕੇਂਦਰ ਜਾਂ ਸੰਸਥਾ ਨੂੰ ਟਕਸਾਲ ਕਿਹਾ ਹੈ।

**ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਵਿਕਾਸਾਤਮਕ ਅਧਿਐਨ** ਸਾਡੇ ਇਸ ਖੋਜ ਕਾਰਜ ਦਾ ਦੂਜਾ ਅਧਿਆਇ ਹੈ। ਗੁਰੂ ਕਾਲ ਤੋਂ ਬਾਅਦ ਅਨੇਕਾਂ ਹੀ ਮਹਾਂਪੁਰਸ਼ਾਂ ਨੇ ਆਪਣੇ ਆਪਣੇ ਇਲਾਕਿਆਂ ਵਿਚ ਗੁਰਮਤਿ ਦਾ ਪ੍ਰਚਾਰ ਕਰਨ ਲਈ ਕੀਰਤਨ ਕੇਂਦਰਾਂ ਦੀ ਸਥਾਪਨਾ ਕੀਤੀ। ਇਸ ਅਧਿਆਇ ਵਿਚ ਅਸੀਂ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਪਾ ਰਹੇ ਗੁਰਮਤਿ ਸੰਗੀਤ ਦੇ ਧਾਰਨੀ ਅਜਿਹੇ ਕੀਰਤਨ ਕੇਂਦਰ ਜਿਹੜੇ ਤਿੰਨ ਪੀੜ੍ਹੀਆਂ ਤੋਂ ਮੌਲਿਕ ਤੇ ਸੁਤੰਤਰ ਰੂਪ ਵਿਚ ਪ੍ਰਚਲਿਤ ਗੁਰ ਸ਼ਬਦ ਦੀ ਗੁਰਮਤਿ ਅਨੁਸਾਰ ਘਾੜਤ ਅਤੇ ਸੰਗੀਤਕਾਰ ਦੀ ਸ਼ਖ਼ਸੀਅਤ ਉਸਾਰੀ ਲਈ ਕਾਰਜ ਕਰ ਰਹੇ ਹਨ, ਨੂੰ ਸ਼ਾਮਿਲ ਕੀਤਾ ਹੈ। ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰ ਅਜਿਹੇ ਕੀਰਤਨ ਕੇਂਦਰਾਂ ਨੂੰ 'ਟਕਸਾਲ' ਕਿਹਾ ਜਾਂਦਾ ਹੈ। ਇਨ੍ਹਾਂ ਟਕਸਾਲਾਂ ਦੇ ਨਾਮ ਉਨ੍ਹਾਂ ਪ੍ਰਤਿਭਾਸ਼ਾਲੀ ਵਿਅਕਤੀ ਦੇ ਸਥਾਨ ਤੋਂ ਹੀ ਰੱਖੇ ਗਏ ਹਨ ਜਿਸ ਸਥਾਨ ਤੋਂ ਉਨ੍ਹਾਂ ਸੰਤਾਂ ਮਹਾਂਪੁਰਸ਼ਾਂ ਨੇ ਗੁਰਮਤਿ ਸੰਗੀਤ ਦੇ ਵਿਕਾਸ ਲਈ ਗੁਰੂ ਸਾਹਿਬ ਤੋਂ ਵਰੋਸਾਈ ਕੀਰਤਨ ਪਰੰਪਰਾ ਨੂੰ ਵਿਕਸਿਤ ਕਰਨ ਲਈ ਕਾਰਜ ਆਰੰਭ ਕੀਤੇ ਸਨ। ਜਿਹੜੀਆਂ ਟਕਸਾਲਾਂ ਦਾ ਅਸੀਂ ਆਪਣੇ ਖੋਜ ਕਾਰਜ ਵਿਚ ਵਰਣਨ ਕੀਤਾ ਹੈ, ਉਨ੍ਹਾਂ ਵਿਚ -

ਦਮਦਮੀ ਟਕਸਾਲ

ਸੇਵਾਪੰਥੀ ਟਕਸਾਲ

ਤਰਨਤਾਰਨ ਟਕਸਾਲ

ਦੌਧਰ ਟਕਸਾਲ

ਸੈਦਪੁਰ ਠੱਠਾ ਟਿੱਬਾ ਟਕਸਾਲ

ਮਸਤੂਆਣਾ ਟਕਸਾਲ

ਹਰਗੁਨਾ ਟਕਸਾਲ

ਸਿੰਘਾਂਵਾਲੀ ਟਕਸਾਲ

ਡੂਮੇਲੀ ਟਕਸਾਲ

ਜਵੱਦੀ ਟਕਸਾਲ

ਵਿਸ਼ੇਸ਼ ਹਨ। ਉਪਰੋਕਤ ਟਕਸਾਲਾਂ ਦਾ ਵਿਕਾਸਾਤਮਿਕ ਅਧਿਐਨ ਦੇ ਅੰਤਰਗਤ ਇਹ ਜਾਇਆ ਗਿਆ ਹੈ ਕਿ ਟਕਸਾਲਾਂ ਦੀ ਆਰੰਭਤਾ ਕਿਵੇਂ ਹੋਈ ਅਤੇ ਕਦੋਂ ਟਕਸਾਲਾਂ ਦੀ ਹੋਂਦ ਸਥਾਪਿਤ ਹੋਈ। ਇਸ ਤੋਂ ਇਲਾਵਾ ਟਕਸਾਲਾਂ ਦੇ ਆਰੰਭ ਤੋਂ ਲੈ ਕੇ ਵਰਤਮਾਨ ਸਮੇਂ ਤਕ ਕਿਹੜੇ ਮੁਖੀ ਸਾਹਿਬਾਨ ਰਹੇ। ਇਹ ਵੀ ਵਰਣਨ ਕੀਤਾ ਗਿਆ ਹੈ ਕਿ ਕਿਹੜੇ ਉਸਤਾਦ ਕੀਰਤਨਕਾਰ ਟਕਸਾਲ ਦੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦਿੰਦੇ ਰਹੇ। ਟਕਸਾਲਾਂ ਵਿਚ ਸਿਖਲਾਈ ਦਾ ਆਧਾਰ ਕੀ ਰਿਹਾ ਅਤੇ ਕਿਹੜੇ-ਕਿਹੜੇ ਵਿਦਿਆਰਥੀ ਸੁਯੋਗ ਕੀਰਤਨਕਾਰ ਬਣ ਕੇ ਟਕਸਾਲ ਦੀ ਸ਼ਾਨ ਬਣੇ। ਇਸ ਅਧਿਆਇ ਵਿਚ ਅਸੀਂ ਨਿੱਜੀ ਮੁਲਾਕਾਤਾਂ ਕਰਕੇ ਅਤੇ ਟਕਸਾਲਾਂ ਵਿਚ ਜਾ ਕੇ ਟਕਸਾਲ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਇਕੱਤਰਿਤ ਕੀਤੀ ਹੈ। ਇਨ੍ਹਾਂ ਟਕਸਾਲਾਂ ਦੇ ਇਤਿਹਾਸਕ ਅਧਿਐਨ, ਸੰਗੀਤਕ ਸਮਗਰੀ ਅਤੇ ਕੀਰਤਨਕਾਰਾਂ ਤੇ ਡੂੰਘਾ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਇਹ ਟਕਸਾਲਾਂ ਘੱਟੋ ਘੱਟ ਤਿੰਨ ਪੀੜ੍ਹੀਆਂ ਤੋਂ ਗੁਰਮਤਿ ਅਤੇ ਸੰਗੀਤ ਦੀਆਂ ਧਾਰਨੀ ਹਨ ਅਤੇ ਇਨ੍ਹਾਂ ਟਕਸਾਲਾਂ ਵਿਚ ਗੁਰਮਤਿ ਸੰਗੀਤ ਦੇ ਸੰਗੀਤ ਵਿਧਾਨ ਅਨੁਸਾਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਨਿਰਧਾਰਿਤ ਰਾਗਾਂ ਅਨੁਸਾਰ ਗਾਇਨ ਕਰਨ ਦੀ ਪਰੰਪਰਾ ਪ੍ਰਚਲਿਤ ਰਹੀ ਹੈ।

ਅਧਿਆਇ ਤੀਜਾ **ਟਕਸਾਲ ਪਰੰਪਰਾ ਦੀ ਸੰਗੀਤਕ ਸਮਗਰੀ : ਸਰੂਪਗਤ ਵਿਸ਼ਲੇਸ਼ਣ** ਵਿਚ ਗਾਇਨ ਪੱਖੋਂ ਟਕਸਾਲਾਂ ਤੋਂ ਇਕੱਠੀ ਕੀਤੀ ਸੰਗੀਤਕ ਸਮਗਰੀ ਦਾ ਸੁਰਲਿਪੀਬੱਧ ਸੰਗ੍ਰਹਿ ਕੀਤਾ ਗਿਆ ਹੈ। ਟਕਸਾਲਾਂ ਤੋਂ ਪ੍ਰਾਪਤ ਸੰਗੀਤਕ ਸਮਗਰੀ ਦੇ ਸਰੂਪਗਤ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਟਕਸਾਲਾਂ ਵਿਚ ਪ੍ਰਚਲਿਤ ਕੀਰਤਨ ਦੀਆਂ ਪੁਰਾਤਨ ਬੰਦਿਸ਼ਾਂ, ਗਾਇਨ ਸ਼ੈਲੀਆਂ ਅਤੇ ਪੁਰਾਤਨ ਤਾਲਾਂ ਦਾ ਵੱਡਾ ਖ਼ਜ਼ਾਨਾ ਹੈ, ਜਿਹੜਾ ਸੀਨਾ-ਬ-ਸੀਨਾ ਚੱਲਿਆ ਆ ਰਿਹਾ ਹੈ। ਟਕਸਾਲਾਂ ਵਿਚ ਬਹੁਤ ਸਾਰੇ ਅਜਿਹੇ ਰਾਗ, ਤਾਲ ਪ੍ਰਚਲਿਤ ਰਹੇ ਹਨ, ਜਿਨ੍ਹਾਂ ਦਾ ਗਾਇਨ, ਵਾਦਨ ਵਰਤਮਾਨ ਸਮੇਂ ਬਹੁਤ ਘੱਟ ਪ੍ਰਚਲਿਤ ਹੈ। ਟਕਸਾਲਾਂ ਤੋਂ ਪ੍ਰਾਪਤ ਸ਼ਬਦ ਕੀਰਤਨ ਰਚਨਾਵਾਂ ਦੇ ਆਧਾਰ ਸਰੋਤਾਂ ਤੋਂ ਉਪਲਬਧ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਵਰਤਮਾਨ ਸਮੇਂ ਸਾਡੇ ਕੋਲ ਇਨ੍ਹਾਂ ਟਕਸਾਲਾਂ ਵਿਚੋਂ ਕਈ ਟਕਸਾਲਾਂ ਦੀ ਗਾਇਕੀ ਦੇ ਜੀਵੰਤ

ਰਿਕਾਰਡ ਜਾਂ ਸਰੋਤ ਬਹੁਤ ਘੱਟ ਉਪਲਬਧ ਹੁੰਦੇ ਹਨ ਤਾਂ ਇਹ ਟਕਸਾਲੀ ਸ਼ਬਦ ਰਚਨਾਵਾਂ ਹੀ ਸਾਡਾ ਮਾਰਗ ਦਰਸ਼ਨ ਕਰਦੀਆਂ ਹਨ। ਇਨ੍ਹਾਂ ਟਕਸਾਲੀ ਸ਼ਬਦ ਕੀਰਤਨ ਰਚਨਾਵਾਂ ਵਿਚ ਸਿੱਖ ਰਹਿਤ ਮਰਿਆਦਾ ਅਨੁਸਾਰ ਪ੍ਰਚੱਲਿਤ ਤੇ ਪ੍ਰਵਾਨਿਤ ਬਾਣੀਆਂ ਦਾ ਹੀ ਗਾਇਨ ਕੀਤਾ ਜਾਂਦਾ ਸੀ। ਇਨ੍ਹਾਂ ਟਕਸਾਲੀ ਰਚਨਾਵਾਂ ਤੋਂ ਸਾਨੂੰ ਗੁਰਮਤਿ ਸੰਗੀਤ ਦੇ ਮੌਲਿਕ ਤੇ ਨਿਰਧਾਰਿਤ ਰਾਗ ਅਤੇ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਰਾਗਾਂ ਦੇ ਵੱਖ-ਵੱਖ ਸਰੂਪ ਪ੍ਰਾਪਤ ਹੁੰਦੇ ਹਨ। ਇਨ੍ਹਾਂ ਰਾਗ ਸਰੂਪਾਂ ਤੋਂ ਇਲਾਵਾ ਟਕਸਾਲੀ ਸ਼ਬਦ ਰਚਨਾਵਾਂ ਵਿਚ ਧਰੁਪਦ, ਧਮਾਰ, ਖਿਆਲ, ਰਾਗਾਂ ਦੇ ਗੁਲਦਸਤੇ, ਪੜਤਾਲ, ਅਲਾਹੁਣੀਆਂ, ਵਾਰਾਂ, ਰਾਗਮਾਲਾ, ਛੰਤ, ਪਉੜੀ ਆਦਿ ਗਾਇਨ ਸ਼ੈਲੀਆਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਇਨ੍ਹਾਂ ਟਕਸਾਲੀ ਰਚਨਾਵਾਂ ਦਾ ਅਧਿਐਨ ਕਰਨ ਤੋਂ ਸਪਸ਼ਟ ਹੁੰਦਾ ਹੈ ਕਿ ਭਾਵੇਂ ਇਨ੍ਹਾਂ ਰਚਨਾਵਾਂ ਵਿਚ ਸ਼ਾਸਤਰੀ ਅਤੇ ਲੋਕ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਗਿਆ ਹੈ ਪ੍ਰੰਤੂ ਇਨ੍ਹਾਂ ਰਚਨਾਵਾਂ ਦਾ ਮੂਲ ਮਨੋਰਥ ਸ਼ਬਦ ਕੀਰਤਨ ਪ੍ਰਸਤੁਤੀ ਹੀ ਹੈ।

ਇਨ੍ਹਾਂ ਸ਼ਬਦ ਰਚਨਾਵਾਂ ਦੀ ਪਿੱਠ-ਭੂਮੀ ਗੁਰਮਤਿ ਸੰਗੀਤ ਵਿਚ ਪ੍ਰਚੱਲਿਤ ਟਕਸਾਲਾਂ ਦੀ ਵਿਸ਼ੇਸ਼ ਸੰਗੀਤਕ ਸਮਗਰੀ ਦਾ ਹਿੱਸਾ ਰਹੀ ਹੈ ਜਿਸ ਵਿਚ ਵੱਖ-ਵੱਖ ਸਮੇਂ ਇਹ ਰਚਨਾਵਾਂ ਸੀਨਾ-ਬ-ਸੀਨਾ ਪ੍ਰਚਾਰ ਵਿਚ ਰਹੀਆਂ। ਗੁਰਮਤਿ ਸੰਗੀਤ ਵਿਚ ਪ੍ਰਚੱਲਿਤ ਟਕਸਾਲ ਪਰੰਪਰਾ ਦੀ ਵਿਹਾਰਿਕ ਕੀਰਤਨ ਪਰੰਪਰਾ ਵਿਚ ਇਨ੍ਹਾਂ ਸ਼ਬਦ ਰਚਨਾਵਾਂ ਦਾ ਵਡੇਰਾ ਭੰਡਾਰ ਮੌਜੂਦ ਹੈ। ਟਕਸਾਲ ਪਰੰਪਰਾ ਵਿਚ ਪ੍ਰਚੱਲਿਤ ਸ਼ਬਦ ਰਚਨਾਵਾਂ ਦੇ ਮਾਧਿਅਮ ਦੁਆਰਾ ਹੀ ਗੁਰਮਤਿ ਸੰਗੀਤ ਪਰੰਪਰਾ ਦਾ ਵਿਕਾਸ ਨਿਰੰਤਰ ਜਾਰੀ ਰਿਹਾ ਅਤੇ ਰਾਗੀਆਂ, ਰਬਾਬੀਆਂ ਕੀਰਤਨਕਾਰਾਂ ਵਿਚ ਸ਼ਬਦ ਕੀਰਤਨ ਦੀ ਇਹ ਪਰੰਪਰਾ ਸੀਨਾ-ਬ-ਸੀਨਾ ਪ੍ਰਚੱਲਿਤ ਰਹੀ। ਪੁਰਾਤਨ ਸਮੇਂ ਪ੍ਰਕਾਸ਼ਿਤ ਜਾਂ ਲਿਖਤੀ ਰੂਪ ਵਿਚ ਸ਼ਬਦ ਕੀਰਤਨ ਰਚਨਾਵਾਂ ਨੂੰ ਸੰਭਾਲਣ ਦਾ ਕੋਈ ਉਚਿੱਤ ਪ੍ਰਬੰਧ ਨਹੀਂ ਸੀ। ਅਜਿਹੇ ਵਿਚ ਸੀਨਾ-ਬ-ਸੀਨਾ ਪਰੰਪਰਾ ਦੁਆਰਾ ਹੀ ਇਹ ਸ਼ਬਦ ਰਚਨਾਵਾਂ ਟਕਸਾਲੀ ਕੀਰਤਨਕਾਰਾਂ ਵਿਚ ਪ੍ਰਚੱਲਿਤ ਰਹੀਆਂ।

ਅਧਿਆਇ ਚੌਥਾ **ਟਕਸਾਲ ਪਰੰਪਰਾ ਦੀ ਸੰਗੀਤਕ ਸਮਗਰੀ : ਤੁਲਨਾਤਮਕ ਸਰਵੇਖਣ** ਵਿਚ ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਰਾਗ, ਤਾਲ ਅਤੇ ਗਾਇਨ ਸ਼ੈਲੀਆਂ ਦੇ ਤੁਲਨਾਤਮਕ ਸਰਵੇਖਣ ਨੂੰ ਅਸੀਂ ਆਪਣੇ ਖੋਜ ਕਾਰਜ ਦਾ ਹਿੱਸਾ ਬਣਾਇਆ ਹੈ। ਇਸ ਅਧਿਆਇ ਵਿਚ

ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਮੁੱਖ ਰਾਗਾਂ ਦੇ ਵਿਭਿੰਨ ਟਕਸਾਲ ਤੋਂ ਪ੍ਰਾਪਤ ਸਰੂਪ ਦਾ ਤੁਲਨਾਤਮਕ ਦ੍ਰਿਸ਼ਟੀ ਤੇ ਸਰਵੇਖਣ ਕੀਤਾ ਹੈ। ਕਿਉਂਕਿ ਟਕਸਾਲੀ ਤੋਂ ਪ੍ਰਾਪਤ ਸੰਗੀਤ ਸਮਗਰੀ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਟਕਸਾਲੀ ਰਾਗੀ, ਰਬਾਬੀ ਕੀਰਤਨਕਾਰਾਂ ਵਿਚ 31 ਮੁੱਖ ਰਾਗਾਂ ਦੇ ਕਈ ਅਲੱਗ-ਅਲੱਗ ਸਰੂਪ ਪ੍ਰਚਾਰ ਵਿਚ ਰਹੇ ਹਨ। ਅਸੀਂ ਆਪਣੇ ਖੋਜ ਕਾਰਜ ਦੇ ਇਸ ਅਧਿਆਇ ਵਿਚ ਰਾਗਾਂ ਦਾ ਆਪਸੀ ਤੁਲਨਾਤਮਕ ਵਿਸ਼ਲੇਸ਼ਣ ਨਾ ਕਰਕੇ ਪ੍ਰਾਪਤ ਸਰੂਪਾਂ ਦਾ ਤੁਲਨਾਤਮਕ ਸਰਵੇਖਣ ਕੀਤਾ ਹੈ। ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਸੰਤ ਰਾਗ ਨੂੰ ਵਰਤਮਾਨ ਸਮੇਂ ਪੂਰਬੀ ਤੇ ਬਿਲਾਵਲ ਥਾਟ ਦੇ ਅੰਤਰਗਤ ਗਾਇਨ ਕੀਤਾ ਜਾਂਦਾ ਹੈ। ਪ੍ਰੰਤੂ ਪੁਰਾਤਨ ਟਕਸਾਲਾਂ ਤੇ ਟਕਸਾਲੀ ਸ਼ਬਦ ਰਚਨਾਵਾਂ ਵਿਚ ਬਸੰਤ ਰਾਗ ਦੇ ਸੱਤ ਸਰੂਪ ਪ੍ਰਾਪਤ ਹੁੰਦੇ ਹਨ। ਜਦੋਂ ਕਿ ਰਾਗ ਦਾ ਨਾਮ ਸ੍ਰੀ ਗੁਰੂ ਗ੍ਰੰਥ ਵਿਚ ਦਰਜ ਤਤਕਰੇ ਤੇ ਬਾਣੀ ਵਿਚ ਲਿਖੇ ਸਿਰਲੇਖ ਅਨੁਸਾਰ ਬਸੰਤ ਰਾਗ ਹੀ ਹੈ। ਪ੍ਰੰਤੂ ਥਾਟ ਤੇ ਸੁਰਾਂ ਵਿਚ ਭਿੰਨਤਾ ਪਾਈ ਜਾਂਦੀ ਹੈ। ਅਧਿਆਇ ਦੇ ਇਸ ਭਾਗ ਵਿਚ ਅਸੀਂ ਸਭ ਤੋਂ ਪਹਿਲਾ ਰਾਗ ਨਿਰਨਾਇਕ ਕਮੇਟੀ ਦੁਆਰਾ ਨਿਸ਼ਚਿਤ ਕੀਤੇ ਗਏ ਰਾਗ ਸਰੂਪ ਜੋ ਵਰਤਮਾਨ ਸਮੇਂ ਪ੍ਰਚਾਰ ਵਿਚ ਹਨ ਨੂੰ ਆਧਾਰ ਬਣਾਇਆ ਹੈ ਤੇ ਫਿਰ ਵੱਖ-ਵੱਖ ਟਕਸਾਲਾਂ ਤੋਂ ਪ੍ਰਾਪਤ ਸੰਗੀਤਕ ਸਮਗਰੀ ਵਿਚੋਂ ਸਰਵੇਖਣ ਦੇ ਆਧਾਰ ਤੇ ਰਾਗਾਂ ਦੇ ਸਰੂਪਾਂ ਨੂੰ ਇਕੱਤਰ ਕੀਤਾ ਗਿਆ ਹੈ। ਜਿਸ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਪ੍ਰਮੁੱਖ ਰਾਗਾਂ ਦੇ ਨਾਂ ਤਾਂ ਟਕਸਾਲਾਂ ਵਿਚ ਇਕ ਸਮਾਨ ਰਹੇ ਪ੍ਰੰਤੂ ਸੁਰਾਂ, ਥਾਟ ਤੇ ਵਾਦੀ, ਸੰਵਾਦੀ ਦੀਆਂ ਭਿੰਨਤਾਵਾਂ ਕਰਕੇ ਰਾਗ ਦੇ ਅਲੱਗ-ਅਲੱਗ ਸਰੂਪ ਟਕਸਾਲੀ ਪਰੰਪਰਾ ਵਿਚ ਪ੍ਰਵਾਹਿਤ ਹੁੰਦੇ ਰਹੇ ਜਿਸ ਕਾਰਨ ਇਹ ਆਪਣੀ ਇਸ ਵਿਸ਼ੇਸ਼ ਭਿੰਨਤਾ ਦੇ ਆਧਾਰ ਤੇ ਟਕਸਾਲੀ ਦੀ ਪਹਿਚਾਣ ਬਣ ਗਏ।

ਅਧਿਆਇ ਪੰਜਵਾਂ **ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਵਰਤਮਾਨ ਸਾਰਥਿਕਤਾ** ਵਿਚ ਗੁਰਮਤਿ ਸੰਗੀਤ ਦੀਆਂ ਵਰਤਮਾਨ ਟਕਸਾਲਾਂ ਦੀ ਸਾਰਥਿਕਤਾ ਅਤੇ ਪਰਿਵਰਤਿਤ ਰੂਪਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਅਸੀਂ ਉਨ੍ਹਾਂ ਵਿਦਿਆਲਿਆਂ, ਅਕੈਡਮੀਆਂ ਦਾ ਅਧਿਐਨ ਕੀਤਾ ਹੈ ਜਿਹੜੇ ਇਕ ਸੰਸਥਾ ਦੇ ਰੂਪ ਵਿਚ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਵਰਤਮਾਨ ਸਮੇਂ ਯੋਗਦਾਨ ਪਾ ਰਹੇ ਹਨ।

ਇਹੀ ਨਹੀਂ ਸ਼ਬਦ ਕੀਰਤਨ ਦੀ ਪਰੰਪਰਾ ਗੁਰਮਤਿ ਸੰਗੀਤ ਦੇ ਰੂਪ ਵਿਚ ਟਕਸਾਲਾਂ ਤੋਂ ਵਿਕਸਿਤ ਹੋ ਕੇ ਇਕ ਵਿਦਿਆਲਿਆਂ/ਅਕੈਡਮੀਆਂ ਵਿਚ ਵਿਚਰਕੇ ਅਕਾਦਮਿਕ ਪੱਧਰ 'ਤੇ ਵਿਸ਼ੇ ਵਜੋਂ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਸਥਾਪਿਤ ਹੋਈ। ਟਕਸਾਲਾਂ ਦੇ ਪ੍ਰਵਾਨਿਤ ਰੂਪ ਨੂੰ ਦੇਖਦਿਆਂ ਇਸ ਅਧਿਆਇ ਵਿਚ ਅਸੀਂ ਸਬੰਧਿਤ ਟਕਸਾਲਾਂ ਦੀ ਵਰਤਮਾਨ ਸਥਿਤੀ ਅਤੇ ਉਨ੍ਹਾਂ ਦੇ ਨਾਲ ਹੀ ਹੋਂਦ ਵਿਚ ਆਈਆ ਜਾਂ ਬਾਅਦ ਵਿਚ ਆਈਆਂ ਹੋਰ ਸੰਸਥਾਵਾਂ ਜਿਨ੍ਹਾਂ ਨੇ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਪਾਇਆ ਹੈ ਉਨ੍ਹਾਂ ਦਾ ਵੀ ਅਧਿਐਨ ਕੀਤਾ ਹੈ, ਜਿਸ ਦੇ ਅੰਤਰਗਤ ਵਰਤਮਾਨ ਸਮੇਂ ਟਕਸਾਲਾਂ ਦੀ ਸਾਰਥਿਕਤਾ ਹੈ। ਇਸ ਤੋਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਟਕਸਾਲੀ ਵਿੱਦਿਆ ਨੂੰ ਆਧੁਨਿਕ ਅਕਾਦਮਿਕ ਸੰਸਥਾਵਾਂ ਵਿਚ ਨਿਸ਼ਚਿਤ ਵਿਧੀ ਵਿਧਾਨ ਅਨੁਸਾਰ ਗੁਰਮਤਿ ਸੰਗੀਤ ਦੀ ਸਿਧਾਂਤਿਕਤਾਂ ਅਤੇ ਵਿਹਾਰਿਕਤਾਂ ਦੁਆਰਾ ਲਾਗੂ ਕਰੀਏ ਤਾਂ ਜੋ ਇਹ ਵਿੱਦਿਆ ਗੁਰਮਤਿ ਸੰਗੀਤ ਦੇ ਲਾਹੇਵੰਦ ਅਤੇ ਸਾਰਥਿਕ ਰਹੇਗੀ।

ਸਬੰਧਿਤ ਪਰਿਪੇਖ ਵਿਚ ਕੀਤਾ ਗਿਆ ਸਾਡਾ ਇਹ ਖੋਜ ਕਾਰਜ ਇਸ ਦਿਸ਼ਾ ਵਿਚ ਅਜੇ ਆਰੰਭਿਕ ਅਧਿਐਨ ਹੀ ਹੈ। ਆਉਣ ਵਾਲੇ ਸਮੇਂ ਇਸ ਦਿਸ਼ਾ ਵਿਚ ਖੋਜ ਕਾਰਜ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਮੌਜੂਦ ਹਨ। ਅਸੀਂ ਆਪਣੇ ਖੋਜ ਰਾਹੀਂ ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ ਦਾ ਇਤਿਹਾਸਕ ਸਰਵੇਖਣ ਕਰਨ ਦਾ ਉਪਰਾਲਾ ਕੀਤਾ ਹੈ ਤਾਂ ਜੋ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਪਾ ਰਹੀਆਂ ਪੁਰਾਤਨ ਟਕਸਾਲਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ।

ਇਸ ਦੇ ਨਾਲ ਹੀ ਗੁਰਮਤਿ ਸੰਗੀਤ ਦੇ ਦ੍ਰਿਸ਼ਟੀਕੋਣ ਤੋਂ ਵਿਭਿੰਨ ਕੋਸ਼ਗਤ ਗ੍ਰੰਥਾਂ ਦਾ ਅਧਿਐਨ ਅਤੇ ਸਿੱਖ ਸੰਗੀਤ ਵਿਦਵਾਨਾਂ ਦੇ ਮੱਤ ਅਨੁਸਾਰ ਟਕਸਾਲ ਸ਼ਬਦ ਨੂੰ ਪਰਿਭਾਸ਼ਿਤ ਕੀਤਾ ਹੈ। ਜਿਹੜੀਆਂ ਟਕਸਾਲਾਂ ਨੂੰ ਅਸੀਂ ਆਪਣੇ ਖੋਜ ਕਾਰਜ ਦਾ ਹਿੱਸਾ ਬਣਾਇਆ ਹੈ ਉਨ੍ਹਾਂ ਦਾ ਇਤਿਹਾਸਕ ਪਿਛੋਕੜ, ਗੁਰਮਤਿ ਸੰਗੀਤ ਸਬੰਧੀ ਵਿਕਾਸ ਅਤੇ ਵਰਤਮਾਨ ਸਥਿਤੀ ਦਾ ਅਧਿਐਨ ਕਰਦਿਆਂ ਹੋਇਆਂ ਟਕਸਾਲਾਂ ਦੇ ਮੁਖੀ ਸਾਹਿਬਾਨ, ਉਸਤਾਦ ਕੀਰਤਨਕਾਰ ਅਤੇ ਟਕਸਾਲਾਂ ਵਿਚੋਂ ਸੁਯੋਗ ਹੋਣਹਾਰ ਕੀਰਤਨਕਾਰਾਂ ਦੀ ਪ੍ਰਤਿਭਾ ਅਤੇ ਉਨ੍ਹਾਂ ਦੇ ਯੋਗਦਾਨ ਤੋਂ ਵੀ ਜਾਣੂੰ ਹੋਏ ਹਾਂ।

ਇਸ ਖੋਜ ਕਾਰਜ ਦੀ ਸਭ ਤੋਂ ਵੱਡੀ ਉਪਲਬਧੀ ਇਹ ਰਹੀ ਹੈ ਕਿ ਟਕਸਾਲਾਂ ਵਿਚ ਕੀਰਤਨ ਦੇ ਪ੍ਰਵਾਹ ਅਧੀਨ ਸ਼ਬਦ ਰਚਨਾਵਾਂ, ਵਿਭਿੰਨ ਗਾਇਨ ਸ਼ੈਲੀਆਂ ਗੁਰਮਤਿ ਸੰਗੀਤ ਦਾ ਅਨਮੋਲ ਖ਼ਜ਼ਾਨਾ ਬਣੀਆਂ, ਜਿਨ੍ਹਾਂ ਦਾ ਸਰਵੇਖਣ ਕਰਨ 'ਤੇ ਇਹ ਤੱਥ ਸਾਹਮਣੇ ਆਏ ਕਿ ਇਨ੍ਹਾਂ ਟਕਸਾਲਾਂ ਵਿਚ ਸ਼ਬਦ ਰਚਨਾਵਾਂ ਰਾਗਾਂ ਦੇ ਵਿਭਿੰਨ ਸਰੂਪਾਂ 'ਤੇ ਅਧਾਰਿਤ ਰਹੀਆਂ ਹਨ ਜਿਨ੍ਹਾਂ ਨੇ ਗੁਰਮਤਿ ਸੰਗੀਤ ਦੀ ਰਾਗ ਪਰੰਪਰਾ ਵਿਚ ਵਡਮੁੱਲਾ ਯੋਗਦਾਨ ਪਾ ਕੇ ਗੁਰਮਤਿ ਸੰਗੀਤ ਦੀ ਵਿਰਾਸਤ ਨੂੰ ਹੋਰ ਅਮੀਰ ਕੀਤਾ। ਆਪਣੇ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ 31 ਮੁੱਖ ਰਾਗ ਅਤੇ 1991 ਵਿਚ ਹੋਂਦ 'ਚ ਆਈ। ਰਾਗ ਨਿਰਣਾਇਕ ਕਮੇਟੀ ਵੱਲੋਂ ਨਿਰਧਾਰਤ 31 ਮੁੱਖ ਰਾਗਾਂ ਦੇ ਸਰੂਪਾਂ ਨੂੰ ਆਧਾਰ ਬਣਾ ਕੇ ਟਕਸਾਲ ਪਰੰਪਰਾ ਵਿਚ ਪ੍ਰਯੋਗ ਕੀਤੇ ਜਾਂਦੇ ਰਾਗਾਂ ਦੇ ਸਰੂਪ ਦੇ ਆਧਾਰ ਤੇ ਬਣੀਆਂ ਸ਼ਬਦ ਰਚਨਾਵਾਂ ਨੂੰ ਇਕੱਤਰਿਤ ਕੀਤਾ ਹੈ। ਇਨ੍ਹਾਂ ਸ਼ਬਦ ਰਚਨਾਵਾਂ ਵਿਚੋਂ ਸ਼ਾਸਤਰੀ ਅਤੇ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਦੇ ਅਧਾਰਿਤ ਸ਼ਬਦ ਰਚਨਾਵਾਂ ਪ੍ਰਾਪਤ ਹੋਈਆਂ ਹਨ। ਇਸੇ ਪ੍ਰਕਾਰ ਟਕਸਾਲਾਂ ਵਿਚ ਪ੍ਰਯੋਗ ਕੀਤੇ ਜਾਂਦੇ ਤਾਲਾਂ ਦੇ ਅਲੱਗ-ਅਲੱਗ ਸਰੂਪਾਂ ਵਾਲੇ ਬੋਲ ਪ੍ਰਾਪਤ ਹੋਏ ਹਨ, ਉਨ੍ਹਾਂ ਨੂੰ ਵੀ ਇਕੱਤਰਿਤ ਕਰਕੇ ਟਕਸਾਲਾਂ ਦੀ ਸੰਗੀਤਕ ਸਮਗਰੀ ਦਾ ਹਿੱਸਾ ਬਣਾ ਕੇ ਇਕੱਤਰ ਕੀਤਾ ਗਿਆ ਹੈ।

ਇਹ ਖੋਜ ਕਾਰਜ ਕਰਦਿਆਂ ਜਿੱਥੇ ਅਸੀਂ ਟਕਸਾਲਾਂ ਤੋਂ ਪ੍ਰਾਪਤ ਟਕਸਾਲੀ ਸੰਗੀਤਕ ਸਮਗਰੀ ਨੂੰ ਇਕੱਠਾ ਕੀਤਾ ਅਤੇ ਸਰੂਪਗਤ ਵਿਸ਼ਲੇਸ਼ਣ ਕੀਤਾ ਹੈ ਉੱਥੇ ਅਸੀਂ ਇਨ੍ਹਾਂ ਦਾ ਤੁਲਨਾਤਮਿਕ ਦ੍ਰਿਸ਼ਟੀ ਤੋਂ ਵੀ ਸਰਵੇਖਣ ਕੀਤਾ ਹੈ। ਇਸ ਲਈ ਆਉਣ ਵਾਲੇ ਵਿਦਿਆਰਥੀਆਂ ਲਈ ਇਹ ਸੰਭਾਵਨਾ ਬਣ ਜਾਂਦੀ ਹੈ ਕਿ ਟਕਸਾਲਾਂ ਤੋਂ ਮਿਲੀ ਸੰਗੀਤਕ ਸਮਗਰੀ ਦਾ ਆਪਸੀ ਤੁਲਨਾਤਮਿਕ ਵਿਸ਼ਲੇਸ਼ਣ ਆਉਣ ਵਾਲੇ ਸਮੇਂ ਵਿਚ ਕੀਤਾ ਜਾ ਸਕੇ। ਇਨ੍ਹਾਂ ਟਕਸਾਲਾਂ ਵਿਚੋਂ ਪ੍ਰਾਪਤ ਸੰਗੀਤਕ ਸਮਗਰੀ, ਤੰਤੀ ਸਾਜ਼ਾਂ ਅਤੇ ਬੰਦਿਸ਼ਾਂ ਨੂੰ ਆਉਣ ਵਾਲੇ ਵਿਦਿਆਰਥੀਆਂ ਲਈ ਸੁਰੱਖਿਅਤ ਕੀਤਾ ਜਾ ਸਕਦਾ ਹੈ।

ਅੰਤ ਵਿਚ ਗੁਰਮਤਿ ਸੰਗੀਤ ਦੀਆਂ ਟਕਸਾਲਾਂ ਦਾ ਇਤਿਹਾਸਕ ਸਰਵੇਖਣ ਕਰਦਿਆਂ ਇਹ ਸਿੱਟਾ ਨਿਕਲਦਾ ਹੈ ਕਿ ਟਕਸਾਲਾਂ ਵਿਚ ਦਿੱਤੀ ਜਾਂਦੀ ਸਿੱਖਿਆ ਦੀਆਂ ਟਕਸਾਲੀ ਵਿਸ਼ੇਸ਼ਤਾਵਾਂ ਨੂੰ ਆਧੁਨਿਕ ਸਿੱਖਿਆ ਵਿਚ ਸ਼ਾਮਲ ਕਰਕੇ ਗੁਰਮਤਿ ਸੰਗੀਤ ਦੇ ਅੰਤਰਗਤ ਦਿੱਤੀ ਜਾਣ ਵਾਲੀ ਵਿੱਦਿਆ ਵਿਚ ਸ਼ਾਮਲ ਕਰਕੇ ਇਸ ਦੀ ਵਿੱਦਿਅਕ ਗੁਣਵੱਤਾ ਵਧਾਈ ਜਾਵੇ, ਜਿਸ ਨਾਲ ਜਿੱਥੇ ਅਸੀਂ ਆਪਣੇ ਅਮੀਰ ਵਿਰਸੇ ਨੂੰ ਆਧਾਰ ਬਣਾ ਸਕਾਂਗੇ ਉੱਥੇ ਅਸੀਂ ਆਧੁਨਿਕਤਾ ਦੇ ਹਾਣੀ ਹੁੰਦੇ ਹੋਏ ਨਵੀਆਂ ਦਿਸ਼ਾਵਾਂ ਨੂੰ ਸਕਾਰਾਤਮਿਕ ਰੂਪ ਦੇ ਸਕਾਂਗੇ ਜਿਸ ਨਾਲ ਟਕਸਾਲਾਂ ਦੀ ਸਾਰਥਿਕਤਾ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਰਹੇਗੀ।

## ਪੁਸਤਕ ਸੂਚੀ


ਅਸ਼ੋਕ, ਸ਼ਮਸ਼ੇਰ ਸਿੰਘ (ਸੰਪਾ.) : **ਪੁਰਾਤਨ ਜਨਮ ਸਾਖੀ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1969.

ਅਗਰਵਾਲ, ਵਿਨੈ ਕੁਮਾਰ (ਡਾ.) : **ਸੰਗੀਤ ਨਿਬੰਧ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

ਅਣਖੀ, ਭਾਗ ਸਿੰਘ (ਪ੍ਰਕਾਸ਼ਕ) : **ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ**, ਧਰਮ ਪ੍ਰਚਾਰ ਕਮੇਟੀ, ਸੈਂਟਰਲ ਖਾਲਸਾ ਕਾਲਜ, ਯਤੀਮਖਾਨਾ, ਚੀਫ ਖਾਲਸਾ ਦੀਵਾਨ, ਸ੍ਰੀ ਅੰਮ੍ਰਿਤਸਰ, 2008

ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ) : **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ ਅਤੇ ਦੂਜਾ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979.

ਅੰਮ੍ਰਿਤਪਾਲ ਕੌਰ (ਡਾ.) : **ਗੁਰਬਾਣੀ ਅਧਿਐਨ ਨਵ ਪਰਿਪੇਖ**, ਨੀਸ਼ਾਂਤ ਪ੍ਰਕਾਸ਼ਨ, ਫਰੀਦਾਬਾਦ, 1990.

ਐਬਟਾਬਾਦ, ਗਿਆਨ ਸਿੰਘ : **ਗੁਰਬਾਣੀ ਸੰਗੀਤ** ਭਾਗ ਪਹਿਲਾ, ਦੂਜਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1993.

ਸਾਬਰ, ਜਸਬੀਰ ਸਿੰਘ : ਗਿ**ਆਨ ਰਤਨਾਵਲੀ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1993.

ਕਰਤਾਰ ਸਿੰਘ (ਪ੍ਰੋ:) : **ਗੁਰਬਾਣੀ ਸੰਗੀਤ ਦਰਪਣ** (ਭਾਗ ਇਕ ਤੋਂ ਤਿੰਨ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1996.

ਕੰਵਲ, ਬਲਬੀਰ ਸਿੰਘ : **ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.

ਕੰਵਲਜੀਤ ਸਿੰਘ (ਡਾ.) ਮਨਪ੍ਰੀਤ ਸਿੰਘ (ਡਾ.): **ਪੜਤਾਲ ਸ਼ਬਦ ਗਾਇਕੀ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014.

ਕਿਰਪਾਲ ਸਿੰਘ ਗਿਆਨ : **ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2003.

ਕਿਰਪਾਲ ਸਿੰਘ : **ਜਨਮ ਸਾਖੀ ਪਰੰਪਰਾ, ਇਤਿਹਾਸਿਕ ਦ੍ਰਿਸ਼ਟੀਕੋਣ ਤੋਂ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

ਗੰਧਰਵ, ਸਰਵਣ ਸਿੰਘ (ਸੰਤ) : **ਸੁਰ ਸਿਮਰਣ ਸੰਗੀਤ** (ਭਾਗ ਇੱਕ ਤੋਂ ਸੱਤ), ਡੁਮੇਲੀ ਵਾਲੇ ਪਿੰਡ ਤੇ ਡਾਕ ਡੁਮੇਲੀ, ਬਾਰਾਸਤਾ ਫਗਵਾੜਾ, ਜ਼ਿਲ੍ਹਾ ਕਪੂਰਥਲਾ, 2006.

ਗੁਰਦਾਸ (ਭਾਈ), : **ਕਬਿੱਤ ਸਵੈਯੇ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1956.

ਗੁਰਨਾਮ ਸਿੰਘ (ਡਾ.) : **ਗੁਰਮਤਿ ਸੰਗੀਤ : ਵਿਭਿੰਨ ਪਰਿਪੇਖ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਉਹੀ : **ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਗਿੱਲ, ਮਹਿੰਦਰ ਕੌਰ : **ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ-ਕਲਾ**, ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ, 1982

ਛਿੱਬਰ, ਕੇਸਰ ਸਿੰਘ : **ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਸੰਪਾਦਨ ਤੇ ਇਤਿਹਾਸਕ ਅਧਿਐਨ**, ਰਾਏਜਸਬੀਰ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001.

ਜਸਬੀਰ ਕੌਰ (ਡਾ.) : **ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ**, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2006.

ਚਾਕਰ, ਅਮਰ ਸਿੰਘ (ਸੰਪਾ.), : **ਵਾਰਾਂ ਭਾਈ ਗੁਰਦਾਸ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1998

ਜੱਗੀ, ਰਤਨ ਸਿੰਘ (ਡਾ.) : **ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.

ਤਾਰਾ ਸਿੰਘ (ਪ੍ਰੋ:) : **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਉਹੀ : **ਵਾਦਨ ਕਲਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

ਦਿਆਲ ਸਿੰਘ (ਪ੍ਰਿੰ:) : **ਗੁਰਮਤਿ ਸੰਗੀਤ ਸਾਗਰ** (ਭਾਗ ਪਹਿਲਾ, ਦੂਜਾ, ਤੀਜਾ) ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ, ਨਵੀਂ ਦਿੱਲੀ, 1988.

ਧਰਮ ਸਿੰਘ (ਡਾ.) : **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ**, ਪੰਜਾਬੀ ਦੁਨੀਆਂ, ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਜਨਵਰੀ, ਫਰਵਰੀ, ਮਾਰਚ, 1988.

ਨਾਭਾ, ਕਾਨ੍ਹ ਸਿੰਘ (ਭਾਈ), : **ਗੁਰਮਤਿ ਮਾਰਤੰਡ** (ਭਾਗ ਪਹਿਲਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1983.

ਨਰੂਲਾ, ਦਰਸ਼ਨ ਸਿੰਘ : **ਗੁਰਬਾਣੀ ਸੰਗੀਤ ਬਾਰੇ**, ਗੁਰਮਤਿ ਸਟੱਡੀ ਸਰਕਲ, ਮਲੋਟ, 1985.

ਨਿਰਮਲ ਸਿੰਘ ਖਾਲਸਾ : **ਗੁਰਮਤਿ ਸੰਗੀਤ ਦੇ ਅਨਮੋਲ ਰਤਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਪਦਮ, ਵਰਿੰਦਰ ਕੌਰ (ਡਾ.) : **ਗੁਰਮਤਿ ਸੰਗੀਤ ਦਾ ਸੰਗੀਤ ਵਿਗਿਆਨ**, ਅਮਰਜੀਤ ਸਿੰਘ ਪ੍ਰਕਾਸ਼ਨ, ਪਟਿਆਲਾ, 2005.

ਬਲਬੀਰ ਸਿੰਘ : **ਕੀਰਤਨ ਵਿਕਾਸ, ਇਤਿਹਾਸ ਤੇ ਮਹਾਨਤਾ**, ਸਿੰਘ ਸਭਾ ਪਤ੍ਰਿਕਾ, ਮਾਰਚ 1978.

ਬਲਦੇਵ ਸਿੰਘ ਚੀਮਾ : **ਸ੍ਰੀ ਗੁਰੂ ਗ੍ਰੰਥ ਸਾਹਿਬ ਜੁਗਤ ਤੇ ਪਾਸਾਰ**, ਪੰਨਾ 51. ਭਾਸ਼ਾ ਵਿਭਾਗ ਅਕਾਦਮੀ, ਜਲੰਧਰ, 2008.

ਬੇਦੀ, ਦਲਜੀਤ ਸਿੰਘ : **ਬਾਬਾ ਸ਼ਾਮ ਸਿੰਘ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

ਵਿਦਿਆਰਥੀ, ਦੇਵਿੰਦਰ ਸਿੰਘ : **ਕੀਰਤਨ ਸੰਦਰਭ ਅਤੇ ਸਰੂਪ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.

ਸ਼ੇਰ ਸਿੰਘ (ਪ੍ਰੋ.) : **ਗੁਰਮਤਿ ਦਰਸ਼ਨ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010.

: **ਸਿੱਖ ਰਹਿਤ ਮਰਿਆਦਾ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1983.

**ਗ੍ਰੰਥ ਅਤੇ ਕੋਸ਼ :**


: **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ** (ਭਾਗ ਇਕ ਤੋਂ ਚਾਰ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1989.

: **ਪੰਜਾਬੀ-ਅੰਗਰੇਜੀ ਕੋਸ਼,** ਪੰਜਾਬੀ ਯੂਨੀਵਰਸਿਟੀ, ਪਟਿਆਲਾ,2002.

: **ਅੰਗਰੇਜੀ-ਪੰਜਾਬੀ ਕੋਸ਼,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਸੰਤੋਖ ਸਿੰਘ (ਭਾਈ) : **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ** (ਜਿਲਦ 1-14), ਭਾਸ਼ਾ ਵਿਭਾਗ ਪੰਜਾਬ, 1990.

ਗੁਰਚਰਨ ਸਿੰਘ (ਡਾ.) (ਸੰਪਾ.) : **ਸ੍ਰੀ ਗੁਰੂ ਗ੍ਰੰਥ ਕੋਸ਼ (ਜਿਲਦ 1,2),** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਗੁਰਨਾਮ ਸਿੰਘ (ਡਾ.) : **ਆਦਿ ਗ੍ਰੰਥ ਰਾਗ ਕੋਸ਼**, ਪਵਿੱਤਰ ਪ੍ਰਮਾਣਿਕ ਪ੍ਰਕਾਸ਼ਨ 151 ਗੁਰੂ ਨਾਨਕ ਨਗਰ ਤ੍ਰਿਪੜੀ, ਪਟਿਆਲਾ ਮਿਤੀਹੀਣ

ਉਹੀ : **ਪੰਜਾਬੀ ਲੋਕ ਸੰਗੀਤ ਵਿਰਾਸਤ** (ਭਾਗ ਪਹਿਲਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.

ਗਿਆਨ ਸਿੰਘ, ਗਿਆਨੀ : **ਪੰਥ ਪ੍ਰਕਾਸ਼**, ਵਜ਼ੀਰ ਹਿੰਦ ਪ੍ਰੈੱਸ, ਅੰਮ੍ਰਿਤਸਰ, ਮਿਤੀਹੀਣ।

ਉਹੀ : **ਤਵਾਰੀਖ ਗੁਰੂ ਖਾਲਸਾ** (ਭਾਗ ਪਹਿਲਾ ਤੇ ਦੂਜਾ), ਭਾਸ਼ਾ ਵਿਭਾਗ, ਪੰਜਾਬ, 1999.

ਜੱਗੀ, ਰਤਨ ਸਿੰਘ (ਡਾ.) (ਸੰਪਾ.) : **ਗੁਰੂ ਗ੍ਰੰਥ ਵਿਸ਼ਵਕੋਸ਼**, ਪੰਜਾਬੀ ਯੂਨੀਵਰਸਿਟੀ ਪਟਿਅਲਾ, 2002.

ਉਹੀ (ਸੰਪਾ.) : **ਸਿੱਖ ਪੰਥ ਵਿਸ਼ਵ ਕੋਸ਼** (ਜਿਲਦ 1,2), ਗੁਰਰਤਨ ਪਬਸ਼ਿਰਜ਼, ਪਟਿਆਲਾ, 2005.

ਜੋਧ ਸਿੰਘ (ਡਾ.) (ਮੁਖ ਸੰਪਾ.) : **ਸਿੱਖ ਧਰਮ ਵਿਸ਼ਵ ਕੋਸ਼** (ਜਿਲਦ 1,2), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.

ਨਾਭਾ, ਕਾਨ੍ਹ ਸਿੰਘ (ਭਾਈ) : **ਗੁਰ ਛੰਦ ਦਿਵਾਕਰ**, ਭਾਸ਼ਾ ਵਿਭਾਗ ਪਟਿਆਲਾ, 1970.

ਉਹੀ : **ਗੁਰਮਤਿ ਮਾਰਤੰਡ** (ਭਾਗ ਪਹਿਲਾ ਤੇ ਦੂਜਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1983.

ਉਹੀ : **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2006.

ਭੱਲਾ, ਸਰੂਪ ਦਾਸ : **ਮਹਿਮਾ ਪ੍ਰਕਾਸ਼** (ਭਾਗ ਪਹਿਲਾ, ਦੂਜਾ), ਭਾਸ਼ਾ ਵਿਭਾਗ, ਪੰਜਾਬ, 2003.

ਰਿਆਲ. ਜੀ. ਐਸ (ਸੰਪਾ.) : **ਅੰਗਰੇਜ਼ੀ-ਪੰਜਾਬੀ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਵੀਰ ਸਿੰਘ (ਭਾਈ) : **ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995.

ਉਹੀ : **ਸ੍ਰੀ ਅਸ਼ਟ ਗੁਰ ਚਮਤਕਾਰ** (ਭਾਗ ੧-੩), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2008.

ਵੇਦਾਂਤੀ, ਜੋਗਿੰਦਰ ਸਿੰਘ : **ਗੁਰ ਬਿਲਾਸ ਪਾਤਸ਼ਾਹੀ ੬**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1998.

**ਪਤ੍ਰਿਕਾਵਾਂ :**

: **ਸਿੱਖ ਰਹਿਤ ਮਰਿਯਾਦਾ**, ਪ੍ਰਕਾਸ਼ਿਤ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2005.

: **ਸਿਮ੍ਰਤੀ ਗ੍ਰੰਥ**, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 2001.

ਗੁਰਨਾਮ ਸਿੰਘ (ਡਾ.) (ਸੰਪਾ.) : **ਵਿਸਮਾਦ ਨਾਦ**, *ਗੁਰਮਤਿ ਸੰਗੀਤ ਵਿਸ਼ੇਸ਼ ਅੰਕ*, ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ, ਲੁਧਿਆਣਾ, 1992.

ਧਨਵੰਤ ਕੌਰ (ਡਾ.) (ਮੁੱਖ ਸੰਪਾ.) ਜਸਬੀਰ ਕੌਰ (ਡਾ. ਸੰਪਾ.), : **ਸਮਾਜਿਕ ਵਿਗਿਆਨ ਪੱਤਰ**, *ਗੁਰਮਤਿ ਸੰਗੀਤ ਵਿਸ਼ੇਸ਼ ਅੰਕ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

ਉਹੀ : **ਸਮਾਜਿਕ ਵਿਗਿਆਨ ਪੱਤਰ**, *ਸੰਗੀਤਕ ਗਾਇਨ ਸ਼ੈਲੀਆਂ ਵਿਸ਼ੇਸ਼ ਅੰਕ*, ਜਸਬੀਰ ਕੌਰ (ਡਾ. ਸੰਪਾ.), ਪੰਜਾਬੀ ਯੂਨੀਵਰਸਿਟੀ ਪਟਿਆਲਾ 2011.

ਉਹੀ : **ਸਮਾਜਿਕ ਵਿਗਿਆਨ ਪੱਤਰ**, *ਸੰਗੀਤ ਘਰਾਣਾ : ਵਿਸ਼ੇਸ਼ ਅੰਕ*, ਜਸਬੀਰ ਕੌਰ (ਡਾ. ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.

**ਹਿੰਦੀ ਪੁਸਤਕਾਂ :**


ਸ੍ਰੀਧਰ, ਪਰਾਂਜਪੇ ਸ਼ਰਤਚੰਦਰ : **ਭਾਰਤੀਯ ਸੰਗੀਤ ਕਾ ਇਤਿਹਾਸ**, ਚੋਖੰਭਾ, ਵਾਰਾਣਸੀ, 1985.

ਹਰਜਸ ਕੌਰ (ਡਾ.) : **ਗੁਰਮਤਿ ਸੰਗੀਤ : ਪਰਿਚਯਾਤਮਕ ਅਧਿਐਨ**, ਸੰਗੀਤ ਪ੍ਰਕਾਸ਼ਨ, 11 ਫੋਰਟ ਬਜ਼ਾਰ, ਪਟਿਆਲਾ, 1993.

ਗੁਰਨਾਮ ਸਿੰਘ (ਡਾ.), ਯਸ਼ਪਾਲ ਸ਼ਰਮਾ (ਡਾ.), : **ਗੁਰਮਤਿ ਸੰਗੀਤ ਰਾਗ ਰਤਨਾਵਲੀ**, ਸ਼ਬਦਨਿਧੀ ਪ੍ਰਕਾਸ਼ਨ, ਨਈ ਦਿੱਲੀ, 1999.

ਜੋਸ਼ੀ, ਉਮੇਸ਼ : **ਭਾਰਤੀਯ ਸੰਗੀਤ ਕਾ ਇਤਿਹਾਸ**, ਮਾਨਸਰੋਵਰ ਪ੍ਰਕਾਸ਼ਨ, ਫਿਰੋਜ਼ਾਬਾਦ, 1957.


**ਵੈੱਬਸਾਈਟਸ**


http://en.wikipedia.org/wiki/raga
http://en.wikipedia.org/wiki/Technical_terminology
http://www.thefreedictionary.com/technical
www.gurmatsangeetlibrary.com
www.gurmatsangeetpup.com
www.sikhroots.com
www.sikhsangeet.com
www.sikhsoul.com
www.sikhvibes.com
www.sribhainisahib.com

# ਅੰਤਿਕਾ-1

| ਕ੍ਰਮ ਨੰ: | ਰਾਗ ਦਾ ਨਾਮ | ਥਾਟ | ਜਾਤੀ<br>ਵਰਜਿਤ ਸੁਰ | ਕੋਮਲ, ਤੀਬਰ | ਵਾਦੀ | ਸੰਵਾਦੀ | ਗਾਇਨ ਸਮਾਂ | ਆਰੋਹ, ਅਵਰੋਹ, ਪਕੜ | ਸਰੋਤ |
|---|---|---|---|---|---|---|---|---|---|
| 1. | ਸਿਰੀ | ਪੂਰਵੀ | ਔੜਵ-ਸੰਪੂਰਣ<br>ਗ, ਧ | ਰੁੇ, ਧੁ, ਮੰ | ਰੁੇ | ਪ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਰੇ ਮੰ ਪ, ਨੀ ਸੰ<br>ਅਵਰੋਹ: ਸੰ ਨੀ ਧ ਪ, ਮੰ ਗ ਰੇ,ਸ<br>ਪਕੜ : ਸ, ਰੁੇ, ਰੁੇ, ਪ, ਪ ਮੰ ਗ ਰੁੇ, ਰੁੇ, ਰੁੇ, ਸ | ਸ.ਗ.ਗ.ਸ ਰ.ਰ ਪੰਨਾ-8 |
| 2. | ਸਿਰੀ | ਕਾਫੀ | ਔੜਵ-ਸੰਪੂਰਣ<br>ਗੁ, ਨੀ | ਗੁ, ਨੁੀ | ਰੇ | ਪ | ਰਾਤ ਦਾ | ਆਰੋਹ : ਸ ਰੇ ਮ ਪ, ਨੁੀ ਸੰ<br>ਅਵਰੋਹ: ਸੰ ਨੁੀ ਧ ਪ, ਮ ਗ ਰੇ,ਸ<br>ਪਕੜ : | ਸ.ਸ.ਸ., ਭ-6, ਪੰਨਾ-27 |
| 3. | ਸ੍ਰੀ ਕਲਿਆਣ | ਕਲਿਆਣ | ਔੜਵ-ਔੜਵ<br>ਗ, ਨੀ | ਮੰ | ਪ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਰੇ ਮੰ ਪ, ਧ ਪ ਸੰ<br>ਅਵਰੋਹ: ਸੰ, ਧ ਪ, ਮੰ ਪ, ਰੇ ਸ<br>ਪਕੜ : ਸ ਪ, ਮੰ ਪ, ਧ ਮੰ ਪ, ਰੇ ਪ ਰੇ, ਧ਼ ਰੇ ਸ | ਸ.ਸ.ਸ., ਭ-5, ਪੰਨਾ-591 |
| 4. | ਸ੍ਰੀ ਟੰਕ | ਪੂਰਵੀ | ਸੰਪੂਰਣ-ਸੰਪੂਰਣ | ਰੁੇ, ਧੁ | ਪ | ਸ | ਸੰਧਿਆ-ਕਾਲ | ਆਰੋਹ : ਇਸ ਦਾ ਸਰੂਪ ਡਾ. ਅਮਰਿੰਦਰ ਸਿੰਘ ਤੋਂ ਬਨਵਾਉਣਾ ਹੈ | ਸ.ਸ.ਸ., ਭ-3, ਪੰਨਾ-255 |
| 5. | ਮਾਲ ਸਿਰੀ | ਕਲਿਆਣ | ਔੜਵ-ਔੜਵ<br>ਰੇ, ਧ | **ਮੰ** | ਪ | ਸ | ਸੰਧਿਆ ਕਾਲ | **ਆਰੋਹ : ਸ ਗ ਪ ਪ ਨੀ ਸੰ**<br>**ਅਵਰੋਹ: ਸੰ ਨੀ ਪ ਮੰ ਗ ਸ**<br>**ਪਕੜ : ਸ, ਨ਼ੀਸ, ਗ ਮੰ, ਪ ਮੰ, ਪਮੰਗ, ਗ ਮੰਗ ਸ** | ਸ.ਸ.ਸ., ਭ-7 ਪੰਨਾ-22 |
| 6. | ਲੰਕੇਸ਼੍ਰੀ | ਖਮਾਜ | ਸੰਪੂਰਣ-ਸੰਪੂਰਣ | ਨੁੀ | ਮ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਰੇ ਗ ਮ, ਧ ਪ, ਧ ਨੁੀ ਸੰ<br>ਅਵਰੋਹ: ਸੰ ਰੇਂ ਨ ਸੰ ਨੁੀਧ ਪ ਮ ਗ ਰੇ ਸ<br>ਪਕੜ : ਰੇਸ, ਨੁ਼ੀ ਧ਼ਨੁ਼ੀਸ, ਗ, ਮਗਮਰੇਸ | ਸੰਗੀਤ ਸਾਗਰ, ਪੰਨਾ-433 |
| 203. | ਲੰਕ ਦਹਨ ਸਾਰੰਗ | ਕਾਫੀ | ਔੜਵ-ਸੰਪੂਰਣ<br>ਆਰੋਹ ਵਿੱਚ ਗ, ਧ | ਗੁ, ਨੁੀ | – | – | ਰਾਤ ਦਾ ਤੀਸਰਾ ਪਹਿਰ | ਆਰੋਹ : ਸ ਰੇ ਮ ਪ, ਨੁੀ ਪ ਨੀ ਸੰ<br>ਅਵਰੋਹ: ਸੰ ਧ ਨੁੀ ਪ, ਮ ਪ, ਮਗੁ ਮਗੁ ਮ ਰੇ ਸ<br>ਪਕੜ : ਸੰ ਧ ਨੁੀ ਪ, ਮ ਗੁ ਮ ਰੇ ਸ | ਸ.ਸ.ਸ., ਭ-5 ਪੰਨਾ-302 |
| 204. | ਮਲਾਰ | ਖਮਾਜ | ਸੰਪੂਰਣ-ਸੰਪੂਰਣ | ਦੋਵੇਂ ਨੀ | ਮ | ਸ | ਰਾਤ ਦਾ ਤੀਜਾ ਪਹਿਰ | ਆਰੋਹ : ਸ ਰੇ ਗ ਮ, ਮ ਰੇ ਪ, ਨੁੀ ਧ ਨੀ ਸੰ<br>ਅਵਰੋਹ : ਸੰ ਧ ਲੁੀ ਪ ਮ, ਗ ਮ ਰੇ ਸ<br>ਪਕੜ : ਸ ਰੇ ਗ ਮ, ਮ ਰੇ ਪ, ਧ ਨੁੀ ਪ ਮ ਰੇ ਸ | ਸ.ਗ.ਗ.ਸ ਰ.ਰ ਪੰਨਾ-288 |
| 205. | ਮਲਾਰ | ਕਾਫੀ | ਸ਼ਾੜਵ-ਸੰਪੂਰਣ<br>ਆਰੋਚ ਵਿਚ ਗ | ਗੁ, ਦੋਵੇਂ ਨੀ | ਸ | ਪ | ਮੱਧ ਗਤ ਵਰਖਾ ਰੁੱਤ ਵਿਚ ਹਰ | ਆਰੋਹ : ਸ ਰੇ ਮ ਰੇ, ਪ ਨੁੀ ਧ ਨੀ ਸੰ<br>ਅਵਰੋਹ : ਸ ਨੁੀ ਪ, ਮ ਪ ਗੁ ਮ ਰੇ ਸ | ਗ.ਸ.ਪ.ਰ.ਰ ਪੰਨਾ-802 |

| | | | | | | | | | |
|---|---|---|---|---|---|---|---|---|---|
| | | | | | | | ਸਮੇਂ | | |
| 206. | ਮਲਾਰ | ਖਮਾਜ<br>ਦੂਜਾ ਸਰੂਪ | ਔੜਵ-ਔੜਵ<br>ਸੰਪੂਰਣ | ਗੁ, ਧੁ,<br>ਨੁੀ | ਰੇ | ਪ | ਰਾਤ ਦਾ ਤੀਜਾ ਪਹਿਰ | ਆਰੋਹ : ਸ ਰੇ ਮ, ਮ ਪ, ਧ ਸਂ<br>ਅਵਰੋਹ : ਸਂ ਧ ਪ, ਮ ਰੇ ਪ, ਮ ਰੇ ਸ | ਗ.ਸ.ਪ.ਰ.ਰ<br>ਪੰਨਾ- |
| 207. | ਅਰੁਣ ਮਲ੍ਹਾਰ | ਬਿਲਾਵਲ | ਸੰਪੂਰਣ-ਸੰਪੂਰਣ | ਨੁੀ | ਮ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਰੇ ਗ ਮ, ਰੇ ਪ, ਨੁੀ ਧ ਨੀ ਸਂ<br>ਅਵਰੋਹ: ਸਂ ਨੁੀ ਧ ਨੁੀ ਪ, ਧ, ਗ ਮ, ਪ ਮ ਗ ਮ, ਪ ਮ ਰੇ ਸ<br>ਪਕੜ : ਸ ਰੇ ਗ ਮ, ਰੇ ਪ, ਧ ਗ ਮ, ਰੇ ਸ | ਸ.ਸ.ਸ.,<br>ਭ-5,<br>ਪੰਨਾ-372 |
| 208. | ਅੜਾਨਾ ਮਲ੍ਹਾਰ | ਕਾਫੀ | ਸੰਪੂਰਣ-ਸ਼ਾੜਵ<br>ਅਵਰੋਹ ਵਿਚ ਧ | ਗੁ, ਨੁੀ | ਸ | ਪ | ਅੱਧੀ ਰਾਤ ਦਾ | ਆਰੋਹ : ਸ, ਰੇ ਮ ਰੇ ਸ, ਮ ਰੇ ਪ, ਨੁੀ ਧ ਨੀ ਸਂ<br>ਅਵਰੋਹ: ਸਂ ਨੁੀ ਪ, ਮ ਪ ਗੁ ਮ ਰੇ ਸ<br>ਪਕੜ : ਰੇ ਮ ਰੇ ਸ, ਨ਼ੁੀ ਧ਼ ਮ਼ ਪ਼, ਨ਼ੁੀ ਧ਼ ਨੀ ਸ, ਪ ਗੁ ਮ ਰੇ ਸ, ਮ ਪ ਨੀ, ਸਂ ਰੇਂ ਸਂ | ਸ.ਸ.ਸ.,<br>ਭ-5,<br>ਪੰਨਾਂ-411 |
| 209. | ਸਰਵਣ ਮਲ੍ਹਾਰ | ਕਾਫੀ | ਔੜਵ-ਸ਼ਾੜਵ<br>ਆਰੋਹ ਵਿਚ ਪ, ਗ<br>ਅਵਰੋਹ ਵਿਚ ਪ | ਗੁ, ਨੁੀ | ਸ | ਮ | ਰਾਤ ਦਾ ਦੂਸਰਾ ਪਹਿਰ | ਆਰੋਹ : ਨ਼ੀ ਸ ਗ ਰੇ, ਮ, ਨੁੀ ਧ ਨੀ ਸਂ<br>ਅਵਰੋਹ: ਸਂ ਨੁੀ ਧ ਮ, ਗੁ ਮ ਰੇ ਸ<br>ਪਕੜ : ਸ ਗ ਰੇ, ਮ, ਧ ਨੁੀ ਧ ਮ, ਮ ਗੁ ਮ ਰੇ, ਨ਼ੁੀ ਧ਼ ਨ਼ੀ ਸ | ਸ.ਸ.ਸ.,<br>ਭ-5,<br>ਪੰਨਾ-337 |
| 210. | ਸ਼ੁੱਧ ਮਲ੍ਹਾਰ | ਬਿਲਾਵਲ | ਔੜਵ-ਔੜਵ<br>ਗ, ਨੀ | ਸਾਰੇ ਸ਼ੁੱਧ | ਸ | ਪ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਰੇ ਮ ਪ ਧ ਸਂ<br>ਅਵਰੋਹ: ਸਂ ਧ ਪ ਮ ਪ ਮ ਰੇ ਸ<br>ਪਕੜ : ਮਪ, ਧ ਸਂ, ਧ, ਪ ਮ | ਸ.ਸ.ਸ.,<br>ਭ-5,<br>ਪੰਨਾ-316 |
| 211. | ਸੂਰ ਮਲ੍ਹਾਰ | ਕਾਫੀ | ਔੜਵ-ਸਾੜਵ<br>ਆਰੋਹ ਵਿੱਚ ਗ, ਧ<br>ਅਵਰੋਹ ਵਿੱਚ ਗ | ਨੁੀ | ਮ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਰੇ ਮ ਪ ਨੀ ਸਂ<br>ਅਵਰੋਹ: ਸਂ, ਨੁੀ ਧ ਪ, ਮ ਪ, ਮ ਰੇ ਸ<br>ਪਕੜ : ਰੇ ਮ ਪ, ਨੁੀ ਪ, ਨੁੀ ਮ ਪ, ਨੀ ਸਂ, ਨੁੀ ਧ ਪ, ਮ ਰੇ ਸ | ਸ.ਸ.ਸ.,<br>ਭ-5,<br>ਪੰਨਾ-386 |
| 212. | ਗੁਰਦੇਵ ਮਲ੍ਹਾਰ | ਕਾਫੀ | ਵਕਰ<br>ਸੰਪੂਰਣ-ਸੰਪੂਰਣ | ਗੁ, ਨੁੀ | ਮ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ, ਮ ਰੇ ਪ, ਮ ਪ ਨੁੀ, ਧ ਨੀ ਸਂ<br>ਅਵਰੋਹ: ਸਂ ਧ, ਨੁੀ ਮ, ਪ ਗ, ਮ ਪ ਧ, ਗ, ਮ ਪ ਮ, ਗੁ ਮ, ਪ, ਮ ਰੇ ਸ<br>ਪਕੜ : ਸ, ਗ ਸ, ਪ਼ ਨ਼ੁੀ ਧ਼ ਗ ਸ, ਰੇ ਸ, ਰੇ ਸ ਨ਼ੁੀ, ਧ਼ ਨ਼ੀ ਸ | ਸ.ਸ.ਸ.,<br>ਭ-5<br>ਪੰਨਾ-403 |
| 213. | ਚੰਚਲਸ ਮਲ੍ਹਾਰ | ਕਾਫੀ | ਸ਼ਾੜਵ-ਸ਼ਾੜਵ<br>ਧ | ਗੁ, ਨੁੀ | ਪ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ, ਮ ਰੇ, ਰੇ ਪ, ਮ ਪ ਨੀ ਸਂ<br>ਅਵਰੋਹ: ਰੇਂ ਸਂ ਨੁੀ ਪ, ਗੁ ਮ ਰੇ ਸ, ਨ਼ੁੀ ਪ਼ ਸ<br>ਪਕੜ : ਸ ਮ, ਮ ਰੇ, ਰੇ ਪ, ਮ ਗੁ ਗੁ ਮ, ਰੇ ਨ਼ੀ ਸ | ਸ.ਸ.ਸ.,<br>ਭ-5<br>ਪੰਨਾ-384 |

| | | | | | | | | |
|---|---|---|---|---|---|---|---|---|
| 214. | ਚਰਜੂ ਕੀ ਮਲ੍ਹਾਰ | ਕਾਫੀ | ਸੰਪੂਰਣ–ਸੰਪੂਰਣ | ਗੁ, ਨੀ̱ | ਪ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ, ਮ ਰੇ ਪ, ਨੀ̱ ਨੀ ਸਂ<br>ਅਵਰੋਹ: ਸਂ ਪ, ਧ ਪ, ਪ ਮ, ਗੁ ਮ ਗੁ, ਮ ਰੇ ਗੁ ਸ<br>ਪਕੜ : ਸ, ਰੇ ਸ, ਗੁ ਰੇ ਗੁ ਸ, ਪ ਨੀ̱ ਪ, ਮ ਗੁ ਮ ਰੇ, ਗੁ ਸ | ਸ.ਸ.ਸ., ਭ–5 ਪੰਨਾ–380 |
| 215. | ਛਾਇਆ ਮਲ੍ਹਾਰ | ਕਾਫੀ | ਵਕਰ ਸੰਪੂਰਣ | ਗੁ, ਨੀ̱ | ਮ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸਾ, ਨ਼ੀ̱ ਧ਼, ਨ਼ੀ ਸ, ਰੇ ਗ, ਮ ਗ, ਮ ਰੇ, ਪ, ਮ ਪ, ਨੀ̱ ਧ, ਨੀ ਸਂ<br>ਅਵਰੋਹ: ਸਂ, ਨੀ̱ ਪ, ਧ ਪ, ਮ ਗ ਮ ਰੇ, ਪ, ਗੁ ਮ ਰੇ ਸ<br>ਪਕੜ : ਨ਼ੀ̱ ਧ਼, ਨ਼ੀ̱ ਧ਼, ਨ਼ੀ ਸਾ, ਰੇ ਗ ਮ ਪ, ਮ ਗ ਮ ਰੇ, ਪ, ਗੁ, ਮ, ਰੇ ਸ | ਸ.ਸ.ਸ., ਭ–5 ਪੰਨਾ–358 |
| 216. | ਜਯੰਤ ਮਲ੍ਹਾਰ | ਕਾਫੀ | ਸੰਪੂਰਣ–ਸੰਪੂਰਣ | ਗੁ, ਨੀ̱ | ਰੇ | ਪ | ਰਾਤ ਦਾ ਦੂਸਰਾ ਪਹਿਰ | ਆਰੋਹ : ਸ, ਮ ਰੇ ਪ, ਨੀ̱ ਧ ਨੀ ਸਂ<br>ਅਵਰੋਹ: ਸਂ, ਸਂ ਧ, ਨੀ̱ ਮ ਪ, ਧ ਪ ਮ ਗ ਰੇ, ਗੁ ਰੇ, ਸ ਨ਼ੀ ਸ<br>ਪਕੜ : ਸ, ਧ਼ ਨੀ̱ ਰੇ, ਪ ਰੇ, ਪ ਗੁ ਮ ਰੇ, ਪ, ਗੁ ਮ ਰੇ ਸ, ਨ਼ੀ̱ ਧ਼ ਨ਼ੀ ਸ | ਸ.ਸ.ਸ., ਭ–5 ਪੰਨਾ–396 |
| 217. | ਜਲਧਰ ਮਲ੍ਹਾਰ | ਖਮਾਜ | ਸ਼ਾੜਵ–ਸ਼ਾੜਵ ਗ | ਨੀ̱ | ਮ | ਸ | ਰਾਤ ਦਾ ਪਹਿਲਾ ਪਹਿਰ | ਆਰੋਹ : ਸ, ਰੇ ਸ, ਮ , ਮ ਪ, ਨੀ̱ ਧ, ਨੀ ਸ<br>ਅਵਰੋਹ:ਸਂ ਨੀ̱ ਧ, ਨੀ̱ ਪ, ਧ ਪ ਮ, ਪ ਮ ਰੇ ਸ<br>ਪਕੜ : ਸ ਰੇ ਸ ਮ, ਰੇ ਸ **ਨ਼ੀ̱**, ਧ਼ ਨ਼ੀ ਸ, ਮ ਰੇ ਪ, ਧ ਪ ਮ | ਸ.ਸ.ਸ., ਭ–5 ਪੰਨਾ–376 |
| 218. | ਜੋਗ ਮਲ੍ਹਾਰ | ਕਾਫੀ | ਸਾੜਵ–ਔੜਵ ਆਰੋਹ ਵਿੱਚ ਰੇ ਅਵਰੋਹ ਵਿੱਚ ਰੇ,ਧ | ਗੁ, ਨੀ̱ | ਮ | ਸ | ਰਾਤ ਦਾ ਦੂਜਾ ਪਹਿਰ | ਆਰੋਹ : ਨ਼ੀ ਸ, ਗ, ਮ ਪ, ਨੀ̱ ਧ ਨੀ ਸਂ<br>ਅਵਰੋਹ: ਸਂ, ਨੀ̱ ਪ, ਮ ਪ ਨੀ̱ ਪ, ਮ ਗ, ਸ ਗੁ ਸ<br>ਪਕੜ : ਨ਼ੀ ਸ, ਨ਼ੀ̱ ਧ਼ ਨ਼ੀ ਸ, ਗ ਮ ਪ, ਨੀ̱ ਪ, ਮ ਗ ਮ, ਸ ਗੁ ਸ | ਸ.ਸ.ਸ., ਭ–5 ਪੰਨਾ–392 |
| 219. | ਦੇਸ ਮਲ੍ਹਾਰ | ਕਾਫੀ | ਸਾੜਵ–ਸੰਪੂਰਣ ਆਰੋਹ ਵਿਚ ਗ | ਗੁ, ਨੀ̱ | ਪ | ਸ | ਰਾਤ ਦਾ ਦੂਜਾ ਪਹਿਰ | ਆਰੋਹ : ਸ, ਰੇ ਮ ਪ, ਨੀ̱ ਧ ਨੀ ਸਂ<br>ਅਵਰੋਹ: ਸਂ ਪ, ਧ ਮ ਪ, ਰੇਗੁ, ਸਰੇ ਨ਼ੀ̱ ਸ<br>ਪਕੜ : ਰੇ ਮ ਪ, ਨੀ̱ ਧ ਨੀ̱ ਪ, ਰੇ ਗੁ, ਸਰੇ ਨ਼ੀ̱ ਸ | ਸ.ਸ.ਸ., ਭ–5 ਪੰਨਾ–406 |
| 220. | ਧੂਲੀਆ ਮਲ੍ਹਾਰ | ਕਾਫੀ | ਔੜਵ–ਸੰਪੂਰਣ ਆਰੋਹ ਵਿੱਚ ਗ, ਧ | ਗੁ, ਨੀ̱ | ਪ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ, ਮ ਰੇ, ਪ, ਨੀ̱ ਧ ਨੀ ਸਂ<br>ਅਵਰੋਹ: ਸਂ, ਨੀ̱ ਧ ਪ, ਮ ਰੇ, ਮ ਗੁ ਮ ਗੁ,ਮ ਪ, ਮ ਮ ਰੇ ਸ<br>ਪਕੜ : ਮ ਰੇ ਪ, ਨੀ̱ ਧ ਪ, ਮ ਰੇ, ਮ ਗੁ ਮ ਗੁ, ਮ | ਸ.ਸ.ਸ., ਭ–5, ਪੰਨਾ–369 |

| | | | | | | | | | |
|---|---|---|---|---|---|---|---|---|---|
| | | | | | | | | ਮ ਪ, ਮ ਮ ਰੇ ਸ | |
| 221. | ਬਰਸਾਤੀ ਮਲ੍ਹਾਰ | ਖਮਾਜ | ਸਾੜਵ-ਸਾੜਵ ਗ | ਨ਼ੀ | ਰੇ | ਪ | ਮੱਧ ਰਾਤ | ਆਰੋਹ : ਸ ਰੇ ਮ ਪ ਧ ਨ਼ੀ ਸਂ<br>ਅਵਰੋਹ: ਸਂ ਨ਼ੀ ਧ ਪ ਮ ਰੇ ਸ<br>ਪਕੜ : ਮ ਰੇ ਸ, ਪ ਧ ਨ਼ੀ ਸਂ | ਸ.ਸ.ਸ., ਭ-5, ਪੰਨਾ-399 |
| 222. | ਮਧੂ ਮਲ੍ਹਾਰ | ਕਾਫੀ | ਔੜਵ-ਸੰਪੂਰਣ ਆਰੋਹ ਵਿਚ ਰੇ, ਗ | ਮਂ, ਗੁ, ਨ਼ੀ | ਸ | ਪ | ਦਿਨ ਦਾ ਦੂਸਰਾ ਪਹਿਰਂ | ਆਰੋਹ : ਸ ਗੁ, ਮਂ ਪ, ਨ਼ੀ ਧ ਨੀ ਸਂ<br>ਅਵਰੋਹ: ਸਂ ਨ਼ੀ ਧ ਨ਼ੀ ਪ, ਪ ਮਂ ਗੁ ਰੇ ਸ<br>ਪਕੜ : ਨ਼ੀ ਸ, ਗੁ ਮਂ ਪ, ਮਂ ਗੁ ਰੇ ਸ, ਨ਼ੀ ਧ਼ ਨ਼ੀ ਸ | ਸ.ਸ.ਸ., ਭ-5, ਪੰਨਾ-354 |
| 223. | ਮੀਆਂ ਮਲ੍ਹਾਰ | ਕਾਫੀ | ਸੰਪੂਰਣ-ਸਾੜਵ ਅਵਰੋਹ ਵਿੱਚ ਧ | ਗੁ, ਨ਼ੀ | ਮ | ਸ | ਅੱਧੀ ਰਾਤ | ਆਰੋਹ : ਸ, ਰੇਮ, ਰੇ ਸ, ਮ ਰੇ ਪ, ਨ਼ੀ ਧ ਨੀ ਸਂ<br>ਅਵਰੋਹ: ਸਂ, ਨ਼ੀ ਪ, ਮ ਪ ਗੁ ਮ, ਰੇ ਸ<br>ਪਕੜ : ਸ, ਮ ਰੇ ਪ, ਮ ਗੁ, ਮ ਗੁ, ਰੇ, ਸ ਰੇ ਨ਼ੀ ਸ, ਨ਼ੀ ਧ਼ ਨ਼ੀ ਸ | ਸ.ਸ.ਸ., ਭ-5, ਪੰਨਾ-322 |
| 224. | ਮੀਰਾ ਮਲ੍ਹਾਰ | ਕਾਫੀ | ਸਾੜਵ-ਸੰਪੂਰਣ ਆਰੋਹ ਵਿੱਚ ਗ | ਗੁ, ਧੁ, ਨ਼ੀ | ਸ | ਪ | ਰਾਤ ਦਾ ਦੂਸਰਾ ਪਹਿਰ | ਆਰੋਹ : ਸ, ਮ ਰੇ, ਪ, ਨ਼ੀ ਧ ਨੀ ਸਂ<br>ਅਵਰੋਹ: ਸਂ ਰੇਂ ਨ਼ੀ ਧੁ ਨ਼ੀ ਪ, ਮ ਪ, ਮ ਗੁ ਮ ਗੁ, ਮ ਰੇ ਸ<br>ਪਕੜ : ਪ ਨ਼ੀ ਧ, ਨੀ ਸਂ, ਰੇਂ ਨ਼ੀ ਧੁ, ਨ਼ੀ ਪ | ਸ.ਸ.ਸ., ਭ-5, ਪੰਨਾ-347 |
| 225. | ਮੇਘ ਮਲ੍ਹਾਰ | ਕਾਫੀ | ਔੜਵ-ਔੜਵ ਗ, ਧ | ਨ਼ੀ | ਸ | ਪ | ਰਾਤ ਦਾ ਪਹਿਲਾਂ ਪਹਿਰ | ਆਰੋਹ : ਸ ਮ ਰ ਪ, ਪ ਨ਼ੀਨੀ ਸਂ<br>ਅਵਰੋਹ: ਸਂ ਨ਼ੀ ਪ, ਮ ਰੇ ਮ ਨ਼ੀ ਰੇ ਸ<br>ਪਕੜ : ਸਂ, ਨੀ ਪ, ਮ ਰ ਸ, ਨ਼ੀ ਰੇ ਸ | ਸੰਗੀਤ ਸਾਗਰ, ਪੰਨਾ-250 |
| 226. | ਰੂਪ ਮੰਜਰੀ ਮਲ੍ਹਾਰ | ਕਾਫੀ | ਔੜਵ-ਸੰਪੂਰਣ ਆਰੋਹ ਵਿਚ ਗ, ਧ | ਗੁ, ਨ਼ੀ | ਪ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ, ਮ ਰੇ, ਪ, ਨ਼ੀ ਧ, ਨ਼ੀ ਪ, ਸਂ<br>ਅਵਰੋਹ: ਸਂ ਨ਼ੀ ਪ, ਨ਼ੀ ਧ ਨ਼ੀ ਪ, ਮ ਗ, ਮ ਰੇ ਸਾ, ਰੇ ਗੁ ਸ<br>ਪਕੜ : ਨ਼ੀ ਸ, ਮ ਰੇ ਪ, ਸਂ ਨ਼ੀ ਧ ਨ਼ੀ ਪ, ਮ ਗ ਮ ਰੇ ਸ ਰੇ ਨ਼ੀ ਸ, ਰੇ ਗੁ ਸ | ਸ.ਸ.ਸ., ਭ-5, ਪੰਨਾ-365 |
| 227. | ਰਾਮਦਾਸੀ ਮਲ੍ਹਾਰ | ਕਾਫੀ | ਸੰਪੂਰਣ-ਸੰਪੂਰਣ | ਗੁ, ਨ਼ੀ | ਮ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਨ਼ੀ ਸ ਰੇ ਗ ਮ, ਪ, ਗੁ ਮ, ਨ਼ੀ ਪ ਨੀ ਸਂ<br>ਅਵਰੋਹ: ਸ਼ ਨ਼ੀ ਧ ਨ਼ੀ, ਪ ਗੁ, ਮ ਰੇ ਸ<br>ਪਕੜ : ਸ ਰੇ ਗ ਮ, ਪ ਗੁ, ਮ ਰੇ ਸ, ਨ਼ੀ ਪ਼ ਨ਼ੀ ਸ | ਸ.ਸ.ਸ., ਭ-5 ਪੰਨਾ-350 |
| 228. | ਕਾਨੜਾ | ਕਾਫੀ | ਸ਼ਾੜਵ ਧ | ਗੁ ਦੋਵੇਂ ਨੀ | ਪ | ਸ | ਰਾਤ ਦਾ ਦੂਜਾ ਪਹਿਰ | ਆਰੋਹ : ਸ ਰੇ ਗੁ, ਮ ਪ, ਨੀ ਸਂ<br>ਅਵਰੋਹ : ਸਂ, ਨ਼ੀ ਪ, ਮ ਪ, ਗੁ ਮ ਰੇ ਸ<br>ਮੁੱਖ ਅੰਗ : ਸ ਰੇ ਗੁ, ਮ ਰੇ, ਸ, ਰੇ ਨ਼ੀ ਸ, ਰੇ ਪ ਗੁ, | ਗ.ਸ.ਪ.ਰ.ਰ ਪੰਨਾ-837 |

| | | | | | | | | | |
|---|---|---|---|---|---|---|---|---|---|
| | | | | | | | | ਮ ਰੇ ਸ | |
| 229. | ਕਾਨੜਾ | ਆਸਾਵਰੀ | ਵਕਰ-ਸੰਪੂਰਣ-ਸੰਪੂ ਰਣ | ਗੁ, ਧੁ, ਨੀ | ਰੇ | ਪ | ਰਾਤ ਦਾ ਤੀਜਾ 37ਪਹਿਰ | ਆਰੋਹ : ਸ ਰ ਗੁ ਮ, ਮ ਪ ਧੁ ਨੁੀ ਪ, ਮ ਪ ਧੁ ਨੁੀ ਰੇਂ ਸਂ<br>ਅਵਰੋਹ : ਸ ਧੁ ਨੁੀ ਪ, ਮ ਪ, ਗੁ ਮ ਰੇ ਸ<br>ਮੁੱਖ ਅੰਗ : ਸ ਰ ਗੁ ਮ ਰੇ ਸ ਧੁ ਨੁੀ ਨੀ ਰੇ ਸ | ਸ.ਗ.ਗ.ਸ ਰ.ਰ ਪੰਨਾ-297 |
| 230. | ਕਾਨੜਾ | ਕਾਫੀ ਦੂਜਾ ਸਰੂਪ | ਸ਼ਾੜਵ-ਸੰਪੂਰਣ ਆਰੋਹ ਵਿਚ ਧ | ਗੁ, ਦੋਵੇਂ ਨੀ | ਪ | ਸ | ਰਾਤ ਦਾ ਦੂਜਾ ਪਹਿਰ | ਆਰੋਹ : ਸ ਰੇ ਗੁ ਮ ਪ ਨੀ ਸਂ<br>ਅਵਰੋਹ : ਸਂ ਨੀ ਧ, ਨੁੀ ਪ, ਮ ਪ ਗੁ ਮ ਰੇ ਸ | ਗ.ਸ.ਪ.ਰ.ਰ ਪੰਨਾ-839 |
| 231. | ਅਨੰਦਪੁਰੀ ਕਾਨੜਾ | ਖਮਾਜ | ਔੜਵ-ਔੜਵ ਆਰੋਹ ਵਿਚ ਰੇ,ਗ ਅਵਰੋਹ ਵਿਚ ਰੇ,ਧ | ਨੁੀ | ਮ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਮ ਪ ਧ ਨੀ ਸਂ<br>ਅਵਰੋਹ: ਸਂ ਨੁੀ ਪ ਮ ਗ ਸ<br>ਪਕੜ : ਸ ਮ, ਗ ਮ, ਪ ਮ, ਗ ਮ ਗ ਸ | ਸ.ਸ.ਸ., ਭ-5, ਪੰਨਾ-534 |
| 232. | ਅੜਾਨਾ ਕਾਨੜਾ | ਆਸਾਵਰੀ | ਸ਼ਾੜਵ-ਸ਼ਾੜਵ ਆਰੋਹ ਵਿਚ ਗ ਅਵਰੋਹ ਵਿਚ ਧ | ਗੁ, ਧੁ, ਨੁੀ | ਸ | ਪ | ਰਾਤ ਦਾ ਤੀਸਰਾ ਪਹਿਰ | ਆਰੋਹ : ਸ ਰੇ ਮ ਪ, ਧੁ ਨੀ ਸਂ<br>ਅਵਰੋਹ: ਸਂ ਧੁ ਨੁੀ ਪ, ਮ ਪ, ਗੁ ਮ ਰੇ ਸ<br>ਪਕੜ : ਸਂ, ਧੁ ਨੀ ਸਂ, ਧੁ, ਨੁੀ ਪ ਮ ਪ, ਗੁ ਮ ਰੇ ਸ | ਸ.ਸ.ਸ., ਭ-5, ਪੰਨਾ-428 |
| 233. | ਆਭੋਗੀ ਕਾਨੜਾ | ਕਾਫੀ | ਔੜਵ-ਔੜਵ ਪ,ਨੀ | ਗੁ | ਸ | ਮ | ਰਾਤ ਦਾ ਦੂਸਰਾ ਪਹਿਰ | ਆਰੋਹ:ਸ ਰੇ, ਮ ਗੁ ਮ, ਸਂ ਧ ਸਂ<br>ਅਵਰੋਹ:ਸਂ, ਸਂ ਧ ਸਂ ਧ ਮ, ਮਗੁ ਮਗੁ ਮ, ਰੇ ਸ<br>ਪਕੜ : ਸ, ਸ ਧ਼, ਸ ਧ਼ ਸ, ਰੇ, ਮਗੁ ਮਗੁ ਮ ਰੇ ਸ | ਸ.ਸ.ਸ., ਭ-5, ਪੰਨਾ-487 |
| 234. | ਸ਼ਾਹਾਨਾ ਕਾਨੜਾ | ਕਾਫੀ | ਸ਼ਾੜਵ-ਸੰਪੂਰਣ ਆਰੋਹ ਵਿਚ ਧ | ਗੁ, ਨੁੀ | ਪ | ਸ | ਰਾਤ ਦਾ ਤੀਸਰਾ ਪਹਿਰ | ਆਰੋਹ : ਰੇ ਨੁ਼ੀ ਸ, ਮ ਗੁ ਮ ਪ, ਨੁੀ ਧ ਨੁੀ, ਮ ਪ ਨੁੀ ਪ, ਸਂ<br>ਅਵਰੋਹ: ਸਂ ਨੁੀ ਧ, ਨੁੀ ਪ, ਮ ਪ, ਮ ਗੁ ਮ, ਰੇ ਸ<br>ਪਕੜ : ਨੁੀ ਧ, ਨੁੀ ਪ, ਮ ਪ, ਮ ਗੁ, ਰੇ ਸ | ਸ.ਸ.ਸ., ਭ- 5 ਪੰਨਾ-499 |
| 235. | ਸਰਵਣ ਕਾਨੜਾ | ਆਸਾਵਰੀ | ਸ਼ਾੜਵ-ਸ਼ਾੜਵ ਮ | ਗੁ, ਧੁ, ਨੁੀ | ਗ | ਧ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਰੇ ਗੁ, ਪ, ਧੁ ਨੀ ਸਂ<br>ਅਵਰੋਹ: ਸਂ ਧੁ ਨੁੀ ਪ, ਧੁ ਗੁ ਪ, ਗੁ ਰੇ ਸ<br>ਪਕੜ : ਗੁ ਪ, ਧੁ ਗੁ, ਪ, ਨੁੀ ਧੁ, ਪ, ਨੁੀ ਪ, ਗੁ ਰੇ ਸ | ਸ.ਸ.ਸ., ਭ-5, ਪੰਨਾ-512 |
| 236. | ਸ਼ਿਆਮ ਕਾਨੜਾ | ਆਸਾਵਰੀ | ਸੰਪੂਰਣ-ਸ਼ਾੜਵ ਅਵਰੋਹ ਵਿਚ ਧ | ਧੁ, ਨੁੀ | ਰੇ | ਪ | ਅੱਧੀ ਰਾਤ | ਆਰੋਹ : ਨੁ਼ੀ ਸ ਰੇ ਗ ਰੇ ਸ, ਮ ਪ ਧੁ ਨੁੀ ਸਂ<br>ਅਵਰੋਹ: ਸਂ ਧੁ ਨੁੀ ਪ, ਮ ਗ ਰੇ ਸ, ਧੁ਼ ਨੁ਼ੀ ਸ<br>ਪਕੜ : ਗ ਰੇ ਸ, ਧ0 ਨ0ੀ ਸ ਰੇ ਸ | ਸ.ਸ.ਸ., ਭ-5, ਪੰਨਾ-442 |
| 237. | ਸੁਘਰਾਈ ਕਾਨੜਾ | ਕਾਫੀ | ਸ਼ਾੜਵ-ਸੰਪੂਰਣ ਆਰੋਹ ਵਿਚ ਧ | ਗੁ, ਨੁੀ | ਸ | ਪ | ਦਿਨ ਦਾ ਦੂਸਰਾ ਪਹਿਰ | ਆਰੋਹ : ਸ ਰੇ ਗੁ, ਮ ਪ, ਨੁੀ ਸਂ<br>ਅਵਰੋਹ: ਸਂ ਨੁੀ ਧ ਪ, ਮ ਗੁ ਰੇ ਸ<br>ਪਕੜ : ਸਂ ਨੁੀ ਧ, ਨੁੀ ਨੁੀ ਪ ਮ, ਰੇ ਸ, ਰੇ ਮ ਗੁ | ਸ.ਸ.ਸ., ਭ-5, ਪੰਨਾ-465 |

| | | | | | | | | | |
|---|---|---|---|---|---|---|---|---|---|
| 238. | ਸੂਹਾ ਕਾਨੜਾ | ਕਾਫੀ | ਔੜਵ-ਸਾੜਵ<br>ਆਰੋਹ ਵਿੱਚ ਰੇ, ਧ | ਗੁ, ਨੀ | ਮ | ਸ | ਦਿਨ ਦਾ ਦੂਸਰਾ ਪਹਿਰ | ਆਰੋਹ : ਨ਼ੀ ਸ, ਮ ਗੁ ਮ, ਪ ਨੀ, ਮ ਪ ਸਂ<br>ਅਵਰੋਹ: ਸਂ ਨੀ ਪ ਮ ਪ, ਮ ਗੁ ਮ, ਰੇ ਸ<br>ਪਕੜ : ਨ਼ੀ ਸ, ਮਗੁ ਮਗੁ ਮ ਪ, ਮਗੁ ਮ ਰੇ ਸ | ਸ.ਸ.ਸ., ਭ-5, ਪੰਨਾ-461 |
| 239. | ਕਾਨੜਾ ਬਹਾਰ | ਕਾਫੀ | ਸ਼ਾੜਵ-ਸੰਪੂਰਣ<br>ਆਰੋਹ ਵਿੱਚ ਰੇ | ਗੁ, ਧੁ, ਨੀ | ਮ | ਸ | ਰਾਤ ਦਾ ਦੂਜਾ ਪਹਿਰ | ਆਰੋਹ : ਸ, ਮ, ਮ ਪ, ਗੁ ਮ, ਨੀ ਧੁ ਨੀ ਸਂ<br>ਅਵਰੋਹ: ਸਂ, ਰੇਂ ਨੀ ਸਂ, ਧ ਨੀ, ਪ ਮ ਪ, ਮ ਗੁ ਮ ਰੇ ਸ<br>ਪਕੜ : ਨੀ ਸਂ, ਰੇਂ ਨੀ ਸਂ, ਨੀ ਧ, ਨੀ ਧੁ, ਨੀ ਪ, ਮ ਪ, ਮ ਗੁ ਮ | ਸ.ਸ.ਸ., ਭ-5, ਪੰਨਾ-233 |
| 240. | ਕਾਨੜਾ ਮਲ੍ਹਾਰ | ਕਾਫੀ | ਸ਼ਾੜਵ-ਸੰਪੂਰਣ<br>ਆਰੋਹ ਵਿਚ ਗ | ਗੁ, ਧੁ, ਨੀ | ਰੇ | ਪ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਰੇ ਮ ਪ, ਨੀ ਧੁ ਨੀ ਸਂ<br>ਅਵਰੋਹ: ਸਂ, ਧ ਨੀ ਪ, ਮ ਗੁ, ਮ ਰੇ ਸ<br>ਪਕੜ : ਸ ਰੇ ਗੁ, ਮ ਗੁ ਮ, ਰੇ ਸ, ਨ਼ੀ ਧ਼ ਨ਼ੀ ਸ | ਸ.ਸ.ਸ., ਭ-5, ਪੰਨਾ-473 |
| 241. | ਕਾਫੀ ਕਾਨੜਾ | ਕਾਫੀ | ਵਕਰ-ਸੰਪੂਰਣ | ਗੁ, ਨੀ | ਪ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਨ਼ੀ ਸ, ਰੇ ਮ ਗੁ, ਮ ਪ ਧ ਨੀ ਸਂ<br>ਅਵਰੋਹ: ਸਂ ਰੇਂ, ਨੀ ਧ ਪ, ਮ ਪ, ਮ ਗੁ ਮ ਰੇ ਸ<br>ਪਕੜ : ਸ, ਨ਼ੀ ਸ, ਰੇ ਸ ਰੇ, ਮ ਗੁ, ਮ ਪ, ਨੀ ਧ ਪ, ਮ ਗੁ ਮ, ਰੇ ਸ | ਸ.ਸ.ਸ., ਭ-5, ਪੰਨਾਂ-445 |
| 242. | ਕੌਸੀ ਕਾਨੜਾ (ਬਾਗੇਸ਼੍ਰੀ ਅੰਗ) | ਕਾਫੀ | ਸੰਪੂਰਣ-ਸੰਪੂਰਣ | ਗੁ, ਨੀ | ਮ | ਸ | ਮੱਧ ਰਾਤਰੀ | ਆਰੋਹ : ਸ ਰੇ ਗੁ ਮ, ਪ ਧ ਨੀ ਸਂ<br>ਅਵਰੋਹ: ਸਂ ਨੀ ਧ ਪ, ਮ ਗੁ ਰੇ ਸ<br>ਪਕੜ : ਸ, ਨ਼ੀ ਰੇ ਸ, ਮ ਗੁ ਮ ਗੁ, ਮ ਪ, ਧ ਮ, ਨੀ ਪ, ਮ ਗੁ ਮ ਗੁ ਮ ਰੇ, ਸ | ਸ.ਸ.ਸ., ਭ-5, ਪੰਨਾ-449 |
| 243. | ਕੌਂਸੀ ਕਾਨੜਾ (ਮਾਲਕੌਂਸ ਅੰਗ) | ਆਸਾਵਰੀ | ਸਾੜਵ-ਸੰਪੂਰਣ<br>ਆਰੋਹ ਵਿੱਚ ਪ | ਗੁ, ਧੁ, ਨੀ | ਮ | ਸ | ਮੱਧ ਰਾਤ ਦਾ | ਆਰੋਹ : **ਨ਼ੀਸ, ਗੁਮ, ਪਮ, ਧੁਨੀ ਸਂ**<br>ਅਵਰੋਹ: ਸਂ ਨੀ ਧੁ ਮ ਪਮ, ਗੁ ਰੇ ਸ<br>ਪਕੜ : ਨ਼ੀ ਸ ਮ, ਗੁ ਮ, ਪ ਗੁ, ਮ ਗੁ ਰੇ ਸ, ਮ, ਧੁ, ਨੀ ਸਂ, ਨੀ ਧੁ, ਮ ਧੁ ਨੀ ਧੁ ਮ, ਪ ਗੁ, ਮ ਗੁ, ਮ ਰੇ ਸ | ਸ.ਸ.ਸ., ਭ-5 ਪੰਨਾ-434 |
| 244. | ਗਾਰਾ ਕਾਨੜਾ | ਕਾਫੀ | ਔੜਵ-ਸੰਪੂਰਣ<br>ਆਰੋਹ ਵਿਚ ਰੇ ਧ | ਗੁ, ਨੀ | ਸ | ਪ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਗ, ਮ ਪ ਨੀ ਸਂ<br>ਅਵਰੋਹ: ਸਂ ਧ ਨੀ ਪ ਮ ਗ ਮ ਰੇ, ਸ, ਗੁ ਰੇ ਸ ਨ਼ੀ, ਧ਼ ਨ਼ੀ ਸ<br>ਪਕੜ : ਧ ਪ ਮ ਗ ਰੇ, ਮ ਗੁ ਮ, ਸ ਰੇ ਨ਼ੀ ਸ, ਨ਼ੀ ਧ਼ | ਸ.ਸ.ਸ., ਭ-5 ਪੰਨਾ-502 |

| | | | | | | | | | |
|---|---|---|---|---|---|---|---|---|
| 245. | ਗੁੰਜੀ ਕਾਨੜਾ | ਆਸਾਵਰੀ | ਸ਼ਾੜਵ ਵਕਰ ਸੰਪੂਰਣ | ਗੁ, ਧੁ, ਨੁੀ | ਮ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਰੇ ਗ ਮ ਧ, ਨੁੀ ਧ ਸਂ<br>ਅਵਰੋਹ: ਸਂ ਧੁ ਨੀ ਸਂ, ਨੁੀ ਧ ਨੁੀ ਪ, ਮ ਪ ਗੁ ਮ ਰੇ ਸ<br>ਪਕੜ : ਰੇ ਨ਼ੁੀ ਸ ਰੇ ਗ ਗ ਮ, ਧੁ ਨੀ ਸਂ | ਸ.ਸ.ਸ., ਭ–5 ਪੰਨਾ–438 |
| 246. | ਜਯੰਤ ਕਾਨੜਾ | ਕਾਫੀ | ਵਕਰ–ਸੰਪੂਰਣ | ਗੁ, ਨੁੀ | ਰੇ | ਪ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਰੇ, ਗ ਮ ਪ, ਮ ਧ ਨੀ ਸਂ<br>ਅਵਰੋਹ: ਸਂ ਨੁੀ ਧ ਪ, ਮ ਪ, ਗੁ ਮ ਰੇ ਸ<br>ਪਕੜ : ਗ ਮ ਪ, ਮ ਪ, ਗ ਮ ਰੇ ਸ, ਧ਼ ਨ਼ੁੀ ਰੇ ਸ | ਸ.ਸ.ਸ., ਭ–5 ਪੰਨਾ–508 |
| 247. | ਦਰਬਾਰੀ ਕਾਨੜਾ | ਆਸਾਵਰੀ | ਸੰਪੂਰਣ–ਸਾੜਵ ਅਵਰੋਹ ਵਿੱਚ ਧ | ਗੁ, ਧੁ, ਨੁੀ | ਰੇ | ਪ | ਮਧ–ਰਾਤਰੀ | ਆਰੋਹ : ਨ਼ੁੀ ਸ, ਰੇ ਗੁ, ਰੇ ਸ, ਮ ਪ, ਧੁ, ਨੁੀ ਸਂ<br>ਅਵਰੋਹ: ਸਂ, ਧੁ ਨੁੀ ਪ, ਮ ਪ, ਗੁ, ਮ ਰੇ, ਸ<br>ਪਕੜ : ਗੁ ਰੇ ਰੇ ਸ, ਧ਼ੁ, ਨ਼ੁੀ ਸ, ਰੇ ਸ | ਸ.ਸ.ਸ., ਭ–5, ਪੰਨਾ–415 |
| 248. | ਦੇਵਸਾਖ ਕਾਨੜਾ | ਕਾਫੀ | ਔੜਵ–ਸੰਪੂਰਣ ਆਰੋਹ ਵਿਚ ਗ, ਧ | ਗੁ, ਨੁੀ | ਪ | ਸ | ਦੁਪਹਿਰ ਦਾ | ਆਰੋਹ : ਸ, ਮਰੇ, ਪਮ ਨੀ ਸਂ<br>ਅਵਰੋਹ: ਸਂ ਨੁੀ ਧ ਪ, ਮ, ਗੁ ਰੇ ਸ<br>ਪਕੜ : ਮ ਨੁੀ, ਪ ਸਂ, ਨੁੀ ਪ ਮ, ਪ, ਮ ਗੁ | ਸ.ਸ.ਸ., ਭ–5 ਪੰਨਾ–482 |
| 249. | ਨਾਇਕੀ ਕਾਨੜਾ | ਕਾਫੀ | ਸਾੜਵ–ਸਾੜਵ ਧ | ਗੁ, ਨੁੀ | ਪ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਰੇ ਗੁ ਮ, ਪ ਨੁੀ ਸਂ<br>ਅਵਰੋਹ: ਸਂ ਨੁੀ ਪ ਮ, ਗੁ ਮ ਰੇ ਸ<br>ਪਕੜ : ਮ ਗੁ ਮ, ਨੁੀ ਪ, ਨੁੀ ਮ ਪ, ਮ ਗੁ ਮ ਰੇ ਸ | ਸ.ਸ.ਸ., ਭ–5 ਪੰਨਾ–457 |
| 250. | ਬਾਗੇਸ੍ਰੀ ਕਾਨੜਾ | ਕਾਫੀ | ਵਕਰ–ਸੰਪੂਰਣ | ਗੁ, ਨੁੀ | ਮ | ਸ | ਰਾਤ ਦਾ ਤੀਸਰਾ ਪਹਿਰ | ਆਰੋਹ : ਸ ਰੇ ਮ ਗੁ, ਮ ਪ ਮਗੁ, ਮ ਧ ਨੁੀ ਸਂ<br>ਅਵਰੋਹ: ਸਂ ਨੁੀ ਧ ਪ, ਮ ਗੁ, ਮ ਰੇ ਸ<br>ਪਕੜ : ਪ ਮ, ਪ ਧ, ਮਗੁ, ਮ ਰੇ ਸ, ਰੇ ਮਗੁ | ਸ.ਸ.ਸ., ਭ–5 ਪੰਨਾ–479 |
| 251. | ਮਾਲਗੁੰਜੀ ਕਾਨੜਾ | ਕਾਫੀ | ਸਾੜਵ–ਸੰਪੂਰਣ ਆਰੋਹ ਪ | ਗੁ, ਨੁੀ | ਮ | ਸ | ਰਾਤ ਦਾ ਤੀਸਰਾ ਪਹਿਰ | **ਆਰੋਹ : ਧ. ਨ਼ੁੀ ਸ ਰੇ ਗ, ਮ, ਮ ਧ ਨੀ ਸਂ**<br>**ਅਵਰੋਹ: ਸਂ ਨੀ ਧ, ਪ, ਮ ਗ ਮ, ਮ ਗੁ ਰੇ ਸ**<br>**ਪਕੜ : ਧ. ਨੁੀ ਸ ਗ ਮ ਗੁ ਰੇ ਸ ਨ.ੀ ਸ, ਧ. ਨ਼ੁੀ ਸ ਗ ਮ** | ਸ.ਸ.ਸ., ਭ–5 ਪੰਨਾ–517 |
| 252. | ਮੁੰਦਰਿਕਾ ਕਾਨੜਾ | ਕਾਫੀ | ਵਕਰ ਸਾੜਵ–ਵਕਰ ਸੰਪੂਰਣ ਆਰੋਹ ਵਿੱਚ ਰੇ | ਗੁ, ਨੁੀ | ਸ | ਪ | ਰਾਤ ਦਾ ਦੂਸਰਾ ਪਹਿਰ | ਆਰੋਹ : ਸ, ਮਰੇ ਮਰੇ ਸ, ਸਮ ਪ, ਧ ਨੁੀ ਸਂ<br>ਅਵਰੋਹ: ਸਂ ਨੁੀ ਧ ਪ, ਮ ਪ ਧ, ਮ ਗੁ ਮ ਰੇ ਸ<br>ਪਕੜ : ਮਰੇ ਸ, ਨ਼ੁੀ ਸ ਮ, ਪ ਮ ਪ ਧ, ਮਗੁ ਮਰੇ ਸ | ਸ.ਸ.ਸ., ਭ–5, ਪੰਨਾ–468 |
| 253. | ਰਵੇਤੀ ਕਾਨੜਾ | ਕਾਫੀ | ਔੜਵ–ਸੰਪੂਰਣ ਆਰੋਹ ਵਿਚ ਗ, ਨੀ | ਗੁ, ਨੁੀ | ਪ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ, ਰੇ ਮ ਪ ਧ ਮ ਪ ਸਂ<br>ਅਵਰੋਹ: ਸਂ, ਧ ਨੁੀ ਪ, ਮ ਪ, ਮਗੁ, ਮਗੁ, ਮ ਰੇ ਸ<br>ਪਕੜ : ਰੇ ਮ ਪ, ਧ ਮ ਪ, ਸਂ ਧ ਨੁੀ ਪ, ਮ ਪ ਗੁ, ਮ ਰੇ ਸ | ਸ.ਸ.ਸ., ਭ–5 ਪੰਨਾ–453 |
| 254. | ਰਾਇਸਾ | ਕਾਫੀ | ਸੰਪੂਰਣ–ਸੰਪੂਰਣ | ਗੁ, ਨੁੀ | ਪ | ਸ | ਰਾਤ ਦਾ ਦੂਸਰਾ | ਆਰੋਹ : ਸ ਰੇ, ਮਗੁ ਮਗੁ, ਮਪ, ਮ ਪ ਧ ਨੁੀ ਸਂ | ਸ.ਸ.ਸ., |

| | | | | | | | | | |
|---|---|---|---|---|---|---|---|---|---|
| | ਕਾਨੜਾ | | | | | | ਪਹਿਰ | ਅਵਰੋਹ: ਸਂ ਨੁੀ ਪ ਨੀ ਪ, ਨੁੀ ਮ, ਪ, ਮਗੁ, ਮਰੇ ਸ<br>ਪਕੜ : ਮਗੁ, ਮਗੁ, ਮ ਨੁੀ ਪ, ਮ ਪ ਧ, ਨੁੀ ਸਂ, ਨੁੀ ਪ, ਗ ਮ ਰੇ ਸ | ਭ–5<br>ਪੰਨਾ–496 |
| 255. | ਰਾਗੇਸ਼੍ਰੀ ਕਾਨੜਾ | ਖਮਾਜ | ਔੜਵ–ਸਾੜਵ ਪ, ਆਰੋਹ ਵਿਚ ਰੇ | ਨੁੀ | ਗ | ਧ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਗ, ਮ ਧ ਨੀ ਸਂ<br>ਅਵਰੋਹ: ਸਂ ਨੁੀ ਧ ਨੁੀ ਧ ਮ, ਗ ਰੇ ਸ<br>ਪਕੜ : ਰੇ ਸ, ਨੁ਼ੀ ਧ ਨੁ਼ੀ, ਸ ਗ ਮ | ਸ.ਸ.ਸ.,<br>ਭ–5<br>ਪੰਨਾ–530 |
| 256. | ਰੇਵਤੀ ਕਾਨੜਾ | ਕਾਫੀ | ਔੜਵ–ਸੰਪੂਰਣ ਆਰੋਹ ਵਿਚ ਗ, ਨੀ | ਗੁ, ਨੁੀ | ਪ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ, ਰੇ ਮ ਪ ਧ ਮ ਪ ਸਂ<br>ਅਵਰੋਹ: ਸਂ, ਧ ਨੁੀ ਪ, ਮ ਪ, ਮਗੁ, ਮਗੁ, ਮ ਰੇ ਸ<br>ਪਕੜ : ਰੇ ਮ ਪ, ਧ ਮ ਪ, ਸਂ ਧ ਨੁੀ ਪ, ਮ ਪ ਗੁ ਮ ਰੇ ਸ | ਸ.ਸ.ਸ.,<br>ਭ–5,<br>ਪੰਨਾ–453 |
| 257. | ਕਲਿਆਣ | ਕਲਿਆਣ | ਸੰਪੂਰਣ | ਮਂ | ਗ | ਨੀ | ਰਾਤ ਦਾ ਪਹਿਲਾ ਪਹਿਰ | ਆਰੋਹ : ਨ਼ੀ ਰੇ ਗ, ਮਂ ਪ, ਮਂ ਧ, ਨੀ, ਸਂ<br>ਅਵਰੋਹ : ਸਂ ਨੀ ਧ ਪ, ਮਂ ਗ, ਰੇ ਨ਼ੀ ਰੇ ਸ<br>ਮੁੱਖ ਅੰਗ : ਨ਼ੀ ਰੇ ਗ, ਗ ਰੇ ਗ ਮਂ ਪ ਰੇ, ਨ਼ੀ ਰੇ ਸ | ਸ.ਗ.ਗ.ਸ<br>ਰ.ਰ<br>ਪੰਨਾ–320 |
| 258. | ਕਲਿਆਣ ਭੋਪਾਲੀ | | ਸੰਪੂਰਣ–ਔੜਵ ਅਵਰੋਹ ਵਿਚ ਮ, ਧ | ਦੋਵੇਂ ਮ | ਗ | ਨੀ | ਰਾਤ ਦਾ ਪਹਿਲਾ ਪਹਿਰ | ਆਰੋਹ : ਸ, ਨ਼ੀ ਰੇ ਗ, ਮਂ ਪ, ਮ ਧ ਨੀ ਸਂ<br>ਅਵਰੋਹ: ਸਂ, ਧ ਪ, ਗ ਰੇ, ਸ<br>ਮੁੱਖ ਅੰਗ : ਨ਼ੀ ਰੇ ਗ, ਗ ਮਂ ਧ ਪ, ਧ ਪ ਗ ਰੇ, ਸ | ਸ.ਗ.ਗ.ਸ<br>ਰ.ਰ<br>ਪੰਨਾ–327 |
| 259. | ਅਨੰਦ ਕਲਿਆਣ | ਕਲਿਆਣ | ਸ਼ਾੜਵ–ਸੰਪੂਰਣ ਆਰੋਹ ਵਿਚ 'ਰੇ' | ਮਂ | ਪ | ਸ | ਰਾਤ ਦਾ ਪਹਿਲਾ ਪਹਿਰ | ਆਰੋਹ : ਸ, ਗ, ਮ ਪ, ਧ ਨੀ ਸਂ<br>ਅਵਰੋਹ: ਸਂ ਨੀਧ ਨੀ ਪ, ਮਂ ਪ, ਮ ਰੇ ਸ<br>ਪਕੜ : ਸ ਨ਼ੀ ਧ਼ ਨ਼ੀ ਸ, ਗ ਮ ਧ ਪ, ਨੀ ਪ, ਸਂ ਨੀ ਧ ਨੀ, ਪ, ਮਂ ਪ, ਮ ਰੇ ਸ ਗ ਮ | ਸ.ਸ.ਸ.,<br>ਭ–5,<br>ਪੰਨਾ–565 |
| 260. | ਇਮਨ ਕਲਿਆਣ | ਕਲਿਆਣ | ਸੰਪੂਰਣ–ਸੰਪੂਰਣ | ਮਂ | ਗ | ਨੀ | ਰਾਤ ਦਾ ਪਹਿਲਾ ਪਹਿਰ | ਆਰੋਹ : ਸ ਰੇ ਗ, ਮਂ ਪ, ਧ ਨੀ ਸਂ<br>ਅਵਰੋਹ: ਸਂ ਨੀ ਧ, ਪ ਮਂ ਗ, ਰੇ ਗ ਮ ਗ, ਰੇ ਸ<br>ਪਕੜ : ਨ਼ੀ ਰੇ ਗ, ਮਂ ਪ, ਰੇ ਗ, ਮ ਗ, ਨ਼ੀ ਰੇ ਸ | ਸ.ਸ.ਸ.,<br>ਭ–5,<br>ਪੰਨਾ–548 |
| 261. | ਏਮਨ ਕਲਿਆਣ | ਕਲਿਆਣ | ਸਪੂੰਰਨ –ਸਪੂੰਰਨ | ਮਂ | ਗ | ਨੀ | ਰਾਤ ਦਾ ਪਹਿਲਾ ਪਹਿਰ | ਆਰੋਹ : ਸ ਰ ਗ ਮਂ ਪ ਧ ਨੀ ਸਂ<br>ਅਵਰੋਹ: ਸਂ ਨੀ ਧ ਪ ਮਂ ਗ ਰ ਸ | ਗਾਵਹੁ ਸਚੀ ਬਾਣੀ<br>ਪੰਨਾ 291 |
| 262. | ਸਾਮੰਤ ਕਲਿਆਣ | ਕਲਿਆਣ | ਸੰਪੂਰਣ–ਸੰਪੂਰਣ | ਮਂ | ਪ | ਸ | ਰਾਤ ਦਾ ਪਹਿਲਾ ਪਹਿਰ | ਆਰੋਹ : ਸ ਨ਼ੀ ਰੇ ਸ, ਗ ਮਂ ਪ, ਧ ਪ ਸਂ<br>ਅਵਰੋਹ: ਸਂ ਨੀ ਧ, ਪ, ਮਂ ਧ, ਗ ਰੇ, ਪ ਗ, ਪ ਰੇ ਸ | ਸ.ਸ.ਸ.,<br>ਭ–5,<br>ਪੰਨਾ–568 |

| | | | | | | | | | |
|---|---|---|---|---|---|---|---|---|---|
| | | | | | | | | ਗ, ਗ, ਪ ਰੇ ਸਾ<br>ਪਕੜ : ਗ, ਗ, ਪ ਰੇ ਸ, ਧ਼ ਪ਼ ਧ਼ ਸ, ਨ਼ੀ ਰੇ, ਗ ਮ ਗ, ਪ ਗ, ਮੋਂ ਪ ਧ, ਪ ਗ, ਪ ਰੇ ਸ | |
| 263. | ਸਾਵਨੀ ਕਲਿਆਣ | ਕਲਿਆਣ | ਔੜਵ-ਸੰਪੂਰਣ ਆਰੋਹ ਵਿਚ ਰੇ,ਧ | ਸਾਰੇ ਸ਼ੁੱਧ | ਸ | ਪ | ਰਾਤ ਦਾ ਪਹਿਲਾ ਪਹਿਰ | ਆਰੋਹ : ਸ ਗ ਮ ਪ ਨੀ ਸਂ<br>ਅਵਰੋਹ: ਸਂ ਨੀ ਧ ਪ ਮ ਗ ਰੇ ਸ<br>ਪਕੜ : ਗ, ਰੇ ਸ, ਸ, ਗ, ਗ, ਮ, ਪ, ਮਗ, ਗ ਰੇ ਸ, ਨ਼ੀ ਧ਼ ਪ਼, ਸ ਰੇ ਗ ਰੇ ਸ | ਸ.ਸ.ਸ., ਭ-6, ਪੰਨਾ-247 |
| 264. | ਸ਼ਿਆਮ ਕਲਿਆਣ | ਕਲਿਆਣ | ਔੜਵ-ਸੰਪੂਰਣ ਆਰੋਹ ਵਿਚ ਗ,ਧ | ਮੋਂ | ਪ | ਸ | ਰਾਤ ਦਾ ਪਹਿਲਾ ਪਹਿਰ | ਆਰੋਹ : ਸ ਰੇ ਮੋਂ ਪ ਨੀ ਧ ਨੀ ਸਂ<br>ਅਵਰੋਹ: ਸਂ ਨੀ ਧ ਮੋਂ ਪ, ਮ ਰੇ, ਪ ਗ, ਮ ਰੇ, ਗ ਨ਼ੀ ਸ<br>ਪਕੜ : ਗ ਮ ਰੇ, ਗ ਨੀ ਸ, ਰੇ ਮੋਂ ਪ | ਸ.ਸ.ਸ., ਭ-5, ਪੰਨਾ-585 |
| 265. | ਸ਼ਿਵ ਕਲਿਆਣ | ਕਲਿਆਣ | ਸ਼ਾੜਵ-ਸ਼ਾੜਵ ਮ | ਨੀ̱ | ਗ | ਧ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਰੇ ਗ, ਪ ਗ, ਪ ਧ ਨੀ̱ ਧ ਸਂ<br>ਅਵਰੋਹ: ਸਂ ਨੀ̱ ਧ ਪ, ਪ ਗ, ਪ ਰੇ ਸ<br>ਪਕੜ : ਗ, ਪ ਗ, ਗ ਪ ਧ ਨੀ̱ ਧ ਪ, ਗ ਪ ਰੇ ਸ | ਸ.ਸ.ਸ., ਭ-5, ਪੰਨਾ-559 |
| 266. | ਸ਼ੁੱਧ ਕਲਿਆਣ | ਕਲਿਆਣ | ਔੜਵ-ਸੰਪੂਰਣ ਆਰੋਹ ਵਿਚ ਮ,ਨੀ | ਮੋਂ | ਗ | ਧ | ਰਾਤ ਦਾ ਪਹਿਲਾ ਪਹਿਰ | ਆਰੋਹ : ਸ, ਗ ਰੇ, ਗ ਪ, ਸਂ ਧ ਸਂ<br>ਅਵਰੋਹ: ਸਂ, ਨੀ ਧ ਪ, ਮੋਂ ਗ ਰੇ, ਪ ਗ, ਮੋਂ ਰੇ ਸ<br>ਪਕੜ : ਗ, ਰੇ ਸ, ਨ਼ੀ ਧ਼ ਪ਼, ਸ, ਗ ਰੇ, ਪ ਗ ਪ ਰੇ, ਸ | ਸ.ਸ.ਸ., ਭ-5 , ਪੰਨਾ-553 |
| 267. | ਸ਼ੁਭ ਕਲਿਆਣ | ਕਲਿਆਣ | ਸਾੜਵ-ਸਾੜਵ ਮ | ਨੀ̱ | ਸ | ਪ | ਰਾਤ ਦਾ ਪਹਿਲਾਂ ਪਹਿਰ | ਆਰੋਹ : ਸ ਰੇ ਗ ਪ ਧ ਨੀ̱ ਸਂ<br>ਅਵਰੋਹ: ਸਂ ਨੀ̱ ਧ ਪ ਗ ਰੇ ਸ, ਨ਼ੀ̱ ਧ਼ ਨ਼ੀ̱ ਸ<br>ਪਕੜ : ਨੀ̱ ਧ ਪ ਧ, ਗ, ਪ ਰੇ, ਗ ਰੇ, ਨ਼ੀ̱ ਧ਼ ਨ਼ੀ̱ ਸ | ਸ.ਸ.ਸ., ਭ-5, ਪੰਨਾ-595 |
| 268. | ਹੰਸ ਕਲਿਆਣ | ਕਲਿਆਣ | ਸੰਪੂਰਣ-ਸੰਪੂਰਣ | ਮੋਂ | ਗ | ਨੀ | ਰਾਤ ਦਾ ਪਹਿਲਾ ਪਹਿਰ | ਆਰੋਹ : ਨ਼ੀ ਰੇ ਗ, ਪ, ਗ ਮੋਂ, ਧ ਮੋਂ ਪ, ਸਂ<br>ਅਵਰੋਹ: ਸਂ ਨੀ ਧ ਪ, ਮੋਂ ਗ ਪ ਧ, ਮੋਂ ਪ ਗ, ਨ਼ੀ ਰੇ ਸ<br>ਪਕੜ : ਪ਼ ਨ਼ੀ ਨ਼ੀ ਰੇ, ਸ, ਪ ਧ ਪ ਮੋਂ, ਗ ਪ ਗ ਨੀ, ਪ ਧ ਪ, ਮੋਂ ਗ, ਰੇ ਸ, ਨ਼ੀ ਰੇ ਸ | ਸ.ਸ.ਸ., ਭ-6, ਪੰਨਾ-263 |
| 269. | ਹਮੀਰ | ਕਲਿਆਣ | ਔੜਵ-ਸੰਪੂਰਣ | ਮੋਂ | ਧ | ਗ | ਰਾਤ ਦਾ ਪਹਿਲਾ | ਆਰੋਹ : ਸ ਗ ਮੋਂ ਪ, ਗ, ਮ ਧ ਨੀ ਸਂ | ਸ.ਸ.ਸ., |

| | | | | | | | | |
|---|---|---|---|---|---|---|---|---|
| | ਕਲਿਆਣ | | ਆਰੋਹ ਵਿਚ ਰੇ,ਪ | | | | ਪਹਿਰ | ਅਵਰੋਹ: ਸਂ ਨੀ ਧ ਪ, ਮਂ ਪ, ਗ ਮ ਧ ਪ, ਗ ਮ ਰੇ ਸ ਪਕੜ : ਮਂ ਪ ਧ, ਮਂ ਪ, ਗ ਮ, ਨੀ ਧ, ਨੀ ਮਂ ਪ | ਭ–5, ਪੰਨਾ–574 |
| 270. | ਹੇਮ ਕਲਿਆਣ | ਬਿਲਾਵਲ | ਔੜਵ–ਸਾੜਵ ਆਰੋਹ ਵਿੱਚ ਰੇ, ਨੀ ਅਵਰੋਹ ਵਿੱਚ ਨੀ | ਸਾਰੇ ਸ਼ੁੱਧ | ਪ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਮ, ਗ ਪ, ਧ ਪ, ਸਂ<br>ਅਵਰੋਹ: ਸਂ ਧ ਪ, ਗ ਮ ਧ ਪ, ਗ ਮ ਪ ਗ, ਮ ਰੇ ਸ, ਪ਼ ਪ਼ ਪ਼, ਸ<br>ਪਕੜ : ਪ਼, ਧ਼ ਪ਼, ਸ ਰੇ ਸ, ਸ ਮ ਗ ਪ, ਧ ਪ, ਗ ਮ ਰੇ ਸ | ਸ.ਸ.ਸ., ਭ–5, ਪੰਨਾ–602 |
| 271. | ਕਲਿਆਣ ਕੇਸਰੀ | ਕਲਿਆਣ | ਔੜਵ–ਸ਼ਾੜਵ ਆਰੋਹ ਵਿਚ ਮ–ਨੀ ਅਵਰੋਹ ਵਿਚ ਨੀ | ਮਂ | ਗ | ਧ | ਰਾਤ ਦਾ ਪਹਿਲਾ ਪਹਿਰ | ਆਰੋਹ : ਸ ਰੇ ਗ ਪ ਧ ਸਂ<br>ਅਵਰੋਹ: ਸਂ ਧ ਮਂ, ਪ ਮਂ, ਗ ਰੇ ਸ<br>ਪਕੜ : ਰੇ ਗ ਪ, ਧ ਸਂ ਧ ਮਂ, ਪ ਮਂ, ਗ ਰੇ ਸ | ਸ.ਸ.ਸ., ਭ–7 ਪੰਨਾ–220 |
| 272. | ਖਵਾਜਾ ਕਲਿਆਣ | ਕਲਿਆਣ | ਔੜਵ–ਵਕਰ ਸੰਪੂਰਣ ਆਰੋਹ ਵਿਚ ਮ–ਨੀ | ਨੁੀ | ਪ | ਸ | ਰਾਤ ਦਾ ਪਹਿਲਾ ਪਹਿਰ | ਆਰੋਹ : ਸ ਰੇ ਗ ਪ ਧ ਸਂ<br>ਅਵਰੋਹ: ਸਂ ਧ ਨੁੀ ਧ ਪ, ਗ ਪ ਧ ਪ, ਗ ਮ ਰੇ ਰੇ ਸ<br>ਪਕੜ : ਗ ਪ ਧ ਪ, ਸਂ ਧ, ਨੁੀ ਧ ਪ, ਗ ਮ ਰੇ ਰੇ ਸ | ਸ.ਸ.ਸ., ਭ–6 ਪੰਨਾ–257 |
| 273. | ਗੋਰਖ ਕਲਿਆਣ | ਖਮਾਜ | ਸਾੜਵ–ਸਾੜਵ ਗ | ਨੁੀ | ਮ | ਸ | ਰਾਤ ਦਾ ਦੂਸਰਾ ਪਹਿਰ | ਆਰੋਹ : ਸ ਰੇ ਮ ਪ, ਧ ਨੁੀ ਧ ਸਂ<br>ਅਵਰੋਹ: ਸਂ ਨੁੀ ਧ ਪ, ਮ ਰੇ ਸ<br>ਪਕੜ : ਪ ਧ, ਨੁੀ ਧ ਮ, ਰੇ ਮ ਰੇ ਸ, ਨੁ਼ੀ, ਧ਼ ਸ | ਸ.ਸ.ਸ., ਭ–6 ਪੰਨਾ–238 |
| 274. | ਗੌਰ ਕਲਿਆਣ | ਕਲਿਆਣ | ਵਕਰ–ਸੰਪੂਰਣ | ਮਂ | ਗ | ਨੀ | ਰਾਤ ਦਾ ਪਹਿਲਾ ਪਹਿਰ | ਆਰੋਹ : ਸ, ਰੇ ਸ, ਗ ਮ। ਪ, ਨੀ ਧ ਸਂ<br>ਅਵਰੋਹ: ਸਂ, ਨੀ ਧ ਪ, ਧ ਗ, ਪ ਗ, ਮ ਰੇ ਸ<br>ਪਕੜ : ਸ, ਧ਼ ਧ਼, ਸ, ਧ਼ ਪ਼ ਸ, ਮ ਗ, ਪ ਗ, ਮ ਰੇ ਸ | ਸ.ਸ.ਸ., ਭ–5 ਪੰਨਾ–581 |
| 275. | ਚੰਦਰ ਕਲਿਆਣ | ਪੂਰਵੀ | ਸ਼ਾੜਵ–ਸ਼ਾੜਵ ਆਰੋਹ ਵਿਚ ਗ ਅਵਰੋਹ ਵਿਚ ਧ | ਧੁ, ਮਂ | ਪ | ਸ | ਸੰਧਿਆ ਕਾਲ | ਆਰੋਹ : ਸ ਰੇ ਮ।, ਪ, ਧੁ ਸਂ, ਧੁ ਨੀ ਸਂ<br>ਅਵਰੋਹ: ਸਂ ਨੀ ਰੇਂ, ਨੀ, ਪ ਧੁ, ਨੀ ਪ, ਮ। ਗ, ਮ। ਰੇ ਨ਼ੀ ਸ<br>ਪਕੜ : ਰੇ ਮ। ਪ, ਧੁ, ਨੀ ਸਂ, ਨੀ ਰੇਂ ਨੀ ਪ, ਮਂ ਗ, ਮਂ ਰੇ ਨ਼ੀ ਸ | ਸ.ਸ.ਸ., ਭ–7 ਪੰਨਾ–220 |
| 276. | ਜਲਧਰ ਕਲਿਆਣ | ਕਲਿਆਣ | ਔੜਵ–ਸੰਪੂਰਣ ਆਰੋਹ ਵਿਚ ਮ, ਨੀ | ਮਂ, ਨੁੀ | ਪ | ਰੇ | ਰਾਤ ਦਾ ਪਹਿਲਾ ਪਹਿਰ | ਆਰੋਹ : ਨੁ਼ੀ ਧ਼ ਸ, ਰੇ ਗ ਪ, ਮ ਰੇ, ਮਂ ਧ ਪ, ਨੁੀ ਧ ਸਂ | ਸ.ਸ.ਸ., ਭ–6 ਪੰਨਾ–255 |

| | | | | | | | | | |
|---|---|---|---|---|---|---|---|---|---|
| | | | | | | | | ਅਵਰੋਹ: ਸੰ ਨੀ ਧ ਪ, ਮੰ ਧ ਪ, ਮ, ਰੇ, ਪ ਮੰ ਗ ਰੇ ਸ, ਨ਼ੀ ਧ਼ ਸ<br>ਪਕੜ : ਨ਼ੀ ਧ਼ ਨ਼ੀ ਧ਼, ਸ ਰੇ ਗ, ਪ, ਮ, ਰੇ, ਪ ਮੰ ਗ ਰੇ ਸ, ਨ਼ੀ ਧ਼ ਸ | |
| 277. | ਜੈਤ ਕਲਿਆਣ | ਕਲਿਆਣ | ਔੜਵ-ਔੜਵ<br>ਮ, ਨੀ | ਸਾਰੇ ਸ਼ੁੱਧ | ਪ | ਸੰ | ਰਾਤ ਦਾ ਦੂਸਰਾ ਪਹਿਰ | ਆਰੋਹ : ਸ, ਪ ਗ, ਪ ਧ ਪ, ਸੰ<br>ਅਵਰੋਹ: ਸੰ ਪ, ਧ ਗ ਪ, ਗ ਪ, ਗ ਪ, ਪ ਰੇ ਸ<br>ਪਕੜ : ਸ ਗ, ਪ ਧ ਪ ਗ, ਪ ਰੇ ਸ, ਪ਼ ਸ | ਸ.ਸ.ਸ.,<br>ਭ-5<br>ਪੰਨਾ-584 |
| 278. | ਦੁਰਗਾ ਕਲਿਆਨ | ਕਲਿਆਨ | ਸੰਪੂਰਣ-ਸੰਪੂਰਣ | ਮੰ | ਸ | ਪ | ਰਾਤ ਦਾ ਪਹਿਲਾ ਪਹਿਰ | ਆਰੋਹ : ਸ ਰੇ ਗ ਮੰ, ਪ ਧ ਨੀ ਸੰ<br>ਅਵਰੋਹ: ਸੰ ਨੀ ਧ ਪ ਮ', ਗ ਰੇ, ਮ ਰੇ, ਧ਼ ਸ<br>ਪਕੜ : ਧ ਪ ਮ', ਗ ਰੇ, ਮ, ਮ ਰੇ, ਧ਼ ਸ | ਸ.ਸ.ਸ.,<br>ਭ-5<br>ਪੰਨਾ-562 |
| 279. | ਪੂਰਵਾ ਕਲਿਆਣ | ਮਾਰਵਾ | ਸੰਪੂਰਣ-ਸੰਪੂਰਣ | ਰੁੇ, ਮੰ | ਰੇ | ਧ | ਸੰਧਿਆ ਕਾਲ | ਆਰੋਹ : ਸ, ਰੁੇ ਗ ਮੰ, ਪ ਧ ਨੀ ਸੰ<br>ਅਵਰੋਹ: ਸੰ ਨੀ ਧ ਪ, ਮੰ ਗ ਰੁੇ ਸ<br>ਪਕੜ : ਸ ਰੁੇ ਗ ਮੰ, ਧ ਪ, ਮੰ ਧ, ਪ ਮੰ ਗ, ਮੰ ਗ ਰੁੇ ਸ | ਸ.ਸ.ਸ.,<br>ਭ-6,<br>ਪੰਨਾ-507 |
| 280. | ਭੂਪ ਕਲਿਆਣ | ਕਲਿਆਣ | ਔੜਵ-ਔੜਵ<br>ਮ, ਨੀ | ਸਾਰੇ ਸ਼ੁੱਧ | ਗ | ਧ | ਰਾਤ ਦਾ ਪਹਿਲਾਂ ਪਹਿਰ | ਆਰੋਹ : ਸ ਰੇ ਗ ਪ, ਧ ਸੰ<br>ਅਵਰੋਹ: ਸੰ ਧ ਪ, ਗ ਰੇ ਸ<br>ਪਕੜ : ਗ, ਰੇ, ਸ, ਧ਼, ਸ, ਰੇ ਗ, ਪ ਗ, ਧ ਪ ਗ, ਰੇ ਸ | ਸ.ਸ.ਸ.,<br>ਭ-5,<br>ਪੰਨਾ-543 |
| 281. | ਮਧੁਪ ਕਲਿਆਣ | ਕਲਿਆਣ | ਸੰਪੂਰਣ-ਸੰਪੂਰਣ | ਗੁ, ਮੰ | ਪ | ਰੇ | ਰਾਤ ਦਾ ਪਹਿਲਾ ਪਹਿਰ | ਆਰੋਹ : ਨ਼ੀ ਰੇ ਮ' ਗੁ, ਮ' ਪ, ਮ' ਧ ਨੀ ਸੰ<br>ਅਵਰੋਹ: ਸੰ ਨੀ ਧ ਪ, ਮ' ਗੁ, ਮੰ ਗੁ ਰੇ ਸ<br>ਪਕੜ : ਨ਼ੀ ਧ਼, ਨ਼ੀ ਰੇ ਸ, ਮ' ਪ, ਮ' ਗੁ, ਰੇ, ਸ, ਗੁ, ਨ਼ੀ ਸ | ਸ.ਸ.ਸ.,<br>ਭ-5<br>ਪੰਨਾ-579 |
| 282. | ਮੋਹਨ ਕਲਿਆਣ | ਕਲਿਆਣ | ਔੜਵ-ਸੰਪੂਰਣ<br>ਆਰੋਹ ਮ, ਨੀ | ਮੰ | ਗ | ਧ | ਸੰਧਿਆ ਕਾਲ | ਆਰੋਹ : ਸ ਰੇ ਗ ਪ ਧ ਸੰ<br>ਅਵਰੋਹ: ਸੰ ਨੀ ਧ ਪ ਮ' ਗ ਰੇ ਸ | ਸ.ਸ.ਸ.,<br>ਭ-6<br>ਪੰਨਾ-265 |
| 283. | ਰਾਜ ਕਲਿਆਣ | ਕਲਿਆਣ | ਸਾੜਵ-ਸਾੜਵ<br>ਪ | ਮੰ | ਗ | ਨੀ | ਰਾਤ ਦਾ ਪਹਿਲਾ ਪਹਿਰ | ਆਰੋਹ : ਨ਼ੀ ਰੇ ਗ ਮ' ਧ ਨੀ ਸੰ<br>ਅਵਰੋਹ: ਸੰ ਨੀ ਧ ਮੰ ਗ ਰੇ, ਨ਼ੀ ਰੇ ਸ<br>ਪਕੜ : ਗ ਮ' ਧ, ਧ ਮ' ਗ ਰੇ, ਨ਼ੀ ਰੇ ਸ | ਸ.ਸ.ਸ.,<br>ਭ-5<br>ਪੰਨਾ-571 |

| | | | | | | | | | |
|---|---|---|---|---|---|---|---|---|---|
| 284. | ਲਛਮੀ ਕਲਿਆਣ | ਕਲਿਆਣ | ਵਕਰ ਸੰਪੂਰਣ-ਸੰਪੂਰਣ | ਮੰ | ਰੇ | ਪ | ਰਾਤ ਦਾ ਪਹਿਲਾ ਪਹਿਰ | ਆਰੋਹ : ਸ, ਰੇ ਗ ਮ ਰੇ, ਮੰ ਪ, ਧ, ਨੀ, ਸੰ<br>ਅਵਰੋਹ: ਸੰ ਧ ਪ, ਮੰ, ਪ, ਗ ਮ ਰੇ, ਸ<br>ਪਕੜ : ਰੇ ਗ ਮ ਰੇ, ਮੰ ਪ, ਨੀ ਧ ਪ, ਮੰ ਮ, ਗ ਮ ਰੇ, ਸ, ਧ਼ ਪ਼ ਨ਼ੀ ਨ਼ੀ ਧ, ਸ ਨ਼ੀ ਰੇਸ, ਰੇ, ਗ ਮ ਰੇ | ਸ.ਸ.ਸ., ਭ-5 ਪੰਨਾ-599 |
| 285. | ਪ੍ਰਭਾਤੀ | ਕਲਿਆਣ | ਔੜਵ-ਸ਼ਾੜਵ ਆਰੋਹ ਵਿਚ ਮ, ਨੀ ਅਵਰੋਹ ਵਿਚ ਮ | ਸਾਰੇ ਸ਼ੁੱਧ | ਸ | ਪ | ਦਿਨ ਦਾ ਪਹਿਲਾ ਪਹਿਰ | ਆਰੋਹ : ਸ ਰੇ ਗ, ਪ, ਧ ਸੰ<br>ਅਵਰੋਹ : ਸੰ ਨੀ ਧ ਨੀ ਪ, ਗ ਰੇ ਸ<br>ਮੁੱਖ ਅੰਗ : ਪ ਧ ਸੰ, ਨੀ ਧ ਨੀ ਪ, ਪ ਧ, ਗ ਪ ਧ, ਪ | ਗ.ਸ.ਪ.ਰ.ਰ ਪੰਨਾ-929 |
| 286. | ਪ੍ਰਭਾਤੀ | ਬਿਲਾਵਲ | ਔੜਵ-ਸ਼ਾੜਵ ਆਰੋਹ ਵਿਚ ਮ, ਨੀ ਅਵਰੋਹ ਵਿਚ ਮ | ਸਾਰੇ ਸ਼ੁੱਧ | ਸ | ਪ | ਸਵੇਰ ਦਾ ਪਹਿਲਾ ਪਹਿਰ | ਆਰੋਹ : ਸ ਰੇ ਗ ਪ ਧ ਸੰ<br>ਅਵਰੋਹ : ਸੰ ਨੀ ਧ ਨੀ ਪ, ਗ ਰੇ ਸ<br>ਮੁੱਖ ਅੰਗ : ਪ ਧ ਸੰ, ਨੀ ਧ ਨੀ ਪ, ਗ ਪ ਧ ਮ ਗ ਰੇ ਸ | ਸ.ਗ.ਗ.ਸ ਰ.ਰ ਪੰਨਾ-339 |
| 287. | ਪ੍ਰਭਾਤੀ | ਭੈਰਵ | ਸੰਪੂਰਣ-ਸੰਪੂਰਣ | ਰੁੇ, ਧੁ ਮੰ | ਮ | ਸ | ਸਵੇਰ ਦਾ ਪਹਿਲਾ ਪਹਿਰ | ਆਰੋਹ : ਸ ਰੇ ਗ ਮ, ਮ ਮੰ , ਮ ਗ, ਮ ਪ ਧੁ ਨੀ ਸੰ<br>ਅਵਰੋਹ : ਸੰ ਨੀ ਧੁ ਪ ਮ, ਮ ਮੰ ਮ, ਗ ਰੁੇ ਸ | ਗ.ਸ.ਪ.ਰ.ਰ ਪੰਨਾ-930 |
| 288. | ਪ੍ਰਭਾਤੀ ਬਿਭਾਸ | | ਸ਼ਾੜਵ-ਔੜਵ ਆਰੋਹ ਵਿਚ ਮ ਅਵਰੋਹ ਵਿਚ ਮ, ਨੀ | ਦੋਵੇਂ ਰੇ ਦੋਵੇਂ ਧ | ਪ | ਸ | ਦਿਨ ਦਾ ਪਹਿਲਾ ਪਹਿਰ | ਆਰੋਹ : ਸ ਰੇ ਗ ਪ ਧ, ਨੀ ਧ ਨੀ-ਪ, ਧ ਸੰ<br>ਅਵਰੋਹ : ਸੰ ਧੁ ਪ, ਗ ਰੁੇ ਸ<br>ਮੁੱਖ ਅੰਗ : ਨੀ ਧ ਨੀ – ਪ, ਗ ਪ ਧੁ ਪ, ਗ ਰੁੇ ਸ | ਸ.ਗ.ਗ.ਸ ਰ.ਰ ਪੰਨਾ-331 |
| 289. | ਬਿਭਾਸ ਪ੍ਰਭਾਤੀ | | ਔੜਵ-ਸ਼ਾੜਵ | ਦੋਵੇਂ ਰੇ, ਦੋਵੇਂ ਧ | ਪ | ਸ | ਦਿਨ ਦਾ ਪਹਿਲਾ ਪਹਿਰ | ਆਰੋਹ : ਸ ਰੁੇ ਗ ਪ ਧੁ ਸੰ<br>ਅਵਰੋਹ: ਸੰ ਨੀ ਧ ਨੀ ਪ, ਗ ਰੇ ਸ<br>ਮੁੱਖ ਅੰਗ : ਰੁੇ ਗ ਪ ਧ ਪ ਧੁ, ਸੰ ਨੀ ਧ ਨੀ – ਪ, ਗ ਰੇ ਸ | ਸ.ਗ.ਗ.ਸ ਰ.ਰ ਪੰਨਾ-353 |
| 290. | ਪ੍ਰਭਾਤੀ ਦੱਖਣੀ | | ਔੜਵ-ਸੰਪੂਰਣ | ਗੁ, ਧੁ, ਨੁੀ | ਗ | ਧ | ਦਿਨ ਦਾ ਪਹਿਲਾ ਪਹਿਰ | ਆਰੋਹ : ਸ ਮ ਰੇ, ਗੁ, ਮ ਪ, ਸ<br>ਅਵਰੋਹ : ਸੰ ਨੁੀ ਧੁ ਪ ਮ ਪ ਗੁ, ਰੇ ਸ<br>ਮੁੱਖ ਅੰਗ : ਮ ਰੇ ਗੁ, ਮ ਪ, ਧੁ ਮ ਪ ਗੁ, ਰੇ ਸ | ਸ.ਗ.ਗ.ਸ ਰ.ਰ ਪੰਨਾ-349 |
| 291. | ਪ੍ਰਭਾਤ ਕੀਰਨ | ਭੈਰਵੀ | ਔੜਵ-ਸੰਪੂਰਣ ਆਰੋਹ ਵਿਚ ਰੇ, ਪ | ਰੁੇ, ਗੁ, ਨੁੀ | ਮ | ਸ | ਦਿਨ ਦਾ ਦੂਸਰਾ ਪਹਿਰ | ਆਰੋਹ : ਨੁ਼ੀ ਸ ਗੁ ਮ ਪ, ਗੁ ਮ ਧ, ਨੁੀ ਰੁੇਂ ਸੰ<br>ਅਵਰੋਹ: ਸੰ ਨੁੀ ਧ ਪ, ਧ ਮ ਪ ਗੁ, ਮ ਰੁੇ ਗੁ ਰੁੇ ਸ<br>ਪਕੜ : ਗੁ ਮ ਧ ਨੁੀ, ਧ ਪ ਧ ਮ ਰੁੇ, ਗੁ ਰੁੇ ਸ | ਸ.ਸ.ਸ., ਭ-5 ਪੰਨਾ-197 |
| 292. | ਪ੍ਰਭਾਤ ਭੈਰਉ | ਭੈਰਵ | ਸੰਪੂਰਣ-ਸੰਪੂਰਣ | ਰੁੇ, ਮੰ, | ਮ | ਸ | ਦਿਨ ਦਾ ਪਹਿਲਾਂ | ਆਰੋਹ : ਨ਼ੀ ਰੁੇ ਗ ਮ ਮੰਗ, ਗ ਮ, ਪ ਧੁ ਨੀ ਸੰ | ਸ.ਸ.ਸ., |

| | | | | | | | | | |
|---|---|---|---|---|---|---|---|---|---|
| | | | | ਧੁ, | | | ਪਹਿਰ | ਅਵਰੋਹ: ਸਂ ਨੀ ਧੁ ਪ ਮ, ਮ ਧੁ ਮ।,ਮ ਗ, ਰੁ ਗ ਮ। ਗ ਰੁ ਸ<br>ਪਕੜ : ਗ ਮ, ਨੀ ਧੁ ਧੁ ਪ ਗ ਮ, ਮ। ਧੁ ਮ।, ਮ ਗ ਮ | ਭ–5<br>ਪੰਨਾ–175 |
| 293. | ਪ੍ਰਭਾਵਤੀ | ਭੈਰਉ | ਸਾੜਵ–ਸਾੜਵ<br>ਮ | ਰੁ, ਨੁੀ | ਪ | ਸ | ਪ੍ਰਾਤਹਿ–ਕਾਲ | ਆਰੋਹ : ਸ ਰੁ ਗ ਪ, ਧ ਨੁੀ ਸਂ<br>ਅਵਰੋਹ: ਸਂ ਨੁੀ ਧ ਪ, ਗ ਰੁ ਸ<br>ਪਕੜ : ਸ, ਪ, ਧ ਨੁੀ ਧ ਪ, ਗ ਪ, ਗ ਰੁ ਸ | ਸ.ਸ.ਸ.,<br>ਭ–6,<br>ਪੰਨਾ–283 |
| 294. | ਬਿਭਾਸ | ਭੈਰਵ | ਔੜਵ–ਔੜਵ<br>ਮ, ਨੀ | ਰੁ, ਧੁ | ਧੁ | ਰੇ | ਪ੍ਰਾਤਹਿ ਕਾਲ | ਆਰੋਹ : ਸ ਰੁ ਗ ਪ ਧੁ ਸਂ<br>ਅਵਰੋਹ: ਸਂ ਧੁ ਪ, ਗ ਰੇ ਸ<br>ਪਕੜ : ਪ ਧੁ ਧੁ, ਪ, ਪਗ, ਪ, ਗ ਰੁ ਸ | ਸ.ਸ.ਸ.,<br>ਭ–5<br>ਪੰਨਾ–192 |
| 295. | ਜੈਜਾਵੰਤੀ | ਖਮਾਜ | ਸ਼ਾੜਵ–ਸੰਪੂਰਣ<br>ਆਰੋਹ ਵਿਚ ਧ | ਦੋਵੇਂ ਗ<br>ਦੋਵੇਂ ਨੀ | ਰੇ | ਧ | ਰਾਤ ਦਾ ਦੂਜਾ ਪਹਿਰ | ਆਰੋਹ : ਸ, ਰੇ ਗ ਮ ਪ, ਨੀ ਸਂ<br>ਅਵਰੋਹ : ਸਂ ਨੁੀ ਧ ਪ, ਧ ਮ, ਰੇ ਗੁ ਰੇ, ਸ<br>ਮੁੱਖ ਅੰਗ : ਰੇ ਗੁ ਰੇ ਸ, ਨ਼ੀ ਸ ਧ਼ ਨੁ਼ੀ ਰੇ, ਸ | ਸ.ਗ.ਗ.ਸ<br>ਰ.ਰ<br>ਪੰਨਾ–357 |

ਨੋਟ : ਉਪਰੋਕਤ ਅੰਤਿਕਾ ਵਿਚ ਸੰਖੇਪਿਤ ਸਰੋਤਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ :

| | |
|---|---|
| ਸ.ਸ. | ਸੰਗੀਤ ਸਾਗਰ |
| ਸ.ਸ.ਸ | ਸੁਰ ਸਿਮਰਨ ਸੰਗੀਤ (ਭਾਗ ਇੱਕ ਤੋਂ ਸੱਤ ਭਾਗ) |
| ਸ.ਗ.ਗ.ਸ.ਰ.ਰ | ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ |
| ਸ.ਗ.ਗ.ਸ.ਰ.ਰ | ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ |
| ਗ.ਸ.ਪ.ਰ.ਰ | ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ |

# ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਇਤਿਹਾਸਿਕ ਸਰਵੇਖਣ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ

ਫ਼ੈਕਲਟੀ ਆਫ਼ ਆਰਟਸ ਐਂਡ ਕਲਚਰ ਅਧੀਨ

ਪੀਐੱਚ.ਡੀ. (ਗੁਰਮਤਿ ਸੰਗੀਤ)

ਦੀ ਡਿਗਰੀ ਲਈ ਪ੍ਰਸਤੁਤ

ਖੋਜ ਪ੍ਰਬੰਧ

2018


ਨਿਗਰਾਨ

ਡਾ. ਵਰਿੰਦਰ ਕੌਰ

ਖੋਜਾਰਥੀ

ਮਨਜੀਤ ਸਿੰਘ



**ਗੁਰਮਤਿ ਸੰਗੀਤ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਉਪਸੰਹਾਰ

ਸਿੱਖ ਧਰਮ ਵਿਚ ਗੁਰਮਤਿ ਸੰਗੀਤ  ਪਰੰਪਰਾ ਦੀ ਸਿੱਖਿਆ ਵਿਧੀ ਦਾ ਪ੍ਰਬੰਧ ਧਰਮਸਾਲਾ ਤੋ ਆਰੰਭ ਹੋਇਆਂ ਪ੍ਰੰਤੂ ਵਰਤਮਾਨ ਸੰਦਰਭ ਵਿਚ ਧਰਮਸਾਲਾ ਦੇ ਅਰਥ ਸ਼ਰਨਾਰਥੀਆਂ ਦੀਆਂ ਸਰਾਂਵਾਂ ਤੱਕ ਸੀਮਤ ਰਹਿ ਗਏ ਹਨ। ਇਸ ਲਈ ਗੁਰੂ ਸਾਹਿਬਾਨਾਂ ਦੇ ਸਮੇਂ ਸਥਾਪਿਤ ਹੋਇਆ ਇਨ੍ਹਾਂ ਧਰਮਸ਼ਾਲਾ, ਧਾਰਮਿਕ ਸਥਾਨਾਂ ਜਾਂ ਕੀਰਤਨ ਸਥਾਨਾਂ ਨੂੰ ਅਸੀਂ ਕੀਰਤਨ ਕੇਂਦਰਾਂ ਵਜੋਂ ਜਾਣ ਸਕਦੇ ਹਾਂ। ਟਕਸਾਲ ਪਰੰਪਰਾ ਦੀ ਧਰਾਤਲ ਤੇ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਦੀ ਸਥਾਪਨਾ ਕਰਕੇ ਇੱਥੇ ਨਾਮ ਸਿਮਰਨ ਅਤੇ ਸਵੇਰੇ ਸ਼ਾਮ ਕੀਰਤਨ ਕਰਨ ਦੀ ਪ੍ਰਥਾ ਆਰੰਭ ਕੀਤੀ ਸਮੇਂ ਅਨੁਸਾਰ ਇਸ ਪਰੰਪਰਾ ਨੂੰ ਬਾਕੀ ਗੁਰੂ ਸਾਹਿਬਾਨਾਂ ਨੇ ਵੀ ਆਪਣੇ ਆਪਣੇ ਸਥਾਨਾਂ ਤੇ ਆਰੰਭ ਰੱਖਿਆ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ ਪਰੰਤੂ ਗੁਰੂ ਸਾਹਿਬ ਤੋਂ ਬਾਅਦ ਇਸ ਨੂੰ ਸਿੱਖਾਂ ਦੀ ਪਹਿਲੀ ਟਕਸਾਲ ਵਜੋਂ ਸੰਬੋਧਿਤ ਕੀਤਾ ਗਿਆ। ਇਸ ਟਕਸਾਲ ਦਾ ਮੁੱਖ ਕੰਮ  ਗੁਰਬਾਣੀ ਦੇ ਅਰਥ ਬੋਧ ਤਕ ਹੀ ਸੀਮਤ ਸਨ, ਪਰ ਸਮੇਂ ਦੇ ਨਾਲ ਟਕਸਾਲਾਂ ਵਿਚ ਵਿਦਿਆਰਥੀਆਂ ਨੂੰ ਸ਼ਬਦ ਕੀਰਤਨ ਅਤੇ ਗੁਰਮਤਿ ਰਹਿਣੀ ਬਹਿਣੀ ਦੀ ਸਿਖਲਾਈ ਵੀ ਦਿੱਤੀ ਜਾਣ ਲੱਗ ਪਈ ਸੀ। ਗੁਰੂ ਕਾਲ ਤੋਂ ਬਾਦ ਅਨੇਕਾਂ ਸੰਤਾ-ਮਹਾਂਪੁਰਸ਼ਾਂ ਨੇ ਵੱਖ ਵੱਖ ਇਲਾਕਿਆਂ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਕਰਨ ਲਈ ਕੀਰਤਨ ਕੇਂਦਰਾਂ ਜਾਂ ਟਕਸਾਲਾਂ ਦੀ ਸਥਾਪਨਾ ਕੀਤੀ। ਇਸ ਪਰੰਪਰਾ ਦੇ ਆਰੰਭ ਹੋਣ ਨਾਲ ਗੁਰੂ ਘਰ ਦੇ ਵਰੋਸਾਏ ਰਾਗੀ, ਰਬਾਬੀ ਕੀਰਤਨਕਾਰਾਂ ਨੇ ਆਪਣੀ ਕਲਾ ਨੂੰ ਅੱਗੇ ਆਪਣੇ ਵੰਸ਼ਜਾਂ ਅਤੇ ਵਿਦਿਆਰਥੀਆਂ ਨੂੰ ਸਿਖਾਉਣਾ ਆਰੰਭ ਕਰ ਦਿੱਤਾ, ਜਿਸ ਨਾਲ ਸਿੱਖ ਧਰਮ ਵਿਚ ਕੀਰਤਨ ਸਿੱਖਣ ਤੇ ਸਿਖਾਉਣ ਲਈ (ਗੁਰੂ ਸ਼ਿਸ਼) ਪਰੰਪਰਾ ਦਾ ਆਰੰਭ ਹੋਇਆ ਅਤੇ ਕਈ ਟਕਸਾਲਾਂ ਹੋਂਦ ਵਿਚ ਆਈਆਂ।

ਵਰਤਮਾਨ ਸਮੇਂ ਗੁਰਮਤਿ ਸੰਗੀਤ ਸਬੰਧੀ ਵਿਸ਼ਵ ਪੱਧਰ ਤੇ ਅਧਿਐਨ ਤੇ ਖੋਜ-ਕਾਰਜ ਹੋ ਰਹੇ ਹਨ। ਕਈ ਸੰਗੀਤ ਵਿਦਵਾਨਾਂ ਨੇ ਗੁਰਮਤਿ ਸੰਗੀਤ ਸਬੰਧੀ ਗ੍ਰੰਥ ਤੇ ਪੁਸਤਕਾਂ ਦੀ ਰਚਨਾ ਕੀਤੀ ਹੈ। ਇਸ ਸਾਰੇ ਖੋਜ ਕਾਰਜ ਵਿਚ ਗੁਰਮਤਿ ਸੰਗੀਤ ਨਾਲ ਸਬੰਧਿਤ ਕਈ ਵਿਸ਼ਿਆਂ ਤੇ ਖੋਜ-ਕਾਰਜ ਕੀਤਾ ਗਿਆ ਹੈ

ਪ੍ਰੰਤੂ ਟਕਸਾਲ ਪਰੰਪਰਾ ਜਿਸ ਦਾ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਵੱਡਾ ਯੋਗਦਾਨ ਹੈ। ਕਿਉਂਕਿ ਟਕਸਾਲਾਂ ਦੇ ਕਾਰਨ ਹੀ ਅਸੀਂ ਗੁਰੂ ਸਾਹਿਬਾਨ ਦੁਆਰਾ ਵਰੋਸਾਇ ਸ਼ਬਦ ਕੀਰਤਨ ਪਰੰਪਰਾ ਦਾ ਜੀਵੰਤ ਰੂਪ ਸਿੱਖ ਸੰਗਤ ਵਿਚ ਪ੍ਰਵਾਹ ਅਧੀਨ ਹੈ ਅਤੇ ਸਿੱਖੀ ਜੀਵਨ ਦਾ ਇਕ ਅਟੁੱਟ ਹਿੱਸਾ ਹੈ। ਟਕਸਾਲਾਂ ਦੇ ਇਸ ਵਿਸ਼ੇ 'ਤੇ ਸਮੇਂ ਦੇ ਬਦਲਦੇ ਹਾਲਾਤਾਂ ਕਰਕੇ ਕੁਝ ਟਕਸਾਲਾਂ ਕਾਰਜਸ਼ੀਲ ਰਹੀਆਂ ਪ੍ਰੰਤੂ ਕੁਝ ਟਕਸਾਲਾਂ ਦੇ ਰੂਪ ਪਰਿਵਰਤਿਤ ਹੋ ਗਏ। ਇਸ ਵਿਸ਼ੇ 'ਤੇ ਅਜੇ ਤਕ ਕੋਈ ਖੋਜ ਕਾਰਜ ਨਹੀਂ ਕੀਤਾ ਗਿਆ। ਇੱਥੋਂ ਤੱਕ ਕਿ ਟਕਸਾਲਾਂ ਦੇ ਮੁਖੀ ਜਾਂ ਕੀਰਤਨਕਾਰਾਂ ਨੇ ਵੀ ਟਕਸਾਲਾਂ ਦੀ ਕੋਈ ਇਤਿਹਾਸਕ ਜਾਣਕਾਰੀ ਜਾਂ ਸੰਗੀਤਕ ਸਮਗਰੀ ਦੀ ਸੰਭਾਲ ਨਹੀਂ ਕੀਤੀ ਜਿਸ ਦੇ ਕਾਰਨ ਗੁਰਮਤਿ ਸੰਗੀਤ ਦਾ ਵਿਸ਼ਾਲ ਭੰਡਾਰ ਲੁਪਤ ਹੋ ਗਿਆ। ਸਿੱਖ ਧਰਮ ਨਾਲ ਸਬੰਧਿਤ ਇਤਿਹਾਸਕ ਸਰੋਤਾਂ ਵਿਚ ਟਕਸਾਲ ਪਰੰਪਰਾ ਦੀ ਸੰਖੇਪ ਜਾਣਕਾਰੀ ਮਿਲਦੀ ਹੈ ਪ੍ਰੰਤੂ ਅੱਜ ਦੇ ਸੰਦਰਭ ਵਿਚ ਟਕਸਾਲਾਂ ਦਾ ਕੀ ਵਜੂਦ ਹੈ ਅਤੇ ਇਹ ਕਿਸ ਪ੍ਰਕਾਰ ਕਾਰਜ ਕਰ ਰਹੀਆਂ ਹਨ, ਇੱਥੋਂ ਤਕ ਕਿ ਗੁਰਮਤਿ ਸੰਗੀਤ ਦੇ ਵਿਕਾਸ ਅਤੇ ਇਸ ਨੂੰ ਸਥਾਈ ਰੂਪ ਵਿਚ ਸਥਾਪਤ ਕਰਨ ਲਈ ਇਤਿਹਾਸਕ ਪੱਖੋਂ ਟਕਸਾਲਾਂ ਦੀ ਹੋਂਦ ਅਤੇ ਪਰਿਵਰਤਿਤ ਰੂਪ ਸਬੰਧੀ ਸੁਤੰਤਰ ਖੋਜ ਦੀ ਲੋੜ ਮਹਿਸੂਸ ਕਰਦਿਆਂ ਅਸੀਂ **"ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਇਤਿਹਾਸਕ ਸਰਵੇਖਣ"** ਨੂੰ ਆਪਣੇ ਖੋਜ ਕਾਰਜ ਦਾ ਵਿਸ਼ਾ ਬਣਾਇਆ ਹੈ। ਇਸ ਖੋਜ ਕਾਰਜ ਅਧੀਨ ਅਸੀਂ ਆਪਣੇ ਖੋਜ ਕਾਰਜ ਨੂੰ ਹੇਠ ਲਿਖੇ ਪੰਜ ਅਧਿਆਇ ਵਿਚ ਵਿਭਾਜਿਤ ਕੀਤਾ ਹੈ।

**ਪ੍ਰਸਤਾਵਿਤ ਅਧਿਆਇ ਵੰਡ**

**ਅਧਿਆਇ ਪਹਿਲਾ : ਗੁਰਮਤਿ ਸੰਗੀਤ ਵਿਚ ਟਕਸਾਲ ਪਰੰਪਰਾ: ਸਰੂਪਗਤ ਅਧਿਐਨ**

**ਅਧਿਆਇ ਦੂਜਾ : ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਵਿਕਾਸਾਤਮਕ ਅਧਿਐਨ**

**ਅਧਿਆਇ ਤੀਜਾ : ਟਕਸਾਲ ਪਰੰਪਰਾ ਦੀ ਸੰਗੀਤਕ ਸਮਗਰੀ : ਸਰੂਪਗਤ ਵਿਸ਼ਲੇਸ਼ਣ**

**ਅਧਿਆਇ ਚੌਥਾ : ਟਕਸਾਲ ਪਰੰਪਰਾ ਦੀ ਸੰਗੀਤਕ ਸਮਗਰੀ : ਤੁਲਨਾਤਮਕ ਸਰਵੇਖਣ**

**ਅਧਿਆਇ ਪੰਜਵਾਂ : ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਵਰਤਮਾਨ ਸਾਰਥਿਕਤਾ**

ਅਧਿਆਇ ਪਹਿਲਾ **ਗੁਰਮਤਿ ਸੰਗੀਤ ਵਿਚ ਟਕਸਾਲ ਪਰੰਪਰਾ : ਸਰੂਪਗਤ ਵਿਸ਼ਲੇਸ਼ਣ** ਦੇ ਅੰਤਰਗਤ ਸਿੱਖ ਧਰਮ ਤੋਂ ਪਹਿਲਾਂ ਹਰ ਪ੍ਰਕਾਰ ਦੀ ਸਿੱਖਿਆ ਦਾ ਪ੍ਰਬੰਧ ਗੁਰਕੁਲ ਜਾਂ ਆਸ਼ਰਮ ਵਿਚ ਹੁੰਦਾ ਸੀ ਕਿਉਂ ਜੋ ਟਕਸਾਲ ਸ਼ਬਦ ਦਾ ਉੱਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਆਇਆ ਹੈ ਅਤੇ ਗੁਰੂ ਕਾਲ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਨਾਲ ਟਕਸਾਲਾਂ ਸਥਾਪਿਤ ਹੋਈਆਂ, ਜਿਸ ਵਿਚ ਗੁਰਬਾਣੀ ਬੋਧ ਅਤੇ ਇਸ ਦੇ ਸੰਚਾਰ ਵਿਧੀਆਂ ਭਾਵ ਵਿਆਖਿਆ ਕੀਰਤਨ ਦੀ ਨਿਸ਼ਚਿਤ ਸਿਖਲਾਈ ਦਾ ਪ੍ਰਬੰਧ ਹੁੰਦਾ ਸੀ ਕਿਉਂਕਿ ਸ਼ਬਦ ਨੂੰ ਸਿੱਖ ਧਰਮ ਵਿਚ ਗੁਰੂ ਦਾ ਦਰਜਾ ਪ੍ਰਾਪਤ ਹੈ, ਇਸ ਲਈ ਗੁਰਬਾਣੀ ਵਿਚਲੇ ਪਰਮ ਸਤਿ ਨੂੰ ਜਾਣਨ ਲਈ ਉਸ ਦੇ ਨਿਸ਼ਚਿਤ ਵਿਧੀ ਵਿਧਾਨ ਰਾਹੀਂ ਮਰਿਆਦਾ ਨੂੰ ਜਾਣਨਾ ਜ਼ਰੂਰੀ ਸੀ ਇਸ ਲਈ ਆਰੰਭ ਵਿਚ ਤਾਂ ਇਨ੍ਹਾਂ ਟਕਸਾਲਾਂ ਵਿਚ ਗੁਰਬਾਣੀ ਸੰਥਿਆ, ਗੁਰਬਾਣੀ ਵਿਆਖਿਆ ਤਕ ਸੀਮਤ ਸੀ ਅਤੇ ਸ਼ਬਦ ਕੀਰਤਨ ਇਸ ਦਾ ਇਕ ਹਿੱਸਾ ਸੀ। ਗੁਰੂ ਕਾਲ ਤੋਂ ਬਾਅਦ ਕਈ ਸੰਤਾਂ ਮਹਾਂਪੁਰਸ਼ਾਂ ਨੇ ਵੱਖ-ਵੱਖ ਇਲਾਕਿਆਂ ਵਿਚ ਟਕਸਾਲਾਂ ਸਥਾਪਿਤ ਕੀਤੀਆਂ। ਇਸ ਪਰੰਪਰਾ ਦੇ ਆਰੰਭ ਹੋਣ ਨਾਲ ਗੁਰੂ ਘਰ ਦੇ ਵਰੋਸਾਏ ਰਾਗੀ ਰਬਾਬੀ ਕੀਰਤਨਕਾਰਾਂ ਨੇ ਆਪਣੀ ਕਲਾ ਨੂੰ ਅੱਗੇ ਆਪਣੇ ਵੰਸ਼ਜਾਂ ਅਤੇ ਵਿਦਿਆਰਥੀਆਂ ਨੂੰ ਸਿਖਾਉਣਾ ਆਰੰਭ ਕਰ ਦਿੱਤਾ, ਜਿਸ ਨਾਲ ਸਿੱਖ ਧਰਮ ਵਿਚ ਕੀਰਤਨ ਸਿੱਖਣ ਅਤੇ ਸਿਖਾਉਣ ਲਈ ਗੁਰੂ ਸ਼ਿਸ਼ ਪਰੰਪਰਾ ਦਾ ਆਰੰਭ ਹੋਇਆ ਜਿਸ ਕਾਰਨ ਕਈ ਟਕਸਾਲਾਂ ਹੋਂਦ ਵਿਚ ਆਈਆਂ।

ਸ਼ਬਦ ਕੀਰਤਨ ਦੀ ਮਰਿਆਦਾ ਦਾ ਜੋ ਸਰੂਪ ਵਰਤਮਾਨ ਸਮੇਂ ਸਾਡੇ ਕੋਲ ਹੈ ਇਨ੍ਹਾਂ ਟਕਸਾਲਾਂ ਦੇ ਕਾਰਨ ਹੀ ਹੈ। ਕਿਉਂਕਿ ਇਨ੍ਹਾਂ ਟਕਸਾਲਾਂ ਵਿਚ ਗੁਰੂ ਕਾਲ ਤੋਂ ਬਾਅਦ ਕੀਰਤਨ ਦੀ ਸਿਖਲਾਈ ਸੀਨਾ-ਬ-ਸੀਨਾ ਕੀਰਤਨਕਾਰਾਂ ਵਿਚ ਪ੍ਰਚਲਿਤ ਰਹਿਣ ਕਾਰਨ ਸਿੱਖ ਸੰਗਤ 'ਚ ਜੀਵੰਤ ਰੂਪ ਵਿਚ ਪ੍ਰਵਾਹ ਅਧੀਨ ਰਹੀ ਹੈ। ਇਸ ਅਧਿਆਇ ਵਿਚ ਵੱਖ-ਵੱਖ ਇਤਿਹਾਸਕ ਸਰੋਤਾਂ, ਗ੍ਰੰਥਾਂ ਅਤੇ ਗੁਰਮਤਿ ਸੰਗੀਤ ਵਿਦਵਾਨਾਂ ਤੋਂ ਟਕਸਾਲਾਂ ਦੀਆਂ ਮਿਲੀਆਂ ਪਰਿਭਾਸ਼ਾਵਾਂ ਨੂੰ ਦਰਜ ਕਰਕੇ ਟਕਸਾਲਾਂ ਦਾ ਸ਼ਾਬਦਿਕ ਅਤੇ ਪਰਿਭਾਸ਼ਿਕ ਤੌਰ 'ਤੇ ਅਧਿਐਨ ਕੀਤਾ ਹੈ। ਆਪਣੇ ਖੋਜ ਕਾਰਜ ਦੇ ਪਹਿਲੇ ਅਧਿਆਇ ਵਿਚ ਅਸੀਂ ਗੁਰਮਤਿ ਸੰਗੀਤ ਅਨੁਸਾਰ ਟਕਸਾਲ ਪਰੰਪਰਾ ਦੇ ਸਰੂਪ ਦਾ ਅਧਿਐਨ ਕੀਤਾ ਹੈ।

ਸਿੱਖ ਧਰਮ ਵਿਚ ਟਕਸਾਲ ਪਰੰਪਰਾ ਦੇ ਪਿਛੋਕੜ ਵਿਚ ਗੁਰੂ ਸਾਹਿਬਾਨ ਦੇ ਸਮੇਂ ਸਥਾਪਿਤ ਹੋਏ ਸੰਸਥਾਗਤ ਪੱਧਰ ਤੇ ਸਥਾਪਿਤ ਧਾਰਮਿਕ ਸਥਾਨ ਸੀ, ਜਿੱਥੇ ਬਾਣੀ ਅਤੇ ਸ਼ਬਦ ਕੀਰਤਨ ਦੀ ਮਰਿਆਦਾ

ਇਕ ਪ੍ਰਸਤੁਤੀ ਅਤੇ ਸਿੱਖਿਆ ਦਾ ਰੂਪ ਧਾਰਨ ਕਰ ਗਿਆ। ਵਰਤਮਾਨ ਅਧਿਐਨ ਦੀ ਦ੍ਰਿਸ਼ਟੀ ਤੋਂ ਵੱਖ-ਵੱਖ ਗੁਰੂ ਸਾਹਿਬਾਨ ਦੇ ਸਮੇਂ ਸਥਾਪਿਤ ਹੋਏ ਇਨ੍ਹਾਂ ਕੀਰਤਨ ਸਥਾਨਾਂ ਜਾਂ ਧਾਰਮਿਕ ਸਥਾਨਾਂ ਨੂੰ ਅਸੀਂ ਕੀਰਤਨ ਕੇਂਦਰ ਵਜੋਂ ਜਾਣ ਸਕਦੇ ਹਾਂ। ਇਨ੍ਹਾਂ ਕੀਰਤਨ ਕੇਂਦਰਾਂ ਦੀ ਵਿਹਾਰਿਕ ਮਰਿਆਦਾ ਵਿਚੋਂ ਗੁਰਮਤਿ ਸੰਗੀਤ ਦੇ ਕਿਰਿਆਤਮਿਕ ਸਰੂਪ ਦੀ ਪ੍ਰਾਪਤੀ ਹੁੰਦੀ ਹੈ। ਵੱਖ-ਵੱਖ ਗੁਰੂ ਸਾਹਿਬਾਨ ਦੇ ਸਮੇਂ ਸਥਾਪਿਤ ਹੋਏ ਕੀਰਤਨ ਕੇਂਦਰਾਂ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਕਰਤਾਰਪੁਰ ਸਾਹਿਬ, ਗੁਰੂ ਅੰਗਦ ਦੇਵ ਜੀ ਦੇ ਸਮੇਂ ਖਡੂਰ ਸਾਹਿਬ, ਗੁਰੂ ਅਮਰਦਾਸ ਜੀ ਦੇ ਸਮੇਂ ਗੋਇੰਦਵਾਲ ਸਾਹਿਬ, ਗੁਰੂ ਰਾਮਦਾਸ ਜੀ ਦੇ ਸਮੇਂ ਅੰਮ੍ਰਿਤਸਰ ਸਾਹਿਬ, ਗੁਰੂ ਅਰਜਨ ਦੇਵ ਜੀ ਦੇ ਸਮੇਂ ਤਰਨਤਾਰਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਕੀਰਤਪੁਰ ਸਾਹਿਬ, ਗੁਰੂ ਤੇਗ ਬਹਾਦਰ ਜੀ ਸਮੇਂ ਅਨੰਦਪੁਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦਮਦਮਾ ਸਾਹਿਬ ਵਿਸ਼ੇਸ਼ ਹਨ। ਗੁਰੂ ਕਾਲ ਦੇ ਇਨ੍ਹਾਂ ਕੀਰਤਨ ਕੇਂਦਰਾਂ ਵਿਚ ਸਵੇਰੇ ਆਸਾ ਦੀ ਵਾਰ ਅਤੇ ਸ਼ਾਮ ਨੂੰ ਸੋਦਰ ਦੀ ਬਾਣੀ ਦੀ ਮਰਿਆਦਾ ਆਰੰਭ ਹੋਈ। ਇਹੋ ਨਹੀਂ ਹੌਲੀ-ਹੌਲੀ ਕੀਰਤਨ ਚਉਕੀਆਂ, ਸਾਜ਼ਾਂ ਦੀ ਵਾਦਨ ਪਰੰਪਰਾ, ਰਾਗੀ ਰਬਾਬੀ ਢਾਡੀਆਂ ਦੀ ਪਰੰਪਰਾ, ਰਾਗ ਪਰੰਪਰਾ ਆਦਿ ਵਿਕਸਿਤ ਹੁੰਦੀਆਂ ਹੋਈਆਂ ਇਹ ਸ਼ਬਦ ਕੀਰਤਨ ਪਰੰਪਰਾ ਦਾ ਹਿੱਸਾ ਬਣਦੀਆਂ ਹੋਈਆਂ ਸਿੱਖ ਧਰਮ ਦੀ ਮਰਿਆਦਾ ਬਣ ਗਈਆਂ ਅਤੇ ਪੀੜ੍ਹੀ-ਦਰ-ਪੀੜ੍ਹੀ ਗੁਰੂ ਘਰ ਦੇ ਵਰੋਸਾਏ ਕੀਰਤਨਕਾਰਾਂ ਨੇ ਆਪਣੀ ਕਲਾ ਨੂੰ ਅੱਗੇ ਆਪਦੇ ਵੰਸ਼ਜਾਂ ਅਤੇ ਵਿਦਿਆਰਥੀਆਂ ਨੂੰ ਸਿਖਾਉਣਾ ਆਰੰਭ ਕਰ ਦਿੱਤਾ ਜਿਸ ਦੇ ਨਾਲ ਕੀਰਤਨ ਕੇਂਦਰ ਬਾਅਦ ਵਿਚ ਟਕਸਾਲਾਂ ਦਾ ਰੂਪ ਧਾਰਨ ਕਰ ਗਏ, ਜਿਨ੍ਹਾਂ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਥਾਪਿਤ ਹੋਏ ਕੀਰਤਨ ਕੇਂਦਰ ਦਮਦਮਾ ਸਾਹਿਬ ਲਈ ਗੁਰੂ ਸਾਹਿਬ ਵਜੋਂ ਟਕਸਾਲ ਸਥਾਪਿਤ ਕਰਨ ਦਾ ਆਦੇਸ਼ ਪ੍ਰਾਪਤ ਹੋਇਆ। ਟਕਸਾਲ ਦੀ ਅੰਦਰੂਨੀ ਬਣਤਰ ਤੋਂ ਪਹਿਲਾਂ ਅਸੀਂ ਇਸ ਅਧਿਆਇ ਵਿਚ ਟਕਸਾਲ ਦੇ ਕੋਸ਼ਗਤ ਸ਼ਾਬਦਿਕ ਅਰਥ ਕੀਤੇ ਹਨ ਜਿਸ ਅਨੁਸਾਰ ਟਕਸਾਲ ਤੋਂ ਭਾਵ ਟਕੇ ਜਾਂ ਸਿੱਕੇ ਬਣਾਉਣ ਦੇ ਸਥਾਨ ਨੂੰ ਕਿਹਾ ਜਾਂਦਾ ਹੈ ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਟਕਸਾਲ ਤੋਂ ਭਾਵ ਸਤਿ ਸੰਗਤ ਲਈ ਵੀ ਕਰ ਲਿਆ ਜਾਂਦਾ ਹੈ। ਗੁਰਮਤਿ ਸੰਗੀਤ ਪਰੰਪਰਾ ਅਧੀਨ ਟਕਸਾਲ ਉਹ ਖਰਾ ਸਥਾਨ ਹੈ ਜਿੱਥੇ ਸ਼ਬਦ ਅਤੇ ਸੰਗੀਤ ਦੀ ਸੰਯੁਕਤ ਮਿੱਲਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਸ਼ਚਿਤ ਵਿਧੀ ਵਿਧਾਨ ਅਨੁਸਾਰ ਘੜਿਆ ਜਾ ਸਕੇ ਤਾਂ ਜੋ ਉਸ ਸਥਾਨ ਦਾ ਟਕਸਾਲ ਆਪਣੇ ਪਰਮਾਰਥ ਅਤੇ ਸੰਸਾਰਿਕ ਗੁਣਾਂ ਨਾਲ ਗੁਰਮਤਿ ਦਾ ਸੰਦੇਸ਼

ਸਾਰਥਿਕ ਕਰ ਸਕੇ। ਪਰਿਭਾਸ਼ਿਕ ਤੌਰ 'ਤੇ ਸਿੱਖ ਸੰਗੀਤ ਵਿਦਵਾਨਾਂ ਨੇ ਗੁਰਮਤਿ ਸੰਗੀਤ ਪਰੰਪਰਾ ਅਨੁਸਾਰ ਸ਼ਬਦ ਕੀਰਤਨ ਦੀ ਸਿਖਲਾਈ ਲਈ ਪ੍ਰਮਾਣਿਕ ਅਤੇ ਪ੍ਰਵਾਨਿਤ ਕੇਂਦਰ ਜਾਂ ਸੰਸਥਾ ਨੂੰ ਟਕਸਾਲ ਕਿਹਾ ਹੈ।

**ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਵਿਕਾਸਾਤਮਕ ਅਧਿਐਨ** ਸਾਡੇ ਇਸ ਖੋਜ ਕਾਰਜ ਦਾ ਦੂਜਾ ਅਧਿਆਇ ਹੈ। ਗੁਰੂ ਕਾਲ ਤੋਂ ਬਾਅਦ ਅਨੇਕਾਂ ਹੀ ਮਹਾਂਪੁਰਸ਼ਾਂ ਨੇ ਆਪਣੇ ਆਪਣੇ ਇਲਾਕਿਆਂ ਵਿਚ ਗੁਰਮਤਿ ਦਾ ਪ੍ਰਚਾਰ ਕਰਨ ਲਈ ਕੀਰਤਨ ਕੇਂਦਰਾਂ ਦੀ ਸਥਾਪਨਾ ਕੀਤੀ। ਇਸ ਅਧਿਆਇ ਵਿਚ ਅਸੀਂ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਪਾ ਰਹੇ ਗੁਰਮਤਿ ਸੰਗੀਤ ਦੇ ਧਾਰਨੀ ਅਜਿਹੇ ਕੀਰਤਨ ਕੇਂਦਰ ਜਿਹੜੇ ਤਿੰਨ ਪੀੜ੍ਹੀਆਂ ਤੋਂ ਮੌਲਿਕ ਤੇ ਸੁਤੰਤਰ ਰੂਪ ਵਿਚ ਪ੍ਰਚਲਿਤ ਗੁਰ ਸ਼ਬਦ ਦੀ ਗੁਰਮਤਿ ਅਨੁਸਾਰ ਘਾੜਤ ਅਤੇ ਸੰਗੀਤਕਾਰ ਦੀ ਸ਼ਖ਼ਸੀਅਤ ਉਸਾਰੀ ਲਈ ਕਾਰਜ ਕਰ ਰਹੇ ਹਨ, ਨੂੰ ਸ਼ਾਮਿਲ ਕੀਤਾ ਹੈ। ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰ ਅਜਿਹੇ ਕੀਰਤਨ ਕੇਂਦਰਾਂ ਨੂੰ 'ਟਕਸਾਲ' ਕਿਹਾ ਜਾਂਦਾ ਹੈ। ਇਨ੍ਹਾਂ ਟਕਸਾਲਾਂ ਦੇ ਨਾਮ ਉਨ੍ਹਾਂ ਪ੍ਰਤਿਭਾਸ਼ਾਲੀ ਵਿਅਕਤੀ ਦੇ ਸਥਾਨ ਤੋਂ ਹੀ ਰੱਖੇ ਗਏ ਹਨ ਜਿਸ ਸਥਾਨ ਤੋਂ ਉਨ੍ਹਾਂ ਸੰਤਾਂ ਮਹਾਂਪੁਰਸ਼ਾਂ ਨੇ ਗੁਰਮਤਿ ਸੰਗੀਤ ਦੇ ਵਿਕਾਸ ਲਈ ਗੁਰੂ ਸਾਹਿਬ ਤੋਂ ਵਰੋਸਾਈ ਕੀਰਤਨ ਪਰੰਪਰਾ ਨੂੰ ਵਿਕਸਿਤ ਕਰਨ ਲਈ ਕਾਰਜ ਆਰੰਭ ਕੀਤੇ ਸਨ। ਜਿਹੜੀਆਂ ਟਕਸਾਲਾਂ ਦਾ ਅਸੀਂ ਆਪਣੇ ਖੋਜ ਕਾਰਜ ਵਿਚ ਵਰਣਨ ਕੀਤਾ ਹੈ, ਉਨ੍ਹਾਂ ਵਿਚ -

ਦਮਦਮੀ ਟਕਸਾਲ

ਸੇਵਾਪੰਥੀ ਟਕਸਾਲ

ਤਰਨਤਾਰਨ ਟਕਸਾਲ

ਦੌਧਰ ਟਕਸਾਲ

ਸੈਦਪੁਰ ਠੱਠਾ ਟਿੱਬਾ ਟਕਸਾਲ

ਮਸਤੂਆਣਾ ਟਕਸਾਲ

ਹਰਗੁਨਾ ਟਕਸਾਲ

ਸਿੰਘਾਂਵਾਲੀ ਟਕਸਾਲ

ਡੂਮੇਲੀ ਟਕਸਾਲ

ਜਵੱਦੀ ਟਕਸਾਲ

ਵਿਸ਼ੇਸ਼ ਹਨ। ਉਪਰੋਕਤ ਟਕਸਾਲਾਂ ਦਾ ਵਿਕਾਸਾਤਮਿਕ ਅਧਿਐਨ ਦੇ ਅੰਤਰਗਤ ਇਹ ਜਾਇਆ ਗਿਆ ਹੈ ਕਿ ਟਕਸਾਲਾਂ ਦੀ ਆਰੰਭਤਾ ਕਿਵੇਂ ਹੋਈ ਅਤੇ ਕਦੋਂ ਟਕਸਾਲਾਂ ਦੀ ਹੋਂਦ ਸਥਾਪਿਤ ਹੋਈ। ਇਸ ਤੋਂ ਇਲਾਵਾ ਟਕਸਾਲਾਂ ਦੇ ਆਰੰਭ ਤੋਂ ਲੈ ਕੇ ਵਰਤਮਾਨ ਸਮੇਂ ਤਕ ਕਿਹੜੇ ਮੁਖੀ ਸਾਹਿਬਾਨ ਰਹੇ। ਇਹ ਵੀ ਵਰਣਨ ਕੀਤਾ ਗਿਆ ਹੈ ਕਿ ਕਿਹੜੇ ਉਸਤਾਦ ਕੀਰਤਨਕਾਰ ਟਕਸਾਲ ਦੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦਿੰਦੇ ਰਹੇ। ਟਕਸਾਲਾਂ ਵਿਚ ਸਿਖਲਾਈ ਦਾ ਆਧਾਰ ਕੀ ਰਿਹਾ ਅਤੇ ਕਿਹੜੇ-ਕਿਹੜੇ ਵਿਦਿਆਰਥੀ ਸੁਯੋਗ ਕੀਰਤਨਕਾਰ ਬਣ ਕੇ ਟਕਸਾਲ ਦੀ ਸ਼ਾਨ ਬਣੇ। ਇਸ ਅਧਿਆਇ ਵਿਚ ਅਸੀਂ ਨਿੱਜੀ ਮੁਲਾਕਾਤਾਂ ਕਰਕੇ ਅਤੇ ਟਕਸਾਲਾਂ ਵਿਚ ਜਾ ਕੇ ਟਕਸਾਲ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਇਕੱਤਰਿਤ ਕੀਤੀ ਹੈ। ਇਨ੍ਹਾਂ ਟਕਸਾਲਾਂ ਦੇ ਇਤਿਹਾਸਕ ਅਧਿਐਨ, ਸੰਗੀਤਕ ਸਮਗਰੀ ਅਤੇ ਕੀਰਤਨਕਾਰਾਂ ਤੇ ਡੂੰਘਾ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਇਹ ਟਕਸਾਲਾਂ ਘੱਟੋ ਘੱਟ ਤਿੰਨ ਪੀੜ੍ਹੀਆਂ ਤੋਂ ਗੁਰਮਤਿ ਅਤੇ ਸੰਗੀਤ ਦੀਆਂ ਧਾਰਨੀ ਹਨ ਅਤੇ ਇਨ੍ਹਾਂ ਟਕਸਾਲਾਂ ਵਿਚ ਗੁਰਮਤਿ ਸੰਗੀਤ ਦੇ ਸੰਗੀਤ ਵਿਧਾਨ ਅਨੁਸਾਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਨਿਰਧਾਰਿਤ ਰਾਗਾਂ ਅਨੁਸਾਰ ਗਾਇਨ ਕਰਨ ਦੀ ਪਰੰਪਰਾ ਪ੍ਰਚਲਿਤ ਰਹੀ ਹੈ।

ਅਧਿਆਇ ਤੀਜਾ **ਟਕਸਾਲ ਪਰੰਪਰਾ ਦੀ ਸੰਗੀਤਕ ਸਮਗਰੀ : ਸਰੂਪਗਤ ਵਿਸ਼ਲੇਸ਼ਣ** ਵਿਚ ਗਾਇਨ ਪੱਖੋਂ ਟਕਸਾਲਾਂ ਤੋਂ ਇਕੱਠੀ ਕੀਤੀ ਸੰਗੀਤਕ ਸਮਗਰੀ ਦਾ ਸੁਰਲਿਪੀਬੱਧ ਸੰਗ੍ਰਹਿ ਕੀਤਾ ਗਿਆ ਹੈ। ਟਕਸਾਲਾਂ ਤੋਂ ਪ੍ਰਾਪਤ ਸੰਗੀਤਕ ਸਮਗਰੀ ਦੇ ਸਰੂਪਗਤ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਟਕਸਾਲਾਂ ਵਿਚ ਪ੍ਰਚਲਿਤ ਕੀਰਤਨ ਦੀਆਂ ਪੁਰਾਤਨ ਬੰਦਿਸ਼ਾਂ, ਗਾਇਨ ਸ਼ੈਲੀਆਂ ਅਤੇ ਪੁਰਾਤਨ ਤਾਲਾਂ ਦਾ ਵੱਡਾ ਖ਼ਜ਼ਾਨਾ ਹੈ, ਜਿਹੜਾ ਸੀਨਾ-ਬ-ਸੀਨਾ ਚੱਲਿਆ ਆ ਰਿਹਾ ਹੈ। ਟਕਸਾਲਾਂ ਵਿਚ ਬਹੁਤ ਸਾਰੇ ਅਜਿਹੇ ਰਾਗ, ਤਾਲ ਪ੍ਰਚਲਿਤ ਰਹੇ ਹਨ, ਜਿਨ੍ਹਾਂ ਦਾ ਗਾਇਨ, ਵਾਦਨ ਵਰਤਮਾਨ ਸਮੇਂ ਬਹੁਤ ਘੱਟ ਪ੍ਰਚਲਿਤ ਹੈ। ਟਕਸਾਲਾਂ ਤੋਂ ਪ੍ਰਾਪਤ ਸ਼ਬਦ ਕੀਰਤਨ ਰਚਨਾਵਾਂ ਦੇ ਆਧਾਰ ਸਰੋਤਾਂ ਤੋਂ ਉਪਲਬਧ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਵਰਤਮਾਨ ਸਮੇਂ ਸਾਡੇ ਕੋਲ ਇਨ੍ਹਾਂ ਟਕਸਾਲਾਂ ਵਿਚੋਂ ਕਈ ਟਕਸਾਲਾਂ ਦੀ ਗਾਇਕੀ ਦੇ ਜੀਵੰਤ

ਰਿਕਾਰਡ ਜਾਂ ਸਰੋਤ ਬਹੁਤ ਘੱਟ ਉਪਲਬਧ ਹੁੰਦੇ ਹਨ ਤਾਂ ਇਹ ਟਕਸਾਲੀ ਸ਼ਬਦ ਰਚਨਾਵਾਂ ਹੀ ਸਾਡਾ ਮਾਰਗ ਦਰਸ਼ਨ ਕਰਦੀਆਂ ਹਨ। ਇਨ੍ਹਾਂ ਟਕਸਾਲੀ ਸ਼ਬਦ ਕੀਰਤਨ ਰਚਨਾਵਾਂ ਵਿਚ ਸਿੱਖ ਰਹਿਤ ਮਰਿਆਦਾ ਅਨੁਸਾਰ ਪ੍ਰਚੱਲਿਤ ਤੇ ਪ੍ਰਵਾਨਿਤ ਬਾਣੀਆਂ ਦਾ ਹੀ ਗਾਇਨ ਕੀਤਾ ਜਾਂਦਾ ਸੀ। ਇਨ੍ਹਾਂ ਟਕਸਾਲੀ ਰਚਨਾਵਾਂ ਤੋਂ ਸਾਨੂੰ ਗੁਰਮਤਿ ਸੰਗੀਤ ਦੇ ਮੌਲਿਕ ਤੇ ਨਿਰਧਾਰਿਤ ਰਾਗ ਅਤੇ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਰਾਗਾਂ ਦੇ ਵੱਖ-ਵੱਖ ਸਰੂਪ ਪ੍ਰਾਪਤ ਹੁੰਦੇ ਹਨ। ਇਨ੍ਹਾਂ ਰਾਗ ਸਰੂਪਾਂ ਤੋਂ ਇਲਾਵਾ ਟਕਸਾਲੀ ਸ਼ਬਦ ਰਚਨਾਵਾਂ ਵਿਚ ਧਰੁਪਦ, ਧਮਾਰ, ਖਿਆਲ, ਰਾਗਾਂ ਦੇ ਗੁਲਦਸਤੇ, ਪੜਤਾਲ, ਅਲਾਹੁਣੀਆਂ, ਵਾਰਾਂ, ਰਾਗਮਾਲਾ, ਛੰਤ, ਪਉੜੀ ਆਦਿ ਗਾਇਨ ਸ਼ੈਲੀਆਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਇਨ੍ਹਾਂ ਟਕਸਾਲੀ ਰਚਨਾਵਾਂ ਦਾ ਅਧਿਐਨ ਕਰਨ ਤੋਂ ਸਪਸ਼ਟ ਹੁੰਦਾ ਹੈ ਕਿ ਭਾਵੇਂ ਇਨ੍ਹਾਂ ਰਚਨਾਵਾਂ ਵਿਚ ਸ਼ਾਸਤਰੀ ਅਤੇ ਲੋਕ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਗਿਆ ਹੈ ਪ੍ਰੰਤੂ ਇਨ੍ਹਾਂ ਰਚਨਾਵਾਂ ਦਾ ਮੂਲ ਮਨੋਰਥ ਸ਼ਬਦ ਕੀਰਤਨ ਪ੍ਰਸਤੁਤੀ ਹੀ ਹੈ।

ਇਨ੍ਹਾਂ ਸ਼ਬਦ ਰਚਨਾਵਾਂ ਦੀ ਪਿੱਠ-ਭੂਮੀ ਗੁਰਮਤਿ ਸੰਗੀਤ ਵਿਚ ਪ੍ਰਚੱਲਿਤ ਟਕਸਾਲਾਂ ਦੀ ਵਿਸ਼ੇਸ਼ ਸੰਗੀਤਕ ਸਮਗਰੀ ਦਾ ਹਿੱਸਾ ਰਹੀ ਹੈ ਜਿਸ ਵਿਚ ਵੱਖ-ਵੱਖ ਸਮੇਂ ਇਹ ਰਚਨਾਵਾਂ ਸੀਨਾ-ਬ-ਸੀਨਾ ਪ੍ਰਚਾਰ ਵਿਚ ਰਹੀਆਂ। ਗੁਰਮਤਿ ਸੰਗੀਤ ਵਿਚ ਪ੍ਰਚੱਲਿਤ ਟਕਸਾਲ ਪਰੰਪਰਾ ਦੀ ਵਿਹਾਰਿਕ ਕੀਰਤਨ ਪਰੰਪਰਾ ਵਿਚ ਇਨ੍ਹਾਂ ਸ਼ਬਦ ਰਚਨਾਵਾਂ ਦਾ ਵਡੇਰਾ ਭੰਡਾਰ ਮੌਜੂਦ ਹੈ। ਟਕਸਾਲ ਪਰੰਪਰਾ ਵਿਚ ਪ੍ਰਚੱਲਿਤ ਸ਼ਬਦ ਰਚਨਾਵਾਂ ਦੇ ਮਾਧਿਅਮ ਦੁਆਰਾ ਹੀ ਗੁਰਮਤਿ ਸੰਗੀਤ ਪਰੰਪਰਾ ਦਾ ਵਿਕਾਸ ਨਿਰੰਤਰ ਜਾਰੀ ਰਿਹਾ ਅਤੇ ਰਾਗੀਆਂ, ਰਬਾਬੀਆਂ ਕੀਰਤਨਕਾਰਾਂ ਵਿਚ ਸ਼ਬਦ ਕੀਰਤਨ ਦੀ ਇਹ ਪਰੰਪਰਾ ਸੀਨਾ-ਬ-ਸੀਨਾ ਪ੍ਰਚੱਲਿਤ ਰਹੀ। ਪੁਰਾਤਨ ਸਮੇਂ ਪ੍ਰਕਾਸ਼ਿਤ ਜਾਂ ਲਿਖਤੀ ਰੂਪ ਵਿਚ ਸ਼ਬਦ ਕੀਰਤਨ ਰਚਨਾਵਾਂ ਨੂੰ ਸੰਭਾਲਣ ਦਾ ਕੋਈ ਉਚਿੱਤ ਪ੍ਰਬੰਧ ਨਹੀਂ ਸੀ। ਅਜਿਹੇ ਵਿਚ ਸੀਨਾ-ਬ-ਸੀਨਾ ਪਰੰਪਰਾ ਦੁਆਰਾ ਹੀ ਇਹ ਸ਼ਬਦ ਰਚਨਾਵਾਂ ਟਕਸਾਲੀ ਕੀਰਤਨਕਾਰਾਂ ਵਿਚ ਪ੍ਰਚੱਲਿਤ ਰਹੀਆਂ।

ਅਧਿਆਇ ਚੌਥਾ **ਟਕਸਾਲ ਪਰੰਪਰਾ ਦੀ ਸੰਗੀਤਕ ਸਮਗਰੀ : ਤੁਲਨਾਤਮਕ ਸਰਵੇਖਣ** ਵਿਚ ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਰਾਗ, ਤਾਲ ਅਤੇ ਗਾਇਨ ਸ਼ੈਲੀਆਂ ਦੇ ਤੁਲਨਾਤਮਕ ਸਰਵੇਖਣ ਨੂੰ ਅਸੀਂ ਆਪਣੇ ਖੋਜ ਕਾਰਜ ਦਾ ਹਿੱਸਾ ਬਣਾਇਆ ਹੈ। ਇਸ ਅਧਿਆਇ ਵਿਚ

ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਮੁੱਖ ਰਾਗਾਂ ਦੇ ਵਿਭਿੰਨ ਟਕਸਾਲ ਤੋਂ ਪ੍ਰਾਪਤ ਸਰੂਪ ਦਾ ਤੁਲਨਾਤਮਕ ਦ੍ਰਿਸ਼ਟੀ ਤੇ ਸਰਵੇਖਣ ਕੀਤਾ ਹੈ। ਕਿਉਂਕਿ ਟਕਸਾਲੀ ਤੋਂ ਪ੍ਰਾਪਤ ਸੰਗੀਤ ਸਮਗਰੀ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਟਕਸਾਲੀ ਰਾਗੀ, ਰਬਾਬੀ ਕੀਰਤਨਕਾਰਾਂ ਵਿਚ 31 ਮੁੱਖ ਰਾਗਾਂ ਦੇ ਕਈ ਅਲੱਗ-ਅਲੱਗ ਸਰੂਪ ਪ੍ਰਚਾਰ ਵਿਚ ਰਹੇ ਹਨ। ਅਸੀਂ ਆਪਣੇ ਖੋਜ ਕਾਰਜ ਦੇ ਇਸ ਅਧਿਆਇ ਵਿਚ ਰਾਗਾਂ ਦਾ ਆਪਸੀ ਤੁਲਨਾਤਮਕ ਵਿਸ਼ਲੇਸ਼ਣ ਨਾ ਕਰਕੇ ਪ੍ਰਾਪਤ ਸਰੂਪਾਂ ਦਾ ਤੁਲਨਾਤਮਕ ਸਰਵੇਖਣ ਕੀਤਾ ਹੈ। ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਸੰਤ ਰਾਗ ਨੂੰ ਵਰਤਮਾਨ ਸਮੇਂ ਪੂਰਬੀ ਤੇ ਬਿਲਾਵਲ ਥਾਟ ਦੇ ਅੰਤਰਗਤ ਗਾਇਨ ਕੀਤਾ ਜਾਂਦਾ ਹੈ। ਪ੍ਰੰਤੂ ਪੁਰਾਤਨ ਟਕਸਾਲਾਂ ਤੇ ਟਕਸਾਲੀ ਸ਼ਬਦ ਰਚਨਾਵਾਂ ਵਿਚ ਬਸੰਤ ਰਾਗ ਦੇ ਸੱਤ ਸਰੂਪ ਪ੍ਰਾਪਤ ਹੁੰਦੇ ਹਨ। ਜਦੋਂ ਕਿ ਰਾਗ ਦਾ ਨਾਮ ਸ੍ਰੀ ਗੁਰੂ ਗ੍ਰੰਥ ਵਿਚ ਦਰਜ ਤਤਕਰੇ ਤੇ ਬਾਣੀ ਵਿਚ ਲਿਖੇ ਸਿਰਲੇਖ ਅਨੁਸਾਰ ਬਸੰਤ ਰਾਗ ਹੀ ਹੈ। ਪ੍ਰੰਤੂ ਥਾਟ ਤੇ ਸੁਰਾਂ ਵਿਚ ਭਿੰਨਤਾ ਪਾਈ ਜਾਂਦੀ ਹੈ। ਅਧਿਆਇ ਦੇ ਇਸ ਭਾਗ ਵਿਚ ਅਸੀਂ ਸਭ ਤੋਂ ਪਹਿਲਾ ਰਾਗ ਨਿਰਨਾਇਕ ਕਮੇਟੀ ਦੁਆਰਾ ਨਿਸ਼ਚਿਤ ਕੀਤੇ ਗਏ ਰਾਗ ਸਰੂਪ ਜੋ ਵਰਤਮਾਨ ਸਮੇਂ ਪ੍ਰਚਾਰ ਵਿਚ ਹਨ ਨੂੰ ਆਧਾਰ ਬਣਾਇਆ ਹੈ ਤੇ ਫਿਰ ਵੱਖ-ਵੱਖ ਟਕਸਾਲਾਂ ਤੋਂ ਪ੍ਰਾਪਤ ਸੰਗੀਤਕ ਸਮਗਰੀ ਵਿਚੋਂ ਸਰਵੇਖਣ ਦੇ ਆਧਾਰ ਤੇ ਰਾਗਾਂ ਦੇ ਸਰੂਪਾਂ ਨੂੰ ਇਕੱਤਰ ਕੀਤਾ ਗਿਆ ਹੈ। ਜਿਸ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਪ੍ਰਮੁੱਖ ਰਾਗਾਂ ਦੇ ਨਾਂ ਤਾਂ ਟਕਸਾਲਾਂ ਵਿਚ ਇਕ ਸਮਾਨ ਰਹੇ ਪ੍ਰੰਤੂ ਸੁਰਾਂ, ਥਾਟ ਤੇ ਵਾਦੀ, ਸੰਵਾਦੀ ਦੀਆਂ ਭਿੰਨਤਾਵਾਂ ਕਰਕੇ ਰਾਗ ਦੇ ਅਲੱਗ-ਅਲੱਗ ਸਰੂਪ ਟਕਸਾਲੀ ਪਰੰਪਰਾ ਵਿਚ ਪ੍ਰਵਾਹਿਤ ਹੁੰਦੇ ਰਹੇ ਜਿਸ ਕਾਰਨ ਇਹ ਆਪਣੀ ਇਸ ਵਿਸ਼ੇਸ਼ ਭਿੰਨਤਾ ਦੇ ਆਧਾਰ ਤੇ ਟਕਸਾਲੀ ਦੀ ਪਹਿਚਾਣ ਬਣ ਗਏ।

ਅਧਿਆਇ ਪੰਜਵਾਂ **ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਵਰਤਮਾਨ ਸਾਰਥਿਕਤਾ** ਵਿਚ ਗੁਰਮਤਿ ਸੰਗੀਤ ਦੀਆਂ ਵਰਤਮਾਨ ਟਕਸਾਲਾਂ ਦੀ ਸਾਰਥਿਕਤਾ ਅਤੇ ਪਰਿਵਰਤਿਤ ਰੂਪਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਅਸੀਂ ਉਨ੍ਹਾਂ ਵਿਦਿਆਲਿਆਂ, ਅਕੈਡਮੀਆਂ ਦਾ ਅਧਿਐਨ ਕੀਤਾ ਹੈ ਜਿਹੜੇ ਇਕ ਸੰਸਥਾ ਦੇ ਰੂਪ ਵਿਚ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਵਰਤਮਾਨ ਸਮੇਂ ਯੋਗਦਾਨ ਪਾ ਰਹੇ ਹਨ।

ਇਹੀ ਨਹੀਂ ਸ਼ਬਦ ਕੀਰਤਨ ਦੀ ਪਰੰਪਰਾ ਗੁਰਮਤਿ ਸੰਗੀਤ ਦੇ ਰੂਪ ਵਿਚ ਟਕਸਾਲਾਂ ਤੋਂ ਵਿਕਸਿਤ ਹੋ ਕੇ ਇਕ ਵਿਦਿਆਲਿਆਂ/ਅਕੈਡਮੀਆਂ ਵਿਚ ਵਿਚਰਕੇ ਅਕਾਦਮਿਕ ਪੱਧਰ 'ਤੇ ਵਿਸ਼ੇ ਵਜੋਂ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਸਥਾਪਿਤ ਹੋਈ। ਟਕਸਾਲਾਂ ਦੇ ਪ੍ਰਵਾਨਿਤ ਰੂਪ ਨੂੰ ਦੇਖਦਿਆਂ ਇਸ ਅਧਿਆਇ ਵਿਚ ਅਸੀਂ ਸਬੰਧਿਤ ਟਕਸਾਲਾਂ ਦੀ ਵਰਤਮਾਨ ਸਥਿਤੀ ਅਤੇ ਉਨ੍ਹਾਂ ਦੇ ਨਾਲ ਹੀ ਹੋਂਦ ਵਿਚ ਆਈਆ ਜਾਂ ਬਾਅਦ ਵਿਚ ਆਈਆਂ ਹੋਰ ਸੰਸਥਾਵਾਂ ਜਿਨ੍ਹਾਂ ਨੇ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਪਾਇਆ ਹੈ ਉਨ੍ਹਾਂ ਦਾ ਵੀ ਅਧਿਐਨ ਕੀਤਾ ਹੈ, ਜਿਸ ਦੇ ਅੰਤਰਗਤ ਵਰਤਮਾਨ ਸਮੇਂ ਟਕਸਾਲਾਂ ਦੀ ਸਾਰਥਿਕਤਾ ਹੈ। ਇਸ ਤੋਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਟਕਸਾਲੀ ਵਿੱਦਿਆ ਨੂੰ ਆਧੁਨਿਕ ਅਕਾਦਮਿਕ ਸੰਸਥਾਵਾਂ ਵਿਚ ਨਿਸ਼ਚਿਤ ਵਿਧੀ ਵਿਧਾਨ ਅਨੁਸਾਰ ਗੁਰਮਤਿ ਸੰਗੀਤ ਦੀ ਸਿਧਾਂਤਿਕਤਾਂ ਅਤੇ ਵਿਹਾਰਿਕਤਾਂ ਦੁਆਰਾ ਲਾਗੂ ਕਰੀਏ ਤਾਂ ਜੋ ਇਹ ਵਿੱਦਿਆ ਗੁਰਮਤਿ ਸੰਗੀਤ ਦੇ ਲਾਹੇਵੰਦ ਅਤੇ ਸਾਰਥਿਕ ਰਹੇਗੀ।

ਸਬੰਧਿਤ ਪਰਿਪੇਖ ਵਿਚ ਕੀਤਾ ਗਿਆ ਸਾਡਾ ਇਹ ਖੋਜ ਕਾਰਜ ਇਸ ਦਿਸ਼ਾ ਵਿਚ ਅਜੇ ਆਰੰਭਿਕ ਅਧਿਐਨ ਹੀ ਹੈ। ਆਉਣ ਵਾਲੇ ਸਮੇਂ ਇਸ ਦਿਸ਼ਾ ਵਿਚ ਖੋਜ ਕਾਰਜ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਮੌਜੂਦ ਹਨ। ਅਸੀਂ ਆਪਣੇ ਖੋਜ ਰਾਹੀਂ ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ ਦਾ ਇਤਿਹਾਸਕ ਸਰਵੇਖਣ ਕਰਨ ਦਾ ਉਪਰਾਲਾ ਕੀਤਾ ਹੈ ਤਾਂ ਜੋ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਪਾ ਰਹੀਆਂ ਪੁਰਾਤਨ ਟਕਸਾਲਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ।

ਇਸ ਦੇ ਨਾਲ ਹੀ ਗੁਰਮਤਿ ਸੰਗੀਤ ਦੇ ਦ੍ਰਿਸ਼ਟੀਕੋਣ ਤੋਂ ਵਿਭਿੰਨ ਕੋਸ਼ਗਤ ਗ੍ਰੰਥਾਂ ਦਾ ਅਧਿਐਨ ਅਤੇ ਸਿੱਖ ਸੰਗੀਤ ਵਿਦਵਾਨਾਂ ਦੇ ਮੱਤ ਅਨੁਸਾਰ ਟਕਸਾਲ ਸ਼ਬਦ ਨੂੰ ਪਰਿਭਾਸ਼ਿਤ ਕੀਤਾ ਹੈ। ਜਿਹੜੀਆਂ ਟਕਸਾਲਾਂ ਨੂੰ ਅਸੀਂ ਆਪਣੇ ਖੋਜ ਕਾਰਜ ਦਾ ਹਿੱਸਾ ਬਣਾਇਆ ਹੈ ਉਨ੍ਹਾਂ ਦਾ ਇਤਿਹਾਸਕ ਪਿਛੋਕੜ, ਗੁਰਮਤਿ ਸੰਗੀਤ ਸਬੰਧੀ ਵਿਕਾਸ ਅਤੇ ਵਰਤਮਾਨ ਸਥਿਤੀ ਦਾ ਅਧਿਐਨ ਕਰਦਿਆਂ ਹੋਇਆਂ ਟਕਸਾਲਾਂ ਦੇ ਮੁਖੀ ਸਾਹਿਬਾਨ, ਉਸਤਾਦ ਕੀਰਤਨਕਾਰ ਅਤੇ ਟਕਸਾਲਾਂ ਵਿਚੋਂ ਸੁਯੋਗ ਹੋਣਹਾਰ ਕੀਰਤਨਕਾਰਾਂ ਦੀ ਪ੍ਰਤਿਭਾ ਅਤੇ ਉਨ੍ਹਾਂ ਦੇ ਯੋਗਦਾਨ ਤੋਂ ਵੀ ਜਾਣੂੰ ਹੋਏ ਹਾਂ।

ਇਸ ਖੋਜ ਕਾਰਜ ਦੀ ਸਭ ਤੋਂ ਵੱਡੀ ਉਪਲਬਧੀ ਇਹ ਰਹੀ ਹੈ ਕਿ ਟਕਸਾਲਾਂ ਵਿਚ ਕੀਰਤਨ ਦੇ ਪ੍ਰਵਾਹ ਅਧੀਨ ਸ਼ਬਦ ਰਚਨਾਵਾਂ, ਵਿਭਿੰਨ ਗਾਇਨ ਸ਼ੈਲੀਆਂ ਗੁਰਮਤਿ ਸੰਗੀਤ ਦਾ ਅਨਮੋਲ ਖ਼ਜ਼ਾਨਾ ਬਣੀਆਂ, ਜਿਨ੍ਹਾਂ ਦਾ ਸਰਵੇਖਣ ਕਰਨ 'ਤੇ ਇਹ ਤੱਥ ਸਾਹਮਣੇ ਆਏ ਕਿ ਇਨ੍ਹਾਂ ਟਕਸਾਲਾਂ ਵਿਚ ਸ਼ਬਦ ਰਚਨਾਵਾਂ ਰਾਗਾਂ ਦੇ ਵਿਭਿੰਨ ਸਰੂਪਾਂ 'ਤੇ ਅਧਾਰਿਤ ਰਹੀਆਂ ਹਨ ਜਿਨ੍ਹਾਂ ਨੇ ਗੁਰਮਤਿ ਸੰਗੀਤ ਦੀ ਰਾਗ ਪਰੰਪਰਾ ਵਿਚ ਵਡਮੁੱਲਾ ਯੋਗਦਾਨ ਪਾ ਕੇ ਗੁਰਮਤਿ ਸੰਗੀਤ ਦੀ ਵਿਰਾਸਤ ਨੂੰ ਹੋਰ ਅਮੀਰ ਕੀਤਾ। ਆਪਣੇ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ 31 ਮੁੱਖ ਰਾਗ ਅਤੇ 1991 ਵਿਚ ਹੋਂਦ 'ਚ ਆਈ। ਰਾਗ ਨਿਰਣਾਇਕ ਕਮੇਟੀ ਵੱਲੋਂ ਨਿਰਧਾਰਤ 31 ਮੁੱਖ ਰਾਗਾਂ ਦੇ ਸਰੂਪਾਂ ਨੂੰ ਆਧਾਰ ਬਣਾ ਕੇ ਟਕਸਾਲ ਪਰੰਪਰਾ ਵਿਚ ਪ੍ਰਯੋਗ ਕੀਤੇ ਜਾਂਦੇ ਰਾਗਾਂ ਦੇ ਸਰੂਪ ਦੇ ਆਧਾਰ ਤੇ ਬਣੀਆਂ ਸ਼ਬਦ ਰਚਨਾਵਾਂ ਨੂੰ ਇਕੱਤਰਿਤ ਕੀਤਾ ਹੈ। ਇਨ੍ਹਾਂ ਸ਼ਬਦ ਰਚਨਾਵਾਂ ਵਿਚੋਂ ਸ਼ਾਸਤਰੀ ਅਤੇ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਦੇ ਅਧਾਰਿਤ ਸ਼ਬਦ ਰਚਨਾਵਾਂ ਪ੍ਰਾਪਤ ਹੋਈਆਂ ਹਨ। ਇਸੇ ਪ੍ਰਕਾਰ ਟਕਸਾਲਾਂ ਵਿਚ ਪ੍ਰਯੋਗ ਕੀਤੇ ਜਾਂਦੇ ਤਾਲਾਂ ਦੇ ਅਲੱਗ-ਅਲੱਗ ਸਰੂਪਾਂ ਵਾਲੇ ਬੋਲ ਪ੍ਰਾਪਤ ਹੋਏ ਹਨ, ਉਨ੍ਹਾਂ ਨੂੰ ਵੀ ਇਕੱਤਰਿਤ ਕਰਕੇ ਟਕਸਾਲਾਂ ਦੀ ਸੰਗੀਤਕ ਸਮਗਰੀ ਦਾ ਹਿੱਸਾ ਬਣਾ ਕੇ ਇਕੱਤਰ ਕੀਤਾ ਗਿਆ ਹੈ।

ਇਹ ਖੋਜ ਕਾਰਜ ਕਰਦਿਆਂ ਜਿੱਥੇ ਅਸੀਂ ਟਕਸਾਲਾਂ ਤੋਂ ਪ੍ਰਾਪਤ ਟਕਸਾਲੀ ਸੰਗੀਤਕ ਸਮਗਰੀ ਨੂੰ ਇਕੱਠਾ ਕੀਤਾ ਅਤੇ ਸਰੂਪਗਤ ਵਿਸ਼ਲੇਸ਼ਣ ਕੀਤਾ ਹੈ ਉੱਥੇ ਅਸੀਂ ਇਨ੍ਹਾਂ ਦਾ ਤੁਲਨਾਤਮਿਕ ਦ੍ਰਿਸ਼ਟੀ ਤੋਂ ਵੀ ਸਰਵੇਖਣ ਕੀਤਾ ਹੈ। ਇਸ ਲਈ ਆਉਣ ਵਾਲੇ ਵਿਦਿਆਰਥੀਆਂ ਲਈ ਇਹ ਸੰਭਾਵਨਾ ਬਣ ਜਾਂਦੀ ਹੈ ਕਿ ਟਕਸਾਲਾਂ ਤੋਂ ਮਿਲੀ ਸੰਗੀਤਕ ਸਮਗਰੀ ਦਾ ਆਪਸੀ ਤੁਲਨਾਤਮਿਕ ਵਿਸ਼ਲੇਸ਼ਣ ਆਉਣ ਵਾਲੇ ਸਮੇਂ ਵਿਚ ਕੀਤਾ ਜਾ ਸਕੇ। ਇਨ੍ਹਾਂ ਟਕਸਾਲਾਂ ਵਿਚੋਂ ਪ੍ਰਾਪਤ ਸੰਗੀਤਕ ਸਮਗਰੀ, ਤੰਤੀ ਸਾਜ਼ਾਂ ਅਤੇ ਬੰਦਿਸ਼ਾਂ ਨੂੰ ਆਉਣ ਵਾਲੇ ਵਿਦਿਆਰਥੀਆਂ ਲਈ ਸੁਰੱਖਿਅਤ ਕੀਤਾ ਜਾ ਸਕਦਾ ਹੈ।

ਅੰਤ ਵਿਚ ਗੁਰਮਤਿ ਸੰਗੀਤ ਦੀਆਂ ਟਕਸਾਲਾਂ ਦਾ ਇਤਿਹਾਸਕ ਸਰਵੇਖਣ ਕਰਦਿਆਂ ਇਹ ਸਿੱਟਾ ਨਿਕਲਦਾ ਹੈ ਕਿ ਟਕਸਾਲਾਂ ਵਿਚ ਦਿੱਤੀ ਜਾਂਦੀ ਸਿੱਖਿਆ ਦੀਆਂ ਟਕਸਾਲੀ ਵਿਸ਼ੇਸ਼ਤਾਵਾਂ ਨੂੰ ਆਧੁਨਿਕ ਸਿੱਖਿਆ ਵਿਚ ਸ਼ਾਮਲ ਕਰਕੇ ਗੁਰਮਤਿ ਸੰਗੀਤ ਦੇ ਅੰਤਰਗਤ ਦਿੱਤੀ ਜਾਣ ਵਾਲੀ ਵਿੱਦਿਆ ਵਿਚ ਸ਼ਾਮਲ ਕਰਕੇ ਇਸ ਦੀ ਵਿੱਦਿਅਕ ਗੁਣਵੱਤਾ ਵਧਾਈ ਜਾਵੇ, ਜਿਸ ਨਾਲ ਜਿੱਥੇ ਅਸੀਂ ਆਪਣੇ ਅਮੀਰ ਵਿਰਸੇ ਨੂੰ ਆਧਾਰ ਬਣਾ ਸਕਾਂਗੇ ਉੱਥੇ ਅਸੀਂ ਆਧੁਨਿਕਤਾ ਦੇ ਹਾਣੀ ਹੁੰਦੇ ਹੋਏ ਨਵੀਆਂ ਦਿਸ਼ਾਵਾਂ ਨੂੰ ਸਕਾਰਾਤਮਿਕ ਰੂਪ ਦੇ ਸਕਾਂਗੇ ਜਿਸ ਨਾਲ ਟਕਸਾਲਾਂ ਦੀ ਸਾਰਥਿਕਤਾ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਰਹੇਗੀ।

# Gurmat Sangeet Di Taksal Parampra: Ithasik Sarvekhan

## Abstract

Supervisor

**Dr. Varinder Kaur**
Assisstant Prosessor,
Department of Gurmat Sangeet

Submitted by

**Manjit Singh**

**DEPARTMENT OF GURMAT SANGEET**
**PUNJABI UNIVERSITY, PATIALA**

**Gurmat Sangeet Di Taksali Parampra : Itihasik Sarvekhan**

In the contemporary tunes, Gurmat Sangeet is being promoted at a global level. The kirtan taksaals have played an integral role in its promotion and propagation from ancient tunes to the modern era. In sikhims, during the Guruas period, the knowledge of religion was imparted in form of Shabad Kirtan at an institutional level, and these places was known in the form of Dharamsaal. The Dharamsaals established by Guruas can be known as Kirtan Kendras. In this context due to the significance of the Taksaal tradition, we have divided our research work, "Gurmat Sangeet Di Taksaal Parampra : Itihasik Sarvekhan" into five various chapter.

In the first chapter under Gurmat Sangeet, the form of Taksaal tradition an effort studying various historical sources, the background of taksaal tradition in various scriptures, the literal meaning and the reference of the world 'taksaal' in Sri Guru Granth Sahib has been made.

In the second chapter, the development of taksals contributing to Gurmat Sangeet after Guru period have been analysed. In this chapter a reference to the head, Ustaad Kirtankaar and renowned taksaali kirtankaars of every taksaal has been made. Along with this a historical survery of Damdami taksaal, Sewapanti taksaal, Tarantarn taksaal, Dodhar Saidpur Thatha Tibba taksaal, Mastuana taksaal, Harguan taksaal, Singhan Wali taksaal, Dumdi taksaal and Jawaddi taksaal has been done.

In the third chapter, the classification of Musical amenities has been done. Under this chapter a collection of musical notations for performance have been prepared from various material gathered from the taksaals. These include the famous and non-famous raags, various bols of Taals, Various singing styles etc. which have been recollected and put in notation.

In the fourth chapter doing comparative of various musical matter obtained from the taksaals, various raags used for Shabad compositions, taals and singing styles have been compared.

In the fifth chapter, analysing the contemporary significance of the taksaal tradition in Gurmat Sangeet, the present situation of hte taksaals referred in the research, their changed forms along with other institutions which have contributed in the development of Gurmat Sangeet have been referred. This has also been specified with the changing tunes emerged as an educational system. In the present times the training of shabad kirtan in taksaals has emerged as subject in Gurmat Sangeet, being taught in Schools, Colleges and Universities. In this scenario, the advantages of taksaal tradition can be incorporated in the present education system.

# ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਇਤਿਹਾਸਿਕ ਸਰਵੇਖਣ

ਵਰਤਮਾਨ ਸਮੇਂ ਗੁਰਮਤਿ ਸੰਗੀਤ ਦਾ ਪ੍ਰਚਾਰ ਵਿਸ਼ਵ ਪੱਧਰ 'ਤੇ ਹੋ ਰਿਹਾ ਹੈ। ਇਸ ਦੇ ਪ੍ਰਚਾਰ ਪਾਸਾਰ ਹਿਤ ਪ੍ਰਾਰੰਭ ਤੋਂ ਲੈ ਕੇ ਹੁਣ ਤੱਕ ਕੀਰਤਨ ਟਕਸਾਲਾਂ ਦਾ ਅਹਿਮ ਯੋਗਦਾਨ ਰਿਹਾ ਹੈ। ਸਿੱਖ ਧਰਮ ਵਿਚ ਗੁਰੂ ਸਾਹਿਬਾਨ ਦੇ ਸਮੇਂ ਸਾਧ ਸੰਗਤ ਵਿਚ ਧਰਮ ਦਾ ਗਿਆਨ ਸ਼ਬਦ ਕੀਰਤਨ ਦੇ ਰੂਪ ਵਿਚ ਸੰਸਥਾਗਤ ਪੱਧਰ 'ਤੇ ਦਿੱਤਾ ਜਾਣ ਲੱਗ ਪਿਆ ਸੀ ਅਜਿਹੇ ਅਸਥਾਨਾਂ ਨੂੰ ਧਰਮਸਾਲ ਦੇ ਰੂਪ ਜਾਣਿਆ ਜਾਂਦਾ ਸੀ। ਗੁਰੂ ਸਾਹਿਬਾਨ ਵਲੋਂ ਸਥਾਪਿਤ ਕੀਤੇ ਧਰਮਸਾਲ ਨੂੰ ਅਸੀਂ ਕੀਰਤਨ ਕੇਂਦਰਾਂ ਵਜੋਂ ਜਾਣ ਸਕਦੇ ਹਾਂ। ਇਸ ਸੰਦਰਭ ਵਿਚ ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ ਦੀ ਸਾਰਥਿਕਤਾ ਕਰਕੇ ਅਸੀਂ ਆਪਣੇ ਖੋਜ ਪ੍ਰਬੰਧ ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ : ਇਤਿਹਾਸਿਕ ਸਰਵੇਖਣ ਨੂੰ ਵੱਖ ਵੱਖ ਪੰਜ ਅਧਿਆਇਆਂ ਵਿਚ ਹੇਠ ਲਿਖੇ ਅਨੁਸਾਰ ਵਿਭਾਜਿਤ ਕਰਕੇ ਖੋਜ ਕਾਰਜ ਕੀਤਾ ਹੈ।

ਪਹਿਲੇ ਅਧਿਆਇ ਦੇ ਅੰਤਰਗਤ ਗੁਰਮਤਿ ਸੰਗੀਤ ਵਿਚ ਟਕਸਾਲ ਪਰੰਪਰਾ ਦੇ ਸਰੂਪ ਦਾ ਅਧਿਐਨ ਕਰਦਿਆਂ ਵੱਖ ਵੱਖ ਇਤਿਹਾਸਕ ਸਰੋਤਾਂ ਅਤੇ ਗ੍ਰੰਥਾਂ ਤੋਂ ਟਕਸਾਲ ਪਰੰਪਰਾ ਦੇ ਪਿਛੋਕੜ, ਸ਼ਾਬਦਿਕ ਅਰਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਟਕਸਾਲ ਸ਼ਬਦ ਦੇ ਉਲੇਖ ਦਾ ਅਧਿਐਨ ਕਰਦਿਆਂ ਟਕਸਾਲ ਦੀ ਪਰਿਭਾਸ਼ਾ ਨੂੰ ਨਿਸ਼ਚਿਤ ਕਰਨ ਦਾ ਯਤਨ ਕੀਤਾ ਹੈ।

ਦੂਸਰੇ ਅਧਿਆਇ ਦੇ ਅੰਤਰਗਤ ਗੁਰੂ ਕਾਲ ਤੋਂ ਬਾਅਦ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਪਾਉਣ ਵਾਲੀਆਂ ਗੁਰਮਤਿ ਸੰਗੀਤ ਦੀਆਂ ਟਕਸਾਲਾਂ ਦਾ ਵਿਕਾਸਾਤਮਿਕ ਅਧਿਐਨ ਕੀਤਾ ਹੈ। ਇਸ ਅਧਿਆਇ ਵਿਚ ਹਰ ਟਕਸਾਲ ਦੇ ਆਰੰਭ ਤੋਂ ਲੈ ਕੇ ਹੁਣ ਤਕ ਦੇ ਮੁਖੀ ਸਾਹਿਬਾਨ, ਉਸਤਾਦ ਕੀਰਤਨਕਾਰ ਅਤੇ ਪ੍ਰਸਿੱਧ ਟਕਸਾਲੀ ਕੀਰਤਨਕਾਰਾਂ ਦਾ ਵਿਸ਼ੇਸ਼ ਉਲੇਖ ਕੀਤਾ ਗਿਆ ਹੈ। ਇਸ ਦੇ ਨਾਲ ਅਸੀਂ ਦਮਦਮੀ ਟਕਸਾਲ, ਸੇਵਾਪੰਥੀ ਟਕਸਾਲ, ਤਰਨਤਾਰਨ ਟਕਸਾਲ, ਦੌਧਰ ਟਕਸਾਲ, ਸੈਦਪੁਰ ਠੱਠਾ ਟਿੱਬਾ ਟਕਸਾਲ, ਮਸਤੂਆਣਾ ਟਕਸਾਲ, ਹਰਗੁਨਾ ਟਕਸਾਲ, ਸਿਘਾਂ ਵਾਲੀ ਟਕਸਾਲ, ਡੂਮੇਲੀ ਟਕਸਾਲ ਅਤੇ ਜਵੱਦੀ ਟਕਸਾਲ ਦਾ ਇਤਿਹਾਸਿਕ ਸਰਵੇਖਣ ਕੀਤਾ ਹੈ।

ਤੀਸਰੇ ਅਧਿਆਇ ਵਿਚ ਟਕਸਾਲਾਂ ਦੀ ਸੰਗੀਤਕ ਸਮਗਰੀ ਦਾ ਸਰੂਪਗਤ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਅਧਿਆਇ ਦੇ ਅੰਤਰਗਤ ਗਾਇਨ ਪੱਖੋਂ ਟਕਸਾਲਾਂ ਤੋਂ ਇਕੱਠੀ ਕੀਤੀ ਸੰਗੀਤਕ ਸਮਗਰੀ ਦਾ ਸੁਰਲਿਪੀਬੱਧ ਸੰਗ੍ਰਹਿ ਕੀਤਾ ਗਿਆ ਹੈ। ਟਕਸਾਲਾਂ ਤੋਂ ਮਿਲੀ ਸੰਗੀਤਕ ਸਮਗਰੀ ਦੇ ਰੂਪ ਵਿਚ ਪ੍ਰਚਲਿਤ ਅਤੇ ਅਪ੍ਰਚਲਿਤ ਰਾਗ, ਤਾਲਾਂ ਦੇ ਵਿਭਿੰਨ ਬੋਲ, ਵਿਭਿੰਨ ਗਾਇਨ ਸ਼ੈਲੀਆਂ ਤੇ ਆਧਾਰਿਤ ਸ਼ਬਦ ਰਚਨਾਵਾਂ ਪ੍ਰਾਪਤ ਹੋਈਆਂ ਹਨ ਜਿਨ੍ਹਾਂ ਨੂੰ ਸੁਰਲਿਪੀਬੱਧ ਕਰਕੇ ਇਕੱਤਰ ਕੀਤਾ ਗਿਆ ਹੈ।

ਚੌਥੇ ਅਧਿਆਇ ਦੇ ਅੰਤਰਗਤ ਟਕਸਾਲ ਪਰੰਪਰਾ ਦੀ ਸੰਗੀਤਕ ਸਮਗਰੀ ਦਾ ਤੁਲਨਾਤਮਿਕ ਸਰਵੇਖਣ ਕਰਦਿਆਂ ਵਿਭਿੰਨ ਟਕਸਾਲਾਂ ਤੋਂ ਪ੍ਰਾਪਤ ਸ਼ਬਦ ਰਚਨਾਵਾਂ ਵਿਚ ਪ੍ਰਯੋਗ ਕੀਤੇ ਗਏ ਰਾਗ, ਤਾਲ ਅਤੇ ਗਾਇਨ ਸ਼ੈਲੀਆਂ ਦੇ ਤੁਲਨਾਤਮਿਕ ਸਰਵੇਖਣ ਨੂੰ ਅਸੀਂ ਆਪਣੇ ਖੋਜ ਦਾ ਹਿੱਸਾ ਬਣਾਇਆ ਹੈ।

ਪੰਜਵੇਂ ਅਧਿਆਇ ਦੇ ਅੰਤਰਗਤ ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ ਦੀ ਵਰਤਮਾਨ ਸਾਰਥਿਕਤਾ ਦਾ ਅਧਿਐਨ ਕਰਦਿਆਂ ਖੋਜ ਕਾਰਜ ਵਿਚ ਅਧਿਐਨ ਕੀਤੀਆਂ ਹੋਈਆਂ ਟਕਸਾਲਾਂ ਦੀ ਵਰਤਮਾਨ ਸਥਿਤੀ ਅਤੇ ਉਨ੍ਹਾਂ ਦੇ ਪ੍ਰਵਰਤਿਤ ਰੂਪਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਹੋਰ ਵੀ ਸੰਸਥਾਵਾਂ ਜਿਨ੍ਹਾਂ ਨੇ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਪਾਇਆ ਹੈ, ਉਨ੍ਹਾਂ ਦਾ ਵਰਨਣ ਕੀਤਾ ਹੈ। ਇਹ ਵੀ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਟਕਸਾਲ ਦੀ ਸਿੱਖਿਆ ਸਮੇਂ ਦੇ ਨਾਲ-ਨਾਲ ਵਿਕਸਿਤ ਹੁੰਦੀ ਹੋਈ ਸਿੱਖਿਆ ਪ੍ਰਣਾਲੀ ਦਾ ਰੂਪ ਧਾਰਣ ਕਰ ਗਈ। ਵਰਤਮਾਨ ਸਮੇਂ ਟਕਸਾਲ ਵਿਚ ਸਿਖਾਈ ਜਾਂਦੀ ਸ਼ਬਦ ਕੀਰਤਨ ਦੀ ਸਿਖਲਾਈ ਗੁਰਮਤਿ ਸੰਗੀਤ ਦੇ ਵਿਸ਼ੇ ਵਜੋਂ ਉਜਾਗਰ ਹੁੰਦੀ ਹੋਈ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਪਾਠਕ੍ਰਮ ਦਾ ਹਿੱਸਾ ਬਣ ਗਈ। ਅਜੋਕੀ ਸਥਿਤੀ ਵਿਚ ਟਕਸਾਲੀ ਸਿੱਖਿਆ ਦੀਆਂ ਵਿਸ਼ੇਸ਼ਤਾਵਾਂ ਨੂੰ ਵਰਤਮਾਨ ਸਿੱਖਿਆ ਪ੍ਰਣਾਲੀ ਵਿਚ ਸ਼ਾਮਿਲ ਕਰਕੇ ਟਕਸਾਲ ਦੀ ਸਾਰਥਿਕਤਾ ਕਾਇਮ ਰੱਖੀ ਜਾ ਸਕਦੀ ਹੈ।

LIST OF PUBLICATIONS

1. **ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ**, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

**2 ਟਕਸਾਲ ਪਰੰਪਰਾ: ਇਤਿਹਾਸਕ ਵਿਕਾਸ**, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।